BIG BAZAAR
Grocery, Sweets & Catering
*Fresh Vegetables Every Thursday
*Book your catering now.
Baljinder S. Ben
Ph: 317-640-2400
Like our Facebook page: BigBazaarIndianGrocery
Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
5425 E. Thompson Rd., Indianapolis IN 46237




Buying/Selling in Michigan
All types of Residential & Commercial properties. Gas Stations, Liquor Stores, Hotels, Plazas, Truck Terminals etc.
CANTON REALTY
Raj S. Shergill
Broker
5820 N Canton Center Rd, Suite 145
734-751-4455 (Cell)
Rajsshergill@Yahoo.com

Twenty-Fifth Year of Publication
ਮਿਡਵੈਸਟ ਐਡੀਸ਼ਨ
Price 50¢
Email:punjabtimes1@gmail.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 25, Issue 10; March 9, 2024
20451 N. Plum Grove Rd., Palatine, IL 60074
Ph:847-359-0746, Fax:847-705-9388

## ਢੀਂਡਸਾ ਨੇ ਆਖਰਕਾਰ ਬਾਦਲਾਂ ਦਾ ਹੱਥ ਫੜਿਆ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਤੋਂ ਐਨ ਪਹਿਲਾਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਪੰਥਕ ਧਿਰਾਂ ਦੇ ਆਪਸੀ ਏਕੇ ਆਸਰੇ ਇਕ ਵਾਰ ਮੁੜ ਪੈਰਾਂ ਸਿਰ ਹੋਣ ਲਈ ਹੰਭਲਾ ਮਾਰਿਆ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਅਕਾਲੀ ਦਲ ਤੋਂ ਵੱਖ ਹੋਏ ਸੁਖਦੇਵ ਸਿੰਘ ਢੀਂਡਸਾ ਦੀ ਅਗਵਾਈ ਵਾਲੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਨੂੰ ਨਾਲ ਰਲਾਉਣ ਵਿਚ ਸਫਲ ਰਿਹਾ ਹੈ। ਸੁਖਦੇਵ ਸਿੰਘ ਢੀਂਡਸਾ ਨੇ ਸੁਖਬੀਰ ਸਿੰਘ ਬਾਦਲ ਦੀ ਪ੍ਰਧਾਨਗੀ ਨੂੰ ਖਿੜੇ ਮੱਥੇ ਸਵੀਕਾਰ ਕਰਦਿਆਂ ਆਖਿਆ ਹੈ ਕਿ ਹੁਣ ਪਾਰਟੀ ਦੀ ਚੜ੍ਹਦੀ ਕਲਾ ਲਈ ਕੰਮ ਕਰਨਗੇ।



ਉਧਰ, ਸੁਖਬੀਰ ਸਿੰਘ ਬਾਦਲ ਨੇ ਵੀ ਸ. ਢੀਂਡਸਾ ਨੂੰ ਪ੍ਰਕਾਸ਼ ਸਿੰਘ ਬਾਦਲ ਤੋਂ ਬਾਅਦ ਪਾਰਟੀ ਦਾ ਸਰਪ੍ਰਸਤ ਐਲਾਨਦਿਆਂ ਅਗਵਾਈ ਕਰਨ ਦੀ ਬੇਨਤੀ ਕੀਤੀ। ਅਕਾਲੀ ਦਲ ਨੇ ਦਾਅਵਾ ਕੀਤਾ ਹੈ ਕਿ ਪਾਰਟੀ ਤੋਂ ਵੱਖ ਹੋਏ ਬੀਬੀ ਜਗੀਰ ਕੌਰ ਸਣੇ ਵੱਡੀ ਗਿਣਤੀ ਆਗੂ ਵਾਪਸੀ ਲਈ ਤਿਆਰ ਹਨ। ਚੇਤੇ ਰਹੇ ਕਿ ਸੁਖਬੀਰ ਸਿੰਘ ਬਾਦਲ ਨੇ ਪਿਛਲੇ ਦਿਨੀਂ ਸਾਲ 2015-16 ਵਿਚ ਉਨ੍ਹਾਂ ਦੀ ਪਾਰਟੀ ਦੇ ਕਾਰਜਕਾਲ ਦੌਰਾਨ ਹੋਈਆਂ ਬੇਅਦਬੀ ਦੀਆਂ ਘਟਨਾਵਾਂ ਲਈ ਮੁਆਫੀ ਮੰਗੀ ਸੀ ਅਤੇ ਪਾਰਟੀ ਨਾਲੋਂ ਵੱਖ ਹੋਏ ਆਗੂਆਂ ਨੂੰ ਘਰ ਵਾਪਸੀ ਲਈ ਸੱਦਾ ਦਿੱਤਾ ਸੀ। ਇਸ ਪਿੱਛੋਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵੀ ਅਕਾਲੀ ਧੜਿਆਂ ਨੂੰ ਪੰਥ ਦੇ ਹਿੱਤਾਂ ਲਈ ਇਕੱਠੇ ਹੋਣ ਦਾ ਸੱਦਾ ਦਿੱਤਾ ਸੀ। ਢੀਂਡਸਾ ਧੜੇ ਨੇ ਪਹਿਲਾਂ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਤੋਂ ਲਾਂਭੇ ਕਰ ਕੇ ਹੀ ਪਾਰਟੀ ਵਿਚ ਵਾਪਸੀ ਦੀ ਸ਼ਰਤ ਰੱਖੀ ਸੀ ਪਰ ਪਿਛਲੇ ਕੁਝ ਦਿਨਾਂ ਤੋਂ ਸੁਖਦੇਵ ਸਿੰਘ ਢੀਂਡਸਾ ਦੇ ਸੁਰ ਕਾਫੀ ਨਰਮ ਜਾਪ ਰਹੇ ਸਨ।

ਦੱਸ ਦਈਏ ਕਿ ਢੀਂਡਸਾ ਵਾਲੇ ਧੜੇ ਨੇ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨਾਲ ਗੱਠਜੋੜ ਕੀਤਾ ਸੀ, ਜਦਕਿ ਅਕਾਲੀ ਦਲ ਬਾਦਲ ਬਸਪਾ ਨਾਲ ਭਾਈਵਾਲੀ ਕਰ ਕੇ ਚੋਣਾਂ ਲੜਿਆ ਸੀ। ਹੁਣ ਲੋਕ ਸਭਾ ਚੋਣਾਂ ਤੋਂ ਪਹਿਲਾਂ ਅਕਾਲੀ ਦਲ ਤੇ ਬਸਪਾ ਦਾ ਗੱਠਜੋੜ ਟੁੱਟ ਗਿਆ ਹੈ। ਹਾਲਾਂਕਿ ਢੀਂਡਸਾ ਧੜੇ ਦੇ ਰਲੇਵੇਂ ਪਿੱਛੋਂ ਇਹੀ ਸਵਾਲ ਉਠ ਰਹੇ ਹਨ ਕਿ ਅਕਾਲੀ ਦਲ ਭਾਜਪਾ ਨਾਲ ਮਿਲ ਕੇ ਲੋਕ ਸਭਾ ਚੋਣਾਂ ਲੜੇਗਾ ਜਾਂ ਨਹੀਂ। ਹਾਲਾਂਕਿ ਸਿਆਸੀ ਮਾਹਿਰ ਦਾਅਵਾ ਕਰ ਰਹੇ ਹਨ ਕਿ ਪਿਛਲੇ ਦਿਨਾਂ ਤੋਂ ਕਿਸਾਨ ਅੰਦੋਲਨ ਕਾਰਨ ਪੰਜਾਬ ਵਿਚ ਭਗਵਾ ਧਿਰ ਪ੍ਰਤੀ ਉਠੇ ਰੋਸ ਕਾਰਨ ਅਕਾਲੀ ਦਲ ਸੋਚਾਂ ਵਿਚ ਪੈ ਗਿਆ ਹੈ। ਕਿਸਾਨਾਂ ਉਤੇ ਹਰਿਆਣਾ ਪੁਲਿਸ ਅਤੇ ਕੇਂਦਰੀ ਬਲਾਂ ਵੱਲੋਂ ਕੀਤੀ ਕਾਰਵਾਈ ਕਾਰਨ ਪੂਰੇ ਦੇਸ਼ ਵਿਚ ਰੋਹ ਹਨ। ਇਸ ਲਈ ਅਕਾਲ ਦਲ ਭਾਜਪਾ ਨਾਲ ਭਾਈਵਾਲੀ ਕਰਨ ਤੋਂ ਪਹਿਲਾਂ ਸੌ ਵਾਰ ਸੋਚੇਗਾ। ਇਸ ਤੋਂ ਪਹਿਲਾਂ ਖੇਤੀ ਕਾਨੂੰਨਾਂ ਖਿਲਾਫ ਅੰਦੋਲਨ ਦੌਰਾਨ ਅਕਾਲੀ ਦਲ ਨੇ ਭਾਜਪਾ ਨਾਲੋਂ ਨਾਤਾ ਤੋੜ ਲਿਆ ਸੀ ਪਰ ਭਗਵਾ ਧਿਰ ਤੋਂ ਵੱਖ ਹੋ ਕੇ ਲੜੀਆਂ ਵਿਧਾਨ ਸਭਾ ਚੋਣਾਂ ਵਿਚ ਹੋਏ ਹਸ਼ਰ ਤੋਂ ਬਾਅਦ ਬਾਦਲ ਧੜੇ ਨੇ ਮੁੜ ਗੱਠਜੋੜ ਦੀ ਗੱਲ ਤੋਰੀ ਸੀ। ਇਹ ਗੱਠਜੋੜ ਤਕਰੀਬਨ ਸਿਰੇ ਲੱਗ ਗਿਆ ਸੀ ਪਰ ਹੁਣ ਪਾਸਾ ਫਿਰ ਪਲਟ ਗਿਆ ਹੈ। ਕਿਸਾਨ ਅੰਦੋਲਨ ਕਾਰਨ ਪੰਜਾਬ ਵਿਚ ਭਾਜਪਾ ਲਈ ਪੈਦਾ ਹੋਏ ਤਾਜ਼ਾ ਰੋਸ ਕਾਰਨ ਅਕਾਲੀ ਦਲ ਦੁਚਿੱਤੀ ਵਿਚ ਹੈ। ਚਰਚਾ ਹੈ ਕਿ ਅਕਾਲੀ ਦਲ ਹੁਣ ਭਾਜਪਾ ਨਾਲ ਹੱਥ ਮਿਲਾਉਣ ਦੀ ਥਾਂ ਆਉਂਦੇ ਦਿਨਾਂ ਵਿਚ ਹੋਰ ਪੰਥਕ ਧਿਰਾਂ ਨਾਲ ਸਾਂਝ ਪਾ ਕੇ ਚੋਣ ਮੈਦਾਨ ਵਿਚ ਉਤਾਰ ਸਕਦਾ ਹੈ।

ਪਿੱਛੇ ਜਿਹੇ ਭਾਜਪਾ ਨੇ ਢੀਂਡਸਾ ਧੜੇ ਨੂੰ ਹੀ ਅਸਲੀ ਅਕਾਲੀ ਦਲ ਦੱਸ ਕੇ ਟਕਸਾਲੀ ਆਗੂਆਂ ਨੂੰ ਸੁਖਬੀਰ ਦਾ ਸਾਥ ਛੱਡ ਕੇ ਇਸ ਧੜੇ ਵਿਚ ਸ਼ਾਮਲ ਹੋਣ ਦਾ ਹੋਕਾ ਦਿੱਤਾ ਸੀ ਹਾਲਾਂਕਿ ਇਸ ਸੱਦੇ ਨੂੰ ਭੋਰਾ ਹੁੰਗਾਰਾ ਨਹੀਂ ਮਿਲਿਆ ਸੀ।

*(ਬਾਕੀ ਸਫਾ 6 'ਤੇ)*

## ਪੰਜਾਬ ਬਜਟ 'ਚ ਸਿਹਤ ਅਤੇ ਸਿੱਖਿਆ 'ਤੇ ਜ਼ੋਰ

**ਚੰਡੀਗੜ੍ਹ:** ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਵਿੱਤੀ ਸਾਲ 2024-25 ਲਈ ਸੂਬੇ ਦਾ 2,04,918 ਕਰੋੜ ਰੁਪਏ ਤੋਂ ਵੱਧ ਦਾ ਬਜਟ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਬਜਟ ਮੁੱਖ ਤੌਰ 'ਤੇ ਸਿਹਤ ਅਤੇ ਸਿੱਖਿਆ ਖੇਤਰਾਂ ਉਤੇ ਕੇਂਦਰਿਤ ਹੈ। ਬਜਟ ਵਿਚ ਖੇਤੀਬਾੜੀ ਲਈ 13,784 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ। ਇਸ ਵਿਚ ਗੰਨਾ ਕਿਸਾਨਾਂ ਲਈ 467 ਕਰੋੜ ਰੁਪਏ ਦੀ ਰਾਸ਼ੀ ਰਾਖਵੀਂ ਰੱਖੀ ਗਈ ਹੈ। ਇਸ ਦੇ ਨਾਲ ਹੀ ਅਗਲੇ ਸਾਲ ਲਈ 390 ਕਰੋੜ ਰੁਪਏ ਦੀ ਰਾਸ਼ੀ ਦਾ ਹੋਰ ਪ੍ਰਬੰਧ ਕੀਤਾ ਗਿਆ ਹੈ।



ਬਜਟ ਵਿਚ ਸਿੱਖਿਆ ਲਈ 16,987 ਕਰੋੜ, ਖੇਤੀਬਾੜੀ ਲਈ 13,784 ਕਰੋੜ, ਸਮਾਜ ਭਲਾਈ ਤੇ ਸਮਾਜਿਕ ਨਿਆਂ ਲਈ 9388 ਕਰੋੜ, ਬਿਜਲੀ ਲਈ 7780 ਕਰੋੜ, ਪੇਂਡੂ ਵਿਕਾਸ ਤੇ ਪੰਚਾਇਤਾਂ ਲਈ 3,154 ਕਰੋੜ, ਬੁਨਿਆਦੀ ਢਾਂਚਾ (ਸੜਕਾਂ ਤੇ ਪੁਲ) ਲਈ 600 ਕਰੋੜ, ਟਰਾਂਸਪੋਰਟ ਲਈ 550 ਕਰੋੜ, ਖੇਡਾਂ ਲਈ 272 ਕਰੋੜ ਅਤੇ ਸੈਰ ਸਪਾਟਾ ਲਈ 166 ਕਰੋੜ ਰੱਖਿਆ ਗਿਆ ਹੈ।

ਪੰਜਾਬ ਵਿਚ ਪਹਿਲੀ ਵਾਰ ਬਜਟ 2 ਲੱਖ ਕਰੋੜ ਰੁਪਏ ਤੋਂ ਵਧ ਗਿਆ ਹੈ। ਬਜਟ ਭਾਸ਼ਣ ਦੀ ਸ਼ੁਰੂਆਤ ਵਿਚ ਵਿੱਤ ਮੰਤਰੀ ਹਰਪਾਲ ਚੀਮਾ ਨੇ ਕਿਹਾ ਕਿ ਪਿਛਲੇ ਦੋ ਸਾਲਾਂ ਵਿਚ 40 ਹਜ਼ਾਰ ਤੋਂ ਵੱਧ ਨੌਕਰੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਨੇ ਖੇਤੀ ਲਈ 13 ਹਜ਼ਾਰ 784 ਕਰੋੜ ਰੁਪਏ ਦਾ ਬਜਟ ਰੱਖਿਆ। ਉਨ੍ਹਾਂ ਸਕੂਲੀ ਸਿੱਖਿਆ ਲਈ 16 ਹਜ਼ਾਰ 967 ਕਰੋੜ ਰੁਪਏ ਦਾ ਬਜਟ ਰੱਖਿਆ। ਸ੍ਰੀ ਚੀਮਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਕੋਈ ਨਵਾਂ ਟੈਕਸ ਨਹੀਂ ਲਗਾਇਆ, ਜਿਸ ਨਾਲ 2024-25 ਵਿਚ ਕੁੱਲ 1,03,936 ਕਰੋੜ ਰੁਪਏ ਦੀ ਮਾਲੀਆ ਪ੍ਰਾਪਤੀਆਂ ਹੋਣ ਦੀ ਉਮੀਦ ਹੈ, ਜਿਸ ਵਿਚੋਂ ਆਪਣਾ ਟੈਕਸ ਮਾਲੀਆ 58,900 ਕਰੋੜ ਰੁਪਏ ਹੋਵੇਗਾ। ਉਨ੍ਹਾਂ ਕਿਹਾ ਕਿ ਰਾਜ ਨੂੰ ਕੇਂਦਰੀ ਟੈਕਸਾਂ ਤੋਂ ਆਪਣੇ ਹਿੱਸੇ ਵਜੋਂ 22,041 ਕਰੋੜ ਰੁਪਏ ਅਤੇ ਕੇਂਦਰ ਤੋਂ ਸਹਾਇਤਾ ਵਜੋਂ 11,748 ਕਰੋੜ ਰੁਪਏ ਮਿਲਣਗੇ। ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਦੋ ਸਾਲਾਂ ਵਿਚ 40000 ਤੋਂ ਵੱਧ ਨੌਕਰੀਆਂ ਦਿੱਤੀਆਂ ਹਨ। ਉਨ੍ਹਾਂ ਕਿਹਾ ਕਿ 2 ਲੱਖ ਕਰੋੜ ਰੁਪਏ ਤੋਂ ਵੱਧ ਦੇ ਕੁੱਲ ਸਾਲਾਨਾ ਖਰਚੇ ਵਿਚੋਂ 13,784 ਕਰੋੜ ਰੁਪਏ ਖੇਤੀਬਾੜੀ ਲਈ ਅਤੇ 16,987 ਕਰੋੜ ਰੁਪਏ ਸਿੱਖਿਆ ਲਈ ਰੱਖੋ ਹਨ।

ਐਤਕੀਂ ਆਸ ਕੀਤੀ ਜਾ ਰਹੀ ਸੀ ਕਿ 'ਆਪ' ਸਰਕਾਰ ਵਾਅਦੇ ਅਨੁਸਾਰ ਔਰਤਾਂ ਨੂੰ ਮਹੀਨੇਵਾਰ ਸਹਾਇਤਾ ਆਰੰਭ ਕਰ ਦੇਵੇਗੀ ਕਿਉਂਕਿ ਦਿੱਲੀ ਦੀ ਵਿੱਤ ਮੰਤਰੀ ਆਤਿਸ਼ੀ ਨੇ ਦਿੱਲੀ ਵਿਚ 18 ਸਾਲ ਤੋਂ ਵੱਧ ਉਮਰ ਦੀਆਂ ਔਰਤਾਂ ਨੂੰ ਹਰ ਮਹੀਨੇ 1000 ਰੁਪਏ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਸੀ ਪਰ ਪੰਜਾਬ ਵਿਚ ਅਜਿਹਾ ਕੋਈ ਐਲਾਨ ਨਹੀਂ ਕੀਤਾ ਗਿਆ। ਇਸ ਬਾਰੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਉਕਾ ਹੀ ਚੁੱਪ ਹੋ ਗਏ ਹਨ।

India Palace Restaurant
And Banquet Hall
Best Price Wholesale
Ph: 630-400-0996
Lakhvir S. Johal
Ph: 317-709-7800
Restaurant-Fine Indian Cuisine
(Ph: 317-298-0773)
Banquet Hall Available Up to 550 People
Amber Carmel Ph: 317-580-0828
Amber Indianapolis Ph: 317-578-4400
Royal, Indianapolis, 317-893-2633
Desi Bazar Grocery Store Restaurant, Ph: 317-888-2040
Desi Bazar Indianapolis, Ph: 317-709-7800

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
www.universitymotors1.com
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

RESTAURANT SUPPLY
WHOLESALER
ਉਚ ਕੁਆਲਿਟੀ ਦੇ ਭਾਂਡਿਆਂ, ਪਤੀਲੇ, ਕੁੱਕਵੇਅਰ, ਸਰਵਵੇਅਰ, ਕਮਰਸ਼ੀਅਲ ਜੂਸਰ, ਐਸਪਰੈਸੋ ਮਸ਼ੀਨਾਂ ਅਤੇ ਰੈਸਟੋਰੈਂਟ ਸਪਲਾਈ ਲਈ ਹਰ ਤਰ੍ਹਾਂ ਦੇ ਸਾਮਾਨ ਲਈ ਸਾਡੇ ਨਾਲ ਸੰਪਰਕ ਕਰੋ:




1125 Howard Street. Elk Grove Village. IL 60007
Ph: 847-979-5970. 847-979-5990. 847-228-0150, pragint@aol.com




# ਗੁਰੂ ਨਾਨਕ ਹਾਕੀ ਟੂਰਨਾਮੈਂਟ ਨਨਕਾਣਾ ਸਾਹਿਬ ਪਾਕਿਸਤਾਨ 'ਚ ਸਫਲਤਾਪੂਰਵਕ ਸੰਪੰਨ

## ਗੁਰੂ ਨਾਨਕ ਦੇਵ ਜੀ ਨੂੰ ਸਮਰਪਿਤ ਸੇਵਾ ਹਮੇਸ਼ਾ ਕਰਦੇ ਰਹਾਂਗੇ: ਅਮੋਲਕ ਸਿੰਘ ਗਾਖਲ

ਚੇਅਰਮੈਨ ਅਮੋਲਕ ਸਿੰਘ ਗਾਖਲ ਦੀ ਅਗਵਾਈ 'ਚ ਗਾਖਲ ਗਰੁੱਪ ਯੂ.ਐੱਸ.ਏ. ਦੇ ਸਹਿਯੋਗ ਨਾਲ ਬਾਬਾ ਗੁਰੂ ਨਾਨਕ ਹਾਕੀ ਅਕੈਡਮੀ ਨਨਕਾਣਾ ਸਾਹਿਬ (ਪਾਕਿਸਤਾਨ) ਵਲੋਂ ਬਾਬਾ ਗੁਰੂ ਨਾਨਕ ਹਾਕੀ ਟੂਰਨਾਮੈਂਟ 29 ਫਰਵਰੀ ਤੋਂ 3 ਮਾਰਚ ਤੱਕ ਸਰਕਾਰੀ ਹਾਈ ਸਕੂਲ ਸਫਦਰਾਬਾਦ (ਨਨਕਾਣਾ ਸਾਹਿਬ) ਵਿਚ ਕਰਵਾਇਆ ਗਿਆ।

ਇਸ ਟੂਰਨਾਮੈਂਟ ਦਾ ਪਹਿਲਾ, ਦੂਜਾ ਅਤੇ ਤੀਜਾ ਇਨਾਮ ਕ੍ਰਮਵਾਰ 2 ਲੱਖ, 60 ਹਜ਼ਾਰ ਅਤੇ 40 ਹਜ਼ਾਰ ਪਾਕਿਸਤਾਨੀ ਰੁਪਏ ਹੋਣਗੇ। ਗਾਖਲ ਗਰੁੱਪ ਦੇ ਚੇਅਰਮੈਨ ਸ. ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਉਹ ਆਪਣੇ ਭਰਾਵਾਂ ਇਕਬਾਲ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਆਪਣੇ ਨਿੱਘੇ ਦੋਸਤ ਮੈਂਬਰ ਪਾਰਲੀਮੈਂਟ ਹੰਸ ਰਾਜ ਹੰਸ ਦੇ ਸਹਿਯੋਗ ਨਾਲ ਹਰ ਤਿੰਨ ਮਹੀਨੇ ਬਾਅਦ ਇਹ ਟੂਰਨਾਮੈਂਟ ਕਰਵਾਇਆ ਕਰਨਗੇ। ਉਨ੍ਹਾਂ ਦੱਸਿਆ ਕਿ ਗਾਖਲ ਗਰੁੱਪ ਵਿੱਦਿਆ ਅਤੇ ਖੇਡਾਂ ਲਈ ਹਮੇਸ਼ਾ ਹਾਜ਼ਰ ਹੈ ਅਤੇ ਸਾਡੇ ਲਈ ਦੇਸ਼ਾਂ ਦੀਆਂ ਹੱਦਾਂ/ਸਰਹੱਦਾਂ ਜਾਂ ਭਾਈਚਾਰਾ ਮਾਇਨੇ ਨਹੀਂ ਰੱਖਦਾ, ਅਸੀਂ ਗੁਰੂ ਨਾਨਕ ਦੇਵ ਜੀ ਦੇ ਸੰਕਲਪ ਮਨੁੱਖਤਾ ਦੀ ਸੇਵਾ ਨੂੰ ਆਧਾਰ ਮੰਨ ਕੇ ਚੱਲਦੇ ਹਾਂ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਬਹੁਤ ਖੁਸ਼ੀ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਨਨਕਾਣਾ ਸਾਹਿਬ ਦੀ ਧਰਤੀ 'ਤੇ ਉਹ ਇਹ ਸੇਵਾ ਲੈ ਰਹੇ ਹਨ ਅਤੇ ਗੁਰੂ ਨਾਨਕ ਦੇਵ ਜੀ ਦਾ ਲੰਗਰ ਵੀ ਚਾਰੇ ਦਿਨ ਸੰਗਤਾਂ ਵਿਚ ਵਰਤਾਇਆ ਜਾਵੇਗਾ। ਇੱਥੇ ਵਰਣਨਯੋਗ ਹੈ ਕਿ ਗਾਖਲ ਗਰੁੱਪ ਯੂ.ਐੱਸ.ਏ. ਵਲੋਂ ਚੇਅਰਮੈਨ ਅਮੋਲਕ ਸਿੰਘ ਗਾਖਲ ਦੀ ਅਗਵਾਈ 'ਚ ਬਾਬਾ ਗੁਰੂ ਨਾਨਕ ਅਕੈਡਮੀ ਰਾਹੀਂ ਲੋੜਵੰਦ ਬੱਚਿਆਂ ਨੂੰ ਮੁਫਤ ਵਿੱਦਿਆ ਵੀ ਪ੍ਰਦਾਨ ਕਰਵਾਈ ਜਾ ਰਹੀ ਹੈ।





ਅਮੋਲਕ ਸਿੰਘ ਗਾਖਲ | ਇਕਬਾਲ ਸਿੰਘ ਗਾਖਲ | ਹੰਸ ਰਾਜ ਹੰਸ

# ਬਾਬਾ ਦਲਜੀਤ ਸਿੰਘ ਦੀ ਦੂਜੀ ਕਾਵਿ-ਪੁਸਤਕ ਦਿੱਲੀ ਗੁਰਦੁਆਰਾ ਕਮੇਟੀ ਵਲੋਂ ਲੋਕ ਅਰਪਣ

**ਦਿੱਲੀ:** ਬਾਬਾ ਦਲਜੀਤ ਸਿੰਘ ਸ਼ਿਕਾਗੋ ਵਾਲਿਆਂ ਵਲੋਂ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਦੇ ਇਤਿਹਾਸ ਬਾਰੇ ਲਿਖੀ ਕਾਵਿ ਪੁਸਤਕ 'ਸਿੱਖ ਗੁਰਧਾਮ ਦੀਦਾਰ ਦਿੱਲੀ' ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਵਲੋਂ ਲੰਘੀ 20 ਫਰਵਰੀ ਨੂੰ ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਪ੍ਰਬੰਧਕ ਕਮੇਟੀ ਦੇ ਦਫ਼ਤਰ ਵਿਚ ਪ੍ਰਮੁੱਖ ਸ਼ਖਸੀਅਤਾਂ ਦੀ ਹਾਜ਼ਰੀ ਵਿਚ ਲੋਕ ਅਰਪਣ ਕੀਤੀ ਗਈ।

ਪ੍ਰਧਾਨ ਕਾਲਕਾ ਨੇ ਬਾਬਾ ਦਲਜੀਤ ਸਿੰਘ ਵਲੋਂ ਲਿਖੀ ਪੁਸਤਕ ਸਬੰਧੀ ਕਿਹਾ ਕਿ ਪੁਸਤਕ ਵਿਚ ਛੋਹੇ ਗਏ ਵਿਸ਼ੇ, ਸ਼ੈਲੀ ਅਤੇ ਤੱਥ ਜਿੱਥੇ ਬਾਖੂਬੀ ਬਿਅਨ ਕੀਤੇ ਗਏ ਹਨ, ਉਥੇ ਹੀ ਦਿੱਲੀ ਦੇ ਸਮੁੱਚੇ ਇਤਿਹਾਸਕ ਗੁਰਦੁਆਰਿਆਂ ਦੇ ਇਤਿਹਾਸ ਕਵਿਤਾਵਾਂ ਰਾਹੀਂ ਲਿਖ ਕੇ ਬਿਆਨ ਕਰਨਾ ਆਪਣੇ ਆਪ ਵਿਚ ਨਿਵੇਕਲਾ ਅਤੇ ਪਹਿਲਾ ਯਤਨ ਹੈ। ਦਿੱਲੀ ਕਮੇਟੀ ਦੇ ਚੀਫ਼ ਐਡਵਾਈਜ਼ਰ ਸ. ਜਸਪ੍ਰੀਤ ਸਿੰਘ ਮਾਨ ਨੇ ਕਿਹਾ ਕਿ ਬਾਬਾ ਦਲਜੀਤ ਸਿੰਘ ਸ਼ਿਕਾਗੋ ਵਾਲੇ ਪਿਛਲੇ ਤੀਹ ਸਾਲ ਤੋਂ ਵਿਦੇਸ਼ ਵਿਚ ਸਿੱਖੀ ਪ੍ਰਚਾਰ ਰਾਹੀਂ ਪੰਥ ਦੀ ਸੇਵਾ ਕਰ ਰਹੇ ਹਨ।

ਗੁਰਦੁਆਰਾ ਰਕਾਬ ਗੰਜ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਦਿਲਬਾਗ ਸਿੰਘ ਨੇ ਇਸ ਪੁਸਤਕ ਨੂੰ ਸਿੱਖ ਸਾਹਿਤ ਅਤੇ ਦਿੱਲੀ ਦੇ ਗੁਰਦੁਆਰਿਆਂ ਦੇ ਇਤਿਹਾਸ ਦਾ ਅਨਮੋਲ ਖਜ਼ਾਨਾ ਦੱਸਿਆ ਹੈ। ਬਾਬਾ ਜੀ ਦੀ ਪਹਿਲੀ ਕਾਵਿ-ਪੁਸਤਕ 'ਹਰਿਮੰਦਰ ਪ੍ਰੀਕਰਮਾ' 8 ਫਰਵਰੀ ਨੂੰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ' ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ' ਵਲੋਂ ਲੋਕ ਅਰਪਿਤ ਕੀਤੀ ਜਾ ਚੁੱਕੀ ਹੈ। ਬਾਬਾ ਦਲਜੀਤ ਸਿੰਘ ਨੇ ਇਨ੍ਹਾਂ ਪੁਸਤਕਾਂ ਨੂੰ ਸਿੱਧੀ ਪ੍ਰਚਾਰ ਹਿੱਤ ਵੰਡਣ ਲਈ ਭੇਟਾ ਰਹਿਤ ਰੱਖਿਆ ਹੈ।



ਦਿੱਲੀ ਸਿੱਖ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਜੀ ਕਾਲਕਾ ਪੁਸਤਕ 'ਸਿੱਖ ਗੁਰਧਾਮ ਦੀਦਾਰ ਦਿੱਲੀ' ਲੋਕ ਅਰਪਣ ਕਰਦੇ ਹੋਏ।

# ਕੈਲਗਰੀ ਲੇਖਕ ਸਭਾ ਵਲੋਂ 'ਵਿਮੈਨ ਐਮਪਾਵਰਮੈਂਟ ਦੀ ਦਸ਼ਾ ਤੇ ਦਿਸ਼ਾ' ਉੱਪਰ ਵਿਚਾਰ-ਚਰਚਾ

ਕੈਲਗਰੀ: ਕੈਲਗਰੀ ਲੇਖਕ ਸਭਾ ਦੀ ਮਾਰਚ ਮਹੀਨੇ ਦੀ ਇਕੱਤਰਤਾ 2 ਮਾਰਚ, 2024 ਨੂੰ ਕੋਸੋ ਹਾਲ ਵਿਚ ਹੋਈ। ਮੀਟਿੰਗ ਦੀ ਸ਼ੁਰੂਆਤ ਪਿਛਲੇ ਦਿਨੀਂ ਵਿਛੜ ਚੁੱਕੀਆਂ ਸ਼ਖ਼ਸੀਅਤਾਂ, ਸ. ਸੁਰਜੀਤ ਸਿੰਘ ਪਨੂੰ, ਇਕਬਾਲ ਖਾਨ ਅਤੇ ਬਰਾਇਨ ਮਲਰੌਨੇ ਨੂੰ ਸਰਧਾਂਜਲੀ ਭੇਟ ਕਰ ਕੇ ਕੀਤੀ ਗਈ। ਪ੍ਰਧਾਨ ਜਸਵੀਰ ਸਹੋਤਾ ਨੇ ਸੁਰਜੀਤ ਸਿੰਘ ਪਨੂੰ ਨਾਲ ਆਪਣੀ ਸਾਂਝ ਦਾ ਵਰਣਨ ਕੀਤਾ ਅਤੇ ਉਨ੍ਹਾਂ ਨੂੰ ਮਸ਼ਹੂਰ ਢਾਡੀ ਅਤੇ ਲੇਖਕ ਸੋਹਣ ਸਿੰਘ ਸੀਤਲ ਦੀ ਸਾਹਿਤਕ ਵਿਰਾਸਤ ਦਾ ਵਾਰਸ ਆਖ ਸ਼ਰਧਾ ਦੇ ਫੁੱਲ ਭੇਟ ਕੀਤੇ। ਬਲਵਿੰਦਰ ਬਰਾੜ ਨੇ ਅਗਾਂਹਵਧੂ ਇਨਕਲਾਬੀ ਸ਼ਾਇਰ ਇਕਬਾਲ ਖਾਨ ਬਾਰੇ ਕਿਹਾ ਕਿ ਉਹ ਹਮੇਸ਼ਾਂ ਨਾਬਰੀ ਵਾਲੀ ਤੇ ਬਾਗ਼ੀ ਸੁਰ ਵਾਲੀ ਗੱਲ ਕਰਦਾ ਸੀ। ਸਾਡੇ ਨਾਲੋਂ ਅੱਖਰਾਂ ਦੇ ਪਰਿਵਾਰ ਦਾ ਮੈਂਬਰ ਵਿੱਛੜ ਗਿਆ ਹੈ। ਗੁਰਚਰਨ ਥਿੰਦ ਨੇ ਦੱਸਿਆ ਕਿ 84 ਸਾਲ ਦੀ ਉਮਰ ਭੋਗ ਕੇ 29 ਫਰਵਰੀ ਨੂੰ ਚਲਾਣਾ ਕਰ ਗਏ ਕੈਨੇਡਾ ਦੇ 18ਵੇਂ ਪ੍ਰਾਈਮ ਮਨਿਸਟਰ, ਮਿਸਟਰ ਬਰਾਇਨ ਮਲਰੌਨੇ ਨੇ 1984-1993 ਦੇ ਆਪਣੇ ਨੌਂ ਸਾਲ ਦੇ ਸਾਸ਼ਨ-ਕਾਲ ਵਿਚ ਜੀਐਸਟੀ ਅਤੇ ਕੈਨੇਡਾ ਦੇ ਅਮਰੀਕਾ ਤੇ ਮੈਕਸੀਕੋ ਨਾਲ ਫਰੀ ਟ੍ਰੇਡ ਕਰਨ ਦੇ ਮਹੱਤਵਪੂਰਨ ਫੈਸਲਿਆਂ ਨੂੰ ਅੰਜ਼ਾਮ ਦਿੱਤਾ।

ਉਪਰੰਤ 8 ਮਾਰਚ ਵਾਲੇ ਦਿਨ 'ਇੰਟਰਨੈਸ਼ਨਲ ਵਿਮੈਨ ਡੇਅ' 'ਤੇ ਆਧਾਰਿਤ 'ਵਿਮੈਨ ਐਮਪਾਵਰਮੈਂਟ ਦੀ ਦਸ਼ਾ ਤੇ ਦਿਸ਼ਾ' ਵਿਸ਼ੇ 'ਤੇ ਵਿਚਾਰ-ਚਰਚਾ ਕੀਤੀ ਹੋਈ। ਸਕੱਤਰ ਗੁਰਚਰਨ ਥਿੰਦ ਨੇ ਇਸ ਦਿਹਾੜੇ ਦੇ ਪਿਛੋਕੜ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਯੂ.ਐਨ.ਓ. ਵਲੋਂ ਇਹ ਦਿਨ ਜੈਂਡਰ ਇਕੁਐਲਿਟੀ (ਲਿੰਗਕ ਸਮਾਨਤਾ), ਰਿਪ੍ਰੋਡਕਟਿਵ ਰਾਈਟਸ (ਜਣਨ-ਅਧਿਕਾਰ), ਔਰਤਾਂ ਨਾਲ ਹਿੰਸਾ ਤੇ ਦੁਰਵਿਹਾਰ ਅਤੇ ਔਰਤਾਂ ਨੂੰ ਵੋਟ ਦੇਣ ਦੇ ਅਧਿਕਾਰ 'ਤੇ ਕੇਂਦਰਤ ਕੀਤਾ ਗਿਆ। ਉਨ੍ਹਾਂ ਕੈਲਗਰੀ ਦੀ ਜਾਣੀ-ਪਛਾਣੀ ਸ਼ਖ਼ਸੀਅਤ ਲਲਿਤਾ ਜੀ ਨੂੰ ਸੱਦਾ ਦਿੱਤਾ। ਉਨ੍ਹਾਂ ਆਖਿਆ ਕਿ ਔਰਤ ਦੇ ਆਪਣੇ ਅੰਦਰ ਫੈਸਲਾ ਲੈਣ ਦੀ ਤਾਕਤ ਹੋਣਾ, ਫੈਸਲਾ ਲੈਣਾ, ਪ੍ਰਵਾਨ ਕਰਨਾ ਅਤੇ ਆਪਣਾ ਫੈਸਲਾ ਪ੍ਰਵਾਨ ਕਰਵਾਉਣ ਦੀ ਹਿੰਮਤ ਹੋਣਾ ਮਹਿਲਾ ਸਸ਼ਕਤੀਕਰਨ ਹੈ। ਉਨ੍ਹਾਂ ਕਿਹਾ ਕਿ ਔਰਤ ਦਾ ਸਿੱਖਿਅਤ ਹੋਣਾ ਜ਼ਰੂਰੀ ਹੈ ਅਤੇ ਕਮਿਊਨਿਟੀ ਨੂੰ ਵੀ ਇਸ ਸਭ ਕਾਸੇ ਬਾਰੇ ਐਜੂਕੇਟ ਕਰਨ ਦੀ ਲੋੜ ਹੈ। ਖਾਸ ਤੌਰ 'ਤੇ ਲੇਖਕਾਂ ਦੁਆਰਾ ਆਪਣੀਆਂ ਲਿਖਤਾਂ ਰਾਹੀਂ ਇਸ ਕਾਰਜ ਦੀ ਜ਼ਿੰਮੇਵਾਰੀ ਨਿਭਾਉਣੀ ਬਣਦੀ ਹੈ। ਸਰਬਜੀਤ ਜਵੰਦਾ ਨੇ ਇਸ ਵਿਸ਼ੇ 'ਤੇ ਡਾਇਲੌਗ ਸ਼ੁਰੂ ਕੀਤੇ ਜਾਣ ਨੂੰ ਸਭ ਤੋਂ ਵੱਡੀ ਪ੍ਰਾਪਤੀ ਦੱਸਿਆ। ਸਿਰਫ਼ ਪੜ੍ਹਾਈ ਦੀਆਂ ਜਮਾਤਾਂ ਪਾਸ ਕਰ ਕੇ ਹੀ ਕੋਈ ਵਿਅਕਤੀ ਐਜੂਕੇਟ ਹੋਇਆ ਨਹੀਂ ਸਮਝਿਆ ਜਾ ਸਕਦਾ। ਇਹ ਇੱਕ ਸਮਾਜਿਕ ਵਰਤਾਰਾ ਹੈ ਜਿਸ ਰਾਹੀਂ ਦੋਵਾਂ ਧਿਰਾਂ ਨੂੰ ਫੈਸਲੇ ਲੈਣੇ ਤੇ ਮੰਨਣੇ ਸਿਖਾਉਣੇ ਚਾਹੀਦੇ ਹਨ। ਬਲਵਿੰਦਰ ਬਰਾੜ ਨੇ ਕਿਹਾ ਕਿ ਪੰਜਾਬ ਵਿਚ ਮਰਦਾਂ ਨੇ ਨਾਰੀਵਾਦ ਸ਼ੁਰੂ ਕੀਤਾ। ਗੁਰੂ ਨਾਨਕ ਦੇ ਔਰਤ ਲਈ ਉਚਾਰੇ ਬੋਲ 'ਸੋ ਕਿਉ ਮੰਦਾ ਆਖੀਐ ਜਿਤ ਜੰਮਿਹ ਰਾਜਾਨ' ਅਤੇ ਅਗਲੇਰੇ ਗੁਰੂ ਸਾਹਿਬ ਵਲੋਂ ਸਤੀ ਪ੍ਰਥਾ ਦਾ ਖੰਡਨ ਕਰਨ ਤੋਂ ਲੈ ਕੇ ਕਵੀ ਸ਼ਿਵ ਕੁਮਾਰ ਬਟਾਲਵੀ ਵਲੋਂ 'ਲੂਣਾ' ਕਾਵਿ-ਸੰਗ੍ਰਿਹ ਵਿਚ ਲੂਣਾ ਦੇ ਦਰਦ ਨੂੰ ਪੇਸ਼ ਕਰ ਨਾਰੀਵਾਦ ਨੂੰ ਹੁਲਾਰਾ ਦਿੱਤਾ ਗਿਆ। ਉਨ੍ਹਾਂ ਨੇ ਮਰਦ ਨੂੰ ਔਰਤ ਨਾਲ ਸਿਰਫ਼ ਸੌਣਾ ਹੀ ਨਹੀਂ ਜਾਗਣਾ ਸਿੱਖਣ ਤੇ ਸਿਖਾਉਣ ਦੀ ਗੱਲ ਵੀ ਆਖੀ ਅਤੇ ਕਿਹਾ ਕਿ 'ਕੇਅਰਿੰਗ, ਸ਼ੇਅਰਿੰਗ, ਹੀਅਰਿੰਗ ਤੇ ਬੇਅਰਿੰਗ' ਸ਼ਾਦੀ-ਸ਼ੁਦਾ ਜ਼ਿੰਦਗੀ ਦੇ ਚਾਰ ਥੰਮ੍ਹ ਹਨ।

ਅਮਨਪ੍ਰੀਤ ਸਿੰਘ ਨੇ ਕਿਹਾ ਕਿ ਸਦੀਆਂ ਤੋਂ ਮਰਦ ਨੇ ਔਰਤ ਨੂੰ ਫਿਜ਼ੀਕਲੀ ਕੈਪਚਰ ਕਰੀ ਰੱਖਿਆ ਹੈ। ਸਮਾਜ 'ਤੇ ਹਾਵੀ ਜਗੀਰੂ ਸੋਚ ਨੇ ਸਮਾਜਿਕ ਢਾਂਚੇ ਨੂੰ ਤਹਿਸ-ਨਹਿਸ ਕਰ ਦਿੱਤਾ ਹੈ। ਅਸਲੀ ਲੜਾਈ ਔਰਤ ਮਰਦ ਦੀ ਨਹੀਂ ਜਗੀਰੂ ਤਾਣੇ-ਬਾਣੇ ਦੀ ਹੈ। ਗੁਰਨਾਮ ਕੌਰ ਨੇ ਸਿੱਖ ਧਰਮ ਦੀਆਂ ਨਾਮਵਰ ਔਰਤਾਂ ਦਾ ਹਵਾਲਾ ਦੇ ਕੇ ਔਰਤ ਦੀ ਆਤਮਿਕ ਅਡੋਲਤਾ ਅਤੇ ਔਖੀ ਘੜੀ ਵਿਚ ਫੈਸਲੇ ਲੈਣ ਦੀ ਕਾਬਲੀਅਤ ਅਤੇ ਲਏ ਗਏ ਫੈਸਲਿਆਂ ਨੂੰ ਔਰਤ ਦੀ ਤਾਕਤ ਦਰਸਾਇਆ। ਵਿਦਿਆ ਦੇ ਖੇਤਰ ਵਿਚ ਬੀਬੀ ਹਰਨਾਮ ਕੌਰ ਵਲੋਂ 1892 ਵਿਚ ਫ਼ਿਰੋਜ਼ਪੁਰ ਵਿਚ ਸਕੂਲ ਖੋਲ੍ਹਣਾ ਅਤੇ ਬਤੌਰ ਅਧਿਆਪਕ ਸੇਵਾ ਨਿਭਾਉਣ ਨੂੰ ਔਰਤ ਦੀ ਜਾਗਰੂਕਤਾ ਦੱਸਿਆ ਅਤੇ ਕਿਹਾ ਕਿ ਅਜੋਕੀ ਲੋੜ ਵਿਰਸੇ ਨਾਲ ਜੁੜਨ ਅਤੇ ਜੋੜਨ ਦੀ ਹੈ। ਸੁਖਵਿੰਦਰ ਸਿੰਘ ਥਿੰਦ ਨੇ ਕਿਹਾ ਕਿ ਅਸੀਂ ਆਪਣੇ ਪੁੱਤਰ ਨੂੰ ਰਿਸੋਰਸ ਅਤੇ ਧੀ ਨੂੰ ਜ਼ਿੰਮੇਵਾਰੀ ਵਜੋਂ ਪਾਲਦੇ ਹਾਂ। ਸਾਨੂੰ ਕੁੜੀਆਂ ਨੂੰ ਸਿਹਤ ਅਤੇ ਵਿੱਦਿਆ ਦੇ ਨਾਲ ਹੌਸਲਾ ਤੇ ਜਾਗਰੂਕਤਾ ਦੇਣ ਦੀ ਲੋੜ 'ਤੇ ਜ਼ੋਰ ਦੇਣਾ ਚਾਹੀਦਾ ਹੈ।

ਮਨਮੋਹਨ ਸਿੰਘ ਬਾਠ ਨੇ ਔਰਤ ਸਸ਼ਕਤੀਕਰਨ ਬਾਰੇ ਸੰਖੇਪ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ ਅਤੇ ਆਪਣੀ ਸੋਜ਼ਮਈ ਆਵਾਜ਼ ਵਿਚ 'ਪਿਆਰ ਦੇ ਭੁਲੇਖੇ ਕਿੰਨੇ ਸੋਹਣੇ ਸੋਹਣੇ ਪਾ ਗਏ' ਪੰਜਾਬੀ ਗੀਤ ਸੁਣਾਇਆ। ਕਵੀ ਪਰਮਿੰਦਰ ਰਮਨ ਨੇ 'ਰੱਬ ਦੀ ਭਾਲ ਲਈ ਸਦੀਆਂ ਤੋਂ ਹੋ ਰਹੇ ਦੰਗਲ' ਆਪਣੀ ਰਚਨਾ ਸੁਣਾਈ। ਬਰੈਂਪਟਨ ਤੋਂ ਕੈਲਗਰੀ ਆਏ, 'ਵਿਸ਼ਵ ਪੰਜਾਬੀ ਸਭਾ, ਕੈਨੇਡਾ ਦੇ ਚੇਅਰਮੈਨ ਡਾ: ਦਲਬੀਰ ਸਿੰਘ ਕਥੂਰੀਆ ਅਤੇ ਸਭਾ ਦੇ ਪ੍ਰਧਾਨ ਹਰਜੀ ਬਾਜਵਾ ਉਚੇਚੇ ਤੌਰ 'ਤੇ ਮੀਟਿੰਗ ਵਿਚ ਸ਼ਾਮਲ ਹੋਏ। ਡਾ. ਦਲਬੀਰ ਸਿੰਘ ਕਥੂਰੀਆ ਨੇ ਦੋ ਸਾਲ ਪਹਿਲਾਂ ਸ਼ੁਰੂ ਕੀਤੀ ਆਪਣੀ ਸਭਾ ਬਾਰੇ ਜਾਣਕਾਰੀ ਦਿੱਤੀ ਅਤੇ ਸਭਾ ਵਲੋਂ 28-29 ਜੂਨ ਨੂੰ ਕਰਵਾਈ ਜਾਣ ਵਾਲੀ ਪੰਜਾਬੀ ਕਾਨਫਰੰਸ ਵਿਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਸੁਖਵਿੰਦਰ ਤੂਰ ਨੇ ਜਸਵਿੰਦਰ ਸਿੰਘ ਰੁਪਾਲ ਦਾ ਲਿਖਿਆ ਪੰਜਾਬੀ ਮਾਂ-ਬੋਲੀ ਦਾ ਗੀਤ 'ਬੋਲੀ ਸਿੱਖੀ ਮਾਂ ਦੀਆਂ ਧਾਰਾਂ 'ਚੋਂ' ਗਾ ਕੇ ਸੁਣਾਇਆ। ਜਗਦੀਸ਼ ਕੌਰ ਸਰੋਆ ਨੇ 2016 ਵਿਚ ਬ੍ਰਾਜ਼ੀਲ ਵਿਚ ਹੋਈਆਂ ਖੇਡਾਂ ਵਿਚ ਭਾਰਤ ਵਲੋਂ ਸੌ ਤੋਂ ਵੱਧ ਖਿਡਾਰੀਆਂ ਦੇ ਸ਼ਾਮਲ ਹੋਣ ਅਤੇ ਕੇਵਲ ਦੋ ਕੁੜੀਆਂ ਖਿਡਾਰਨਾਂ ਵਲੋਂ ਮੈਡਲ ਪ੍ਰਾਪਤ ਕਰਨ ਨੂੰ ਔਰਤਾਂ ਦੀ ਵੱਡੀ ਪ੍ਰਾਪਤੀ ਤੇ ਸ਼ਕਤੀ ਦੱਸਿਆ। ਉਨ੍ਹਾਂ ਆਪਣੀ ਰਚਨਾ 'ਹੋਇਆ ਕੀ ਜੇ ਧੀ ਜੰਮ ਪਈ, ਪਰ ਕੁੱਖ ਤਾਂ ਸੁਲੱਖਣੀ ਹੋਈ?' ਪੇਸ਼ ਕੀਤੀ। ਅਮਰੀਕ ਸਿੰਘ ਸਰੋਆ ਜੀ ਨੇ ਚੁਟਕਲਾ ਸੁਣਾ ਕੇ ਹਾਜ਼ਰੀ ਲੁਆਈ। ਸਨੀ ਸਵੈਚ ਨੇ ਆਪਣੀ ਰਚਨਾ 'ਆਪਣੇ ਔਗੁਣ ਰੋਜ਼ ਛੁਪਾਈਏ ਪਾ ਪਰਦੇ, ਦੂਜਿਆਂ ਬਾਰੇ ਦਰ-ਦਰ ਜਾ ਕੇ ਬੋਲਿਆ ਜਾਂਦਾ ਏ' ਅੱਜ ਦੇ ਦਿਹਾੜੇ ਨੂੰ ਸਮਰਪਿਤ ਕੀਤੀ। ਇਨਾਇਤ ਜਵੰਦਾ ਅਤੇ ਹਰਜੋਤ ਸਿੰਘ ਜਵੰਦਾ ਦੀ ਹਾਜ਼ਰੀ ਵਿਸ਼ੇਸ਼ ਜ਼ਿਕਰਯੋਗ ਰਹੀ।

ਅੰਤ ਵਿਚ ਗੁਰਚਰਨ ਥਿੰਦ ਨੇ ਬਾਹਰ ਬਰਫ਼ਾਨੀ ਤੂਫ਼ਾਨ ਦੇ ਬਾਵਜੂਦ ਮੀਟਿੰਗ ਵਿਚ 20 ਕੁ ਸਾਹਿਤ ਪ੍ਰੇਮੀਆਂ ਦੀ ਹਾਜ਼ਰੀ ਅਤੇ ਉਨ੍ਹਾਂ ਦੁਆਰਾ ਭਰਵੀਂ ਸਾਰਥਕ ਵਿਚਾਰ-ਚਰਚਾ ਲਈ ਸਭ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਬਦਲਦੀਆਂ ਸਮਾਜਿਕ ਕਦਰਾਂ-ਕੀਮਤਾਂ ਅਤੇ ਬਦਲਦੇ ਸਮਾਜਿਕ ਤਾਣੇ-ਬਾਣੇ ਵਿਚ ਬਦਲਦੇ ਮਾਪਦੰਡ ਇਸ ਵਿਸ਼ੇ 'ਤੇ ਲਗਾਤਾਰ ਵਿਚਾਰ-ਵਟਾਂਦਰੇ ਦੀ ਮੰਗ ਕਰਦੇ ਹਨ।

*-ਗੁਰਚਰਨ ਕੌਰ ਥਿੰਦ*
*ਸਕੱਤਰ, ਕੈਲਗਰੀ ਲੇਖਕ ਸਭਾ*
*ਫੋਨ: 403-402-9635*









# ਇਮਾਰਤ ਨੂੰ ਅੱਗ ਲੱਗਣ ਕਾਰਨ ਭਾਰਤੀ ਪੱਤਰਕਾਰ ਦੀ ਮੌਤ, 17 ਹੋਰ ਜ਼ਖਮੀ



**ਨਿਊਯਾਰਕ:** ਹਰਲੇਮ (ਨਿਊਯਾਰਕ) ਵਿਚ ਇਕ ਇਮਾਰਤ ਨੂੰ ਅੱਗ ਲੱਗ ਜਾਣ ਕਾਰਨ ਇਕ ਭਾਰਤੀ ਵਿਅਕਤੀ ਦੀ ਮੌਤ ਹੋ ਗਈ ਹੈ। ਮ੍ਰਿਤਕ ਦੀ ਪਛਾਣ ਫਾਜ਼ਿਲ ਖਾਨ ਵਜੋਂ ਹੋਈ ਹੈ ਜੋ ਪੱਤਰਕਾਰ ਸੀ। ਨਿਊਯਾਰਕ ਦੇ ਅੱਗ ਬੁਝਾਊ ਵਿਭਾਗ ਅਨੁਸਾਰ ਇਕ ਬੈਟਰੀ ਅੱਗ ਲੱਗਣ ਦਾ ਕਾਰਨ ਬਣੀ। ਨਿਊਯਾਰਕ ਵਿਚਲੇ ਭਾਰਤੀ ਦੂਤਘਰ ਨੇ ਸੋਸ਼ਲ ਮੀਡੀਆ ਐਕਸ ਉਪਰ ਦਿੱਤੀ ਜਾਣਕਾਰੀ ਵਿਚ ਕਿਹਾ ਹੈ ਕਿ ਉਹ ਮੰਦਭਾਗੀ ਘਟਨਾ ਵਿਚ ਮਾਰੇ ਗਏ 27 ਸਾਲਾ ਭਾਰਤੀ ਨਾਗਰਿਕ ਫਾਜ਼ਿਲ ਖਾਨ ਦੇ ਪਰਿਵਾਰ ਦੇ ਸੰਪਰਕ ਵਿਚ ਹੈ ਤੇ ਉਸਦੀ ਮ੍ਰਿਤਕ ਦੇਹ ਭਾਰਤ ਭੇਜਣ ਲਈ ਲੋੜੀਂਦੀ ਮਦਦ ਕਰ ਰਿਹਾ ਹੈ। ਨਿਕੋਲਸ ਪਲੇਸ ਅਪਾਰਟਮੈਂਟ ਬਿਲਡਿੰਗ ਨੂੰ ਅੱਗ ਲੱਗਣ ਉਪਰੰਤ ਉਸ ਵਿਚ ਰਹਿੰਦੇ ਲੋਕਾਂ ਨੇ ਖਿੜਕੀਆਂ ਵਿਚੋਂ ਛਾਲਾਂ ਮਾਰ ਕੇ ਜਾਨਾਂ ਬਚਾਈਆਂ ਪਰੰਤੂ ਖਾਨ ਬੁਰੀ ਤਰ੍ਹਾਂ ਅੱਗ ਵਿਚ ਘਿਰ ਗਿਆ। ਇਸ ਘਟਨਾ ਵਿਚ 17 ਲੋਕ ਜ਼ਖ਼ਮੀ ਹੋਏ ਹਨ।

**-ਹੁਸਨ ਲੜੋਆ ਬੰਗਾ**

# ਭਾਰਤੀ ਡਾਂਸਰ ਦੀ ਗੋਲੀਆਂ ਮਾਰ ਕੇ ਹੱਤਿਆ

## *ਅਯੁੱਧਿਆ ਫਾਊਂਡੇਸ਼ਨ ਦਾ ਸੰਸਥਾਪਕ ਸੀ ਘੋਸ਼*

**ਸੇਂਟ ਲੂਇਸ:** ਭਾਰਤੀ ਡਾਂਸਰ ਅਮਰਨਾਥ ਘੋਸ਼ ਜੋ ਵਾਸ਼ਿੰਗਟਨ ਯੂਨੀਵਰਸਿਟੀ ਵਿਖੇ ਪੀ ਐਚਡੀ ਕਰ ਰਿਹਾ ਸੀ, ਦੀ ਸੇਂਟ ਲੂਇਸ, ਮਿਜ਼ੂਰੀ ਵਿਚ ਉਸ ਵੇਲੇ ਗੋਲੀ ਮਾਰ ਕੇ



ਹੱਤਿਆ ਕਰ ਦਿੱਤੀ ਗਈ ਜਦੋਂ ਉਹ ਸ਼ਾਮ ਦੀ ਸੈਰ ਕਰ ਰਿਹਾ ਸੀ। ਮੁੱਢਲੀਆਂ ਰਿਪੋਰਟਾਂ ਅਨੁਸਾਰ ਅਣਪਛਾਤੇ ਹਮਲਾਵਰ ਨੇ ਘੋਸ਼ ਦੇ ਕਈ ਗੋਲੀਆਂ ਮਾਰੀਆਂ। ਹਾਲਾਂਕਿ ਇਸ ਸਬੰਧੀ ਅਜੇ ਤੱਕ ਪੁਲਿਸ ਦਾ ਕੋਈ ਬਿਆਨ ਨਹੀਂ ਆਇਆ ਹੈ ਪਰੰਤੂ ਸੋਸ਼ਲ ਮੀਡੀਆ ਉਪਰ ਮੀਨਾਕਸ਼ੀ ਸ਼ਰਨ ਵੱਲੋਂ ਪਾਈ ਇਕ ਪੋਸਟ ਵਿਚ ਕਿਹਾ ਗਿਆ ਹੈ ਕਿ ''ਅਯੁੱਧਿਆ ਫਾਊਂਡੇਸ਼ਨ ਦੇ ਸੰਸਥਾਪਕ ਡਾਂਸਰ ਅਮਰਨਾਥ ਘੋਸ਼ ਨੂੰ ਸੇਂਟ ਲੂਇਸ, ਵਿਚ ਗੋਲੀ ਮਾਰ ਦਿੱਤੀ ਗਈ ਹੈ। ਪਰਿਵਾਰ ਦੇ ਇਕੋ ਇਕ ਬੱਚੇ ਨੇ ਬਹੁਤ ਹੀ ਛੋਟੀ ਉਮਰ ਵਿਚ ਆਪਣਾ ਪਿਤਾ ਸਦਾ ਲਈ ਗਵਾ ਲਿਆ ਹੈ ਜਿਸਦੀ ਮਾਂ ਦੀ 3 ਸਾਲ ਪਹਿਲਾਂ ਹੀ ਮੌਤ ਹੋ ਗਈ ਸੀ।'' ਕੋਲਕਤਾ ਵਾਸੀ ਟੀਵੀ ਅਦਾਕਾਰਾ ਤੇ 'ਬਿੱਗ ਬੌਸ' ਕਲਾਕਾਰ ਦੇਵੋਲੀਨਾ ਭੱਟਾਚਾਰਜੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਤੋਂ ਮੰਗ ਕੀਤੀ ਹੈ ਕਿ ਉਸਦੇ ਮਿੱਤਰ ਘੋਸ਼ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਵਿਚ ਮੱਦਦ ਕੀਤੀ ਜਾਵੇ।

**ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:**
**847-359-0746**



**UMA TRAVELS**
**2541 W. Devon Ave.,**
**Chicago, IL 60659**
**For Delhi Amritsar-Bombay Ahmedabad,**
**Hydrabad-Madras**
**Call For Special Sale Fares**
**Call: 773-338-5603**

# Matrimonials

## ਲੜਕੀ ਦੀ ਲੋੜ ਹੈ

Jatt sikh family from Samrala, Ludhiana, looking for a suitable match for their Amritdhari son. 24 years old , Height- 6.2". Education- 2 year Business management diploma from Humber college, Toronto, Canada. Boy is Living in Canada and Working in Canada, USA. Taya ji (Michigan, USA), Contact : +1 (586) 864-3453. *Please contact only from The USA.
05-08

Qualified compatible match for Sikh Khatri postgraduate IT engineer boy, Nov 86 born 5'8" working near New York on H1B. Green card under process. Father retired as Chief Manager from bank in India. Educated Punjabi family. Please contact us at: M +1 315 849 6562, Whatsapp +91 8860131363 oe E-mail: richiewalia@gmail.com
05-08

California settled Grewal Jatt Sikh family seeking compatible match for their US born, Kesdhariboy 27,5'9" son, well versed in both cultures. The boy is Bachelors degree holder and currently working in IT. Please call us at: E-mail- kamk1837@gmail.com or Whatsapp: 1-209-302-4376
03-06

US Based well educated Khatri Gursikh family is seeking a match for their Son, 31 Years, 5'7", Non-Vegetarian, Does not Drink. He wears a Turban. He has earned a Masters in Computer Science Degree from the US. He works for a reputed large Information Technology company in the Bay Area as a Technical Lead & Software Engineer. Looking for an educated and well settled US Citizen or Green Card match living in the US. Beyond education, girl must be with a family-oriented mindset and should have good moral family values. Caste no bar. Please contact Ph: 425-305-0114 or Email: **issuri@gmail.com**
02-05

Well educated Jatt Sikh Bay area family is seeking a suitable match for their July 2000 US born Son, height 5' 10". He has a BS in Computer Science from UCLA and a MS in CS BioMedical Imaging from UCSF. He does not drink. He wears a turban and keeps his hair. He is now working for a Software Company. Beyond education (BDS, DDS preferred), girl must be with a family-oriented mindset and should have good moral family values. Please contact ph:5108616491 or email: pgrrealty@gmail.com
52-03

Looking for suitable Ramgarhia Sikh Dhiman match in USA/Canada/Punjab for our well settled boy (US citizen), 30 years old, 5' 11", residing in Chicago. Please contact: manpreetrupal24@gmail.com
52-03

## ਲੜਕੇ ਦੀ ਲੋੜ ਹੈ

ਅਮਰੀਕਾ ਦਾ ਵਿਜ਼ਟਰ ਵੀਜ਼ਾ ਹੋਲਡਰ ਪੰਜਾਬ, ਅੰਮ੍ਰਿਤਸਰ ਰਹਿੰਦੀ ਜੱਟ ਸਿੱਖ ਲੜਕੀ, ਉਮਰ 28 ਸਾਲ, 5'5" (ਵੈੱਬ ਡਿਜਾਈਨਿੰਗ ਡਿਪਲੋਮਾ ਹੋਲਡਰ), ਲਈ ਯੂ.ਐਸ.ਏ. ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੇ ਦੀ ਜ਼ਰੂਰਤ ਹੈ। ਚਾਹਵਾਨ ਲੜਕੀ ਦੇ ਪਿਤਾ ਨਾਲ ਵ੍ਹਟਸਐਪ ਨੰਬਰ: 98783-42510, ਭਰਾ ਨਾਲ 510-424-8565 ਅਤੇ ਫੁੱਫੜ ਨਾਲ 510-610-7391 'ਤੇ ਸੰਪਰਕ ਕਰਨ। ਈਮੇਲ: gurtejsingh1991us@gmail.com
06-09

Jat Sikh family seeks a suitable match for their daughter born and raised in US, 29 years. MD doctor in residency in the US. Looking for a US/Canada born or raised Amritdhari boy doctor or higher education. Send biodata and pictures to gurkirpa224@gmail.com.
02-05

Jatt Sikh parents invite matrimonial alliance for their US born daughter 38, 5'9" beautiful, family oriented, never married. Master's in Bioengineering Management- executive position in Bay Area, California. The boy must be from the USA, professionally qualified; good-natured and well settled, with family values. Serious enquiries only. Please respond with latest photo and biodata to kaurprincess11@yahoo.com or whatsapp 669-946-5891
41-44

Jatt Sikh family seeks suitable match for their daughter who has her MD and is currently working in the Bay Area (California) as a Doctor. 38 yrs old (never married). 5'-5". The boy should be settled in the Bay Area (California) with a University degree and professionally employed. Please contact 408-763-3949
39-42

# ਪੰਜਾਬ 'ਚ ਗਰਾਮ ਪੰਚਾਇਤਾਂ ਭੰਗ, ਚੋਣ ਤਿਆਰੀਆਂ ਸ਼ੁਰੂ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਜ ਸਾਲ ਦਾ ਕਾਰਜਕਾਲ ਪੂਰਾ ਕਰਨ ਵਾਲੀਆਂ ਸੂਬੇ ਦੀਆਂ ਗਰਾਮ ਪੰਚਾਇਤਾਂ ਭੰਗ ਕਰ ਦਿੱਤੀਆਂ ਹਨ। 'ਆਪ' ਸਰਕਾਰ ਨੇ ਪਹਿਲੀ ਗਲਤੀ ਤੋਂ ਸਬਕ ਲੈਂਦਿਆਂ ਹੁਣ ਬਕਾਇਦਾ ਕਾਨੂੰਨੀ ਮਸ਼ਵਰਾ ਲੈਣ ਮਗਰੋਂ ਗਰਾਮ ਪੰਚਾਇਤਾਂ ਨੂੰ ਭੰਗ ਕੀਤਾ ਹੈ।

ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਨੇ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਸੂਬਾ ਸਰਕਾਰ ਦੇ ਇਸ ਫੈਸਲੇ ਨਾਲ ਗਰਾਮ ਪੰਚਾਇਤਾਂ ਦੀਆਂ ਚੋਣਾਂ ਕਰਾਉਣ ਦਾ ਰਾਹ ਪੱਧਰਾ ਹੋ ਗਿਆ ਹੈ। ਪੰਚਾਇਤ ਚੋਣਾਂ ਲੋਕ ਸਭਾ ਚੋਣਾਂ ਮਗਰੋਂ ਹੋਣੀਆਂ ਤੈਅ ਹਨ। ਉਧਰ, ਬਲਾਕ ਸਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦਾ ਕਾਰਜਕਾਲ ਮੌਜੂਦਾ ਵਰ੍ਹੇ ਨਵੰਬਰ ਤੱਕ ਦਾ ਹੈ ਜਿਨ੍ਹਾਂ ਬਾਰੇ ਫੈਸਲਾ ਕਾਰਜਕਾਲ ਪੂਰਾ ਹੋਣ ਉਪਰੰਤ ਲਿਆ ਜਾਵੇਗਾ। ਪੰਜਾਬ ਵਿਚ ਇਸ ਵੇਲੇ 13,241 ਗਰਾਮ ਪੰਚਾਇਤਾਂ ਹਨ। ਨਵੀਆਂ ਪੰਚਾਇਤਾਂ ਚੁਣੇ ਜਾਣ ਤੱਕ ਪੰਚਾਇਤਾਂ ਦਾ ਕੰਮਕਾਰ ਸਰਕਾਰੀ ਅਧਿਕਾਰੀ ਅਤੇ ਮੁਲਾਜ਼ਮ ਦੇਖਣਗੇ। ਨੋਟੀਫਿਕੇਸ਼ਨ ਅਨੁਸਾਰ ਪੰਚਾਇਤਾਂ ਭੰਗ ਹੋਣ ਮਗਰੋਂ ਹੁਣ ਨਵੇਂ ਪ੍ਰਬੰਧਕ ਲਗਾਉਣ ਦੇ ਅਧਿਕਾਰ ਪੰਚਾਇਤ ਵਿਭਾਗ ਦੇ ਡਾਇਰੈਕਟਰ ਨੂੰ ਦਿੱਤੇ ਗਏ ਹਨ।

ਪੰਚਾਇਤੀ ਰਿਕਾਰਡ ਦਾ ਚਾਰਜ ਹੁਣ ਸਰਕਾਰੀ ਅਧਿਕਾਰੀ ਤੇ ਮੁਲਾਜ਼ਮ ਲੈਣਗੇ ਅਤੇ ਜਲਦੀ ਹੀ ਇਨ੍ਹਾਂ ਪੰਚਾਇਤਾਂ ਦੇ ਪ੍ਰਬੰਧਕ ਨਿਯੁਕਤ ਹੋਣਗੇ। ਪੰਚਾਇਤਾਂ ਦੀ ਥਾਂ ਨਿਯੁਕਤ ਕੀਤੇ ਜਾਣ ਵਾਲੇ ਪ੍ਰਬੰਧਕ ਪਿੰਡਾਂ ਦੇ ਵਿਕਾਸ ਕਾਰਜ ਕਰਾਉਣ ਦੇ ਯੋਗ ਹੋਣਗੇ ਪਰ ਉਹ ਪੰਚਾਇਤੀ ਜ਼ਮੀਨਾਂ ਦੇ ਤਬਾਦਲੇ ਜਾਂ ਲੀਜ਼ 'ਤੇ ਦੇਣ ਆਦਿ ਜਿਹੇ ਫੈਸਲੇ ਨਹੀਂ ਲੈ ਸਕਣਗੇ। ਪੰਚਾਇਤੀ ਰਾਜ ਐਕਟ 1994 ਦੀ ਧਾਰਾ 29-ਏ ਤਹਿਤ ਪੰਚਾਇਤਾਂ ਨੂੰ ਭੰਗ ਕੀਤਾ ਗਿਆ ਹੈ। ਐਕਟ ਦੀ ਧਾਰਾ 15 ਤਹਿਤ ਚੁਣੀਆਂ ਗਈਆਂ ਪੰਚਾਇਤਾਂ ਦੇ ਪੰਜ ਸਾਲ ਦਾ ਕਾਰਜਕਾਲ ਪੰਚਾਇਤ ਦੀ ਪਹਿਲੀ ਮੀਟਿੰਗ ਤੋਂ ਸ਼ੁਰੂ ਹੁੰਦਾ ਹੈ। ਸੰਵਿਧਾਨ ਦੀ ਧਾਰਾ 243-ਈ ਤਹਿਤ ਵੀ ਪੰਚਾਇਤਾਂ ਦਾ ਕਾਰਜਕਾਲ ਪੰਜ ਸਾਲ ਤੈਅ ਕੀਤਾ ਗਿਆ ਹੈ। ਚੇਤੇ ਰਹੇ ਕਿ ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਪਿਛਲੇ ਸਾਲ 10 ਅਗਸਤ ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਪੰਚਾਇਤੀ ਸੰਸਥਾਵਾਂ ਭੰਗ ਕਰਕੇ ਪੰਚਾਇਤ ਸਮਿਤੀਆਂ ਅਤੇ ਜ਼ਿਲ੍ਹਾ ਪਰਿਸ਼ਦਾਂ ਦੀਆਂ ਚੋਣਾਂ ਉਸੇ ਵਰ੍ਹੇ 25 ਨਵੰਬਰ ਤੱਕ ਅਤੇ ਗਰਾਮ ਪੰਚਾਇਤਾਂ ਦੀਆਂ ਚੋਣਾਂ 31 ਦਸੰਬਰ ਤੱਕ ਕਰਾਉਣ ਦਾ ਐਲਾਨ ਕੀਤਾ ਸੀ। ਉਦੋਂ ਪੰਚਾਇਤ ਯੂਨੀਅਨ ਨੇ ਇਸ ਨੋਟੀਫਿਕੇਸ਼ਨ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਸੀ। ਪੰਜਾਬ ਸਰਕਾਰ ਨੂੰ ਉਦੋਂ ਯੂ-ਟਰਨ ਲੈਣਾ ਪਿਆ ਸੀ ਅਤੇ ਪੰਚਾਇਤ ਵਿਭਾਗ ਦੇ ਦੋ ਸੀਨੀਅਰ ਅਧਿਕਾਰੀ ਵੀ ਮੁਅੱਤਲ ਕੀਤੇ ਸਨ। ਐਤਕੀਂ ਮੁੱਖ ਮੰਤਰੀ ਭਗਵੰਤ ਮਾਨ ਨੇ ਸਮੁੱਚੀ ਪ੍ਰਕਿਰਿਆ 'ਤੇ ਖੁਦ ਨਜ਼ਰਸਾਨੀ ਕੀਤੀ ਅਤੇ ਐਡਵੋਕੇਟ ਜਨਰਲ ਦੇ ਮਸ਼ਵਰੇ ਮਗਰੋਂ ਪੰਚਾਇਤਾਂ ਨੂੰ ਭੰਗ ਕੀਤਾ ਹੈ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਨੇ ਵਾਰਡਬੰਦੀ, ਵੋਟਰ ਸੂਚੀਆਂ ਦੀ ਸੁਧਾਈ ਅਤੇ ਰਾਖਵੇਂਕਰਨ ਆਦਿ ਦੀ ਪ੍ਰਕਿਰਿਆ ਪਹਿਲਾਂ ਹੀ ਵਿੱਢੀ ਹੋਈ ਸੀ।

## ਅਲਬਾਮਾ ਵਿਚ ਗੁਰਦੁਆਰੇ ਦੇ ਬਾਹਰ ਰਾਗੀ ਦੀ ਹੱਤਿਆ

**ਅਲਬਾਮਾ:** ਸ਼ੱਕੀ ਨਫ਼ਰਤ ਅਪਰਾਧ ਵਿਚ 29 ਸਾਲਾ ਸਿੱਖ ਰਾਗੀ ਸਿੰਘ ਨੂੰ ਅਮਰੀਕੀ ਦੇ ਸੂਬੇ ਅਲਬਾਮਾ ਦੇ ਸੇਲਮਾ ਵਿਚ ਗੁਰਦੁਆਰੇ ਦੇ ਬਾਹਰ ਗੋਲੀ ਮਾਰ ਦਿੱਤੀ ਗਈ ਸੀ। ਰਾਜ ਸਿੰਘ, ਜਿਸ ਨੂੰ ਗੋਲਡੀ ਵੀ ਕਿਹਾ ਜਾਂਦਾ ਹੈ, ਯੂਪੀ ਦੇ ਬਿਜਨੌਰ ਜ਼ਿਲ੍ਹੇ ਦੇ ਪਿੰਡ ਟਾਂਡਾ ਸਾਹੂਵਾਲਾ ਦਾ ਰਹਿਣ ਵਾਲਾ ਸੀ। ਉਹ ਸਾਲ ਤੋਂ ਵੱਧ ਸਮੇਂ ਤੋਂ ਆਪਣੇ ਕੀਰਤਨੀ ਜਥੇ ਨਾਲ ਅਮਰੀਕਾ ਵਿਚ ਸੀ। ਗੋਲਡੀ ਨੂੰ ਅਣਪਛਾਤੇ ਵਿਅਕਤੀਆਂ ਨੇ ਉਸ ਸਮੇਂ ਗੋਲੀ ਮਾਰ ਦਿੱਤੀ ਜਦੋਂ ਉਹ ਗੁਰਦੁਆਰੇ ਦੇ ਬਾਹਰ ਖੜ੍ਹਾ ਸੀ। ਉਸ ਦੇ ਪਰਿਵਾਰ ਨੇ ਦੱਸਿਆ, "ਸਾਨੂੰ ਰਿਸ਼ਤੇਦਾਰਾਂ ਨੇ ਘਟਨਾ ਬਾਰੇ ਸੂਚਿਤ ਕੀਤਾ ਸੀ। ਅਸੀਂ ਵਧੇਰੇ ਜਾਣਕਾਰੀ ਲਈ ਗੁਰਦੁਆਰਾ ਕਮੇਟੀ ਨਾਲ ਸੰਪਰਕ ਕੀਤਾ ਹੈ ਅਤੇ ਉਹ ਸਾਡੀ ਮਦਦ ਕਰ ਰਹੇ ਹਨ। ਅਸੀਂ ਆਪਣੀ ਸਰਕਾਰ ਨੂੰ ਇਨਸਾਫ ਅਤੇ ਕਾਤਲਾਂ ਦੀ ਗ੍ਰਿਫ਼ਤਾਰੀ ਲਈ ਵੀ ਅਪੀਲ ਕੀਤੀ ਹੈ।"

## ਚੰਨੀ ਤੋਂ ਦੋ ਕਰੋੜ ਦੀ ਫਿਰੌਤੀ ਮੰਗੀ



**ਰੂਪਨਗਰ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਗੈਂਗਸਟਰ ਗੋਲਡੀ ਬਰਾੜ ਦੇ ਨਾਮ 'ਤੇ ਵਟਸਐਪ ਰਾਹੀਂ ਧਮਕੀ ਭਰੇ ਸੁਨੇਹੇ ਭੇਜ ਅਤੇ ਵਟਸਐਪ ਕਾਲ ਰਾਹੀਂ 2 ਕਰੋੜ ਰੁਪਏ ਦੀ ਫਿਰੌਤੀ ਮੰਗੀ ਗਈ ਹੈ। ਇਹ ਖੁਲਾਸਾ ਚੰਨੀ ਨੇ ਖੁਦ ਕੀਤਾ ਹੈ। ਸ੍ਰੀ ਚੰਨੀ ਨੇ ਮੀਡੀਆ ਨੂੰ ਦੱਸਿਆ ਕਿ ਲਗਭਗ ਦਸ ਦਿਨ ਪਹਿਲਾਂ ਉਨ੍ਹਾਂ ਨੂੰ ਤੜਕੇ 1.33 ਉਤੇ ਵਟਸਐਪ ਰਾਹੀਂ ਕਿਸੇ ਵਿਅਕਤੀ ਦਾ ਸੰਦੇਸ਼ ਆਇਆ ਕਿ ਉਹ ਗੋਲਡੀ ਬਰਾੜ ਗੈਂਗ ਤੋਂ ਹੈ ਅਤੇ ਉਨ੍ਹਾਂ ਨੂੰ ਛੇਤੀ ਤੋਂ ਛੇਤੀ ਮਦਦ ਦੀ ਲੋੜ ਹੈ। ਅਗਲੇ ਮੈਸੇਜ ਰਾਹੀਂ ਧਮਕੀ ਦਿੱਤੀ ਗਈ ਕਿ ਜੇ ਸੰਦੇਸ਼ 'ਤੇ ਧਿਆਨ ਨਾ ਦਿੱਤਾ ਗਿਆ ਤਾਂ ਉਨ੍ਹਾਂ ਦਾ ਹਸ਼ਰ ਵੀ ਸਿੱਧੂ ਮੂਸੇਵਾਲਾ ਵਾਂਗ ਹੋਵੇਗਾ। ਇਸ ਉਪਰੰਤ ਸਵੇਰੇ ਸਾਢੇ ਨੌਂ ਵਜੇ ਅਤੇ ਸ਼ਾਮ ਨੂੰ ਲਗਭਗ ਸਾਢੇ ਚਾਰ ਵਜੇ ਉਸੇ ਹੀ ਨੰਬਰ ਤੋਂ ਫੋਨ ਕਾਲਾਂ ਵੀ ਆਈਆਂ ਜੋ ਉਨ੍ਹਾਂ ਨਹੀਂ ਚੁੱਕੀਆਂ। ਇਸ ਉਪਰੰਤ ਵੀ ਗੈਂਗਸਟਰਾਂ ਨੇ ਫੋਨ ਕਰਨੇ ਜਾਰੀ ਰੱਖੇ। ਉਨ੍ਹਾਂ ਦੋਸ਼ ਲਗਾਇਆ ਕਿ ਇਸ ਸਬੰਧੀ ਉਨ੍ਹਾਂ ਵੱਲੋਂ ਡੀ.ਜੀ.ਪੀ. ਗੌਰਵ ਯਾਦਵ ਤੇ ਰੂਪਨਗਰ ਰੇਂਜ ਦੇ ਏ.ਡੀ.ਜੀ.ਪੀ. ਜਸਕਰਨ ਸਿੰਘ ਨੂੰ ਧਮਕੀਆਂ ਦੇ ਸਕਰੀਨ ਸ਼ਾਟ ਵੀ ਭੇਜੇ ਪਰ ਪੁਲਿਸ ਨੇ ਦਸ ਦਿਨ ਬੀਤਣ ਉਪਰੰਤ ਵੀ ਕੋਈ ਕਾਰਵਾਈ ਨਹੀਂ ਕੀਤੀ।

## ਕਰਜ਼ੇ 'ਤੇ ਸਟੈਂਪ ਡਿਊਟੀ ਲਾਉਣ ਨਾਲ ਲੋਕਾਂ 'ਤੇ ਬੋਝ ਪਵੇਗਾ: ਬਾਜਵਾ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ 'ਆਪ' ਸਰਕਾਰ ਵੱਲੋਂ ਵਾਹਨਾਂ ਤੇ ਜਾਇਦਾਦ ਦੇ ਕਰਜ਼ਿਆਂ 'ਤੇ 0.25 ਫੀਸਦੀ ਸਟੈਂਪ ਡਿਊਟੀ ਲਾਏ ਜਾਣ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਆਰਥਿਕ ਲਾਭ ਪਹੁੰਚਾਉਣ ਲਈ ਕੀਤੇ ਜਾ ਰਹੇ 'ਆਪ' ਦੇ ਪ੍ਰਚਾਰ ਦਾ ਬੁਲਬੁਲਾ ਹੁਣ ਫਟ ਗਿਆ ਹੈ। 'ਆਪ' ਸਰਕਾਰ ਨੇ ਆਪਣੇ ਦੋ ਸਾਲਾਂ ਦੇ ਕਾਰਜਕਾਲ ਦੌਰਾਨ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ 'ਚ ਦੋ ਵਾਰ ਵਾਧਾ ਕੀਤਾ ਹੈ। ਹੁਣ ਸਰਕਾਰ ਨੇ ਪੰਜਾਬ ਦੇ ਲੋਕਾਂ ਲਈ ਜਾਇਦਾਦ ਤੇ ਵਾਹਨਾਂ ਲਈ ਕਰਜ਼ਾ ਲੈਣਾ ਮੁਸ਼ਕਲ ਕਰ ਦਿੱਤਾ ਹੈ।

ਇਸ ਨਾਲ ਸਨਅਤਕਾਰਾਂ ਦੀਆਂ ਮੁਸ਼ਕਲਾਂ ਵਧਣਗੀਆਂ ਤੇ ਆਮ ਲੋਕਾਂ 'ਤੇ ਵੀ ਬੋਝ ਪਵੇਗਾ। ਬਾਜਵਾ ਨੇ ਕਿਹਾ ਕਿ ਪੰਜਾਬ ਪਹਿਲਾਂ ਹੀ ਦੇਸ਼ ਦੇ ਸਭ ਤੋਂ ਵੱਧ ਕਰਜ਼ਦਾਰ ਸੂਬਿਆਂ 'ਚੋਂ ਇੱਕ ਬਣ ਗਿਆ ਹੈ। ਸੂਬੇ 'ਤੇ ਬਕਾਇਆ ਕਰਜ਼ਾ 3.47 ਲੱਖ ਕਰੋੜ ਰੁਪਏ ਦੇ ਕਰੀਬ ਪਹੁੰਚ ਗਿਆ ਹੈ। ਉਨ੍ਹਾਂ ਕਿਹਾ ਕਿ 'ਆਪ' ਚੋਣਾਂ ਤੋਂ ਪਹਿਲਾ ਮਾਈਨਿੰਗ ਤੋਂ ਸਾਲਾਨਾ 20,000 ਕਰੋੜ ਰੁਪਏ ਤੇ ਭ੍ਰਿਸ਼ਟਾਚਾਰ ਨੂੰ ਖਤਮ ਕਰ ਕੇ ਸਾਲਾਨਾ 34,000 ਕਰੋੜ ਰੁਪਏ ਮਾਲੀਆ ਇਕੱਠਾ ਕਰਨ ਦਾ ਦਾਅਵਾ ਕਰਦੀ ਸੀ ਪਰ ਹੁਣ ਸਰਕਾਰ ਇਸ ਵਿਚ ਪੂਰੀ ਤਰ੍ਹਾਂ ਅਸਫਲ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਦੋ ਸਾਲਾਂ ਦੇ ਕਾਰਜਕਾਲ ਦੌਰਾਨ 'ਆਪ' ਸਰਕਾਰ ਸੂਬੇ ਦੀ ਵਿੱਤੀ ਹਾਲਤ ਸੁਧਾਰਨ 'ਚ ਅਸਫਲ ਰਹੀ ਹੈ। ਪੰਜਾਬ ਸਰਕਾਰ ਦੀਆਂ ਗਤੀਵਿਧੀਆਂ ਉਧਾਰ ਲਏ ਪੈਸੇ ਨਾਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਰਕਾਰ ਨਿੱਤ ਨਵੇਂ ਟੈਕਸ ਲਾ ਰਹੀ ਹੈ।



## ਠੱਗੀ ਮਾਰਨ ਵਾਲੇ ਗਰੋਹ ਫੜਿਆ

**ਸੰਗਰੂਰ:** ਪੁਲਿਸ ਦੇ ਸਾਈਬਰ ਕ੍ਰਾਈਮ ਯੂਨਿਟ ਵੱਲੋਂ ਸ਼ੇਅਰ ਮਾਰਕੀਟ ਵਿਚ ਪੈਸਾ ਲਗਵਾਉਣ ਦਾ ਝਾਂਸਾ ਦੇ ਕੇ 1 ਕਰੋੜ 28 ਲੱਖ ਦੀ ਠੱਗੀ ਮਾਰਨ ਵਾਲੇ ਗਰੋਹ ਦਾ ਪਰਦਾਫਾਸ਼ ਕਰਦਿਆਂ ਛੱਤੀਸਗੜ੍ਹ ਤੋਂ 2 ਮੈਂਬਰਾਂ ਨੂੰ ਗ੍ਰਿਫਤਾਰ ਕੀਤਾ ਹੈ। ਐੱਸਪੀ (ਡੀ) ਪਲਵਿੰਦਰ ਸਿੰਘ ਚੀਮਾ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਬ੍ਰਿਜ ਮੋਹਨ ਨਾਲ ਫੋਨ ਜ਼ਰੀਏ ਸੰਪਰਕ ਕਰਕੇ ਸ਼ੇਅਰ ਮਾਰਕਿਟ ਵਿਚ ਪੈਸਾ ਲਗਵਾਉਣ ਦਾ ਭਰੋਸਾ ਦਿੱਤਾ ਗਿਆ। ਅਗਸਤ 2023 ਤੋਂ ਲਗਾਤਾਰ ਪੈਸਾ ਕਿਸ਼ਤਾਂ ਵਿਚ ਬੈਂਕ ਖਾਤਿਆਂ ਵਿਚ ਪਵਾਉਂਦੇ ਰਹੇ, ਜਦੋਂ ਬ੍ਰਿਜ ਮੋਹਨ ਨੂੰ ਸ਼ੱਕ ਹੋਇਆ ਤਾਂ ਉਸ ਨੂੰ ਤਸਦੀਕ ਕਰਨ 'ਤੇ ਠੱਗੀ ਦਾ ਪਤਾ ਲੱਗਿਆ। ਪੁਲਿਸ ਨੇ ਕੇਸ ਦਰਜ ਕਰਕੇ ਛੱਤੀਸਗੜ੍ਹ ਤੋਂ ਦੋ ਜਣਿਆਂ ਆਕਾਸ਼ ਬਜਾਜ ਅਤੇ ਤਰੁਣ ਧਰਮਦਸਾਨੀ ਵਾਸੀ ਛੱਤੀਸਗੜ੍ਹ ਨੂੰ ਗ੍ਰਿਫਤਾਰ ਕਰ ਲਿਆ। ਇਨ੍ਹਾਂ ਕੋਲੋਂ 30 ਲੱਖ ਰੁਪਏ ਵਾਪਸ ਵੀ ਕਰਵਾ ਦਿੱਤੇ ਹਨ। ਜਾਂਚ ਕੀਤੀ ਜਾ ਰਹੀ ਹੈ।

## ਨਰੋਤਮ ਢਿੱਲੋਂ ਕਤਲ ਕੇਸ ਦਾ ਤੀਜਾ ਮੁਲਜ਼ਮ ਗ੍ਰਿਫਤਾਰ

**ਸ੍ਰੀ ਮੁਕਤਸਰ ਸਾਹਿਬ:** ਉੱਤਰੀ ਗੋਆ ਦੇ ਇਕ ਪਿੰਡ ਵਿਚ ਸਥਿਤ ਵਿਲਾ ਵਿਚ ਤਕਰੀਬਨ ਤਿੰਨ ਹਫਤੇ ਪਹਿਲਾਂ ਹੋਈ ਨਰੋਤਮ ਸਿੰਘ ਢਿੱਲੋਂ ਉਰਫ ਨਿਮਸ ਬਾਦਲ ਦੀ ਹੱਤਿਆ ਦੇ ਮਾਮਲੇ ਵਿਚ ਗੋਆ ਪੁਲਿਸ ਵੱਲੋਂ ਤੀਜੇ ਮੁਲਜ਼ਮ ਨੂੰ ਵੀ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਗਿਆ ਹੈ। ਗੋਆ ਪੁਲਿਸ ਦਾ ਕਹਿਣਾ ਹੈ ਕਿ ਇਸ ਗ੍ਰਿਫਤਾਰੀ ਨਾਲ ਉਸ ਨੇ ਇਹ ਮਾਮਲਾ ਹੱਲ ਕਰ ਲਿਆ ਹੈ। ਜ਼ਿਕਰਯੋਗ ਹੈ ਕਿ 77 ਸਾਲਾ ਨਿਮਸ ਬਾਦਲ ਇਕ ਕਾਰੋਬਾਰੀ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਭਤੀਜਾ ਸੀ। ਉਹ 4 ਫਰਵਰੀ ਨੂੰ ਆਪਣੇ ਵਿਲਾ ਵਿਚ ਮ੍ਰਿਤ ਪਾਇਆ ਗਿਆ ਸੀ ਅਤੇ ਉਸ ਦੇ ਸਰੀਰ 'ਤੇ ਕੁਝ ਸੱਟਾਂ ਦੇ ਨਿਸ਼ਾਨ ਸਨ। ਪੁਲਿਸ ਨੂੰ ਨਿਮਸ ਦੀ ਹੱਤਿਆ ਸਬੰਧੀ ਜਾਣਕਾਰੀ ਉਸ ਦੀ ਮੈਨੇਜਰ ਸੀਮਾ ਸਿੰਘ ਨੇ ਦਿੱਤੀ ਸੀ। ਉਸ ਤੋਂ ਬਾਅਦ ਪੋਰਵੋਰਿਮ ਪੁਲਿਸ ਨੇ ਕਤਲ ਦਾ ਕੇਸ ਦਰਜ ਕਰ ਕੇ ਮਾਮਲੇ ਦੀ ਜਾਂਚ ਆਰੰਭ ਦਿੱਤੀ ਸੀ ਅਤੇ ਇਸ ਸਬੰਧੀ 22 ਸਾਲਾ ਨੀਤੂ ਸ਼ੰਕਰ ਰਹੂਜਾ (22) ਅਤੇ ਉਸ ਦੇ ਦੋਸਤ ਜਿਤੇਂਦਰ ਰਾਮਚੰਦਰ ਸਾਹੂ (32) ਨੂੰ ਮੁੰਬਈ ਤੋਂ ਗ੍ਰਿਫਤਾਰ ਕੀਤਾ ਸੀ। ਇਹ ਦੋਵੇਂ ਭੋਪਾਲ ਦੇ ਰਹਿਣ ਵਾਲੇ ਹਨ। ਹਾਲਾਂਕਿ ਉਨ੍ਹਾਂ ਦਾ ਤੀਜਾ ਸਾਥੀ ਕੁਨਾਲ ਖਟੀਕ (24) ਘਟਨਾ ਦੇ ਬਾਅਦ ਤੋਂ ਫ਼ਰਾਰ ਚੱਲ ਰਿਹਾ ਸੀ। ਪੁਲਿਸ ਮੁਤਾਬਕ ਇਹ ਤਿੰਨੋਂ ਜਣੇ ਨਿਮਸ ਬਾਦਲ ਦੇ ਘਰ ਵਿਚ ਮਹਿਮਾਨਾਂ ਵਜੋਂ ਦਾਖਲ ਹੋਏ ਸਨ ਅਤੇ ਉਸ ਦਾ ਕਤਲ ਕਰ ਕੇ ਫਰਾਰ ਹੋ ਗਏ ਸਨ। ਇਸ ਵੇਲੇ ਨੀਤੂ ਤੇ ਜਿਤੇਂਦਰ ਨਿਆਇਕ ਹਿਰਾਸਤ ਵਿਚ ਹਨ।

## 'ਭਾਜਪਾ ਹਰਾਓ, ਕਾਰਪੋਰੇਟ ਭਜਾਓ ਤੇ ਦੇਸ਼ ਬਚਾਓ' ਦਾ ਹੋਕਾ

**ਜਲੰਧਰ:** ਭਾਈਚਾਰਕ ਸਾਂਝ ਤੇ ਫਿਰਕੂ ਸਦਭਾਵਨਾ ਦੀ ਰਾਖੀ, ਅਮਨ-ਸ਼ਾਂਤੀ ਦਾ ਮਾਹੌਲ ਕਾਇਮ ਰੱਖਣ ਲਈ ਆਗਾਮੀ 2024 ਦੀਆਂ ਲੋਕ ਸਭਾ ਚੋਣਾਂ 'ਚ ਆਰ.ਐਸ.ਐਸ. ਦੇ ਫਿਰਕੂ-ਫਾਸ਼ੀ, ਵੱਖਵਾਦੀ ਏਜੰਡੇ ਅਨੁਸਾਰ ਰਾਜ ਚਲਾ ਰਹੀ ਭਾਜਪਾ ਨੂੰ ਚਲਦਾ ਕੀਤਾ ਜਾਵੇ। ਇਹ ਗੱਲਾਂ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.) ਅਤੇ ਭਾਰਤ ਦੀ ਮਾਰਕਸਵਾਦੀ ਕਮਿਊਨਿਸਟ ਪਾਰਟੀ-ਯੂਨਾਇਟਿਡ (ਐਮ.ਸੀ.ਪੀ.ਆਈ-ਯੂ) 'ਤੇ ਆਧਾਰਿਤ 'ਕਮਿਊਨਿਸਟ ਕੋਆਰਡੀਨੇਸ਼ਨ ਕਮੇਟੀ' (ਸੀ.ਸੀ.ਸੀ.) ਵੱਲੋਂ ਦੇਸ਼ ਭਗਤ ਯਾਦਗਾਰ ਜਲੰਧਰ ਵਿਚ 'ਭਾਜਪਾ ਹਰਾਓ, ਕਾਰਪੋਰੇਟ ਭਜਾਓ, ਦੇਸ਼ ਬਚਾਓ'' ਰੈਲੀ ਵਿਚ ਆਰ.ਐਮ.ਪੀ.ਆਈ. ਦੇ ਜਨਰਲ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਹੀਆਂ। ਸ੍ਰੀ ਪਾਸਲਾ ਨੇ ਕਿਹਾ ਕਿ ਆਰ.ਐਸ.ਐਸ. ਤੇ ਇਸ ਦਾ ਰਾਜਸੀ ਵਿੰਗ ਭਾਜਪਾ ਦੇਸ਼ ਦੇ ਸੰਘਾਤਮਕ, ਧਰਮ ਨਿਰਪੱਖ ਤੇ ਲੋਕਰਾਜੀ ਢਾਂਚੇ ਨੂੰ ਤਬਾਹ ਕਰਕੇ ਦੇਸ਼ 'ਚ ਇਕ ਧਰਮ ਅਧਾਰਤ ਰਾਜ ਸਥਾਪਤ ਕਰਨਾ ਚਾਹੁੰਦੇ ਹਨ। ਉਨ੍ਹਾਂ ਕਿਹਾ ਕਿ ਸੰਘ ਵੱਲੋਂ ਚਿਤਵਿਆ 'ਧਰਮ ਅਧਾਰਤ' ਫਿਰਕੂ ਢਾਂਚਾ ਜੇਕਰ ਹੋਂਦ ਵਿਚ ਆਇਆ ਤਾਂ ਸਭ ਕੁਝ ਤਬਾਹ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵੱਲੋਂ ਅਪਣਾਈਆਂ ਕਾਰਪੋਰੇਟ ਘਰਾਣਿਆਂ ਪੱਖੀ ਆਰਥਿਕ ਨੀਤੀਆਂ ਅਤੇ ਸਰਕਾਰੀ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਕੋਲ ਕੌਡੀਆਂ ਦੇ ਭਾਅ ਵੇਚਣ ਕਾਰਨ ਅਮੀਰ-ਗਰੀਬ ਵਿਚਕਾਰ ਆਰਥਿਕ ਪਾੜਾ ਖਤਰਨਾਕ ਹੱਦ ਤੱਕ ਵਧਿਆ ਹੈ।

## ਸੰਸਦ ਮੈਂਬਰ ਬਿੱਟੂ ਤੇ ਸਾਬਕਾ ਮੰਤਰੀ ਆਸ਼ੂ ਸਣੇ 60 ਖਿਲਾਫ ਕੇਸ




**ਲੁਧਿਆਣਾ:** ਨਗਰ ਨਿਗਮ ਦੇ ਮੁੱਖ ਦਫਤਰ ਜ਼ੋਨ-ਏ ਦੇ ਬਾਹਰ ਪ੍ਰਦਰਸ਼ਨ ਕਰਕੇ ਨਗਰ ਨਿਗਮ ਮੁੱਖ ਦਫ਼ਤਰ ਨੂੰ ਤਾਲਾ ਲਾਉਣ ਦੇ ਮਾਮਲੇ 'ਚ ਲੁਧਿਆਣਾ ਤੋਂ ਕਾਂਗਰਸੀ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ, ਸਾਬਕਾ ਕੈਬਨਿਟ ਮੰਤਰੀ ਤੇ ਪੰਜਾਬ ਕਾਂਗਰਸ ਦੇ ਵਰਕਿੰਗ ਪ੍ਰਧਾਨ ਭਾਰਤ ਭੂਸ਼ਣ ਆਸ਼ੂ, ਜ਼ਿਲ੍ਹਾ ਪ੍ਰਧਾਨ ਤੇ ਸਾਬਕਾ ਵਿਧਾਇਕ ਸੰਜੇ ਤਲਵਾੜ, ਸਾਬਕਾ ਸੀਨੀਅਰ ਡਿਪਟੀ ਮੇਅਰ ਸ਼ਾਮ ਸੁੰਦਰ ਮਲਹੋਤਰਾ ਸਣੇ 50 ਤੋਂ 60 ਦੇ ਕਰੀਬ ਕਾਂਗਰਸੀਆਂ 'ਤੇ ਸਰਕਾਰੀ ਕੰਮ 'ਚ ਰੁਕਾਵਟ ਪਾਉਣ ਸਮੇਤ ਹੋਰ ਕਈ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਥਾਣਾ ਕੋਤਵਾਲੀ ਪੁਲਿਸ ਨੇ ਇਹ ਮਾਮਲਾ ਨਗਰ ਨਿਗਮ 'ਚ ਬਤੌਰ ਚਪੜਾਸੀ ਦੀ ਨੌਕਰੀ ਕਰਨ ਵਾਲੇ ਸ਼ਾਹੀ ਮੁਹੱਲਾ ਵਾਸੀ ਅਮਿਤ ਕੁਮਾਰ ਦੀ ਸ਼ਿਕਾਇਤ 'ਤੇ ਦਰਜ ਕੀਤਾ ਹੈ। ਅਮਿਤ ਕੁਮਾਰ ਵੱਲੋਂ ਪੁਲਿਸ ਕੋਲ ਦਰਜ ਕਰਵਾਈ ਸ਼ਿਕਾਇਤ ਅਨੁਸਾਰ ਉਹ 27 ਫਰਵਰੀ ਨੂੰ ਨਗਰ ਨਿਗਮ ਜ਼ੋਨ-ਏ ਗੇਟ 'ਤੇ ਡਿਊਟੀ ਕਰ ਰਿਹਾ ਸੀ। ਇਸ ਦੌਰਾਨ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ, ਸਾਬਕਾ ਮੰਤਰੀ ਭਾਰਤ ਭੂਸ਼ਣ ਆਸ਼ੂ ਤੇ ਜ਼ਿਲ੍ਹਾ ਪ੍ਰਧਾਨ ਸੰਜੇ ਤਲਵਾੜ ਸਾਥੀਆਂ ਸਮੇਤ ਆਏ ਅਤੇ ਉਸ ਨੂੰ ਧੱਕਾ ਦੇ ਕੇ ਅੰਦਰ ਦਾਖਲ ਹੋ ਗਏ। ਉਨ੍ਹਾਂ ਗੇਟ ਨੂੰ ਤਾਲਾ ਲਾ ਦਿੱਤਾ ਜਿਸ ਨਾਲ ਉਸ ਦੀ ਡਿਊਟੀ 'ਚ ਰੁਕਾਵਟ ਪਾਈ ਅਤੇ ਨਾਲ ਹੀ ਲੋਕਾਂ ਨੂੰ ਅੰਦਰ ਆਉਣ ਤੋਂ ਰੋਕਿਆ ਗਿਆ ਜਿਸ ਨਾਲ ਲੋਕਾਂ ਨੂੰ ਵੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ। ਆਪਣੇ ਖ਼ਿਲਾਫ਼ ਕੇਸ ਦਰਜ ਹੋਣ ਦੇ ਮਾਮਲੇ ਵਿਚ ਉਕਤ ਆਗੂਆਂ ਦਾ ਕਹਿਣਾ ਹੈ ਕਿ ਉਹ ਗ੍ਰਿਫ਼ਤਾਰੀ ਤੋਂ ਡਰਨ ਵਾਲੇ ਨਹੀਂ ਹਨ। ਇਸ ਤੋਂ ਪਹਿਲਾਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਅਕਾਲੀ ਦਲ ਦੀ ਸਰਕਾਰ ਵੇਲੇ ਡੀ.ਸੀ. ਦਫ਼ਤਰ ਅਤੇ ਪੁਲਿਸ ਕਮਿਸ਼ਨਰ ਦਫ਼ਤਰ ਨੂੰ ਵੀ ਤਾਲਾ ਲਾਉਣ ਦੀ ਕੋਸ਼ਿਸ਼ ਕੀਤੀ ਸੀ। ਇਸ ਦੇ ਨਾਲ ਨਗਰ ਨਿਗਮ ਨੂੰ ਪਹਿਲਾਂ ਵੀ ਤਾਲਾ ਲਾਇਆ ਗਿਆ ਸੀ ਅਤੇ ਨਗਰ ਨਿਗਮ 'ਚ ਕੁੱਤੇ ਵੀ ਛੱਡੇ ਗਏ ਸਨ। ਉਸ ਸਮੇਂ ਕੋਈ ਕਾਰਵਾਈ ਨਹੀਂ ਹੋਈ ਸੀ, ਪਰ ਹੁਣ ਬਿੱਟੂ ਨੇ ਖੁਦ 'ਤੇ ਦਰਜ ਕੀਤੇ ਕੇਸ ਨੂੰ ਰਾਜਸੀ ਰੰਜਿਸ਼ ਦੱਸਿਆ।

## ਇਜ਼ਰਾਈਲ 'ਤੇ ਗਾਜ਼ਾ 'ਚ ਸਹਾਇਤਾ ਰੋਕਣ ਦਾ ਦੋਸ਼

**ਰਫ਼ਾਹ:** ਹਿਊਮਨ ਰਾਈਟਸ ਵਾਚ ਨੇ ਕਿਹਾ ਹੈ ਕਿ ਇਜ਼ਰਾਈਲ ਗਾਜ਼ਾ ਪੱਟੀ 'ਚ ਲੋਕਾਂ ਨੂੰ ਲੋੜੀਂਦੀ ਸਹਾਇਤਾ ਦੇਣ ਦੇ ਸੰਯੁਕਤ ਰਾਸ਼ਟਰ ਦੀ ਸਿਖਰਲੀ ਅਦਾਲਤ ਦੇ ਹੁਕਮਾਂ ਦੀ ਪਾਲਣਾ ਕਰਨ 'ਚ ਨਾਕਾਮ ਰਿਹਾ ਹੈ। ਕੌਮਾਂਤਰੀ ਨਿਆਂ ਅਦਾਲਤ ਨੇ ਇਜ਼ਰਾਈਲ ਨੂੰ ਹੁਕਮ ਦਿੱਤਾ ਹੈ ਕਿ ਗਾਜ਼ਾ 'ਚ ਮੌਤਾਂ, ਤਬਾਹੀ ਅਤੇ ਕਤਲੇਆਮ ਨੂੰ ਰੋਕਣ ਲਈ ਉਹ ਜ਼ਰੂਰੀ ਕਦਮ ਚੁੱਕੇ। ਇਸ ਦੇ ਨਾਲ ਹੀ ਇਜ਼ਰਾਈਲ ਨੂੰ ਬੁਨਿਆਦੀ ਸਹੂਲਤਾਂ ਅਤੇ ਮਾਨਵੀ ਸਹਾਇਤਾ ਦੇਣ ਦੇ ਆਦੇਸ਼ ਵੀ ਦਿੱਤੇ ਹਨ।

# ਸ਼੍ਰੋਮਣੀ ਕਮੇਟੀ ਚੋਣਾਂ: ਵੋਟਾਂ ਬਣਾਉਣ ਦੀ ਤਰੀਕ 'ਚ ਮੁੜ ਵਾਧਾ

**ਮੁਹਾਲੀ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਮੱਦੇਨਜ਼ਰ ਵੋਟਾਂ ਬਣਾਉਣ ਦੀ ਤਰੀਕ ਵਿਚ ਮੁੜ ਤੀਜੀ ਵਾਰ ਵਾਧਾ ਕੀਤਾ ਗਿਆ ਹੈ। ਹੁਣ 30 ਅਪਰੈਲ ਤੱਕ ਨਵੀਆਂ ਵੋਟਾਂ ਲਈ ਫਾਰਮ ਭਰੇ ਜਾ ਸਕਣਗੇ।

ਮੁਹਾਲੀ ਦੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ੍ਰੀਮਤੀ ਆਸ਼ਿਕਾ ਜੈਨ ਨੇ ਦੱਸਿਆ ਕਿ ਚੀਫ਼ ਕਮਿਸ਼ਨਰ ਗੁਰਦੁਆਰਾ ਬੋਰਡ ਚੋਣਾਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਵੋਟਾਂ ਬਣਾਉਣ ਦੀ ਮਿਤੀ ਵਿਚ ਵਾਧਾ ਕਰ ਦਿੱਤਾ ਗਿਆ ਹੈ। ਚੀਫ਼ ਕਮਿਸ਼ਨਰ ਗੁਰਦੁਆਰਾ ਚੋਣਾਂ ਵੱਲੋਂ ਜਾਰੀ ਕੀਤੀ ਨਵੀਂ ਸਮਾਂ ਸਾਰਨੀ ਤਹਿਤ ਵੋਟਰ ਰਜਿਸਟਰੇਸ਼ਨ 30 ਅਪਰੈਲ ਤੱਕ ਕਰਵਾਈ ਜਾ ਸਕਦੀ ਹੈ। ਉਨ੍ਹਾਂ ਨੇ ਚੋਣਾਂ ਨਾਲ ਸਬੰਧਤ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਹਦਾਇਤ ਕੀਤੀ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਬੰਧੀ ਵੋਟਰ ਰਜਿਸਟਰੇਸ਼ਨ ਦਾ ਕੰਮ ਤੇਜ਼ੀ ਨਾਲ ਕੀਤਾ ਜਾਵੇ, ਤਾਂ ਜੋ ਕੋਈ ਵੀ ਕੇਸਾਧਾਰੀ ਸਿੱਖ ਵੋਟ ਬਣਾਉਣ ਤੋਂ ਵਾਂਝਾ ਨਾ ਰਹਿ ਸਕੇ।



ਡੀ.ਸੀ. ਨੇ ਦੱਸਿਆ ਕਿ 1 ਤੋਂ 20 ਮਈ 2024 ਤੱਕ ਵੋਟਰ ਸੂਚੀਆਂ ਦੀ ਤਿਆਰੀ ਅਤੇ ਪ੍ਰਿੰਟਿੰਗ ਹੋਵੇਗੀ। ਇਸ ਤੋਂ ਬਾਅਦ 21 ਮਈ ਨੂੰ ਵੋਟਰ ਸੂਚੀਆਂ ਪ੍ਰਕਾਸ਼ਿਤ ਕੀਤੀਆਂ ਜਾਣਗੀਆਂ ਅਤੇ ਇਸੇ ਹੀ ਦਿਨ ਵੋਟਰ ਸੂਚੀਆਂ ਸਬੰਧੀ ਦਾਅਵੇ ਅਤੇ ਇਤਰਾਜ਼ ਲੈਣ ਸਬੰਧੀ ਚੋਣ ਹਲਕੇ ਅਨੁਸਾਰ ਨਿਯੁਕਤ ਅਧਿਕਾਰੀਆਂ ਦੀ ਸੂਚੀ ਜਾਰੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਦਾਅਵੇ ਅਤੇ ਇਤਰਾਜ਼ ਪ੍ਰਾਪਤ ਕਰਨ ਦੀ ਆਖਰੀ ਤਰੀਕ 11 ਜੂਨ ਨਿਰਧਾਰਿਤ ਕੀਤੀ ਗਈ। ਡੀ.ਸੀ. ਨੇ ਦੱਸਿਆ ਕਿ 21 ਜੂਨ ਤੱਕ ਦਾਅਵਿਆਂ ਅਤੇ ਇੰਦਰਾਜ਼ਾਂ ਦਾ ਸਿੱਖ ਗੁਰਦੁਆਰਾ ਬੋਰਡ ਚੋਣਾਂ 1959 ਦੇ ਰੂਲ ਨੰਬਰ 10 (3) ਅਨੁਸਾਰ ਨਿਪਟਾਰਾ ਕੀਤਾ ਜਾਵੇਗਾ। ਇਸ ਤੋਂ ਬਾਅਦ 2 ਜੁਲਾਈ ਨੂੰ ਸਪਲੀਮੈਂਟਰੀ ਸੂਚੀਆਂ ਦੀ ਤਿਆਰੀ ਅਤੇ ਪ੍ਰਿੰਟਿੰਗ ਕੀਤੀ ਜਾਵੇਗੀ ਅਤੇ 3 ਜੁਲਾਈ ਨੂੰ ਵੋਟਰ ਸੂਚੀ ਦੀ ਅੰਤਿਮ ਪ੍ਰਕਾਸ਼ਨਾਂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਐਸ.ਜੀ.ਪੀ.ਸੀ. ਚੋਣਾਂ ਲਈ ਵੋਟਰ ਰਜਿਸਟਰੇਸ਼ਨ ਲਈ ਵਿਅਕਤੀ ਦਾ ਕੇਸਾਧਾਰੀ ਸਿੱਖ ਹੋਣਾ ਜ਼ਰੂਰੀ ਹੈ।

ਡੀ.ਸੀ. ਨੇ ਸਬੰਧਤ ਕਰਮਚਾਰੀਆਂ ਨੂੰ ਹਦਾਇਤ ਕੀਤੀ ਕਿ ਲੋਕਾਂ ਨੂੰ ਫਾਰਮ ਜਮ੍ਹਾਂ ਕਰਵਾਉਣ ਵਿਚ ਕੋਈ ਦਿੱਕਤ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਉਪ ਮੰਡਲ ਮੈਜਿਸਟਰੇਟ (ਐਸ.ਡੀ.ਐਮ.) ਅਤੇ ਹੋਰ ਨਾਮਜ਼ਦ ਅਧਿਕਾਰੀ ਵੀ ਨਿਯਮਤ ਤੌਰ 'ਤੇ ਇਸ ਪ੍ਰਕਿਰਿਆ ਦੀ ਨਜ਼ਰਸਾਨੀ ਕਰਨ ਤਾਂ ਜੋ ਵੋਟਰ ਰਜਿਸਟਰੇਸ਼ਨ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਪੇਂਡੂ ਖੇਤਰ ਦੇ ਵੋਟਰ ਖ਼ੁਦ ਨੂੰ ਵੋਟਰ ਵਜੋਂ ਰਜਿਸਟਰਡ ਕਰਨ ਲਈ ਫਾਰਮ ਪਟਵਾਰੀਆਂ ਪਾਸ ਜਮ੍ਹਾਂ ਕਰਵਾ ਸਕਦੇ ਹਨ ਜਦੋਂਕਿ ਸ਼ਹਿਰੀ ਖੇਤਰ ਵਿਚ ਨਗਰ ਕੌਂਸਲ ਜਾਂ ਸਥਾਨਕ ਅਥਾਰਟੀ ਦੇ ਕਰਮਚਾਰੀ ਜਿਨ੍ਹਾਂ ਨੂੰ ਸਬੰਧਤ ਖੇਤਰ ਦੀ ਸੋਧ ਅਥਾਰਟੀ ਵੱਲੋਂ ਨਾਮਜ਼ਦ ਕੀਤਾ ਗਿਆ ਹੈ, ਪਾਸ ਆਪਣੇ ਫਾਰਮ ਜਮ੍ਹਾਂ ਕਰਵਾ ਸਕਦੇ ਹਨ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਫਾਰਮ ਨੰਬਰ 1 ਪ੍ਰਾਪਤ ਕਰਦੇ ਸਮੇਂ ਇਸ ਗੱਲ ਵੱਲ ਖਾਸ ਧਿਆਨ ਦਿੱਤਾ ਜਾਵੇ ਕਿ ਵੋਟਰ ਦੀ ਉਮਰ 21 ਸਾਲ ਤੋਂ ਘੱਟ ਨਾ ਹੋਵੇ ਅਤੇ ਉਹ ਕੇਸਾਧਾਰੀ ਸਿੱਖ ਹੋਵੇ। ਇਹ ਫਾਰਮ ਜ਼ਿਲ੍ਹਾ ਪ੍ਰਸ਼ਾਸਨ ਦੀ ਵੈੱਬਸਾਈਟ ਉਤੇ ਵੀ ਪ੍ਰਾਪਤ ਕੀਤਾ ਜਾ ਸਕਦਾ ਹੈ। ਲੋੜ ਪੈਣ 'ਤੇ ਦਫਤਰ ਨਾਲ ਵੀ ਸੰਪਰਕ ਕੀਤਾ ਜਾ ਸਕਦਾ ਹੈ।

## ਪੌਂਟੀ ਚੱਢਾ ਦਾ ਫਾਰਮ ਹਾਊਸ ਢਾਹਿਆ

**ਨਵੀਂ ਦਿੱਲੀ:** ਦਿੱਲੀ ਡਿਵੈਲਪਮੈਂਟ ਅਥਾਰਟੀ (ਡੀ.ਡੀ.ਏ.) ਨੇ ਨਾਜਾਇਜ਼ ਕਬਜ਼ਿਆਂ ਖ਼ਿਲਾਫ਼ ਵਿੱਢੀ ਮੁਹਿੰਮ ਤਹਿਤ ਹਾਈ-ਪ੍ਰੋਫਾਈਲ ਸ਼ਰਾਬ ਕਾਰੋਬਾਰੀ ਮਰਹੂਮ ਪੌਂਟੀ ਚੱਢਾ ਉਰਫ਼ ਗੁਰਦੀਪ ਸਿੰਘ ਦਾ ਦੱਖਣੀ ਦਿੱਲੀ ਦੇ ਛਤਰਪੁਰ ਵਿਚ ਲਗਭਗ ਦਸ ਏਕੜ ਵਿਚ ਫੈਲਿਆ ਫਾਰਮਹਾਊਸ ਢਾਹ ਦਿੱਤਾ ਜਿਸ ਦੀ ਕੀਮਤ ਲਗਭਗ 400 ਕਰੋੜ ਰੁਪਏ ਦੱਸੀ ਜਾ ਰਹੀ ਹੈ। ਡੀ.ਡੀ.ਏ. ਨੇ ਇਕ ਬਿਆਨ ਰਾਹੀਂ ਇਹ ਜਾਣਕਾਰੀ ਦਿੱਤੀ ਹੈ। ਬਿਆਨ ਵਿਚ ਕਿਹਾ ਗਿਆ ਹੈ ਕਿ ਪੰਜ ਏਕੜ ਜ਼ਮੀਨ ਵਿਚ ਭੰਨ-ਤੋੜ ਦੀ ਕਾਰਵਾਈ ਸ਼ੁਰੂ ਕੀਤੀ ਗਈ ਸੀ ਅਤੇ ਫਾਰਮਹਾਊਸ ਦੀ ਬਾਕੀ ਦੀ ਮੁੱਖ ਇਮਾਰਤ ਢਾਹ ਦਿੱਤੀ ਗਈ ਹੈ।

ਇਸ ਤੋਂ ਪਹਿਲਾਂ ਉੱਤਰ ਪੂਰਬੀ ਦਿੱਲੀ ਦੇ ਗੋਕੁਲਪੁਰੀ ਵਿਚ ਸਰਕਾਰੀ ਜ਼ਮੀਨ ਤੋਂ ਕਬਜ਼ੇ ਹਟਾਏ ਗਏ ਸਨ। ਚਾਰ ਏਕੜ ਜ਼ਮੀਨ ਵਿਚ ਕਬਜ਼ੇ ਹਟਾਉਣ ਦੀ ਮੁਹਿੰਮ ਚਲਾਈ ਗਈ ਜਿਸ ਵਿਚ ਕਮਰਸ਼ੀਅਲ ਸ਼ੋਅਰੂਮ, ਬੈਂਕੁਇਟ ਹਾਲ, ਹੋਟਲ ਅਤੇ ਇਕ ਗੁਦਾਮ ਸ਼ਾਮਲ ਸਨ।

# ਡਿਬਰੂਗੜ੍ਹ ਜੇਲ੍ਹ 'ਚ ਬੰਦ ਨੌਜਵਾਨਾਂ ਦੇ ਪਰਿਵਾਰਾਂ ਵੱਲੋਂ ਜਥੇਦਾਰ ਨੂੰ ਪੱਤਰ

**ਅੰਮ੍ਰਿਤਸਰ:** ਐਨ.ਐਸ.ਏ. ਤਹਿਤ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਦੇ ਪਰਿਵਾਰਾਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਇਸ ਮਾਮਲੇ ਨੂੰ ਵਿਚਾਰਨ ਅਤੇ ਠੋਸ ਪ੍ਰੋਗਰਾਮ ਦੇਣ ਲਈ ਸਮੂਹ ਪੰਥਕ ਜਥੇਬੰਦੀਆਂ ਦਾ ਇਕੱਠ ਸੱਦਿਆ ਜਾਵੇ। ਇਸ ਸਬੰਧੀ ਪਰਿਵਾਰਾਂ ਵੱਲੋਂ ਅਕਾਲ ਤਖਤ ਦੇ ਸਕੱਤਰੇਤ ਵਿਚ ਇਹ ਪੱਤਰ ਸੌਂਪਿਆ ਗਿਆ। ਇਸ ਤੋਂ ਬਾਅਦ ਪਰਿਵਾਰਕ ਮੈਂਬਰ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਵੀ ਮਿਲੇ। ਉਨ੍ਹਾਂ ਕਿਹਾ ਹੈ ਕਿ ਸਰਕਾਰ ਨੇ ਬੰਦੀ ਸਿੰਘਾਂ ਨੂੰ ਪੰਜਾਬ ਲਿਆਉਣ ਤੋਂ ਸਾਫ਼ ਜਵਾਬ ਦੇ ਦਿੱਤਾ ਹੈ।

ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਮਾਤਾ ਬਲਵਿੰਦਰ ਕੌਰ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਇਸ ਸਬੰਧੀ ਸ੍ਰੀ ਅਕਾਲ ਤਖ਼ਤ 'ਤੇ ਪੰਥਕ ਜਥੇਬੰਦੀਆਂ ਦਾ ਇਕੱਠ ਸੱਦਿਆ ਜਾਵੇ। ਉਨ੍ਹਾਂ ਕਿਹਾ ਹੈ ਕਿ ਪੰਜਾਬ ਸਰਕਾਰ ਨੇ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਦੀ ਜੇਲ੍ਹ ਵਿਚ ਲਿਆਉਣ ਤੋਂ ਨਾਂਹ ਕਰ ਦਿੱਤੀ ਹੈ। ਸਰਕਾਰ ਨੇ ਕਿਹਾ ਹੈ ਕਿ ਜੇਕਰ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਲਿਆਂਦਾ ਅਤੇ ਜੇਲ੍ਹ ਵਿਚ ਰੱਖਿਆ ਤਾਂ ਉੱਥੇ ਮਿਲਣ ਲਈ ਵੱਡੀ ਗਿਣਤੀ ਲੋਕ ਪੁੱਜਣਗੇ। ਕੁਝ ਸਮੇਂ ਬਾਅਦ ਲੋਕ ਸਭਾ ਚੋਣਾਂ ਆ ਰਹੀਆਂ ਹਨ ਤਾਂ ਅਜਿਹੀ ਸਥਿਤੀ ਵਿਚ ਸਰਕਾਰ ਲਈ ਚੁਣੌਤੀ ਖੜ੍ਹੀ ਹੋਵੇਗੀ। ਇਸ ਤੋਂ ਸਪਸ਼ਟ ਹੈ ਕਿ ਸਰਕਾਰ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਨਹੀਂ ਕਰਨਾ ਚਾਹੁੰਦੀ।



ਉਨ੍ਹਾਂ ਕਿਹਾ ਕਿ ਡਿਬਰੂਗੜ੍ਹ ਜੇਲ੍ਹ 'ਚ ਸਿੱਖ ਬੰਦੀਆਂ ਵੱਲੋਂ 16 ਫਰਵਰੀ ਤੋਂ ਭੁੱਖ ਹੜਤਾਲ ਸ਼ੁਰੂ ਕੀਤੀ ਗਈ ਹੈ, ਜਿਸ ਕਾਰਨ ਬਸੰਤ ਸਿੰਘ, ਕੁਲਵੰਤ ਸਿੰਘ ਰਾਉਕੇ ਅਤੇ ਹਰਜੀਤ ਸਿੰਘ ਜੱਲੂਪੁਰ ਦੀ ਹਾਲਤ ਕਾਫ਼ੀ ਖ਼ਰਾਬ ਹੈ। ਉਨ੍ਹਾਂ ਕਿਹਾ ਕਿ ਬਸੰਤ ਸਿੰਘ ਨੇ ਪਾਣੀ ਪੀਣਾ ਵੀ ਛੱਡ ਦਿੱਤਾ ਹੈ ਅਤੇ ਡਾਕਟਰਾਂ ਨੇ ਉਸ ਦੀ ਕਿਡਨੀ ਖਰਾਬ ਹੋਣ ਦਾ ਅੰਦੇਸ਼ਾ ਜਤਾਇਆ ਹੈ। ਇਸ ਤਰ੍ਹਾਂ ਕੁਲਵੰਤ ਸਿੰਘ ਰਾਉਕੇ ਦੀ ਦੌਰਾ ਪੈਣ ਕਾਰਨ ਜੀਭ ਕੱਟੀ ਗਈ ਹੈ। ਹਰਜੀਤ ਸਿੰਘ ਜੱਲੂਪੁਰ ਦੀ ਵੀ ਸਿਹਤ ਖ਼ਰਾਬ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਦਾ ਪਰਿਵਾਰ ਚਾਹੁੰਦਾ ਹੈ ਕਿ ਇਨ੍ਹਾਂ ਸਿੱਖ ਕੈਦੀਆਂ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕਰ ਦਿੱਤਾ ਜਾਵੇ।

## ਸਰਕਾਰ ਪਰਵਾਸੀਆਂ ਦੇ ਜਾਨ-ਮਾਲ ਦੀ ਸੁਰੱਖਿਆ ਲਈ ਵਚਨਬੱਧ: ਧਾਲੀਵਾਲ

**ਧੂਰੀ:** ਪਰਵਾਸੀ ਭਾਰਤੀ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਨਾਲ ਸਬੰਧਤ ਐਨ.ਆਰ.ਆਈਜ਼. ਦੀਆਂ ਸ਼ਿਕਾਇਤਾਂ ਅਤੇ ਮਸਲਿਆਂ ਨੂੰ ਲਗਾਤਾਰ ਹੱਲ ਕਰ ਰਹੀ ਹੈ ਤੇ ਉਨ੍ਹਾਂ ਦੀਆਂ ਜਾਇਦਾਦਾਂ ਤੇ ਜਾਨ-ਮਾਲ ਦੀ ਸੁਰੱਖਿਆ ਲਈ ਪੂਰੀ ਤਰ੍ਹਾਂ ਵਚਨਬੱਧ ਹੈ।



ਕੈਬਨਿਟ ਮੰਤਰੀ ਨੇ ਪਿੰਡ ਲੱਡਾ ਵਿਚ ਸੂਬੇ ਦੇ ਅੱਠ ਜ਼ਿਲ੍ਹਿਆਂ ਨਾਲ ਸਬੰਧਤ ਐਨ.ਆਰ.ਆਈਜ਼. ਨਾਲ ਵਿਸ਼ੇਸ਼ ਮਿਲਣੀ ਕੀਤੀ। ਸ੍ਰੀ ਧਾਲੀਵਾਲ ਨੇ ਦੱਸਿਆ ਕਿ ਐਨ.ਆਰ.ਆਈ. ਮਿਲਣੀ ਵਿਚ ਸੰਗਰੂਰ ਦੇ ਨਾਲ-ਨਾਲ ਪਟਿਆਲਾ, ਫ਼ਤਿਹਗੜ੍ਹ ਸਾਹਿਬ, ਬਰਨਾਲਾ, ਮਾਲੇਰਕੋਟਲਾ, ਮਾਨਸਾ, ਲੁਧਿਆਣਾ ਅਤੇ ਬਠਿੰਡਾ ਨਾਲ ਸਬੰਧਤ ਪਰਵਾਸੀ ਪੰਜਾਬੀਆਂ ਦੀਆਂ 89 ਦਰਖਾਸਤਾਂ ਪ੍ਰਾਪਤ ਹੋਈਆਂ ਹਨ। ਉਨ੍ਹਾਂ ਦੱਸਿਆ ਕਿ ਪ੍ਰਾਪਤ ਹੋਈਆਂ ਦਰਖਾਸਤਾਂ ਵਿਚੋਂ ਬਹੁਤ ਸਾਰੀਆਂ ਦਾ ਨਿਬੇੜਾ ਮੌਕੇ 'ਤੇ ਕਰ ਦਿੱਤਾ ਗਿਆ ਹੈ ਅਤੇ ਜਿਹੜੀਆਂ ਦਰਖਾਸਤਾਂ ਲਈ ਜਾਂਚ ਜਾਂ ਰਿਕਾਰਡ ਵਾਚਣ ਦੀ ਲੋੜ ਹੈ ਉਨ੍ਹਾਂ ਦਾ ਹੱਲ ਵੀ 31 ਮਾਰਚ ਤੱਕ ਕਰਵਾਉਣਾ ਯਕੀਨੀ ਬਣਾਇਆ ਜਾਵੇਗਾ।

## ਅਸਮਾਨੀ ਬਿਜਲੀ ਡਿੱਗਣ ਨਾਲ ਮੌਤ

**ਜਲੰਧਰ:** ਕਪੂਰਥਲਾ ਜ਼ਿਲ੍ਹੇ ਦੇ ਪਿੰਡ ਸਿੱਧਵਾਂ ਦੋਨਾ ਵਿਚ ਅਸਮਾਨੀ ਬਿਜਲੀ ਡਿੱਗਣ ਕਾਰਨ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਜਸਕੀਰਤ ਸਿੰਘ (22) ਵਜੋਂ ਹੋਈ ਹੈ। ਜਾਣਕਾਰੀ ਅਨੁਸਾਰ ਸ਼ਾਮ ਕਰੀਬ ਪੌਣੇ ਛੇ ਵਜੇ ਸਿੱਧਵਾਂ ਦੋਨਾ ਦੇ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਬੇਰ ਸਾਹਿਬ ਦੇ ਖ਼ਜ਼ਾਨਚੀ ਅਤੇ ਕਿਸਾਨ ਜਸਵੀਰ ਸਿੰਘ ਦਾ ਪੁੱਤਰ ਜਸਕੀਰਤ ਸਿੰਘ ਜੱਸੀ ਮੀਂਹ ਪੈਣ ਕਾਰਨ ਆਪਣੇ ਖੇਤਾਂ 'ਚ ਆਲੂਆਂ ਦੀ ਫ਼ਸਲ ਤਰਪਾਲ ਨਾਲ ਢਕ ਰਿਹਾ ਸੀ ਤਾਂ ਅਚਾਨਕ ਉਸ 'ਤੇ ਅਸਮਾਨੀ ਬਿਜਲੀ ਡਿੱਗਣ ਕਾਰਨ ਉਹ ਬੁਰੀ ਤਰ੍ਹਾਂ ਝੁਲਸ ਗਿਆ। ਨੇੜੇ ਕੰਮ ਕਰ ਰਹੇ ਪਰਵਾਸੀ ਮਜ਼ਦੂਰ ਨੇ ਇਸ ਦੀ ਸੂਚਨਾ ਉਸ ਦੇ ਪਰਿਵਾਰ ਨੂੰ ਦਿੱਤੀ। ਪਰਿਵਾਰ ਦੇ ਪਹੁੰਚਣ ਤੱਕ ਉਸ ਦੀ ਮੌਤ ਹੋ ਚੁੱਕੀ ਸੀ।

## ਕੀਰਤਪੁਰ ਸਾਹਿਬ ਵਿਚ ਸੀਵਰੇਜ ਟਰੀਟਮੈਂਟ ਪਲਾਂਟ ਬਣੇਗਾ

**ਕੀਰਤਪੁਰ ਸਾਹਿਬ:** ਦਹਾਕਿਆਂ ਤੋਂ ਸਥਾਨਕ ਲੋਕਾਂ ਲਈ ਦਰਪੇਸ਼ ਆ ਰਹੀ ਸਮੱਸਿਆ ਦਾ ਹੱਲ ਕੱਢਣ ਲਈ 6.54 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੇ ਸੀਵਰੇਜ ਟਰੀਟਮੈਂਟ ਪਲਾਂਟ ਦਾ ਕੰਮ ਵਾਤਾਵਰਨ ਪ੍ਰੇਮੀ ਅਤੇ ਰਾਜ ਸਭਾ ਮੈਂਬਰ ਸੰਤ ਬਲਵੀਰ ਸਿੰਘ ਸੀਚੇਵਾਲ, ਸੰਤਾਂ ਮਹਾਪੁਰਸ਼ਾਂ ਤੇ ਕੈਬਨਿਟ ਮੰਤਰੀ ਹਰਜੋਤ ਬੈਂਸ ਵੱਲੋਂ ਸ਼ੁਰੂ ਕੀਤਾ ਗਿਆ।

ਇਸ ਪ੍ਰੋਜੈਕਟ ਦੇ ਮੁਕੰਮਲ ਹੋਣ ਤੋਂ ਬਾਅਦ ਗੁਰਦੁਆਰਾ ਪਤਾਲਪੁਰੀ ਸਾਹਿਬ ਨੇੜੇ ਸਤਲੁਜ ਦਰਿਆ 'ਤੇ ਬਣੇ ਅਸਥਘਾਟ ਵਿਚ ਪਲੀਤ ਪਾਣੀ ਵੀ ਨਹੀਂ ਪਵੇਗਾ। ਇਹ ਪ੍ਰਗਟਾਵਾ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਕੀਰਤਪੁਰ ਸਾਹਿਬ ਵਿਚ ਸੀਵਰੇਜ ਟਰੀਟਮੈਂਟ ਪਲਾਂਟ ਦੇ ਕੰਮ ਦਾ ਨੀਂਹ ਪੱਥਰ ਰੱਖਣ ਮੌਕੇ ਕੀਤਾ। ਦੱਸਣਯੋਗ ਹੈ ਕਿ ਇਸ ਪ੍ਰੋਜੈਕਟ ਦਾ ਨੀਂਹ ਪੱਥਰ ਵਾਤਾਵਰਨ ਪ੍ਰੇਮੀ ਤੇ ਰਾਜ ਸਭਾ ਮੈਂਬਰ ਸੰਤ ਬਲਵੀਰ ਸਿੰਘ ਸੀਚੇਵਾਲ, ਬਾਬਾ ਅਵਤਾਰ ਸਿੰਘ ਟਿੱਬੀ ਸਾਹਿਬ ਵਾਲੇ, ਬਾਬਾ ਸਤਨਾਮ ਸਿੰਘ ਕਿਲਾ ਅਨੰਦਗੜ੍ਹ ਸਾਹਿਬ ਵਾਲੇ, ਬਾਬਾ ਸੁੱਚਾ ਸਿੰਘ, ਬਾਬਾ ਬਚਨ ਸਿੰਘ, ਬਾਬਾ ਪ੍ਰੇਮ ਸਿੰਘ, ਬਾਬਾ ਜਰਨੈਲ ਸਿੰਘ, ਬਾਬਾ ਤੀਰਥ ਸਿੰਘ, ਬਾਬਾ ਅਮਨਦੀਪ ਸਿੰਘ, ਹੋਰ ਸੰਤ ਮਹਾਪੁਰਸ਼ ਤੇ ਸੰਗਤ ਵੱਲੋਂ ਸਾਂਝੇ ਤੌਰ 'ਤੇ ਰੱਖਿਆ ਗਿਆ। ਸੰਤ ਬਲਵੀਰ ਸਿੰਘ ਸੀਚੇਵਾਲ ਨੇ ਕਿਹਾ ਕਿ ਇਸ ਵਾਰ ਨੌਜਵਾਨ ਆਗੂ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਹ ਪ੍ਰੋਜੈਕਟ ਮੁਕੰਮਲ ਕਰਨ ਦਾ ਬੀੜਾ ਚੁੱਕਿਆ ਹੈ।

# ਸ਼੍ਰੋਮਣੀ ਕਮੇਟੀ ਦਾ ਸਾਲਾਨਾ ਬਜਟ 29 ਮਾਰਚ ਨੂੰ ਪੇਸ਼ ਹੋਵੇਗਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦਾ ਸਾਲਾਨਾ ਬਜਟ ਇਜਲਾਸ 29 ਮਾਰਚ ਨੂੰ ਹੋਵੇਗਾ। ਇਹ ਫੈਸਲਾ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੌਰਾਨ ਕੀਤਾ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਨੌਜਵਾਨਾਂ ਨੂੰ ਪੀ.ਸੀ.ਐਸ. ਜੁਡੀਸ਼ਰੀ ਦੀ ਤਿਆਰੀ ਕਰਵਾਉਣ ਲਈ ਇਕ ਅਕਾਦਮੀ ਸਥਾਪਤ ਕਰਨ ਦਾ ਵੀ ਫੈਸਲਾ ਕੀਤਾ ਗਿਆ ਹੈ।



ਇਥੇ ਸ਼੍ਰੋਮਣੀ ਕਮੇਟੀ ਦਫਤਰ ਵਿਚ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਮੀਟਿੰਗ ਹੋਈ ਜਿਸ ਵਿਚ ਕਈ ਅਹਿਮ ਫੈਸਲੇ ਕੀਤੇ ਗਏ। ਐਡਵੋਕੇਟ ਧਾਮੀ ਨੇ ਦੱਸਿਆ ਕਿ ਅਗਲੇ ਵਿੱਤੀ ਵਰ੍ਹੇ ਦਾ ਬਜਟ 29 ਮਾਰਚ ਨੂੰ ਪੇਸ਼ ਕੀਤਾ ਜਾਵੇਗਾ। ਇਸ ਸਬੰਧੀ ਜਨਰਲ ਇਜਲਾਸ ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਹੋਵੇਗਾ। ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਨੌਜਵਾਨਾਂ ਨੂੰ ਪੀ.ਸੀ.ਐਸ. ਜੁਡੀਸ਼ਰੀ ਦੀ ਤਿਆਰੀ ਕਰਵਾਉਣ ਲਈ ਇਕ ਅਕਾਦਮੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਇੰਸਟੀਚਿਊਟ ਬਹਾਦਰਗੜ੍ਹ ਪਟਿਆਲਾ ਵਿਚ ਸਥਾਪਤ ਕੀਤੀ ਜਾਵੇਗੀ ਜਿਸ ਵਿਚ ਮੁਕਾਬਲਾ ਪ੍ਰੀਖਿਆ ਦੀ ਤਿਆਰੀ ਕਰਵਾਉਣ ਦੇ ਨਾਲ-ਨਾਲ ਰਿਹਾਇਸ਼ ਤੇ ਖਾਣੇ ਦਾ ਪ੍ਰਬੰਧ ਹੋਵੇਗਾ। ਅਕਾਦਮੀ ਵਿਚ ਨਿਰੋਲ ਮੈਰਿਟ ਦੇ ਆਧਾਰ 'ਤੇ ਦਾਖ਼ਲਾ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਡਿਬਰੂਗੜ੍ਹ ਜੇਲ੍ਹ ਮਾਮਲੇ ਨੂੰ ਪੰਜਾਬ ਸਰਕਾਰ ਸੰਜੀਦਗੀ ਨਾਲ ਨਹੀਂ ਲੈ ਰਹੀ। ਉਨ੍ਹਾਂ ਮੰਗ ਕੀਤੀ ਕਿ ਜੇਲ੍ਹ ਵਿਚ ਬੰਦ ਇਨ੍ਹਾਂ ਨੌਜਵਾਨਾਂ ਨੂੰ ਪੰਜਾਬ ਦੀ ਜੇਲ੍ਹ ਵਿਚ ਤਬਦੀਲ ਕੀਤਾ ਜਾਵੇ ਅਤੇ ਮਨੁੱਖੀ ਅਧਿਕਾਰਾਂ ਨੂੰ ਯਕੀਨੀ ਬਣਾਇਆ ਜਾਵੇ। ਐਡਵੋਕੇਟ ਧਾਮੀ ਨੇ ਪਾਕਿਸਤਾਨ ਕਮੇਟੀ ਦੇ ਨਵ-ਨਿਯੁਕਤ ਪ੍ਰਧਾਨ ਰਮੇਸ਼ ਸਿੰਘ ਅਤੇ ਜਨਰਲ ਸਕੱਤਰ ਬੀਬੀ ਸਤਵੰਤ ਕੌਰ ਸਮੇਤ ਚੁਣੇ ਮੈਂਬਰਾਂ ਨੂੰ ਵੀ ਵਧਾਈ ਦਿੱਤੀ।

## ਤਖ਼ਤ ਦਮਦਮਾ ਸਾਹਿਬ ਤੋਂ ਗੁਰਬਾਣੀ ਪ੍ਰਸਾਰਨ ਲਈ ਯੂਟਿਊਬ ਚੈਨਲ ਸ਼ੁਰੂ ਹੋਵੇਗਾ

**ਅੰਮ੍ਰਿਤਸਰ:** ਅੰਤ੍ਰਿੰਗ ਕਮੇਟੀ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤੋਂ ਗੁਰਬਾਣੀ ਪ੍ਰਸਾਰਨ ਲਈ ਇਕ ਹੋਰ ਯੂਟਿਊਬ ਚੈਨਲ ਸਥਾਪਤ ਕਰਨ ਦਾ ਫੈਸਲਾ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ 3 ਫੀਸਦੀ ਮਹਿੰਗਾਈ ਭੱਤਾ ਦੇਣ ਨੂੰ ਵੀ ਪ੍ਰਵਾਨਗੀ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਵਿਚ ਇਕ ਵਿਸ਼ੇਸ਼ ਮਤਾ ਪਾਸ ਕਰਦਿਆਂ ਹੱਕੀ ਮੰਗਾਂ ਲਈ ਸੰਘਰਸ਼ ਕਰ ਰਹੇ ਕਿਸਾਨਾਂ ਦੀ ਹਮਾਇਤ ਦੀ ਵਚਨਬੱਧਤਾ ਪ੍ਰਗਟਾਈ ਗਈ ਹੈ। ਸ਼੍ਰੋਮਣੀ ਕਮੇਟੀ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਕਿਸਾਨਾਂ ਦੀਆਂ ਮੰਗਾਂ ਪ੍ਰਵਾਨ ਕਰੇ ਅਤੇ ਉਨ੍ਹਾਂ ਨੂੰ ਰਾਹਤ ਦੇਵੇ। ਪੰਜਾਬ ਸਰਕਾਰ ਵੀ ਦੋਹਰੀ ਨੀਤੀ ਛੱਡ ਕੇ ਕਿਸਾਨਾਂ ਦਾ ਸਾਥ ਦੇਵੇ।

**Punjab Times**

**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਚੰਡੀਗੜ੍ਹ 'ਚ ਭਾਜਪਾ ਨੇ ਸੀਨੀਅਰ ਡਿਪਟੀ ਮੇਅਰ ਤੇ ਡਿਪਟੀ ਮੇਅਰ ਦੀ ਚੋਣ ਜਿੱਤੀ

**ਚੰਡੀਗੜ੍ਹ:** ਨਗਰ ਨਿਗਮ ਸਦਨ ਵਿਚ ਸ਼ਹਿਰ ਦੇ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੀ ਚੋਣ ਵਿਚ ਭਾਜਪਾ ਦੇ ਉਮੀਦਵਾਰ ਜੇਤੂ ਰਹੇ। ਨਵ-ਨਿਯੁਕਤ ਮੇਅਰ ਕੁਲਦੀਪ ਕੁਮਾਰ ਨੇ ਬਤੌਰ ਪ੍ਰੀਜ਼ਾਈਡਿੰਗ ਅਫਸਰ ਚੋਣ ਕਰਵਾਈ।

ਨਗਰ ਨਿਗਮ ਵਿਚ ਕੁੱਲ 36 ਵੋਟਾਂ ਵਿਚੋਂ ਸੀਨੀਅਰ ਡਿਪਟੀ ਮੇਅਰ ਲਈ ਹੋਈ ਵੋਟਿੰਗ ਵਿਚ ਭਾਜਪਾ ਦੇ ਕੁਲਜੀਤ ਸਿੰਘ ਸੰਧੂ ਨੂੰ 19 ਵੋਟਾਂ ਮਿਲੀਆਂ ਜਦੋਂ ਕਿ 'ਆਪ'- ਕਾਂਗਰਸ 'ਇੰਡੀਆ' ਗੱਠਜੋੜ ਦੇ ਉਮੀਦਵਾਰ ਗੁਰਪ੍ਰੀਤ ਸਿੰਘ ਗਾਬੀ ਨੂੰ 16 ਵੋਟਾਂ ਮਿਲੀਆਂ, ਇਕ ਵੋਟ ਰੱਦ ਕਰ ਦਿੱਤੀ ਗਈ ਸੀ। ਡਿਪਟੀ ਮੇਅਰ ਦੇ ਅਹੁਦੇ ਲਈ ਹੋਈ ਚੋਣ ਵਿਚ ਭਾਜਪਾ ਦੇ ਰਾਜਿੰਦਰ ਸ਼ਰਮਾ ਨੇ 'ਇੰਡੀਆ' ਗੱਠਜੋੜ ਦੀ ਨਿਰਮਲਾ ਦੇਵੀ ਨੂੰ ਦੋ ਵੋਟਾਂ ਨਾਲ ਹਰਾਇਆ। ਭਾਜਪਾ ਦੇ ਰਾਜਿੰਦਰ ਸ਼ਰਮਾ ਨੂੰ 19 ਅਤੇ 'ਇੰਡੀਆ' ਗੱਠਜੋੜ ਦੀ ਨਿਰਮਲਾ ਦੇਵੀ ਨੂੰ 17 ਵੋਟਾਂ ਮਿਲੀਆਂ। 'ਆਪ' ਦੇ ਕੌਂਸਲਰ ਪੂਨਮ, ਨੇਹਾ ਅਤੇ ਗੁਰਚਰਨ ਜੀਤ ਸਿੰਘ ਕਾਲਾ ਹਾਲ ਹੀ ਵਿਚ ਭਾਜਪਾ ਵਿਚ ਸ਼ਾਮਲ ਹੋਏ ਸਨ। ਸੰਸਦ ਮੈਂਬਰ ਕਿਰਨ ਖੇਰ ਨੇ ਆਪਣੀ ਪਹਿਲੀ ਵੋਟ ਪਾਈ। ਕਿਰਨ ਖੇਰ ਦੇ ਵੋਟ ਪਾਉਣ ਤੋਂ ਪਹਿਲਾਂ ਕੌਂਸਲਰ ਸੌਰਭ ਜੋਸ਼ੀ ਉਨ੍ਹਾਂ ਦੇ ਨੇੜੇ ਆ ਗਏ ਜਿਸ ਕਾਰਨ ਨਿਗਮ ਸਦਨ ਵਿਚ ਹੰਗਾਮਾ ਹੋ ਗਿਆ। 'ਆਪ' ਅਤੇ ਕਾਂਗਰਸ ਦੇ ਕੌਂਸਲਰਾਂ ਨੇ ਦੋਸ਼ ਲਾਇਆ ਕਿ ਕੋਈ ਕੌਂਸਲਰ ਵੋਟ ਪਾਉਣ ਤੋਂ ਪਹਿਲਾਂ ਆਪਣੀ ਸੀਟ ਤੋਂ ਉੱਠ ਕੇ ਵੋਟ ਪਾਉਣ ਵਾਲੇ ਵਿਅਕਤੀ ਕੋਲ ਕਿਵੇਂ ਜਾ ਸਕਦਾ ਹੈ। ਬਾਅਦ ਵਿਚ ਮੇਅਰ ਦੇ ਸਮਝਾਉਣ ਤੋਂ ਬਾਅਦ ਮਾਮਲਾ ਸ਼ਾਂਤ ਹੋਇਆ।

19 ਫਰਵਰੀ ਨੂੰ ਆਮ ਆਦਮੀ ਪਾਰਟੀ (ਆਪ) ਦੇ ਤਿੰਨ ਕੌਂਸਲਰਾਂ ਦੇ ਭਾਜਪਾ ਵਿਚ ਸ਼ਾਮਲ ਹੋਣ ਤੋਂ ਬਾਅਦ ਭਾਜਪਾ ਦੇ ਕੌਂਸਲਰਾਂ ਦੀ ਗਿਣਤੀ 14 ਤੋਂ ਵਧ ਕੇ 17 ਹੋ ਗਈ ਹੈ। 'ਆਪ' ਦੇ 10 ਅਤੇ ਕਾਂਗਰਸ ਦੇ 7 ਕੌਂਸਲਰ ਹਨ। ਸ਼੍ਰੋਮਣੀ ਅਕਾਲੀ ਦਲ ਦੇ ਇਕ ਕੌਂਸਲਰ ਹਨ। ਚੰਡੀਗੜ੍ਹ ਦੀ ਸੰਸਦ ਮੈਂਬਰ ਕਿਰਨ ਖੇਰ ਕੋਲ ਵੀ ਨਿਗਮ ਦੇ ਮੈਂਬਰ ਵਜੋਂ ਵੋਟ ਪਾਉਣ ਦਾ ਅਧਿਕਾਰ ਹੈ।

## ਸਿੰਗਾਪੁਰ ਨੇ ਵਿਦੇਸ਼ੀ ਕਾਮਿਆਂ ਦੀਆਂ ਤਨਖਾਹਾਂ ਵਧਾਈਆਂ

**ਸਿੰਗਾਪੁਰ:** ਸਿੰਗਾਪੁਰ ਨੇ ਵਿਦੇਸ਼ੀ ਕਾਮਿਆਂ ਨੂੰ ਜਾਰੀ ਕੀਤੇ ਰੁਜ਼ਗਾਰ ਪਾਸ (ਈ.ਪੀ) ਲਈ ਘੱਟੋ-ਘੱਟ ਯੋਗਤਾ ਮਾਸਿਕ ਤਨਖਾਹ ਸਿੰਗਾਪੁਰ 5,000 ਤੋਂ ਵਧਾ ਕੇ 5,600 ਸਿੰਗਾਪੁਰ ਡਾਲਰ ਕਰ ਦਿੱਤੀ ਹੈ। ਵਧੀ ਹੋਈ ਤਨਖਾਹ 1 ਜਨਵਰੀ 2025 ਤੋਂ ਲਾਗੂ ਹੋਵੇਗੀ। ਵਿੱਤੀ ਸੇਵਾਵਾਂ ਵਿਚ ਕੰਮ ਕਰਨ ਵਾਲਿਆਂ ਲਈ ਘੱਟੋ-ਘੱਟ ਉਜਰਤ 5,500 ਤੋਂ 6,200 ਸਿੰਗਾਪੁਰ ਤੱਕ ਵਧਾ ਦਿੱਤੀ ਗਈ ਹੈ। ਅਜਿਹਾ ਇਸ ਸੈਕਟਰ ਵਿਚ ਵੱਧ ਤਨਖਾਹਾਂ ਦੇ ਰੁਝਾਨ ਨੂੰ ਦੇਖਦੇ ਹੋਏ ਕੀਤਾ ਗਿਆ ਹੈ। ਨਵਾਂ ਤਨਖਾਹ ਸਕੇਲ ਈਪੀ ਧਾਰਕਾਂ 'ਤੇ ਉਦੋਂ ਲਾਗੂ ਹੋਵੇਗਾ ਜਦੋਂ ਉਹ ਇੱਕ ਸਾਲ ਬਾਅਦ ਪਾਸ ਨੂੰ ਰੀਨਿਊ ਕਰਨਗੇ।

# ਕਰਜ਼ਾ ਲੈਣ ਦੀ ਰਫਤਾਰ ਇਸੇ ਤਰ੍ਹਾਂ ਰਹੀ ਤਾਂ ਪੰਜਾਬ ਦੀਵਾਲੀਆ ਹੋ ਜਾਵੇਗਾ: ਸਿੱਧੂ

**ਪਟਿਆਲਾ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਕੇਂਦਰ ਸਰਕਾਰ ਦੀ ਕਠਪੁਤਲੀ ਬਣਨ ਦੇ ਦੋਸ਼ ਲਗਾਏ ਹਨ। ਇਸ ਦੌਰਾਨ ਪੰਜਾਬ ਦੀ ਵਿੱਤੀ ਹਾਲਤ ਬਾਰੇ ਨਵਜੋਤ ਸਿੱਧੂ ਨੇ ਕਿਹਾ ਕਿ ਜੇਕਰ ਕਰਜ਼ਾ ਲੈਣ ਦੀ ਰਫ਼ਤਾਰ ਇਸੇ ਤਰ੍ਹਾਂ ਜਾਰੀ ਰਹੀ ਤਾਂ ਪੰਜਾਬ ਆਉਂਦੇ ਸਾਲਾਂ ਵਿਚ ਦੀਵਾਲੀਆ ਹੋ ਜਾਵੇਗਾ।

ਇਸ ਦੌਰਾਨ ਕਾਂਗਰਸੀ ਆਗੂ ਨੇ ਆਪਣਾ ਦੁੱਖ ਵੀ ਜ਼ਾਹਿਰ ਕੀਤਾ ਕਿ ਅਜੇ ਤੱਕ ਉਨ੍ਹਾਂ ਕੋਲ ਪ੍ਰਸ਼ਾਸਨਿਕ ਤਾਕਤ ਨਹੀਂ ਆਈ ਹੈ, ਇਸੇ ਕਰਕੇ ਉਹ ਨੀਤੀਆਂ ਬਾਰੇ ਸੋਚ ਸਕਦੇ ਹਨ ਪਰ ਨੀਤੀਆਂ ਲਾਗੂ ਨਹੀਂ ਕਰ ਸਕਦੇ। ਸਿੱਧੂ ਨੇ ਕਿਹਾ ਕਿ ਪੰਜਾਬ ਵਿਚ ਆ ਕੇ ਕਿਸਾਨਾਂ 'ਤੇ ਗੋਲੀਆਂ ਚਲਾਉਣ ਵਾਲੇ ਹਰਿਆਣਾ ਦੇ ਸੁਰੱਖਿਆ ਬਲਾਂ ਜਾਂ ਫਿਰ ਹਰਿਆਣਾ ਦੇ ਗ੍ਰਹਿ ਮੰਤਰੀ ਖ਼ਿਲਾਫ਼ ਅਜੇ ਤੱਕ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕੇਸ ਤੱਕ ਦਰਜ ਨਹੀਂ ਕੀਤਾ ਗਿਆ ਹੈ। ਸ੍ਰੀ ਸਿੱਧੂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਦੋ ਸਾਲਾਂ ਵਿਚ 67 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਜੇਕਰ ਕਰਜ਼ਾ ਲੈਣ ਦੀ ਚਾਲ ਇਸੇ ਤਰ੍ਹਾਂ ਚੱਲਦੀ ਰਹੀ ਤਾਂ ਅਗਲੇ ਤਿੰਨ ਸਾਲਾਂ ਵਿਚ ਪੰਜਾਬ 1.07 ਲੱਖ ਕਰੋੜ ਦਾ ਕਰਜ਼ਈ ਹੋ ਜਾਵੇਗਾ ਤੇ ਫਿਰ ਪੰਜਾਬ ਨੂੰ ਦੀਵਾਲੀਆ ਹੋਣ ਤੋਂ ਕੋਈ ਨਹੀਂ ਬਚਾਅ ਸਕਦਾ। ਉਨ੍ਹਾਂ ਕਿਹਾ ਕਿ ਇਸ ਵੇਲੇ 26 ਹਜ਼ਾਰ ਕਰੋੜ ਕਮਾਈ ਤੋਂ ਵੱਧ ਖ਼ਰਚੇ ਹਨ। ਕਰਜ਼ੇ ਦਾ ਪੰਜਾਬ ਸਰਕਾਰ ਕੁੱਲ ਆਮਦਨ 'ਚੋਂ 37 ਹਜ਼ਾਰ ਕਰੋੜ ਰੁਪਏ ਸਾਲਾਨਾ ਵਿਆਜ ਭਰ ਰਹੀ ਹੈ। ਕੁੱਲ ਖਰਚਿਆਂ ਵਿੱਚ 77 ਫ਼ੀਸਦੀ ਤਨਖਾਹਾਂ ਅਤੇ ਪੈਨਸ਼ਨਾਂ 'ਤੇ ਖ਼ਰਚ ਹੋ ਰਿਹਾ ਹੈ।

# ਬਲਦਾਂ ਦੀਆਂ ਦੌੜਾਂ ਕਰਾਉਣ ਵਾਲਿਆਂ ਖਿਲਾਫ ਕੇਸ ਦਰਜ

**ਗੁਰੂਸਰ ਸੁਧਾਰ:** ਸੁਪਰੀਮ ਕੋਰਟ ਵੱਲੋਂ ਸਖ਼ਤ ਪਾਬੰਦੀਆਂ ਦੇ ਬਾਵਜੂਦ ਬਲਦਾਂ ਦੀਆਂ ਦੌੜਾਂ ਕਰਵਾਉਣ ਵਾਲੇ ਪਿੰਡ ਗੁੱਜਰਵਾਲ ਦੇ ਕਈ ਵਿਅਕਤੀਆਂ ਸਣੇ ਪ੍ਰਬੰਧਕਾਂ ਖ਼ਿਲਾਫ਼ ਥਾਣਾ ਜੋਧਾਂ ਦੀ ਪੁਲਿਸ ਨੇ ਕੇਸ ਦਰਜ ਕਰ ਕੇ ਮੁਲਜ਼ਮਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਪ੍ਰਬੰਧਕਾਂ ਵਿਚ ਬਹੁਤੇ ਉੱਚੀ ਪਹੁੰਚ ਵਾਲੇ ਪਰਵਾਸੀ ਪੰਜਾਬੀ ਹਨ ਅਤੇ ਸੱਤਾਧਾਰੀ ਧਿਰ ਦੇ ਕੁਝ ਸਥਾਨਕ ਆਗੂਆਂ ਅਤੇ ਪੰਚਾਇਤੀ ਨੁਮਾਇੰਦਿਆਂ ਦਾ ਵੀ ਉਨ੍ਹਾਂ ਨੂੰ ਥਾਪੜਾ ਹਾਸਲ ਸੀ। ਪਿੰਡ ਗੁੱਜਰਵਾਲ ਦੀ ਪਸ਼ੂ ਡਿਸਪੈਂਸਰੀ ਦੇ ਇੰਚਾਰਜ ਡਾ. ਅਨੂਪ ਕੁਮਾਰ ਦੀ ਲਿਖਤੀ ਸ਼ਿਕਾਇਤ ਦੇ ਆਧਾਰ 'ਤੇ ਪਸ਼ੂਆਂ ਖ਼ਿਲਾਫ਼ ਅੱਤਿਆਚਾਰ, ਪਸ਼ੂਆਂ ਸਣੇ ਮਨੁੱਖੀ ਜੀਵਨ ਨੂੰ ਖ਼ਤਰੇ ਵਿਚ ਪਾਉਣ ਅਤੇ ਸਖ਼ਤ ਪਾਬੰਦੀਆਂ ਦੇ ਬਾਵਜੂਦ ਬਲਦਾਂ ਦੀਆਂ ਦੌੜਾਂ ਕਰਾਉਣ ਵਾਲਿਆਂ ਖ਼ਿਲਾਫ਼ ਭਾਰਤੀ ਦੰਡਾਵਲੀ ਦੀਆਂ ਕਈ ਧਾਰਾਵਾਂ ਅਤੇ ਪਸ਼ੂਆਂ ਵਿਰੁੱਧ ਅੱਤਿਆਚਾਰ ਰੋਕੂ ਕਾਨੂੰਨ 1960 ਤਹਿਤ ਪੁਲਿਸ ਵੱਲੋਂ ਕੇਸ ਦਰਜ ਕੀਤਾ ਗਿਆ ਹੈ। ਥਾਣਾ ਜੋਧਾਂ ਦੇ ਮੁਖੀ ਸਬ-ਇੰਸਪੈਕਟਰ ਜਰਨੈਲ ਸਿੰਘ ਅਨੁਸਾਰ ਪਰਵਾਸੀ ਪੰਜਾਬੀਆਂ ਦੇ ਵਿਦੇਸ਼ ਭੱਜਣ ਦੇ ਖ਼ਦਸ਼ੇ ਨੂੰ ਦੇਖਦਿਆਂ ਲੁੱਕ ਆਊਟ ਨੋਟਿਸ ਜਾਰੀ ਕਰਨ ਲਈ ਚਾਰਾਜੋਈ ਸ਼ੁਰੂ ਕਰ ਦਿੱਤੀ ਗਈ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਸਖ਼ਤ ਪਾਬੰਦੀਆਂ ਦੇ ਬਾਵਜੂਦ ਕੁਝ ਪਰਵਾਸੀ ਪੰਜਾਬੀਆਂ ਵੱਲੋਂ ਬਲਦਾਂ ਦੀਆਂ ਦੌੜਾਂ ਦੇ ਦੋ ਰੋਜ਼ਾ ਮੁਕਾਬਲੇ ਕਰਵਾਏ ਗਏ ਸਨ। ਇਨ੍ਹਾਂ ਮੁਕਾਬਲਿਆਂ ਵਿਚ ਦਰਜਨਾਂ ਬੈਲ-ਗੱਡੀਆਂ ਦੇ ਦੌੜਾਕ ਸ਼ਾਮਲ ਹੋਏ ਸਨ। ਮਿਲੀ ਜਾਣਕਾਰੀ ਅਨੁਸਾਰ ਅਮਰੀਕਾ ਵਾਸੀ ਜਗਪਾਲ ਸਿੰਘ ਗਰੇਵਾਲ ਸਣੇ ਅੱਧੀ ਦਰਜਨ ਤੋਂ ਵਧੇਰੇ ਵਿਅਕਤੀਆਂ ਵੱਲੋਂ ਚੁੱਪ-ਚੁਪੀਤੇ ਹੀ ਇਹ ਮੁਕਾਬਲੇ ਕਰਵਾਏ ਗਏ ਸਨ।

# ਢੀਂਡਸਾ ਨੇ ਆਖਰਕਾਰ ਬਾਦਲਾਂ ਦਾ ਹੱਥ ਫੜਿਆ

*(ਪਹਿਲੇ ਸਫੇ ਦੀ ਬਾਕੀ)*

ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਅਕਾਲੀ ਧੜੇ ਹੁਣ ਇਹ ਗੱਲ ਸਮਝਣ ਲੱਗੇ ਹਨ ਕਿ ਏਕੇ ਬਿਨਾਂ ਗੁਜ਼ਾਰਾ ਹੋਣਾ ਸੰਭਵ ਨਹੀਂ ਹੈ। ਇਹੀ ਕਾਰਨ ਹੈ ਕਿ ਢੀਂਡਸਾ ਨੇ ਵੀ ਸੁਖਬੀਰ ਨੂੰ ਪ੍ਰਧਾਨਗੀ ਤੋਂ ਲਾਂਭੇ ਕਰਨ ਵਾਲੀ ਸ਼ਰਤ ਪਾਸੇ ਰੱਖ ਦਿੱਤੀ ਹੈ। ਸੁਖਬੀਰ ਦੇ ਪਾਰਟੀ ਪ੍ਰਧਾਨ ਬਣਨ ਅਤੇ ਇਸ ਤੋਂ ਬਾਅਦ ਪੰਥਕ ਧਿਰ ਦੇ ਹੋਏ ਹਸ਼ਰ ਤੋਂ ਟਕਸਾਲੀ ਆਗੂ ਔਖੇ ਸਨ। ਇਸੇ ਲਈ ਵੱਡੀ ਗਿਣਤੀ ਆਗੂ ਪਾਰਟੀ ਤੋਂ ਵੱਖ ਹੋ ਗਏ ਸਨ। ਸ਼੍ਰੋਮਣੀ ਅਕਾਲੀ ਦਲ ਅੰਦਰ ਬਗਾਵਤ ਦਾ ਅਮਲ 2017 ਦੀਆਂ ਚੋਣਾਂ ਹਾਰਨ ਤੋਂ ਬਾਅਦ ਸ਼ੁਰੂ ਹੋਇਆ ਸੀ ਜਦੋਂ ਸੁਖਦੇਵ ਸਿੰਘ ਢੀਂਡਸਾ, ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਸੇਵਾ ਸਿੰਘ ਸੇਖਵਾਂ ਅਤੇ ਡਾ. ਰਤਨ ਸਿੰਘ ਅਜਨਾਲਾ ਆਦਿ ਨੇ ਬਗਾਵਤ ਕੀਤੀ ਸੀ। ਸ਼੍ਰੋਮਣੀ ਅਕਾਲੀ ਦਲ ਅੰਦਰ ਚੱਲ ਰਹੇ ਸੰਕਟ ਦੇ ਹੱਲ ਲਈ ਪਾਰਟੀ ਵੱਲੋਂ ਸਾਬਕਾ ਵਿਧਾਇਕ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਹੇਠ ਕਮੇਟੀ ਬਣਾ ਕੇ ਜ਼ਮੀਨੀ ਪੱਧਰ ਤੱਕ ਵਰਕਰਾਂ ਨਾਲ ਗੱਲਬਾਤ ਕਰਕੇ ਇਕ ਰਿਪੋਰਟ ਤਿਆਰ ਕੀਤੀ ਗਈ। ਇਸ ਕਮੇਟੀ ਦੀ ਰਿਪੋਰਟ ਵਿਚ ਸਪਸ਼ਟ ਤੌਰ 'ਤੇ ਅਕਾਲੀ ਦਲ ਦੇ ਵਰਕਰਾਂ ਨੇ ਪਾਰਟੀ ਦੀ ਲੀਡਰਸ਼ਿਪ ਖਾਸ ਕਰ ਸੁਖਬੀਰ ਦੀ ਕਾਰਗੁਜ਼ਾਰੀ 'ਤੇ ਸਵਾਲੀਆ ਨਿਸ਼ਾਨ ਲਾਇਆ ਸੀ। ਹਾਲਾਂਕਿ ਕਮੇਟੀ ਦੀ ਲੀਡਰਸ਼ਿਪ ਤਬਦੀਲੀ ਬਾਰੇ ਸਿਫਾਰਸ਼ ਨੂੰ ਹੇਠਲੇ ਪੱਧਰ ਤੱਕ ਹੀ ਲਾਗੂ ਕਰਕੇ ਸੁਖਬੀਰ ਬਾਦਲ ਦੀ ਕੁਰਸੀ ਬਚਾ ਲਈ ਗਈ।

ਸੂਬੇ ਵਿਚ ਪੌਣੇ ਤਿੰਨ ਦਹਾਕਿਆਂ ਦੇ ਸਮੇਂ ਤੋਂ ਬਾਅਦ ਪਹਿਲੀ ਵਾਰੀ ਅਜਿਹੀ ਸਥਿਤੀ ਬਣੀ ਹੋਈ ਹੈ ਕਿ ਸ਼੍ਰੋਮਣੀ ਅਕਾਲੀ ਦਲ ਕੌਮੀ ਸਿਆਸਤ ਵਿਚ ਪੂਰੀ ਤਰ੍ਹਾਂ ਬੇਅਸਰ ਦਿਖਾਈ ਦੇ ਰਿਹਾ ਹੈ। ਸੁਖਬੀਰ ਵਾਲੇ ਅਕਾਲੀ ਦਲ ਦੀ ਹਾਲਤ ਹੁਣ ਇਹ ਹੈ ਕਿ ਇਸ ਨੂੰ ਨਾ ਤਾਂ ਕਾਂਗਰਸ ਦੀ ਅਗਵਾਈ ਵਾਲੇ 'ਇੰਡੀਆ' ਗੱਠਜੋੜ ਨੇ ਮੂੰਹ ਲਾਇਆ ਅਤੇ ਨਾ ਹੀ ਭਾਰਤੀ ਜਨਤਾ ਪਾਰਟੀ ਨੇ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਦੇ ਨੇੜੇ ਲੱਗਣ ਦਿੱਤਾ।

ਸਾਲ 2022 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਅਕਾਲੀਆਂ ਦਾ ਵੋਟ ਬੈਂਕ ਘੱਟ ਕੇ 18 ਫੀਸਦੀ ਤੱਕ ਰਹਿ ਗਿਆ ਸੀ ਜਦੋਂ ਕਿ ਭਾਜਪਾ ਨੇ ਗੁਜ਼ਾਰੇ ਜੋਗੀਆਂ ਵੋਟਾਂ ਹਾਸਲ ਕਰਨ ਤੋਂ ਬਾਅਦ ਸੰਗਰੂਰ ਅਤੇ ਜਲੰਧਰ ਸੰਸਦੀ ਹਲਕਿਆਂ ਦੀਆਂ ਜ਼ਿਮਨੀ ਚੋਣਾਂ ਦੌਰਾਨ ਵੀ ਪ੍ਰਭਾਵਸ਼ਾਲੀ ਵੋਟ ਬੈਂਕ ਹਾਸਲ ਕੀਤਾ ਸੀ ਜਦੋਂ ਕਿ ਅਕਾਲੀਆਂ ਨੂੰ ਇਨ੍ਹਾਂ ਚੋਣਾਂ 'ਚ ਵੀ ਨਿਰਾਸ਼ਾ ਮਿਲੀ। ਸ਼੍ਰੋਮਣੀ ਅਕਾਲੀ ਦਲ ਦੇ ਇਸ ਸਮੇਂ ਲੋਕ ਸਭਾ ਵਿਚ ਦੋ ਮੈਂਬਰ ਸੁਖਬੀਰ ਬਾਦਲ ਅਤੇ ਹਰਸਿਮਰਤ ਬਾਦਲ ਹਨ। ਇਸ ਪਾਰਟੀ ਦਾ ਰਾਜ ਸਭਾ ਵਿਚ ਕੋਈ ਮੈਂਬਰ ਨਹੀਂ ਹੈ। ਪੰਜਾਬ ਵਿਧਾਨ ਸਭਾ ਵਿਚ ਵੀ ਪਾਰਟੀ ਨੂੰ 3 ਸੀਟਾਂ ਨਾਲ ਹੀ ਸਬਰ ਕਰਨਾ ਪਿਆ ਸੀ। ਇਸ ਲਈ ਅਕਾਲੀ ਦਲ ਨੇ ਆਪਣੇ ਤੋਂ ਵੱਖ ਹੋਈ ਟਕਸਾਲੀ ਆਗੂਆਂ ਮੁੜ ਨਾਲ ਜੋੜਨ ਦੀ ਮੁਹਿੰਮ ਸ਼ੁਰੂ ਕੀਤੀ ਸੀ ਜਿਸ ਨੂੰ ਹੁਣ ਹੁੰਗਾਰਾ ਮਿਲਦਾ ਨਜ਼ਰ ਆ ਰਿਹਾ ਹੈ।

## ਚੀਨ ਨੇ ਰੱਖਿਆ ਬਜਟ 'ਚ 7.2 ਫੀਸਦੀ ਦਾ ਵਾਧਾ ਕੀਤਾ

**ਪੇਈਚਿੰਗ:** ਚੀਨ ਨੇ ਆਪਣੇ ਰੱਖਿਆ ਬਜਟ ਵਿਚ 7.2 ਫੀਸਦੀ ਦੇ ਵਾਧੇ ਦਾ ਐਲਾਨ ਕੀਤਾ ਹੈ, ਜੋ ਪਹਿਲਾਂ ਹੀ ਦੁਨੀਆਂ ਦਾ ਦੂਜਾ ਸਭ ਤੋਂ ਵੱਡਾ ਰੱਖਿਆ ਬਜਟ ਹੈ। ਅਮਰੀਕਾ ਦਾ ਦੁਨੀਆਂ ਵਿਚ ਸਭ ਤੋਂ ਵੱਧ ਰੱਖਿਆ ਬਜਟ ਹੈ, ਜੋ 222 ਅਰਬ ਡਾਲਰ ਹੈ। ਚੀਨ ਦੀ ਸੰਸਦ ਦੇ ਉਦਘਾਟਨੀ ਸੈਸ਼ਨ ਵਿਚ ਐਲਾਨੇ ਅਧਿਕਾਰਤ ਬਜਟ ਦੇ ਅੰਕੜਿਆਂ ਨੂੰ ਬਹੁਤ ਸਾਰੇ ਵਿਦੇਸ਼ੀ ਮਾਹਿਰ ਸੱਤਾਧਾਰੀ ਕਮਿਊਨਿਸਟ ਪਾਰਟੀ ਦੇ ਫੌਜੀ ਵਿੰਗ ਪੀਪਲਜ਼ ਲਿਬਰੇਸ਼ਨ ਆਰਮੀ ਵੱਲੋਂ ਕੀਤੇ ਖ਼ਰਚੇ ਦਾ ਇੱਕ ਹਿੱਸੇ ਮੰਨਦੇ ਹਨ।

# ਮੁਹਾਲੀ 'ਚ ਸ਼ਾਪਿੰਗ ਮਾਲ ਦੇ ਬਾਹਰ ਗੈਂਗਸਟਰ ਦੀ ਹੱਤਿਆ

**ਮੁਹਾਲੀ:** ਮੁਹਾਲੀ ਦੇ ਸੈਕਟਰ-67 ਦੇ ਸੀਪੀ-67 ਸ਼ਾਪਿੰਗ ਮਾਲ ਦੇ ਬਾਹਰ ਦਿਨ-ਦਿਹਾੜੇ ਇਕ ਗੈਂਗਸਟਰ ਦੀ ਹੱਤਿਆ ਕਰ ਦਿੱਤੀ। ਮ੍ਰਿਤਕ ਦੀ ਪਛਾਣ ਰਾਜੇਸ਼ ਡੋਗਰਾ ਉਰਫ਼ ਮੋਹਨ (45) ਵਾਸੀ ਜੰਮੂ ਵਜੋਂ ਹੋਈ ਹੈ। ਪੁਲਿਸ ਅਨੁਸਾਰ ਇਹ ਕਤਲ ਗੈਂਗਵਾਰ ਦਾ ਨਤੀਜਾ ਹੈ। ਪੁਲਿਸ ਰਿਕਾਰਡ ਮੁਤਾਬਕ ਰਾਜੇਸ਼ ਡੋਗਰਾ ਖ਼ਿਲਾਫ਼ ਵੱਖ-ਵੱਖ ਥਾਣਿਆਂ ਵਿਚ ਅੱਠ ਕੇਸ ਦਰਜ ਸਨ, ਉਹ ਹਾਲ ਹੀ ਵਿਚ ਜ਼ਮਾਨਤ 'ਤੇ ਜੰਮੂ ਦੀ ਜੇਲ੍ਹ ਵਿਚੋਂ ਬਾਹਰ ਆਇਆ ਸੀ।

ਏ.ਡੀ.ਜੀ.ਪੀ. ਜਸਕਰਨ ਸਿੰਘ ਅਨੁਸਾਰ, ਮੁੱਢਲੀ ਜਾਂਚ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਇਸ ਕਤਲ ਵਿਚ ਜੰਮੂ ਨਾਲ ਸਬੰਧਤ ਚਾਰ ਲੋਕ ਸ਼ਾਮਲ ਹਨ। ਇਨ੍ਹਾਂ ਵਿਚੋਂ ਇਕ ਨੂੰ ਪੁਲਿਸ ਨੇ ਹਿਰਾਸਤ ਵਿੱਚ ਲਿਆ ਹੈ। ਦੋ ਵਾਹਨ, ਹਥਿਆਰ ਅਤੇ ਮੋਬਾਈਲ ਫੋਨ ਵੀ ਬਰਾਮਦ ਕੀਤੇ ਗਏ ਹਨ। ਪ੍ਰਤੱਖਦਰਸ਼ੀਆਂ ਅਨੁਸਾਰ ਵਾਰਦਾਤ ਤੋਂ ਕੁਝ ਸਮਾਂ ਪਹਿਲਾਂ ਤੋਂ ਹਮਲਾਵਰ ਸ਼ਾਪਿੰਗ ਮਾਲ ਦੇ ਬਾਹਰ ਦੋ ਗੱਡੀਆਂ (ਇਨੋਵਾ/ਕਰੇਟਾ) ਵਿਚ ਰਾਜੇਸ਼ ਡੋਗਰਾ ਦਾ ਇੰਤਜ਼ਾਰ ਕਰ ਰਹੇ ਸਨ। ਜਾਣਕਾਰੀ ਅਨੁਸਾਰ ਰਾਜੇਸ਼ ਡੋਗਰਾ ਨਾਲ ਦੋ ਹੋਰ ਵਿਅਕਤੀ ਜੰਮੂ ਤੋਂ ਮੁਹਾਲੀ ਤੇ ਚੰਡੀਗੜ੍ਹ ਘੁੰਮਣ ਆਏ ਸਨ। ਇਨ੍ਹਾਂ 'ਚੋਂ ਇਕ ਵਿਅਕਤੀ ਹਮਲਾਵਰਾਂ ਨੂੰ ਪਲ-ਪਲ ਦੀ ਖ਼ਬਰ ਦੇ ਰਿਹਾ ਸੀ। ਜਿਵੇਂ ਹੀ ਡੋਗਰਾ ਸੀਪੀ-67 ਸ਼ਾਪਿੰਗ ਮਾਲ 'ਚੋਂ ਬਾਹਰ ਆਇਆ ਤਾਂ ਪਹਿਲਾਂ ਤੋਂ ਹੀ ਘਾਤ ਲਾ ਕੇ ਬੈਠੇ ਹਮਲਾਵਰਾਂ ਨੇ ਉਸ 'ਤੇ ਤਾਬੜਤੋੜ ਗੋਲੀਆਂ ਚਲਾ ਦਿੱਤੀਆਂ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਲੋਕ ਸਭਾ ਚੋਣਾਂ ਨੇੜੇ ਕੇਂਦਰ ਵੱਲੋਂ ਪੰਜਾਬ ਨੂੰ ਇਕ ਹੋਰ ਵਿੱਤੀ ਝਟਕਾ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਚਲੰਤ ਮਾਲੀ ਵਰ੍ਹੇ 2023-24 ਦੌਰਾਨ ਪੰਜਾਬ ਦੇ ਤਕਰੀਬਨ 12,300 ਕਰੋੜ ਰੁਪਏ ਦੇ ਫ਼ੰਡ ਰੋਕ ਲਏ ਹਨ ਜਿਸ ਕਾਰਨ ਸੂਬੇ 'ਚ ਵਿਕਾਸ ਕਾਰਜ ਪ੍ਰਭਾਵਿਤ ਹੋਏ ਹਨ। ਪੇਂਡੂ ਲਿੰਕ ਸੜਕਾਂ ਦੀ ਉਸਾਰੀ ਅਤੇ ਮੁਰੰਮਤ ਵਿਚ ਵੱਡੀ ਖੜੋਤ ਆ ਗਈ ਹੈ।



ਲੋਕ ਸਭਾ ਚੋਣਾਂ ਸਿਰ 'ਤੇ ਹਨ ਅਤੇ ਸੂਬਾ ਸਰਕਾਰ ਨੂੰ ਕੇਂਦਰ ਵੱਲੋਂ ਰੋਕੇ ਫ਼ੰਡ ਰਿਲੀਜ਼ ਹੋਣ ਦੀ ਉਮੀਦ ਵੀ ਹੁਣ ਮੁੱਕ ਗਈ ਹੈ। ਕੇਂਦਰ ਵਿਚ ਨਵੀਂ ਬਣਨ ਵਾਲੀ ਸਰਕਾਰ ਹੀ ਇਸ ਬਾਰੇ ਕੋਈ ਫੈਸਲਾ ਕਰੇਗੀ। ਪੰਜਾਬ ਸਰਕਾਰ ਨੇ ਦਿਹਾਤੀ ਵਿਕਾਸ ਫ਼ੰਡ ਰੋਕੇ ਜਾਣ ਖ਼ਿਲਾਫ਼ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਹੋਈ ਹੈ ਜਿਸ ਦੀ ਸੁਣਵਾਈ ਇਸੇ ਮਹੀਨੇ ਵਿਚ ਹੋਣੀ ਹੈ। ਪੇਂਡੂ ਵਿਕਾਸ ਫ਼ੰਡਾਂ ਦਾ ਕੇਂਦਰ ਵੱਲ ਕਰੀਬ 5500 ਕਰੋੜ ਦਾ ਬਕਾਇਆ ਖੜ੍ਹਾ ਹੈ। ਇਨ੍ਹਾਂ ਫ਼ੰਡਾਂ ਦੇ ਰੁਕਣ ਨਾਲ ਖਸਤਾ ਹਾਲ ਲਿੰਕ ਸੜਕਾਂ ਦੀ ਮੁਰੰਮਤ ਰੁਕੀ ਹੋਈ ਹੈ। ਵੇਰਵਿਆਂ ਅਨੁਸਾਰ ਕੇਂਦਰ ਨੇ ਕੌਮੀ ਸਿਹਤ ਮਿਸ਼ਨ ਦੇ ਫ਼ੰਡਾਂ ਵਿਚ 800 ਕਰੋੜ ਰੁਪਏ ਦੀ ਕਟੌਤੀ ਕੀਤੀ ਹੈ ਅਤੇ 1807 ਕਰੋੜ ਰੁਪਏ ਦੀ ਵਿਸ਼ੇਸ਼ ਸਹਾਇਤਾ ਗਰਾਂਟ ਵੀ ਰੋਕ ਲਈ ਹੈ। ਥੋੜ੍ਹਾ ਸਮਾਂ ਪਹਿਲਾਂ ਹੀ ਕੇਂਦਰ ਵੱਲੋਂ ਪੰਜਾਬ ਦੀ ਕਰਜ਼ਾ ਹੱਦ ਵਿਚ ਵੀ 1800 ਕਰੋੜ ਰੁਪਏ ਦੀ ਕਟੌਤੀ ਕੀਤੀ ਗਈ ਹੈ। ਇਵੇਂ ਹੀ ਕੇਂਦਰ ਨੇ ਉਦੈ ਸਕੀਮ ਨੂੰ ਲਾਗੂ ਕਰਨ ਮਗਰੋਂ ਪਾਵਰਕੌਮ ਨੂੰ ਪਏ 4700 ਕਰੋੜ ਦੇ ਘਾਟੇ 'ਚੋਂ 2400 ਕਰੋੜ ਰੁਪਏ ਪੰਜਾਬ ਸਰਕਾਰ ਨੂੰ ਝੱਲਣ ਲਈ ਕਿਹਾ ਹੈ। ਇਹ ਰਾਸ਼ੀ ਸੂਬੇ ਦੀ ਕਰਜ਼ਾ ਹੱਦ ਵਿਰੁੱਧ ਐਡਜਸਟ ਕੀਤੀ ਜਾਣੀ ਹੈ। ਕੇਂਦਰ ਸਰਕਾਰ ਨੇ ਕੈਸ਼ ਕ੍ਰੈਡਿਟ ਲਿਮਟ ਦੇ 31000 ਕਰੋੜ ਰੁਪਏ ਦੇ ਫ਼ਰਕ ਦੀ ਰਕਮ 'ਤੇ 6100 ਕਰੋੜ ਰੁਪਏ ਦੀ ਰਾਹਤ ਵੀ ਨਹੀਂ ਦਿੱਤੀ ਹੈ। ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਵੱਲੋਂ ਅਸਲ ਵਿਚ ਪੰਜਾਬ ਨਾਲ ਵਿਤਕਰਾ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਵਾਸੀ ਲੋਕ ਸਭਾ ਚੋਣਾਂ 'ਚ ਭਾਜਪਾ ਨਾਲ ਇਸ ਦਾ ਹਿਸਾਬ-ਕਿਤਾਬ ਕਰਨਗੇ।

ਪੰਜਾਬ ਸਰਕਾਰ ਵੱਲੋਂ ਦਾਅਵੇ ਕੀਤੇ ਜਾਂਦੇ ਹਨ ਕਿ ਮਾਲੀਏ ਵਿਚ ਕਾਫ਼ੀ ਵਾਧਾ ਹੋ ਰਿਹਾ ਹੈ ਪਰ ਜਦੋਂ ਕੇਂਦਰੀ ਮਦਦ ਵਿਚ ਵੱਡੀ ਕਮੀ ਆ ਗਈ ਹੈ ਤਾਂ ਮਾਲੀਏ ਵਿਚ ਬੜ੍ਹੌਤਰੀ ਅਸਰਹੀਣ ਹੋ ਰਹੀ ਹੈ। ਹਾਲਾਂਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਜ਼ਿਕਰ ਕੀਤਾ ਕਿ ਦੋ ਵਰ੍ਹਿਆਂ ਹੀ ਆਬਕਾਰੀ ਮਾਲੀਏ ਵਿਚ 3626 ਕਰੋੜ ਦਾ ਵਾਧਾ ਹੋ ਗਿਆ ਹੈ ਅਤੇ ਹੁਣ ਆਬਕਾਰੀ ਤੋਂ ਕਮਾਈ 9785 ਕਰੋੜ ਹੋ ਜਾਵੇਗੀ। ਵਿੱਤ ਮੰਤਰੀ ਮੁਤਾਬਕ ਇਨ੍ਹਾਂ ਚੁਣੌਤੀਆਂ ਦੇ ਬਾਵਜੂਦ ਸੂਬਾ ਸਰਕਾਰ ਸਮੇਂ ਸਿਰ ਦੇਣਦਾਰੀਆਂ ਚੁਕਾ ਰਹੀ ਹੈ।

## ਜਾਅਲੀ ਜੀ.ਐਸ.ਟੀ. ਨੰਬਰ ਰਾਹੀਂ ਕਰੋੜਾਂ ਦਾ ਰਗੜਾ

**ਲੁਧਿਆਣਾ:** ਜਾਅਲੀ ਬਿੱਲਾਂ ਰਾਹੀਂ ਜੀ.ਐਸ.ਟੀ. ਵਿਭਾਗ ਤੇ ਸਰਕਾਰਾਂ ਨੂੰ ਕਰੋੜਾਂ ਦਾ ਰਗੜਾ ਲਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਠੱਗਾਂ ਨੇ ਫੈਕਟਰੀ 'ਚ ਕੰਮ ਕਰਨ ਵਾਲੇ ਨੌਜਵਾਨ ਦੇ ਨਾਂ 'ਤੇ ਜਾਅਲੀ ਜੀ.ਐਸ.ਟੀ. ਨੰਬਰ ਲੈ ਕੇ ਉਸ 'ਤੇ 50 ਕਰੋੜ ਰੁਪਏ ਤੋਂ ਵੱਧ ਦਾ ਕਾਰੋਬਾਰ ਦਿਖਾ ਦਿੱਤਾ ਜਿਸ ਨਾਲ 9 ਤੋਂ 10 ਕਰੋੜ ਰੁਪਏ ਦਾ ਜੀ.ਐਸ.ਟੀ. ਟੈਕਸ ਬਣ ਗਿਆ ਪਰ ਇਹ ਟੈਕਸ ਜਮ੍ਹਾਂ ਨਹੀਂ ਕਰਵਾਇਆ ਗਿਆ। ਇਸ ਮਾਮਲੇ ਵਿਚ ਪੁਲਿਸ ਨੇ ਥਾਣਾ ਬਸਤੀ ਜੋਧੇਵਾਲ 'ਚ ਅਮਨਦੀਪ ਸਿੰਘ ਦੀ ਸ਼ਿਕਾਇਤ 'ਤੇ ਵਿਸ਼ਵਕਰਮਾ ਕਲੋਨੀ ਵਾਸੀ ਹਰਦੀਪ ਸਿੰਘ, ਹਰਕ੍ਰਿਸ਼ਨ ਨਗਰ ਵਾਸੀ ਸੁਖਦੇਵ ਸਿੰਘ, ਗਿੱਲ ਰੋਡ ਵਾਸੀ ਰਣਜੋਧ ਸਿੰਘ ਬੱਬਰ, ਲੇਬਰ ਕਲੋਨੀ ਵਾਸੀ ਸੁਮਿਤ ਕੁਮਾਰ, ਹਰਪਾਲ ਸਿੰਘ ਅਤੇ ਇਕ ਹੋਰ ਖ਼ਿਲਾਫ਼ ਕੇਸ ਦਰਜ ਕੀਤਾ ਹੈ।

## ਪੰਜਾਬ ਵਾਸੀ ਸਾਰੀਆਂ ਲੋਕ ਸਭਾ ਸੀਟਾਂ ਜਿਤਾਉਣ: ਭਗਵੰਤ



**ਅੰਮ੍ਰਿਤਸਰ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਲੋਕਾਂ ਨੂੰ ਸੂਬੇ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਆਮ ਆਦਮੀ ਪਾਰਟੀ ਦੀ ਜਿੱਤ ਯਕੀਨੀ ਬਣਾ ਕੇ ਇਤਿਹਾਸ ਦੁਹਰਾਉਣ ਦਾ ਸੱਦਾ ਦਿੱਤਾ। ਦੋਵਾਂ ਮੁੱਖ ਮੰਤਰੀਆਂ ਨੇ ਅੰਮ੍ਰਿਤਸਰ ਤੇ ਲੁਧਿਆਣਾ ਵਿਚ ਵਪਾਰੀਆਂ ਨਾਲ ਮੁਲਾਕਾਤ ਕੀਤੀ ਤੇ ਵਪਾਰੀਆਂ ਨੂੰ ਕਈ ਰਾਹਤਾਂ ਦੇਣ ਦਾ ਐਲਾਨ ਕਰਦਿਆਂ ਦੱਸਿਆ ਕਿ ਵੈਟ ਦੀ ਓ.ਟੀ.ਐਸ. ਸਾਲ 2016-17 ਤੋਂ ਲਾਗੂ ਰਹੇਗੀ ਤੇ ਅਸੈਸਮੈਂਟ ਮਗਰੋਂ ਆਏ ਸੀ.ਐਫ.ਐਚ. ਫਾਰਮ ਵੀ ਯੋਗ ਮੰਨੇ ਜਾਣਗੇ। ਇਸ ਤੋਂ ਇਲਾਵਾ ਦੋ ਕਰੋੜ ਤੱਕ ਦੀ ਟਰਨਓਵਰ ਵਾਲੇ ਕਾਰੋਬਾਰੀਆਂ ਦਾ ਪੰਜ ਲੱਖ ਦਾ ਮੈਡੀਕਲ ਬੀਮਾ ਵੀ ਸੂਬਾ ਸਰਕਾਰ ਕਰਵਾਏਗੀ। ਸ੍ਰੀ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਛੋਟੇ ਤੇ ਦਰਮਿਆਨੇ ਉਦਯੋਗਾਂ ਨੂੰ ਰਿਆਇਤਾਂ ਦਿੱਤੀਆਂ ਜਾ ਰਹੀਆਂ ਹਨ ਜਿਸ ਨਾਲ ਰੁਜ਼ਗਾਰ ਦੇ ਮੌਕੇ ਵਧਣਗੇ। ਉਨ੍ਹਾਂ ਕਿਹਾ ਕਿ ਸਰਕਾਰ ਪੰਜਾਬ ਵਿੱਚ ਪਲਾਸਟਿਕ ਦੇ ਲਿਫ਼ਾਫ਼ਿਆਂ 'ਤੇ ਪਾਬੰਦੀ ਹਟਾਉਣ ਸਬੰਧੀ ਗੰਭੀਰਤਾ ਨਾਲ ਵਿਚਾਰ ਕਰ ਰਹੀ ਹੈ ਅਤੇ ਇਸ ਬਾਰੇ ਜਲਦੀ ਹੀ ਫ਼ੈਸਲਾ ਲਿਆ ਜਾਵੇਗਾ।

## ਹਰਿਆਣਾ ਦੇ ਸਿੱਖਾਂ ਵੱਲੋਂ ਅਕਾਲ ਤਖ਼ਤ ਦੇ ਜਥੇਦਾਰ ਨਾਲ ਮੁਲਾਕਾਤ

**ਅੰਮ੍ਰਿਤਸਰ:** ਹਰਿਆਣਾ ਤੋਂ ਆਏ ਸਿੱਖਾਂ ਦੇ ਵਫ਼ਦ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕਰ ਕੇ ਅਪੀਲ ਕੀਤੀ ਹੈ ਕਿ ਉਹ ਸੰਘਰਸ਼ ਕਰ ਰਹੀਆਂ ਕਿਸਾਨ ਜਥੇਬੰਦੀਆਂ ਲਈ ਆਦੇਸ਼ ਜਾਰੀ ਕਰਨ ਕਿ ਇਹ ਸੰਘਰਸ਼ ਵੱਖ-ਵੱਖ ਤੌਰ 'ਤੇ ਨਹੀਂ ਸਗੋਂ ਇਕੱਠੇ ਹੋ ਕੇ ਲੜਿਆ ਜਾਵੇ। ਹਰਿਆਣਾ ਤੋਂ ਆਏ ਇਸ ਸਿੱਖ ਵਫ਼ਦ ਦੀ ਅਗਵਾਈ ਬਾਬਾ ਗੁਰਮੀਤ ਸਿੰਘ ਕਾਰ ਸੇਵਾ ਵਾਲੇ ਕਰ ਰਹੇ ਸਨ। ਉਨ੍ਹਾਂ ਤੋਂ ਇਲਾਵਾ ਵਫ਼ਦ ਵਿਚ ਦਲਵਿੰਦਰ ਸਿੰਘ ਮੱਟੂ, ਐਡਵੋਕੇਟ ਅੰਗਰੇਜ਼ ਸਿੰਘ ਪੰਨੂ, ਕਿਸਾਨ ਆਗੂ, ਸਿੱਖ ਚਿੰਤਕ ਤੇ ਬੁੱਧੀਜੀਵੀ ਸ਼ਾਮਲ ਸਨ। ਵਫ਼ਦ ਨੇ ਕਿਸਾਨ ਅੰਦੋਲਨ ਦੌਰਾਨ ਹਰਿਆਣਾ ਸਰਕਾਰ ਵੱਲੋਂ ਕਿਸਾਨਾਂ 'ਤੇ ਕੀਤੇ ਗਏ ਤਸ਼ੱਦਦ 'ਤੇ ਚਿੰਤਾ ਪ੍ਰਗਟਾਈ। ਜ਼ਿਕਰਯੋਗ ਹੈ ਕਿ ਹਰਿਆਣਾ ਸਰਕਾਰ ਵੱਲੋਂ ਪੰਜਾਬ-ਹਰਿਆਣਾ ਸਰਹੱਦ ਉਤੇ ਵੱਡੀਆਂ ਰੋਕਾਂ ਲਾ ਕੇ ਕਿਸਾਨਾਂ ਨੂੰ ਦਿੱਲੀ ਜਾਣ ਤੋਂ ਰੋਕਿਆ ਗਿਆ ਤੇ ਮਗਰੋਂ ਕਿਸਾਨਾਂ 'ਤੇ ਤਸ਼ੱਦਦ ਕੀਤਾ ਗਿਆ। ਇਸ ਅੰਦੋਲਨ ਦੌਰਾਨ ਇਹ ਪਹਿਲੀ ਵਾਰ ਹੈ ਕਿ ਹਰਿਆਣਾ ਦੇ ਸਿੱਖਾਂ ਨੇ ਅੱਗੇ ਆ ਕੇ ਸਰਕਾਰਾਂ ਦੇ ਕਿਸਾਨਾਂ ਪ੍ਰਤੀ ਵਰਤਾਰੇ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ।



ਵਫ਼ਦ ਨੇ ਅੰਦੋਲਨ ਦੌਰਾਨ ਕਿਸਾਨਾਂ ਦੀਆਂ ਵੱਖ-ਵੱਖ ਜਥੇਬੰਦੀਆਂ ਵੱਲੋਂ ਵੱਖ-ਵੱਖ ਤੌਰ 'ਤੇ ਸੰਘਰਸ਼ ਕੀਤੇ ਜਾਣ 'ਤੇ ਚਿੰਤਾ ਪ੍ਰਗਟਾਈ। ਉਨ੍ਹਾਂ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਅਪੀਲ ਕੀਤੀ ਕਿ ਉਹ ਸ੍ਰੀ ਅਕਾਲ ਤਖ਼ਤ ਵੱਲੋਂ ਇਕ ਆਦੇਸ਼ ਜਾਰੀ ਕਰਨ ਤਾਂ ਜੋ ਸਾਰੀਆਂ ਕਿਸਾਨ ਜਥੇਬੰਦੀਆਂ ਇਕ ਹੋ ਕੇ ਸੰਘਰਸ਼ ਕਰਨ। ਉਨ੍ਹਾਂ ਕਿਹਾ ਕਿ ਪਿਛਲੀ ਵਾਰ ਜਦੋਂ ਕਿਸਾਨ ਜਥੇਬੰਦੀਆਂ ਨੇ ਇਕ ਮੰਚ 'ਤੇ ਇਕੱਠੇ ਹੋ ਕੇ ਸੰਘਰਸ਼ ਕੀਤਾ ਸੀ ਤਾਂ ਸਰਕਾਰ ਨੂੰ ਝੁਕਣਾ ਪਿਆ ਸੀ। ਵਫ਼ਦ ਦੇ ਆਗੂਆਂ ਨੇ ਦੱਸਿਆ ਕਿ ਜਥੇਦਾਰ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਸੁਣਿਆ ਤੇ ਭਰੋਸਾ ਦਿੱਤਾ ਕਿ ਜੋ ਖ਼ਦਸ਼ੇ ਪ੍ਰਗਟਾਏ ਗਏ ਹਨ, ਉਹ ਉਨ੍ਹਾਂ ਪ੍ਰਤੀ ਠੋਸ ਕਦਮ ਉਠਾਉਣਗੇ।

## ਸ਼੍ਰੋਮਣੀ ਕਮੇਟੀ ਦੇ ਵਫ਼ਦ ਵੱਲੋਂ ਰਾਜਪਾਲ ਨਾਲ ਮੁਲਾਕਾਤ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਇਕ ਉੱਚ ਪੱਧਰੀ ਵਫ਼ਦ ਨੇ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨਾਲ ਮੁਲਾਕਾਤ ਕਰ ਕੇ ਸੁਲਤਾਨਪੁਰ ਲੋਧੀ ਦੇ ਗੁਰਦੁਆਰੇ ਵਿਚ ਪੁਲਿਸ ਵੱਲੋਂ ਗੋਲੀਬਾਰੀ ਕਰਨ, ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਸਿੱਖ ਨੌਜਵਾਨਾਂ ਵੱਲੋਂ ਭੁੱਖ ਹੜਤਾਲ ਅਤੇ ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਉਠਾਏ। ਵਫ਼ਦ ਦੀ ਅਗਵਾਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ।

ਵਫ਼ਦ ਵੱਲੋਂ ਰਾਜਪਾਲ ਨੂੰ ਤਿੰਨ ਵੱਖ-ਵੱਖ ਮੰਗ ਪੱਤਰ ਸੌਂਪੇ ਗਏ ਅਤੇ ਮਾਮਲਿਆਂ ਸਬੰਧੀ ਕਾਰਵਾਈ ਕਰਨ ਲਈ ਅਪੀਲ ਕੀਤੀ ਗਈ। ਮੁਲਾਕਾਤ ਉਪਰੰਤ ਐਡਵੋਕੇਟ ਧਾਮੀ ਨੇ ਦੱਸਿਆ ਕਿ ਲੰਬਾ ਸਮਾਂ ਬੀਤਣ ਤੋਂ ਬਾਅਦ ਵੀ ਪੰਜਾਬ ਸਰਕਾਰ ਦੀ ਚੁੱਪੀ ਇਹ ਸਾਬਤ ਕਰਦੀ ਹੈ ਕਿ ਗੁਰੂ ਘਰ 'ਤੇ ਪੁਲਿਸ ਹਮਲਾ ਮਿੱਥ ਕੇ ਕੀਤਾ ਗਿਆ ਸੀ। ਉਨ੍ਹਾਂ ਰਾਜਪਾਲ ਤੋਂ ਮੰਗ ਕੀਤੀ ਕਿ ਉਹ ਸੂਬੇ ਦੇ ਸੰਵਿਧਾਨਕ ਮੁਖੀ ਹੋਣ ਦੇ ਨਾਤੇ ਇਸ ਮਾਮਲੇ ਵਿਚ ਦਖ਼ਲ ਦੇ ਕੇ ਸੂਬਾ ਸਰਕਾਰ ਪਾਸੋਂ ਜਵਾਬਤਲਬੀ ਕਰਨ। ਉਨ੍ਹਾਂ ਰਾਜਪਾਲ ਨੂੰ ਇਸ ਮਾਮਲੇ ਸਬੰਧੀ ਸ੍ਰੀ ਅਕਾਲ ਤਖ਼ਤ ਦੇ ਆਦੇਸ਼ਾਂ 'ਤੇ ਬਣਾਈ ਗਈ ਜਾਂਚ ਕਮੇਟੀ ਦੀ ਰਿਪੋਰਟ ਵੀ ਸੌਂਪੀ ਅਤੇ ਇਸ ਰਿਪੋਰਟ ਦੇ ਆਧਾਰ 'ਤੇ ਕਾਰਵਾਈ ਕਰਨ ਲਈ ਕਿਹਾ ਹੈ।



ਡਿਬਰੂਗੜ੍ਹ ਜੇਲ੍ਹ ਵਿਚ ਬੰਦ ਸਿੱਖ ਨੌਜਵਾਨਾਂ ਦੇ ਮਾਮਲੇ ਸਬੰਧੀ ਉਨ੍ਹਾਂ ਰਾਜਪਾਲ ਕੋਲੋਂ ਮੰਗ ਕੀਤੀ ਕਿ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਇਸ ਮਾਮਲੇ ਵਿਚ ਪੰਜਾਬ ਸਰਕਾਰ ਨੂੰ ਹਦਾਇਤ ਕੀਤੀ ਜਾਵੇ ਕਿ ਉਹ ਇਹ ਮੁੱਦਾ ਤੁਰਤ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਕੋਲ ਉਠਾ ਕੇ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਨੌਜਵਾਨਾਂ ਨੂੰ ਪੰਜਾਬ ਦੀ ਜੇਲ੍ਹ ਵਿਚ ਤੁਰਤ ਤਬਦੀਲ ਕਰੇ। ਬੰਦੀ ਸਿੰਘਾਂ ਦੀ ਰਿਹਾਈ ਦੇ ਮਾਮਲੇ ਸਬੰਧੀ ਉਨ੍ਹਾਂ ਰਾਜਪਾਲ ਕੋਲੋਂ ਮੰਗ ਕੀਤੀ ਕਿ ਉਹ ਕੇਂਦਰ ਸਰਕਾਰ ਵੱਲੋਂ 2019 ਵਿਚ ਕੀਤੇ ਗਏ ਨੋਟੀਫਿਕੇਸ਼ਨ ਨੂੰ ਪੂਰੀ ਤਰ੍ਹਾਂ ਲਾਗੂ ਕਰਵਾਉਣ। ਵਫ਼ਦ ਵਿਚ ਮੀਤ ਪ੍ਰਧਾਨ ਗੁਰਬਖ਼ਸ਼ ਸਿੰਘ ਖ਼ਾਲਸਾ, ਜਨਰਲ ਸਕੱਤਰ ਰਾਜਿੰਦਰ ਸਿੰਘ ਮਹਿਤਾ ਅਤੇ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ ਹਾਜ਼ਰ ਸਨ। ਉਨ੍ਹਾਂ ਦੱਸਿਆ ਕਿ ਰਾਜਪਾਲ ਨੇ ਮਾਮਲਿਆਂ ਨੂੰ ਗੰਭੀਰਤਾ ਨਾਲ ਵਿਚਾਰਨ ਦਾ ਭਰੋਸਾ ਦਿੱਤਾ ਹੈ।

## ਕੈਨੇਡਾ ਵਿਚ ਪੰਜਾਬੀ ਨੌਜਵਾਨ ਦੀ ਮੌਤ

**ਮਲੋਟ:** ਤਕਰੀਬਨ ਤਿੰਨ ਸਾਲ ਪਹਿਲਾਂ ਚੰਗੇ ਰੁਜ਼ਗਾਰ ਦੀ ਭਾਲ ਵਿਚ ਕੈਨੇਡਾ ਗਏ ਪਿੰਡ ਗੰਧੜ ਦੇ ਨੌਜਵਾਨ ਕਮਲਪ੍ਰੀਤ ਸਿੰਘ (25) ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਉਹ ਦੋ ਭੈਣਾਂ ਦਾ ਇਕਲੌਤਾ ਭਰਾ ਸੀ। ਮ੍ਰਿਤਕ ਦੇ ਪਿਤਾ ਨੇ ਦੱਸਿਆ ਕਿ ਉਸ ਨੇ ਇਕ ਏਕੜ ਜ਼ਮੀਨ ਵੇਚ ਕੇ ਤਿੰਨ ਸਾਲ ਪਹਿਲਾਂ ਕਮਲਪ੍ਰੀਤ ਨੂੰ ਕੈਨੇਡਾ ਭੇਜਿਆ ਸੀ। ਉਹ ਉੱਥੇ ਟੋਰਾਂਟੋ ਵਿਚ ਡਰਾਈਵਰੀ ਕਰਦਾ ਸੀ। ਉਨ੍ਹਾਂ ਦੱਸਿਆ ਕਿ ਅਜੇ ਉਨ੍ਹਾਂ ਨੂੰ ਇਹੋ ਜਾਣਕਾਰੀ ਮਿਲੀ ਹੈ ਕਿ ਉਨ੍ਹਾਂ ਦੇ ਪੁੱਤਰ ਦੀ ਦਿਲ ਦਾ ਦੌਰਾ ਪੈਣ ਕਰ ਕੇ ਮੌਤ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਉਹ ਆਪਣੇ ਪੁੱਤਰ ਦੀ ਮ੍ਰਿਤਕ ਦੇਹ ਭਾਰਤ ਲਿਆਉਣ ਲਈ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਰਾਬਤਾ ਕਾਇਮ ਕਰ ਰਹੇ ਹਨ।

## ਕੇਂਦਰ ਸਰਕਾਰ ਵੱਲੋਂ ਪਛਵਾੜਾ ਖਾਣ ਦਾ ਕੋਲਾ ਵਰਤਣ ਦੀ ਪ੍ਰਵਾਨਗੀ

**ਚੰਡੀਗੜ੍ਹ:** ਕੇਂਦਰ ਸਰਕਾਰ ਨੇ ਗੋਇੰਦਵਾਲ ਸਾਹਿਬ ਦੇ 'ਗੁਰੂ ਅਮਰਦਾਸ ਥਰਮਲ ਪਲਾਂਟ' ਲਈ ਪਛਵਾੜਾ ਖਾਣ ਦਾ ਕੋਲਾ ਵਰਤੇ ਜਾਣ ਨੂੰ ਪ੍ਰਵਾਨਗੀ ਦੇ ਦਿੱਤੀ ਹੈ। ਪਤਾ ਲੱਗਾ ਹੈ ਕਿ ਪਛਵਾੜਾ ਕੋਲਾ ਖਾਣ ਤੋਂ ਕੋਲੇ ਦੇ ਦੋ ਰੈਕ ਗੋਇੰਦਵਾਲ ਥਰਮਲ ਵਿਚ ਪੁੱਜ ਵੀ ਗਏ ਹਨ। ਪੰਜਾਬ ਸਰਕਾਰ ਵੱਲੋਂ ਹਾਲ ਹੀ ਵਿਚ ਜੀਵੀਕੇ ਕੰਪਨੀ ਤੋਂ 540 ਮੈਗਾਵਾਟ ਦਾ ਇਹ ਤਾਪ ਬਿਜਲੀ ਘਰ 1080 ਕਰੋੜ ਰੁਪਏ ਵਿਚ ਖ਼ਰੀਦਿਆ ਗਿਆ ਹੈ।

ਹੁਣ ਕੇਂਦਰੀ ਕੋਲਾ ਮੰਤਰਾਲੇ ਵੱਲੋਂ ਇਸ ਤਾਪ ਬਿਜਲੀ ਘਰ ਲਈ ਪਛਵਾੜਾ ਕੋਲਾ ਖਾਣ ਦਾ ਕੋਲਾ ਵਰਤਣ ਦੀ ਪ੍ਰਵਾਨਗੀ ਦਿੱਤੇ ਜਾਣ ਨਾਲ ਆਖ਼ਰੀ ਅੜਿੱਕਾ ਵੀ ਦੂਰ ਹੋ ਗਿਆ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ 11 ਫਰਵਰੀ ਨੂੰ ਖਡੂਰ ਸਾਹਿਬ ਰੈਲੀ ਵਿਚ ਖ਼ਰੀਦ ਕੀਤੇ ਇਸ ਥਰਮਲ ਨੂੰ ਪੰਜਾਬ ਵਾਸੀਆਂ ਨੂੰ ਸਮਰਪਿਤ ਕੀਤਾ ਸੀ।



ਵੇਰਵਿਆਂ ਅਨੁਸਾਰ ਪਾਵਰਕੌਮ ਨੂੰ ਪਛਵਾੜਾ ਕੋਲਾ ਖਾਣ 26 ਮਾਰਚ 2015 ਨੂੰ ਅਲਾਟ ਹੋਈ ਸੀ ਜਿਸ ਤੋਂ ਸਾਲਾਨਾ 70 ਲੱਖ ਮੀਟਰਿਕ ਟਨ ਕੋਲਾ ਮਿਲਣਾ ਹੈ। ਇਹ ਕੋਲਾ ਨਿਰੋਲ ਰੂਪ ਵਿਚ ਜਨਤਕ ਖੇਤਰ ਦੇ ਤਾਪ ਬਿਜਲੀ ਘਰਾਂ ਵਾਸਤੇ ਹੈ। ਪਾਵਰਕੌਮ ਵੱਲੋਂ 45 ਲੱਖ ਟਨ ਕੋਲਾ ਲਹਿਰਾ ਮੁਹੱਬਤ ਅਤੇ ਰੋਪੜ ਦੇ ਤਾਪ ਬਿਜਲੀ ਘਰ ਵਿਚ ਵਰਤਿਆ ਜਾ ਰਿਹਾ ਸੀ। ਹੁਣ ਸਾਲਾਨਾ 25 ਲੱਖ ਟਨ ਕੋਲਾ ਨਵੇਂ ਗੋਇੰਦਵਾਲ ਥਰਮਲ ਪਲਾਂਟ ਵਿਚ ਵਰਤਿਆ ਜਾਵੇਗਾ। ਮਤਲਬ ਕਿ ਪਛਵਾੜਾ ਕੋਲਾ ਖਾਣ ਦਾ ਸਮੁੱਚਾ ਕੋਲਾ ਹੁਣ ਵਰਤੋਂ ਵਿਚ ਆਵੇਗਾ। ਪਾਵਰਕੌਮ ਵੱਲੋਂ ਇਸ ਸਾਲ 13 ਫਰਵਰੀ ਨੂੰ ਕੇਂਦਰੀ ਕੋਲਾ ਮੰਤਰਾਲੇ ਨੂੰ ਪੱਤਰ ਭੇਜ ਕੇ ਪਛਵਾੜਾ ਕੋਲਾ ਖਾਣ ਦਾ ਕੋਲਾ ਗੋਇੰਦਵਾਲ ਥਰਮਲ ਪਲਾਂਟ ਲਈ ਵਰਤੇ ਜਾਣ ਦੀ ਪ੍ਰਵਾਨਗੀ ਮੰਗੀ ਗਈ ਸੀ। ਇਸ ਮਹੀਨੇ ਦੀ 7 ਫਰਵਰੀ ਨੂੰ ਹੀ ਪਾਵਰਕੌਮ ਨੇ ਜੀਵੀਕੇ ਪਾਵਰ ਕੰਪਨੀ ਦੇ ਇਸ ਥਰਮਲ ਦਾ ਚਾਰਜ ਸੰਭਾਲਿਆ ਹੈ। ਪਛਵਾੜਾ ਕੋਲਾ ਖਾਣ ਕਾਫ਼ੀ ਸਮੇਂ ਤੋਂ ਬੰਦ ਪਈ ਸੀ ਜਿਸ ਨੂੰ 15 ਦਸੰਬਰ 2022 ਨੂੰ ਹੀ ਮੁੜ ਚਾਲੂ ਕੀਤਾ ਗਿਆ ਹੈ। ਗੋਇੰਦਵਾਲ ਥਰਮਲ ਪਲਾਂਟ ਦੀ ਖ਼ਰੀਦ ਨਾਲ ਹੁਣ ਪਾਵਰਕੌਮ ਨੂੰ ਸਾਲਾਨਾ ਕਰੀਬ 350 ਕਰੋੜ ਰੁਪਏ ਦੀ ਬੱਚਤ ਹੋਵੇਗੀ। ਬਿਜਲੀ ਮਾਹਿਰਾਂ ਅਨੁਸਾਰ ਪਛਵਾੜਾ ਕੋਲਾ ਖਾਣ ਦਾ ਕੋਲਾ ਗੁਣਵੱਤਾ ਵਾਲਾ ਹੈ ਜਿਸ 'ਚ ਸੁਆਹ ਘੱਟ ਹੈ ਅਤੇ ਘੱਟ ਕੋਲੇ ਨਾਲ ਵੱਧ ਬਿਜਲੀ ਬਣਦੀ ਹੈ।

## ਜਗਦੇਵ ਭੰਦੋਹਲ ਬਣੇ ਪੰਜਾਬ ਦੇ ਸੀਨੀਅਰ ਐਡੀਸ਼ਨਲ ਐਡਵੋਕੇਟ ਜਨਰਲ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਵਕੀਲ ਜਗਦੇਵ ਸਿੰਘ ਭੰਦੋਹਲ ਨੂੰ ਸੀਨੀਅਰ ਐਡੀਸ਼ਨਲ ਐਡਵੋਕੇਟ ਜਨਰਲ ਵਜੋਂ ਨਿਯੁਕਤ ਕੀਤਾ ਹੈ। ਗ੍ਰਹਿ ਵਿਭਾਗ ਅਤੇ ਨਿਆਂ ਮੰਤਰਾਲਾ ਦੇ ਸਕੱਤਰ ਵੱਲੋਂ ਨੋਟੀਫ਼ਿਕੇਸ਼ਨ ਜਾਰੀ ਕਰਕੇ ਸ੍ਰੀ ਭੰਦੋਹਲ ਨੂੰ ਪੰਜਾਬ ਲਾਅ ਆਫ਼ਸਰਜ਼ (ਐਂਗੇਜਮੈਂਟ) ਐਕਟ 2017 ਤਹਿਤ ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਦਫ਼ਤਰ ਵਿਚ ਬਤੌਰ ਸੀਨੀਅਰ ਐਡੀਸ਼ਨਲ ਐਡਵੋਕੇਟ ਜਨਰਲ ਵਜੋਂ ਨਿਯੁਕਤ ਕੀਤਾ ਗਿਆ ਹੈ।

ਸ੍ਰੀ ਭੰਦੋਹਲ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਪਿੰਡ ਤੰਦਾਬੱਧਾ ਦੇ ਰਹਿਣ ਵਾਲੇ ਹਨ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਸ਼ਾਮਲਾਟ ਜ਼ਮੀਨਾਂ ਦੇ ਮਾਹਿਰ ਵਕੀਲ ਵਜੋਂ ਜਾਣੇ ਜਾਂਦੇ ਹਨ।

# ਕਿਸਾਨ ਮੋਰਚਿਆਂ ਵਿਚਾਲੇ ਏਕੇ ਦੀ ਗੱਲ ਤੁਰੀ

**ਚੰਡੀਗੜ੍ਹ:** ਦਿੱਲੀ ਕੂਚ ਦੇ ਸੱਦੇ ਹੇਠ ਪੰਜਾਬ ਦੀਆਂ ਹੱਦਾਂ 'ਤੇ ਲੜੇ ਜਾ ਰਹੇ ਸੰਘਰਸ਼ ਨੂੰ ਸਮੁੱਚੀਆਂ ਕਿਸਾਨ ਧਿਰਾਂ ਵੱਲੋਂ ਰਲ ਕੇ ਲੜਨ ਦੇ ਆਸਾਰ ਬਣਦੇ ਨਜ਼ਰ ਆ ਰਹੇ ਹਨ। ਇਸ ਸੰਘਰਸ਼ ਦੀ ਅਗਵਾਈ ਕਰ ਰਹੀਆਂ ਅਤੇ ਦਿੱਲੀ ਕੂਚ ਪ੍ਰੋਗਰਾਮ ਤੋਂ ਬਾਹਰ ਚੱਲ ਰਹੀਆਂ ਕਿਸਾਨ ਜਥੇਬੰਦੀਆਂ ਵਿਚਾਲੇ ਸਮਝੌਤੇ ਦੀ ਗੱਲ ਤੁਰ ਪਈ ਹੈ।

ਇਸ ਸਬੰਧੀ ਦੋਵਾਂ ਮੋਰਚਿਆਂ ਦੇ ਪ੍ਰਮੁੱਖ ਆਗੂਆਂ ਵਿਚਾਲੇ ਇਕ ਉੱਚ ਪੱਧਰੀ ਬੰਦ ਕਮਰਾ ਮੀਟਿੰਗ ਹੋਈ। ਇਸ ਦੌਰਾਨ ਸੰਘਰਸ਼ ਦੀ ਜਿੱਤ ਯਕੀਨੀ ਬਣਾਉਣ ਲਈ ਸਾਰੇ ਮਤਭੇਦ, ਵਖਰੇਵੇਂ ਅਤੇ ਗਿਲੇ-ਸ਼ਿਕਵੇ ਭੁਲਾ ਕੇ ਕਿਸਾਨੀ ਹਿੱਤਾਂ ਦੀ ਇਹ ਲੜਾਈ ਇਕੱਠੇ ਹੋ ਕੇ ਲੜਨ ਦੀ ਅਪੀਲ ਕੀਤੀ ਗਈ। ਮੀਟਿੰਗ ਵਿਚ ਸੰਘਰਸ਼ ਦੀ ਅਗਵਾਈ ਕਰ ਰਹੇ ਆਗੂਆਂ 'ਚੋਂ ਸਰਵਣ ਸਿੰਘ ਪੰਧੇਰ ਅਤੇ ਕਾਕਾ ਸਿੰਘ ਕੋਟੜਾ ਸਮੇਤ ਕੁਝ ਹੋਰਨਾਂ ਨੇ ਸ਼ਿਰਕਤ ਕੀਤੀ ਜਦਕਿ ਸੰਯੁਕਤ ਕਿਸਾਨ ਮੋਰਚਾ ਵੱਲੋਂ ਅਜਿਹੀ ਗੱਲਬਾਤ ਲਈ ਕਾਇਮ ਕੀਤੀ ਗਈ ਛੇ ਮੈਂਬਰੀ ਕਮੇਟੀ ਦੇ ਮੈਂਬਰ ਵਜੋਂ ਜੋਗਿੰਦਰ ਸਿੰਘ ਉਗਰਾਹਾਂ ਸਮੇਤ ਉਨ੍ਹਾਂ ਦੇ ਕੁਝ ਹੋਰ ਸਾਥੀਆਂ ਨੇ ਸ਼ਮੂਲੀਅਤ ਕੀਤੀ।

ਜੋਗਿੰਦਰ ਉਗਰਾਹਾਂ ਨੇ ਇਕ ਸਵਾਲ ਦੇ ਜਵਾਬ 'ਚ ਉਨ੍ਹਾਂ ਕਿਹਾ ਕਿ 2020/21 ਦੇ ਸਾਂਝੇ ਦਿੱਲੀ ਘੋਲ ਦੌਰਾਨ ਅਪਣਾਈ ਗਈ ਪਹੁੰਚ ਅਤੇ ਇਸ ਦੀ ਜਿੱਤ ਦਾ ਤਜਰਬਾ ਅੱਜ ਮੁੜ ਇਕੱਠੇ ਹੋ ਕੇ ਸਾਂਝਾ ਸੰਘਰਸ਼ ਕਰਨ ਲਈ ਆਧਾਰ ਅਤੇ ਸੇਧ ਮੁਹੱਈਆ ਕਰਦਾ ਹੈ। ਉਨ੍ਹਾਂ ਕਿਹਾ ਕਿ ਸਾਰੀਆਂ ਜਥੇਬੰਦੀਆਂ ਦੀਆਂ ਮੰਗਾਂ ਅਤੇ ਹੋਰ ਮਸਲੇ ਸਾਂਝੇ ਹਨ। ਇਸ ਕਰਕੇ ਐਸ.ਕੇ.ਐਮ. ਇਸ ਸੰਘਰਸ਼ ਨੂੰ ਦਿੱਲੀ ਘੋਲ ਦੀ ਤਰ੍ਹਾਂ ਹੀ ਸਾਂਝੀ ਲੜਾਈ ਵਜੋਂ ਲੜਨ ਲਈ ਤਿਆਰ ਹੈ। ਜੇ ਗੈਰ ਸਿਆਸੀ ਮੋਰਚੇ ਦੇ ਆਗੂ ਇਹ ਸੰਘਰਸ਼ ਤਾਲਮੇਲਵੇਂ ਰੂਪ 'ਚ ਲੜਨਾ ਚਾਹੁੰਦੇ ਹਨ ਤਾਂ ਐਸ.ਕੇ.ਐਮ. ਉਵੇਂ ਵੀ ਤਿਆਰ ਹੈ।



## ਸਰਕਾਰ ਕਿਸਾਨਾਂ ਨੂੰ ਖਾਲਿਸਤਾਨੀ ਨਾ ਦੱਸੇ: ਡੱਲੇਵਾਲ

ਸੰਗਰੂਰ: ਖਨੌਰੀ ਬਾਰਡਰ 'ਤੇ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼, ਤਾਮਿਲਨਾਡੂ ਆਦਿ ਰਾਜਾਂ ਦੇ ਕਿਸਾਨ ਆਗੂਆਂ ਨੇ ਕੇਂਦਰ ਦੀ ਭਾਜਪਾ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਪੰਜਾਬ ਤੇ ਹਰਿਆਣਾ 'ਚੋਂ ਉਠੀ ਦੇਸ਼ ਦੇ 100 ਕਰੋੜ ਕਿਸਾਨਾਂ ਦੀ ਆਵਾਜ਼ ਨੂੰ ਖਾਲਿਸਤਾਨੀ ਅਤੇ ਅਤਿਵਾਦੀ ਦੱਸ ਕੇ ਤਾਨਾਸ਼ਾਹੀ ਢੰਗ ਨਾਲ ਦਬਾਉਣ ਦਾ ਯਤਨ ਨਾ ਕੀਤਾ ਜਾਵੇ। ਜੇਕਰ ਮੰਗਾਂ ਮੰਨਣ ਦੀ ਬਜਾਏ ਕਿਸਾਨਾਂ ਉਪਰ ਅੱਤਿਆਚਾਰ ਜਾਰੀ ਰੱਖਿਆ ਤਾਂ ਭਾਜਪਾ ਦੀ ਹਕੂਮਤ ਕਾਇਮ ਨਹੀਂ ਰਹੇਗੀ।

# ਬੇਮੌਸਮੇ ਮੀਂਹ ਤੇ ਗੜੇਮਾਰੀ ਨੇ ਫਸਲਾਂ ਝੰਬੀਆਂ



**ਚੰਡੀਗੜ੍ਹ:** ਪੰਜਾਬ ਵਿਚ ਬੇਮੌਸਮੇ ਮੀਂਹ ਤੇ ਤੇਜ਼ ਹਵਾਵਾਂ ਨਾਲ ਹੋਈ ਗੜੇਮਾਰੀ ਨੇ ਫਸਲਾਂ ਨੂੰ ਝੰਬ ਕੇ ਰੱਖ ਦਿੱਤਾ ਹੈ। ਇਸ ਦੇ ਨਾਲ ਹੀ ਬਠਿੰਡਾ ਤੇ ਮੋਗਾ ਜ਼ਿਲ੍ਹੇ ਦੇ ਬਾਹਰੀ ਇਲਾਕੇ ਵਿਚ ਵਾਵਰੋਲੇ ਨੇ ਤਬਾਹੀ ਮਚਾ ਦਿੱਤੀ ਹੈ। ਇਸੇ ਦੌਰਾਨ ਬਠਿੰਡਾ ਜ਼ਿਲ੍ਹੇ ਦੇ ਭਗਤਾ ਭਾਈ 'ਚ ਝੱਖੜ ਦੀ ਲਪੇਟ 'ਚ ਆਉਣ ਕਾਰਨ ਇਕ ਨੌਜਵਾਨ ਦੀ ਮੌਤ ਹੋ ਗਈ ਜਦਕਿ 9 ਵਿਅਕਤੀ ਜ਼ਖ਼ਮੀ ਹੋ ਗਏ। ਝੱਖੜ ਤੇ ਗੜਿਆਂ ਨੇ ਇਮਾਰਤਾਂ, ਪਸ਼ੂਆਂ ਦੇ ਸ਼ੈੱਡਾਂ ਅਤੇ ਫਸਲਾਂ ਦਾ ਨੁਕਸਾਨ ਕੀਤਾ ਹੈ।

ਦੂਜੇ ਪਾਸੇ ਸੂਬੇ ਦੇ ਅੰਮ੍ਰਿਤਸਰ, ਬਠਿੰਡਾ, ਮੁਕੇਰੀਆ, ਜਲੰਧਰ ਤੇ ਹੋਰਨਾਂ ਇਲਾਕਿਆਂ ਵਿਚ ਵੀ ਤੇਜ਼ ਹਵਾਵਾਂ ਤੋਂ ਇਲਾਵਾ ਗੜਿਆਂ ਨੇ ਪੱਕਣ ਨੇੜੇ ਪਹੁੰਚੀ ਕਣਕ ਦੀ ਫਸਲ ਖੇਤਾਂ 'ਚ ਵਿਛਾ ਦਿੱਤੀ ਹੈ। ਪੰਜਾਬ ਵਿਚ ਤੇਜ਼ ਹਵਾਵਾਂ ਕਰ ਕੇ ਕਣਕ ਦੇ ਨਾਲ-ਨਾਲ ਸਬਜ਼ੀਆਂ ਦੀ ਫਸਲਾਂ ਦਾ ਵੀ ਕਾਫੀ ਨੁਕਸਾਨ ਹੋਇਆ ਹੈ। ਕਿਸਾਨਾਂ ਨੇ ਸੂਬਾ ਸਰਕਾਰ ਤੋਂ ਫ਼ਸਲਾਂ ਦੇ ਖਰਾਬੇ ਲਈ ਗਿਰਦਾਵਰੀ ਤੱਕ ਕਰਵਾਉਣ ਦੀ ਮੰਗ ਕੀਤੀ ਹੈ। ਜਦਕਿ ਖੇਤੀਬਾੜੀ ਵਿਭਾਗ ਨੇ ਸੂਬੇ ਦੇ ਵੱਖ-ਵੱਖ ਹਿੱਸਿਆਂ ਵਿਚ ਨੁਕਸਾਨ ਦੀਆਂ ਰਿਪੋਰਟਾਂ ਲੈਣੀਆਂ ਸ਼ੁਰੂ ਕਰ ਦਿੱਤੀਆਂ ਹਨ।

ਬਾਰਡਰਾਂ 'ਤੇ ਮੀਂਹ ਵਿਚ ਵੀ ਡਟੇ ਰਹੇ ਕਿਸਾਨ: ਖਨੌਰੀ ਅਤੇ ਸ਼ੰਭੂ ਬਾਰਡਰ ਉਤੇ ਡਟੇ ਕਿਸਾਨਾਂ ਨੂੰ ਭਾਵੇਂ ਮੀਂਹ ਅਤੇ ਤੇਜ਼ ਹਵਾਵਾਂ ਕਾਰਨ ਕਈ ਸਮੱਸਿਆਵਾਂ ਨਾਲ ਜੂਝਣਾ ਪਿਆ ਪਰ ਕਿਸਾਨਾਂ ਦੇ ਹੌਸਲੇ ਬੁਲੰਦ ਹਨ। ਮੀਂਹ ਅਤੇ ਤੇਜ਼ ਹਵਾਵਾਂ ਕਾਰਨ ਟਰਾਲੀਆਂ ਉਪਰ ਪਾਈਆਂ ਤਰਪਾਲਾਂ 'ਚੋਂ ਪਾਣੀ ਵੀ ਤਿਪਕਣ ਲੱਗਿਆ। ਹਾਲਾਤ ਭਾਵੇਂ ਕੁੱਝ ਵੀ ਹੋਣ ਪਰ ਕਿਸਾਨ ਆਪਣੇ ਹੱਕਾਂ ਲਈ ਸੰਘਰਸ਼ੀ ਮੋਰਚੇ 'ਤੇ ਡਟੇ ਹੋਏ ਹਨ। ਅੰਦੋਲਨ ਲਈ ਕਿਸਾਨਾਂ 'ਚ ਉਤਸ਼ਾਹ ਤੇ ਜੋਸ਼ ਹੈ।


Singh Tax & Accounting Services LLC.
Individual & Business Taxes, Accounting, Payroll & Financial Consulting Services.
Services: Individual & Small Businesses Tax Filing, Tax Planning, Set up of new Businesses, IRS Audit representation & Amended Tax Returns
Ph: 248-982-2036
Office Locations
Michigan: 36167 Ford Rd.Westland, MI 48185
Minnesota: 6043 Hudson Rd, Suite#399A Woodbury, Minnesota 55125
Email : STS2021@SinghTaxServices.com; www.SinghTaxServices.com
Mohan Singh
Master in Taxation. IRS Enrolled agent, Notary Public



GoldenKey LENDING
Grow your business with our Strategic
COMERCIAL LOAN SOLUTIONS
Partner with us for expert guidance and support
Contact Us at
317-620-4100
www.goldenkeylending.com
We speak your Language
English • ਪੰਜਾਬੀ • हिंदी • اردو
325 S. College Avenue, Indianapolis, Indiana 46202
NMLS 147421



AVEER TRAVEL SOLUTIONS LLC
ਇਮੀਗ੍ਰੇਸ਼ਨ ਨਾਲ ਸਬੰਧਤ ਹੇਠ ਲਿਖੀਆਂ ਸੇਵਾਵਾਂ ਲਈ ਸਾਡੇ ਨਾਲ ਸੰਪਰਕ ਕਰੋ:
• US Passport Services • EAD Renewal
• Indian Passport Renewal • Flight Tickets
• US Citizenship Application • Visa Services
• Green Card Renewal • Notary Services
• OCI & Renunciation • Power of Attorney
• Airport Pick-up & Drop-Off Services
Contact: Aman Kaur Ph: 847-338-2141
(Consular Expert with more than 10 years of experience)
E-mail: Aveertravel@gmail.com
ਤੁਸੀਂ ਸਾਡੇ ਨਾਲ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿਚ ਗੱਲ ਕਰ ਸਕਦੇ ਹੋ।
For Airport Drop-Off and Pickup Indy to Chicago Please Contact AVI at:
847-226-2323
Located in INDIANAPOLIS (IN)



Corporate NMLS# 68434
AZ License# BK-0945946
Sistar Mortgage
A Nationwide Lender
Over 2 Decades of experience providing high level servicing for new and experienced borrowers!
Balbir (Bill) Grewal
MORTGAGE LOAN OFFICER
NMLS# 353442
Residential and Commercial Loans
Available In Most States!
Special loan programs for:
• Jumbo Loans
• Self Employed and with a work permit
• Business loans with or without property
(734) 330-8859
balbir.grewal@sistarmortgage.com
balbirgrewal.sistarmortgage.com
https://www.nmlsconsumeraccess.org

# ਮਾਨ ਤੇ ਕੇਜਰੀਵਾਲ ਵੱਲੋਂ ਸੂਬੇ ਦੇ 13 ਸਕੂਲ ਆਫ ਐਮੀਨੈਂਸ ਲੋਕਾਂ ਨੂੰ ਸਮਰਪਿਤ

**ਲੁਧਿਆਣਾ:** ਸੂਬੇ ਦੇ ਹੋਣਹਾਰ ਵਿਦਿਆਰਥੀਆਂ ਨੂੰ ਵਧੀਆ ਸਿੱਖਿਆ ਸਹੂਲਤਾਂ ਦੇਣ ਲਈ ਪੰਜਾਬ ਸਰਕਾਰ ਵੱਲੋਂ 13 ਸਕੂਲ ਆਫ ਐਮੀਨੈਂਸ ਸ਼ੁਰੂ ਕੀਤੇ ਗਏ। ਇਨ੍ਹਾਂ 'ਚੋਂ ਇੱਥੇ ਇੰਦਰਾਪੁਰੀ ਵਿਚ ਬਣੇ ਸਕੂਲ ਦਾ ਉਦਘਾਟਨ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਹੋਣਹਾਰ ਵਿਦਿਆਰਥੀਆਂ ਨੂੰ ਵਧੀਆ ਪੜ੍ਹਾਈ ਸਹੂਲਤਾਂ ਦੇਣਾ ਉਨ੍ਹਾਂ ਦੀ ਸਰਕਾਰ ਦਾ ਮੁੱਖ ਟੀਚਾ ਹੈ। ਸ੍ਰੀ ਕੇਜਰੀਵਾਲ ਨੇ ਕਿਹਾ ਕਿ ਕੇਂਦਰ ਤੋਂ ਪੰਜਾਬ ਦਾ ਪੈਸਾ ਵਾਪਸ ਲਿਆਉਣ ਲਈ ਪੰਜਾਬੀ 'ਆਪ' ਨੂੰ ਲੋਕ ਸਭਾ ਦੀਆਂ ਸਾਰੀਆਂ 13 ਸੀਟਾਂ ਜਿਤਾਉਣ।

ਮੁੱਖ ਮੰਤਰੀ ਮਾਨ ਨੇ ਕਿਹਾ ਕਿ ਉਨ੍ਹਾਂ ਦੇ ਸਮੇਂ ਵਿਚ ਤੱਪੜਾਂ 'ਤੇ ਬੈਠ ਕੇ ਪੜ੍ਹਾਈ ਹੁੰਦੀ ਸੀ ਅਤੇ ਅੱਜ ਇਹ ਸਕੂਲ ਦੇਖ ਕੇ ਦੁਬਾਰਾ ਪੜ੍ਹਾਈ ਕਰਨ ਨੂੰ ਜੀਅ ਕਰਨ ਲੱਗ ਪਿਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਕੰਮ ਦੀ ਰਾਜਨੀਤੀ ਵਿਚ ਵਿਸ਼ਵਾਸ ਰੱਖਦੀ ਹੈ। ਦਿੱਲੀ ਤੋਂ ਬਾਅਦ ਹੁਣ ਪੰਜਾਬ ਵਿਚ ਸਿੱਖਿਆ ਦੇ ਖੇਤਰ ਵਿੱਚ ਵੱਡੀ ਕ੍ਰਾਂਤੀ ਦੇਖਣ ਨੂੰ ਮਿਲ ਰਹੀ ਹੈ। ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੇਸ਼ ਦਾ ਮੋਹਰੀ ਸੂਬਾ ਹੋਵੇਗਾ। ਇਸ ਦੌਰਾਨ ਮੁੱਖ ਮੰਤਰੀ ਨੇ ਸਕੂਲ ਦੇ ਵਿਦਿਆਰਥੀਆਂ ਨਾਲ ਗੱਲਬਾਤ ਕਰ ਕੇ ਉਨ੍ਹਾਂ ਦੇ ਮਿੱਥੇ ਟੀਚਿਆਂ ਬਾਰੇ ਵੀ ਜਾਣਕਾਰੀ ਹਾਸਲ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਨਿੱਜੀ ਖੇਤਰ ਵਿਚ ਸ਼ਾਇਦ ਹੀ ਕੋਈ ਅਜਿਹਾ ਸਕੂਲ ਹੋਵੇ ਜਿਸ ਵਿਚ ਖੇਡ ਮੈਦਾਨ, ਲਾਅਨ ਟੈਨਿਸ, ਸਵਿਮਿੰਗ ਪੂਲ, ਲੈਬਾਰਟਰੀਆਂ ਅਤੇ ਹੋਰ ਸਹੂਲਤਾਂ ਮੁਹੱਈਆ ਕਰਵਾਈਆਂ ਗਈਆਂ ਹੋਣ। ਉਨ੍ਹਾਂ ਕਿਹਾ ਕਿ ਹੁਣ ਵਿਦਿਆਰਥੀਆਂ ਨੂੰ ਜੀਵਨ ਵਿਚ ਸਫ਼ਲ ਹੋਣ ਲਈ ਨੀਟ ਅਤੇ ਜੇ.ਈ.ਈ. ਦੀ ਸਿਖਲਾਈ ਵੀ ਦਿੱਤੀ ਜਾ ਰਹੀ ਹੈ। ਉਨ੍ਹਾਂ ਜਿੱਥੇ ਸੂਬੇ ਵਿਚ ਸਿੱਖਿਆ, ਸਿਹਤ ਅਤੇ ਉਦਯੋਗ ਖੇਤਰ ਨੂੰ ਉਚਾਈਆਂ 'ਤੇ ਲਿਜਾਣ ਦੀ ਗੱਲ ਕੀਤੀ ਉੱਥੇ ਹੀ ਲੋਕਾਂ ਦਾ ਪੈਸਾ, ਲੋਕਾਂ 'ਤੇ ਖਰਚਣ ਦਾ ਭਰੋਸਾ ਦਿੱਤਾ।

# 28 ਜੁਲਾਈ ਨੂੰ ਲੱਗੇਗਾ ਪਾਓ ਦਾ ਤੀਆਂ ਦਾ ਮੇਲਾ

**ਸ਼ਿਕਾਗੋ:** ਇੱਥੋਂ ਦੇ ਪੰਜਾਬੀ ਭਾਈਚਾਰੇ ਨੂੰ ਆਪਣੇ ਵਿਰਸੇ ਨਾਲ ਜੋੜੀ ਰੱਖਣ ਲਈ ਕਾਰਜਸ਼ੀਲ ਪੰਜਾਬੀ ਅਮੈਰਿਕਨ ਆਰਗੇਨਾਈਜ਼ੇਸ਼ਨ (ਪਾਓ) ਵਲੋਂ ਹਰ ਸਾਲ ਵਾਂਗ ਐਤਕੀਂ ਵੀ ਤੀਆਂ ਦਾ ਮੇਲਾ ਕਰਵਾਇਆ ਜਾ ਰਿਹਾ ਹੈ, ਜਿਸ ਦੀ ਮਿਡਵੈਸਟ ਰਹਿੰਦੀਆਂ ਪੰਜਾਬਣਾਂ ਨੂੰ ਬੇਸਬਰੀ ਨਾਲ ਉਡੀਕ ਰਹਿੰਦੀ ਹੈ।







ਪਾਓ ਵਲੋਂ ਪਿਛਲੇ ਸਾਲ ਕਰਵਾਏ ਗਏ ਤੀਆਂ ਦੇ ਮੇਲੇ ਦੀਆਂ ਯਾਦਗਾਰੀ ਤਸਵੀਰਾਂ।

ਪਾਓ ਦੇ ਮੁੱਖ ਪ੍ਰਬੰਧਕ ਮਿੰਨੀ ਮੁਲਤਾਨੀ ਨੇ ਦੱਸਿਆ ਕਿ ਇਸ ਵਾਰ ਪਾਓ ਵਲੋਂ 20ਵਾਂ ਤੀਆਂ ਦਾ ਮੇਲਾ 28 ਜੁਲਾਈ ਨੂੰ ਕਰਾਇਆ ਜਾ ਰਿਹਾ ਹੈ, ਜਿਸ ਵਿਚ ਪਿਛਲੇ ਸਾਲਾਂ ਨਾਲੋਂ ਕੁਝ ਹਟ ਕੇ ਤੇ ਨਵਾਂ ਦੇਖਣ ਨੂੰ ਮਿਲੇਗਾ। ਐਤਕੀਂ ਫੈਸ਼ਨ ਸ਼ੋਅ ਖਿੱਚ ਦਾ ਕੇਂਦਰ ਰਹੇਗਾ। ਇਸ ਤੋਂ ਇਲਾਵਾ ਸ਼ੌਂਕਣ ਮੇਲੇ ਦੀ, ਗੀਤ-ਸੰਗੀਤ, ਡਾਂਸ, ਡੀ.ਜੇ. ਅਤੇ ਗਿੱਧੇ ਨਾਲ ਮੇਲਣਾਂ ਦਾ ਮਨੋਰੰਜਨ ਕੀਤਾ ਜਾਵੇਗਾ। ਹਰ ਸਾਲ ਵਾਂਗ ਬੀਬੀਆਂ ਲਈ ਖਰੀਦਦਾਰੀ ਵਾਸਤੇ ਪੰਜਾਬੀ ਬਾਜ਼ਾਰ ਵੀ ਲਾਇਆ ਜਾਵੇਗਾ, ਜਿੱਥੇ ਵੱਖ-ਵੱਖ ਸਟਾਲਾਂ ਤੋਂ ਬੀਬੀਆਂ ਗਹਿਣੇ, ਸੂਟ, ਫੁਲਕਾਰੀਆਂ, ਪੰਜਾਬੀ ਜੁੱਤੀਆਂ ਆਦਿ ਦੀ ਖਰੀਦਦਾਰੀ ਕਰ ਸਕਣਗੀਆਂ। ਪਾਓ ਦੀਆਂ ਬੋਰਡ ਮੈਂਬਰਾਂ ਨੇ ਮਿਡਵੈਸਟ ਦੀਆਂ ਪੰਜਾਬਣਾਂ ਨੂੰ ਵਧ-ਚੜ੍ਹ ਕੇ ਤੀਆਂ ਦੇ ਮੇਲੇ ਵਿਚ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਹੁਣੇ ਤੋਂ ਤਿਆਰੀ ਖਿੱਚਣ ਲਈ ਆਖਿਆ। ਵਧੇਰੇ ਜਾਣਕਾਰੀ ਲਈ ਮੁੱਖ ਪ੍ਰਬੰਧਕ ਮਿੰਨੀ ਮੁਲਤਾਨੀ ਨਾਲ 630-935-5239 ਜਾਂ ਬੋਰਡ ਮੈਂਬਰਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।


Dhillon Travel Plaza
Dhillon Road Service
Interstate 40, exit 356, San Jon, NM




ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph: 571-606-0829, 317-242-9936

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways
For Emergency Call anytime at 847-436-9010



EARLY BIRD SALE!!!!
Etihad, Air India, KLM, Lufthansa, Delta, Qatar Airlines.
Domestic fares available

Shoping center with Bp truck stop for Sale
Shoping center with Bp truck stop is for Sale,
Address: 104 s US 51 Forsyth IL, 60010



* 2.5 acre land * Build in 2005 * New tanks
* Maharani Kichen. Indian grocery. Restaurent bar with full liquor licence. * With store liquor licence. with walking cooler and freezer 3000 scare store.
Bank also. rent bank branch. No fuel contract.
Call: 847-254-2715

# ਪੰਜਾਬ ਸਰਕਾਰ ਦੀ ਆਮਦਨ ਵਿਚ ਚੋਖੇ ਵਾਧੇ ਦਾ ਦਾਅਵਾ ਕੀਤਾ

**ਚੰਡੀਗੜ੍ਹ:** ਇਕ ਮਹੱਤਵਪੂਰਨ ਪ੍ਰਾਪਤੀ ਹਾਸਲ ਕਰਦਿਆਂ ਪੰਜਾਬ ਨੇ ਵਿੱਤੀ ਸਾਲ 2022-23 ਦੇ ਮੁਕਾਬਲੇ ਚਾਲੂ ਵਿੱਤੀ ਸਾਲ ਵਿਚ ਫਰਵਰੀ ਦੇ ਅੰਤ ਤੱਕ ਵਸਤੂਆਂ ਅਤੇ ਸੇਵਾਵਾਂ ਕਰ (ਜੀ.ਐਸ.ਟੀ) ਵਿਚ 15.69 ਪ੍ਰਤੀਸ਼ਤ ਵਾਧਾ ਅਤੇ ਆਬਕਾਰੀ ਮਾਲੀਆ ਸੰਗ੍ਰਹਿ ਵਿਚ 11.71 ਪ੍ਰਤੀਸ਼ਤ ਵਾਧਾ ਦਰਜ ਕੀਤਾ ਹੈ।

ਸੂਬੇ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਮਾਰਚ 2022 ਵਿਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕਾਰਜਭਾਰ ਸੰਭਾਲਣ ਤੋਂ ਬਾਅਦ ਸੂਬਾ ਵਿੱਤੀ ਸੁਧਾਰਾਂ ਦੀ ਗਵਾਹੀ ਭਰ ਰਿਹਾ ਹੈ। ਉਨ੍ਹਾਂ ਕਿਹਾ ਕਿ ਚਾਲੂ ਵਿੱਤੀ ਸਾਲ ਵਿਚ ਫਰਵਰੀ ਤੱਕ ਕੁੱਲ ਜੀ.ਐਸ.ਟੀ ਪ੍ਰਾਪਤੀ ਵਿੱਤੀ ਸਾਲ 2022-23 ਦੀ ਇਸੇ ਮਿਆਦ ਦੌਰਾਨ ਇਕੱਤਰ ਕੀਤੇ 16615.52 ਕਰੋੜ ਰੁਪਏ ਦੇ ਮੁਕਾਬਲੇ 19222.5 ਕਰੋੜ ਰੁਪਏ ਰਹੀ, ਅਤੇ 2606.98 ਕਰੋੜ ਰੁਪਏ ਦਾ ਵਾਧਾ ਦਰਜ ਕੀਤਾ ਗਿਆ। ਉਨ੍ਹਾਂ ਕਿਹਾ ਕਿ ਆਬਕਾਰੀ ਤੋਂ ਮਾਲੀਏ ਵਿਚ ਵਾਧਾ ਵੀ 8093.59 ਕਰੋੜ ਰੁਪਏ ਦੇ ਸੰਗ੍ਰਹਿ ਦੇ ਨਾਲ 842.72 ਕਰੋੜ ਰੁਪਏ ਦਾ ਸ਼ਾਨਦਾਰ ਵਾਧਾ ਦਰਸਾਉਂਦਾ ਹੈ, ਜਦੋਂ ਕਿ ਪਿਛਲੇ ਵਿੱਤੀ ਸਾਲ ਦੀ ਇਸੇ ਮਿਆਦ ਦੌਰਾਨ 7244.87 ਕਰੋੜ ਰੁਪਏ ਪ੍ਰਾਪਤ ਹੋਏ ਸਨ।



ਉਨ੍ਹਾਂ ਕਿਹਾ ਕਿ ਬਿਹਤਰ ਯੋਜਨਾਬੰਦੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਸਦਕਾ ਰਾਜ ਨੇ ਫਰਵਰੀ ਦੇ ਅੰਤ ਤੱਕ ਵੈਟ, ਸੀ.ਐਸ.ਟੀ, ਜੀ.ਐਸ.ਟੀ, ਪੀ.ਐਸ.ਡੀ.ਟੀ, ਅਤੇ ਆਬਕਾਰੀ ਤੋਂ 34,158 ਕਰੋੜ ਰੁਪਏ ਦਾ ਮਾਲੀਆ ਪ੍ਰਾਪਤ ਕਰਦਿਆਂ ਸ਼ੁੱਧ ਕਰ ਮਾਲੀਏ ਵਿਚ 13.85 ਪ੍ਰਤੀਸ਼ਤ ਦਾ ਵਾਧਾ ਦਰਜ ਕੀਤਾ ਹੈ। ਵਿੱਤ ਮੰਤਰੀ ਚੀਮਾ ਨੇ ਅੱਗੇ ਕਿਹਾ ਕਿ ਇਹ ਅੰਕੜੇ ਸਿਰਫ਼ ਗਿਣਤੀ ਨਹੀਂ ਬਲਕਿ ਪੰਜਾਬ ਦੇ ਲੋਕਾਂ ਵੱਲੋਂ ਸਾਡੀ ਸਰਕਾਰ ਵਿਚ ਰੱਖੇ ਭਰੋਸੇ ਨੂੰ ਦਰਸਾਉਂਦੇ ਹਨ ਅਤੇ ਪੰਜਾਬ ਸਰਕਾਰ ਇਸ ਮਾਲੀਏ ਦੀ ਵਰਤੋਂ ਮਹੱਤਵਪੂਰਨ ਜਨਤਕ ਸੇਵਾਵਾਂ, ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਸਮਾਜ ਭਲਾਈ ਲਈ ਅਜਿਹੇ ਪ੍ਰੋਗਰਾਮ ਵਿਚ ਜ਼ਿੰਮੇਵਾਰੀ ਨਾਲ ਖਰਚ ਕਰਨ ਲਈ ਸਮਰਪਿਤ ਹੈ ਜੋ ਪੰਜਾਬ ਵਾਸੀਆਂ ਦੇ ਜੀਵਨ ਨੂੰ ਹੋਰ ਉੱਚਾ ਚੁੱਕਣ।

ਮੌਜੂਦਾ ਰਾਜ ਸਰਕਾਰ ਦੁਆਰਾ ਸਟੇਟ ਇੰਟੈਲੀਜੈਂਸ ਐਂਡ ਪ੍ਰੀਵੈਂਟਿਵ ਯੂਨਿਟ (ਐਸ.ਆਈ.ਪੀ.ਯੂ) ਅਤੇ ਜੀ.ਐਸ.ਟੀ ਪ੍ਰਾਈਮ ਪੋਰਟਲ ਦੀ ਸ਼ੁਰੂਆਤ ਦਾ ਹਵਾਲਾ ਦਿੰਦੇ ਹੋਏ, ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਤਕਨਾਲੋਜੀ ਦੁਆਰਾ ਸੰਚਾਲਿਤ ਪ੍ਰਣਾਲੀ ਦੇ ਲਾਗੂ ਹੋਣ ਨਾਲ ਜੀ.ਐਸ.ਟੀ ਅਤੇ ਆਬਕਾਰੀ ਮਾਲੀਆ ਪ੍ਰਾਪਤ ਕਰਨ ਦੀ ਸਮਰੱਥਾ, ਪਾਰਦਰਸ਼ਤਾ ਅਤੇ ਪਾਲਣਾ ਵਿਚ ਸੁਧਾਰ ਹੋਇਆ ਹੈ। ਵਿੱਤ ਮੰਤਰੀ ਨੇ ਕਿਹਾ ਕਿ ਜੀ.ਐਸ.ਟੀ ਅਤੇ ਆਬਕਾਰੀ ਸੰਗ੍ਰਹਿ ਵਿਚ ਇਹ ਬੇਮਿਸਾਲ ਵਾਧਾ ਪੰਜਾਬ ਦੇ ਆਰਥਿਕ ਲਚਕੀਲੇਪਣ ਅਤੇ ਚੰਗੇ ਵਿੱਤੀ ਪ੍ਰਬੰਧਨ ਲਈ ਸਾਡੀ ਸਰਕਾਰ ਦੀ ਅਟੁੱਟ ਵਚਨਬੱਧਤਾ ਦਾ ਪ੍ਰਮਾਣ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਕਰ ਪ੍ਰਸ਼ਾਸਨ ਨੂੰ ਸਫਲਤਾਪੂਰਵਕ ਢੰਗ ਨਾਲ ਸੁਚਾਰੂ ਬਣਾਇਆ ਹੈ, ਚੋਰੀ ਨੂੰ ਰੋਕਿਆ ਹੈ, ਅਤੇ ਇਕ ਕਾਰੋਬਾਰ-ਅਨੁਕੂਲ ਮਾਹੌਲ ਬਣਾਇਆ ਹੈ ਜਿਸ ਨੇ ਕਰ ਪਾਲਣਾ ਨੂੰ ਉਤਸ਼ਾਹਿਤ ਕੀਤਾ ਹੈ।

# ਯੂਨੀਵਰਸਿਟੀ ’ਚ ਮੰਤਰੀ ਦੇ ਪੁੱਤ ਦੀ ਨਿਯੁਕਤੀ ’ਤੇ ਵਿਵਾਦ ਭਖਿਆ

**ਜਲੰਧਰ:** ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਅਤੇ ਕਰਤਾਰਪੁਰ ਤੋਂ ਆਮ ਆਦਮੀ ਪਾਰਟੀ ਦੇ ਕੈਬਨਿਟ ਮੰਤਰੀ ਬਲਕਾਰ ਸਿੰਘ ਇਕ ਵਾਰ ਮੁੜ ਵਿਵਾਦਾਂ ਵਿਚ ਘਿਰ ਗਏ ਹਨ। ਇਸ ਵਾਰ ਉਹ ਆਪਣੇ ਪੁੱਤਰ ਸ਼ੁਸ਼ੋਬਿਤਵੀਰ ਸਿੰਘ ਦੀ ਸਰਕਾਰੀ ਅਹੁਦੇ ‘ਤੇ ਨਿਯੁਕਤੀ ਨੂੰ ਲੈ ਕੇ ਵਿਵਾਦਾਂ ਵਿਚ ਆਏ ਹਨ।

ਉਨ੍ਹਾਂ ਦੇ ਪੁੱਤਰ ਦੀ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਦੇ ਬਿਜ਼ਨਸ ਇਨਕਿਊਬੇਸ਼ਨ ਸੈਂਟਰ ਵਿਚ ਮੈਨੇਜਰ ਵਜੋਂ ਨਿਯੁਕਤੀ ਕੀਤੀ ਗਈ ਹੈ। ਇਹ ਨਿਯੁਕਤੀ ਨਿਯਮਾਂ ਦੀ ਉਲੰਘਣਾ ਕਰ ਕੇ ਠੇਕੇ ‘ਤੇ ਕੀਤੀ ਗਈ ਹੈ। ਇਹ ਮਾਮਲਾ ਕਾਂਗਰਸੀ ਵਿਧਾਇਕ ਸੁਖਪਾਲ ਖਹਿਰਾ ਨੇ ਪੰਜਾਬ ਦੇ ਰਾਜਪਾਲ ਤੇ ਯੂਨੀਵਰਸਿਟੀ ਦੇ ਚਾਂਸਲਰ ਬਨਵਾਰੀ ਲਾਲ ਪੁਰੋਹਿਤ ਕੋਲ ਚੁੱਕਦਿਆਂ ਇਸ ਨਿਯੁਕਤੀ ਨੂੰ ਰੱਦ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਦੋਸ਼ ਲਾਇਆ



ਹੈ ਕਿ ਇਹ ਦੋ ਮੰਤਰੀਆਂ ਹਰਜੋਤ ਬੈਂਸ (ਤਕਨੀਕੀ ਸਿੱਖਿਆ ਮੰਤਰੀ) ਅਤੇ ਬਲਕਾਰ ਸਿੰਘ (ਸਥਾਨਕ ਸਰਕਾਰਾਂ ਬਾਰੇ ਮੰਤਰੀ) ਦੇ ਹਿੱਤਾਂ ਦੇ ਟਕਰਾਅ ਦਾ ਮਾਮਲਾ ਹੈ। ਇਸ ਮਾਮਲੇ ‘ਤੇ ਆਰ.ਟੀ.ਆਈ. ਕਾਰਕੁਨ ਮਾਨਿਕ ਗੋਇਲ ਨੇ ਵੀ ਟਵੀਟ ਕਰਦਿਆਂ ਕਿਹਾ ਕਿ ਇੰਨੀ ਮਹੱਤਵਪੂਰਨ ਨਿਯੁਕਤੀ ਲਈ ਅਖਬਾਰ ਵਿਚ ਕੋਈ ਇਸ਼ਤਿਹਾਰ ਨਹੀਂ ਦਿੱਤਾ ਗਿਆ ਤੇ ਨਾ ਹੀ ਕੋਈ ਪ੍ਰੀਖਿਆ ਲਈ ਗਈ, ਸਿਰਫ ਇਕ ਛੋਟੀ ਜਿਹੀ ਜਾਣਕਾਰੀ ਵੈੱਬਸਾਈਟ ‘ਤੇ ਨਸ਼ਰ ਕੀਤੀ ਗਈ। ਇਸ ਸਬੰਧੀ 5 ਅਕਤੂਬਰ ਨੂੰ ਵਾਕ-ਇਨ-ਇੰਟਰਵਿਊ ਲਈ ਗਈ ਜਿਸ ਵਿਚ ਸ਼ੁਸ਼ੋਬਿਤਵੀਰ ਸਿੰਘ ਤੋਂ ਇਲਾਵਾ ਕੋਈ ਵੀ ਉਮੀਦਵਾਰ ਨਹੀਂ ਆਇਆ। ਖਹਿਰਾ ਨੇ ਟਵੀਟ ਕਰ ਕੇ ਕਿਹਾ ਕਿ ਇਹ ਨਿਯੁਕਤੀ ਪਾਰਦਰਸ਼ੀ ਢੰਗ ਨਾਲ ਨਹੀਂ ਕੀਤੀ ਗਈ। ਉਨ੍ਹਾਂ ਇਸ ਸਬੰਧੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਨਿਰਦੇਸ਼ਾਂ ਨੂੰ ਵੀ ਨੱਥੀ ਕੀਤਾ ਹੈ ਜਿਸ ਵਿਚ ਸਪਸ਼ਟ ਕਿਹਾ ਗਿਆ ਹੈ ਕਿ ਇੰਦਰ ਕੁਮਾਰ ਗੁਜਰਾਲ ਯੂਨੀਵਰਸਿਟੀ ਵਿਚ ਭਵਿੱਖ ਵਿਚ ਸਥਾਈ ਨਿਯੁਕਤੀਆਂ ਹੀ ਕੀਤੀਆਂ ਜਾਣ ਤੇ ਨਿਯਮਾਂ ਨੂੰ ਅਣਗੌਲਿਆ ਕਰ ਕੇ ਕੋਈ ਵੀ ਐਡਹਾਕ ‘ਤੇ ਨਿਯੁਕਤੀ ਨਾ ਕੀਤੀ ਜਾਵੇ। ਯੂਨੀਵਰਸਿਟੀ ਵਿਚ ਕੰਮ ਕਰਦੇ ਮੁਲਾਜ਼ਮਾਂ ਨੇ ਦੱਸਿਆ ਕਿ ਸ਼ੁਸ਼ੋਬਿਤਵੀਰ ਆਪਣੀ ਡਿਊਟੀ ‘ਤੇ ਵੀ ਨਹੀਂ ਆਉਂਦਾ ਪਰ ਪੰਜਾਹ ਹਜ਼ਾਰ ਰੁਪਏ ਮਹੀਨਾ ਤਨਖਾਹ ਲੈਂਦਾ ਹੈ। ਉਧਰ, ਕੈਬਨਿਟ ਮੰਤਰੀ ਬਲਕਾਰ ਸਿੰਘ ਤੇ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਸੁਸ਼ੀਲ ਮਿੱਤਲ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਸ਼ੁਸ਼ੋਬਿਤਵੀਰ ਨਿਯਮਤ ਸਮੇਂ ‘ਤੇ ਕੈਂਪਸ ਆਉਂਦਾ ਹੈ ਤੇ ਆਪਣੀ ਡਿਊਟੀ ਪੂਰੀ ਕਰਦਾ ਹੈ। ਡਾ. ਮਿੱਤਲ ਨੇ ਕਿਹਾ ਕਿ ਯੂਨੀਵਰਸਿਟੀ ਵੱਲੋਂ ਹਰ ਸਾਲ ਸੌ ਠੇਕਾ ਮੁਲਾਜ਼ਮਾਂ ਦੀ ਭਰਤੀ ਕੀਤੀ ਜਾਂਦੀ ਹੈ ਤੇ ਹੁਣ ਇਸ ਮਾਮਲੇ ਨੂੰ ਸਿਰਫ ਇਸ ਕਰਕੇ ਤੂਲ ਦਿੱਤੀ ਗਈ ਹੈ ਕਿ ਉਹ ਮੰਤਰੀ ਦਾ ਲੜਕਾ ਹੈ।

# ਸੱਤਾ ’ਚ ਆਉਣ ’ਤੇ ਐਮ.ਐਸ.ਪੀ. ਦਿਆਂਗੇ: ਰਾਹੁਲ



**ਜੈਪੁਰ:** ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਇੱਥੇ ਕਿਹਾ ਕਿ ਕੇਂਦਰ ਦੀ ਸੱਤਾ ਵਿਚ ਆਉਣ ‘ਤੇ ਉਨ੍ਹਾਂ ਦੀ ਪਾਰਟੀ ਕਿਸਾਨਾਂ ਨੂੰ ਕਾਨੂੰਨੀ ਤੌਰ ਉਤੇ ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਦੇਵੇਗੀ। ‘ਭਾਰਤ ਜੋੜੋ ਨਿਆਏ‘ ਦੇ ਮੱਧ ਪ੍ਰਦੇਸ਼ ਵਿਚ ਦਾਖ਼ਲ ਹੋਣ ਮਗਰੋਂ ਮੁਰੈਨਾ ਵਿਚ ਇਕ ਰੈਲੀ ਨੂੰ ਸੰਬੋਧਨ ਕਰਦਿਆਂ ਰਾਹੁਲ ਨੇ ਦੋਸ਼ ਲਾਇਆ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਦਸ ਤੋਂ 15 ਉਦਯੋਗਪਤੀਆਂ ਦੇ 16 ਲੱਖ ਕਰੋੜ ਰੁਪਏ ਦਾ ਵਿਆਜ ਮੁਆਫ ਕੀਤਾ ਪਰ ਕਿਸਾਨਾਂ ਨੂੰ ਐਮ.ਐਸ.ਪੀ. ਦੇਣ ਤੋਂ ਨਾਂਹ ਕਰ ਦਿੱਤੀ।

ਪੰਜਾਬ ਅਤੇ ਹਰਿਆਣਾ ਵਿਚ ਕਿਸਾਨ ਜਥੇਬੰਦੀਆਂ ਮੌਜੂਦਾ ਸਮੇਂ ਫ਼ਸਲਾਂ ਲਈ ਕਾਨੂੰਨੀ ਤੌਰ ‘ਤੇ ਗਾਰੰਟੀਸ਼ੁਦਾ ਐਮ.ਐਸ.ਪੀ. ਲਈ ਅੰਦੋਲਨ ਕਰ ਰਹੀਆਂ ਹਨ। ਰਾਹੁਲ ਨੇ ਦਾਅਵਾ ਕੀਤਾ ਕਿ ਹੋਰ ਪੱਛੜੇ ਵਰਗ, ਦਲਿਤ ਅਤੇ ਆਦਿਵਾਸੀਆਂ ਸਣੇ ਦੇਸ਼ ਦੇ 73 ਫ਼ੀਸਦੀ ਲੋਕਾਂ ਦੀ ਸਰਕਾਰ ਅਤੇ ਹੋਰ ਵੱਖ-ਵੱਖ ਖੇਤਰਾਂ ਵਿਚ ਕੋਈ ਪ੍ਰਤੀਨਿਧਤਾ ਨਹੀਂ ਹੈ ਅਤੇ ਜਾਤੀ ਜਨਗਣਨਾ ਉਨ੍ਹਾਂ ਲਈ ਨਿਆਂ ਯਕੀਨੀ ਬਣਾਵੇਗੀ। ਕਾਂਗਰਸ ਨੇਤਾ ਨੇ ਕਿਹਾ ਕਿ ਜਾਤੀ ਜਨਗਣਨਾ ਵੱਖ ਵੱਖ ਖੇਤਰਾਂ ਵਿਚ ਇਨ੍ਹਾਂ ਭਾਈਚਾਰਿਆਂ ਦੀ ਬਰਾਬਰ ਭਾਗੀਦਾਰੀ ਯਕੀਨੀ ਬਣਾਵੇਗੀ।

# ਕਿਸਾਨਾਂ ਨਾਲ ਪਾਕਿਸਤਾਨ ਵਾਂਗ ਸਲੂਕ ਕੀਤਾ ਜਾ ਰਿਹੈ: ਰਾਜਾ ਵੜਿੰਗ



**ਗੁਰਦਾਸਪੁਰ:** ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਨਾਲ ਪਾਕਿਸਤਾਨੀਆਂ ਵਾਂਗ ਸਲੂਕ ਕਰ ਰਹੀ ਹੈ। ਉਨ੍ਹਾਂ ਨੂੰ ਦਿੱਲੀ ਨਹੀਂ ਜਾਣ ਦਿੱਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਅਤੇ ਉਸ ਆਜ਼ਾਦੀ ਨੂੰ ਕਾਇਮ ਰੱਖਣ ਵਿਚ ਪੰਜਾਬੀਆਂ ਨੇ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਕਿਹਾ ਕਿ ਦੇਸ਼ ਵਿਚ ਪਹਿਲੀ ਵਾਰ ਸੰਨ 1967 ਵਿਚ ਕਾਂਗਰਸ ਨੇ ਕਿਸਾਨਾਂ ਨੂੰ ਝੋਨੇ ਅਤੇ ਕਣਕ ‘ਤੇ ਐਮ.ਐਸ.ਪੀ. ਦਿੱਤੀ ਸੀ। ਹੁਣ ਜਿੱਥੇ ਇਕ ਪਾਸੇ ਮੋਦੀ ਸਰਕਾਰ ਕਿਸਾਨਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ਾਂ ਕਰ ਰਹੀ ਹੈ, ਉੱਥੇ ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਵਾਅਦਾ ਕੀਤਾ ਹੈ ਕਿ ਜੇਕਰ ਕੇਂਦਰ ‘ਚ ਉਨ੍ਹਾਂ ਦੀ ਸਰਕਾਰ ਆਈ ਤਾਂ ਕਿਸਾਨਾਂ ਨੂੰ ਉਨ੍ਹਾਂ ਦੀ ਮੰਗ ਮੁਤਾਬਕ ਸਾਰੀਆਂ ਫ਼ਸਲਾਂ ‘ਤੇ ਘੱਟੋ-ਘੱਟ ਸਮਰਥਨ ਮੁੱਲ ਦਿੱਤਾ ਜਾਵੇਗਾ। ਰਾਜਾ ਵੜਿੰਗ ਗੁਰਦਾਸਪੁਰ ਦੇ ਪਿੰਡ ਪਾਹੜਾ ਦੇ ਜਥੇਦਾਰ ਕਰਤਾਰ ਸਿੰਘ ਪਾਹੜਾ ਸਟੇਡੀਅਮ ਵਿਖੇ ਯੂਥ ਕਾਂਗਰਸ ਦੇ ਜ਼ਿਲ੍ਹਾ ਪ੍ਰਧਾਨ ਐਡਵੋਕੇਟ ਬਲਜੀਤ ਸਿੰਘ ਪਾਹੜਾ ਦੀ ਪ੍ਰਧਾਨਗੀ ਅਤੇ ਹਲਕਾ ਗੁਰਦਾਸਪੁਰ ਦੇ ਵਿਧਾਇਕ ਬਰਿੰਦਰ ਮੀਤ ਸਿੰਘ ਪਾਹੜਾ ਦੀ ਅਗਵਾਈ ਹੇਠ ਕੀਤੀ ਗਈ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਨੌਜਵਾਨਾਂ ਦੇ ਵੱਡੀ ਗਿਣਤੀ ‘ਚ ਵਿਦੇਸ਼ ਜਾਣ ‘ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਇਹੀ ਸਿਲਸਿਲਾ ਰਿਹਾ ਤਾਂ ਪੰਜਾਬ ਦਾ ਵੱਡਾ ਨੁਕਸਾਨ ਹੋਵੇਗਾ।

# ਯੂਨਾਈਟਿਡ ਸਿੱਖਸ ਵੱਲੋਂ ਕਿਸਾਨ ਅੰਦੋਲਨ ਦੀ ਹਮਾਇਤ

**ਚੰਡੀਗੜ੍ਹ:** ਯੂਨਾਈਟਿਡ ਸਿੱਖਸ ਜਥੇਬੰਦੀ ਕਿਸਾਨੀ ਮੰਗਾਂ ਮਨਵਾਉਣ ਲਈ ਕੇਂਦਰ ਸਰਕਾਰ ਖ਼ਿਲਾਫ਼ ਚੱਲ ਰਹੇ ਕਿਸਾਨ ਅੰਦੋਲਨ ਦੀ ਹਮਾਇਤ ਵਿਚ ਨਿੱਤਰ ਆਈ ਹੈ। ਉਸ ਨੇ ਕਿਸਾਨ ਅੰਦੋਲਨ ਦੌਰਾਨ ਜ਼ਖ਼ਮੀ ਹੋਏ ਕਿਸਾਨਾਂ ਨੂੰ ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ। ਇਸ ਬਾਰੇ ਚੰਡੀਗੜ੍ਹ ਪ੍ਰੈਸ ਕਲੱਬ ਵਿਚ ਯੂਨਾਈਟਿਡ ਸਿੱਖਸ ਦੇ ਡਾਇਰੈਕਟਰ ਅੰਮ੍ਰਿਤਪਾਲ ਸਿੰਘ ਤੇ ਗੁਰਪ੍ਰੀਤ ਸਿੰਘ, ਐਡਵੋਕੇਟ ਗੁਰਮੋਹਨਪ੍ਰੀਤ ਸਿੰਘ, ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਤੇ ਅਸ਼ੋਕ ਬਲਹਾਰਾ ਨੇ ਕਿਸਾਨਾਂ ਦੀ ਸਮੱਸਿਆਵਾਂ ਦੇ ਨਿਬੇੜੇ ਲਈ ਹੈਲਪਲਾਈਨ ਨੰਬਰ ਜਾਰੀ ਕੀਤਾ। ਡਾਇਰੈਕਟਰ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਕਿਸਾਨ ਅੰਦੋਲਨ ਦੌਰਾਨ ਜ਼ਖ਼ਮੀ ਹੋਏ ਕਿਸਾਨਾਂ ਨੂੰ ਇਨਸਾਫ਼ ਦਿਵਾਉਣ ਲਈ ਕਾਨੂੰਨੀ ਸਹਾਰਾ ਲਿਆ ਜਾ ਰਿਹਾ ਹੈ। ਉਨ੍ਹਾਂ ਵੱਲੋਂ ਰਿਟ ਪਟੀਸ਼ਨਾਂ ਦਾਇਰ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਆਪਣੀਆਂ ਮੰਗਾਂ ਲਈ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੇ ਕਿਸਾਨਾਂ ‘ਤੇ ਰਬੜ



ਦੀਆਂ ਗੋਲੀਆਂ ਅਤੇ ਅੱਥਰੂ ਗੈਸ ਦੇ ਗੋਲਿਆਂ ਦੀ ਵਰਤੋਂ ਕਰਨਾ ਸਿੱਧੇ ਤੌਰ ‘ਤੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਪੁਲਿਸ ਵੱਲੋਂ ਕਿਸਾਨਾਂ ਦੀ ਗ੍ਰਿਫ਼ਤਾਰੀ ਕਰਨਾ ਵੀ ਖੇਤਰੀ ਕਾਨੂੰਨਾਂ ਦੀ ਉਲੰਘਣਾ ਹੈ। ਕਿਸਾਨ ਆਗੂ ਬਲਦੇਵ ਸਿੰਘ ਸਿਰਸਾ ਨੇ ਕਿਸਾਨਾਂ ਨੂੰ ਮੈਡੀਕਲ ਸਹਾਇਤਾ ਦੇਣ ਲਈ ਯੂਨਾਈਟਿਡ ਸਿੱਖਸ ਦਾ ਧੰਨਵਾਦ ਕੀਤਾ। ਕਿਸਾਨ ਆਗੂ ਅਸ਼ੋਕ ਬਲਹਾਰਾ ਨੇ ਕਿਹਾ ਕਿ ਸਾਰੀਆਂ ਕਿਸਾਨ ਜਥੇਬੰਦੀਆਂ ਨੂੰ ਇਕਜੁੱਟ ਹੋ ਕੇ ਕੇਂਦਰ ਸਰਕਾਰ ਖ਼ਿਲਾਫ਼ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਇਸ ਸੰਘਰਸ਼ ਦਾ ਦੇਸ਼ ਭਰ ਦੀਆਂ ਕਿਸਾਨ, ਮਜ਼ਦੂਰ ਤੇ ਸਮਾਜਿਕ ਜਥੇਬੰਦੀਆਂ ਨੂੰ ਵੀ ਸਮਰਥਨ ਕਰਨਾ ਚਾਹੀਦਾ ਹੈ। ਅੰਮ੍ਰਿਤਪਾਲ ਸਿੰਘ ਨੇ ਕਿਸਾਨਾਂ ਦੀ ਸਹਾਇਤਾ ਲਈ 99990-53503 ਹੈਲਪਲਾਈਨ ਨੰਬਰ ਵੀ ਜਾਰੀ ਕੀਤਾ।

# ਸਰਕਾਰ ਵੱਲੋਂ 165 ਹੋਰ ਆਮ ਆਦਮੀ ਕਲੀਨਿਕ ਲੋਕਾਂ ਨੂੰ ਸਮਰਪਿਤ

**ਜਲੰਧਰ:** ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਆਮ ਆਦਮੀ ਕਲੀਨਿਕ ਪੰਜਾਬ ਦੇ ਲੋਕਾਂ ਮੁਫਤ ਸਿਹਤ ਸੇਵਾਵਾਂ ਦੇਣ ਲਈ ਕਾਰਜਸ਼ੀਲ ਹਨ ਅਤੇ ਇਨ੍ਹਾਂ ਕਲੀਨਿਕਾਂ ਨੇ ਸੂਬੇ ਦੇ ਸਿਹਤ ਸੰਭਾਲ ਖੇਤਰ ਵਿਚ ਕ੍ਰਾਂਤੀ ਲਿਆ ਦਿੱਤੀ ਹੈ। ਉਨ੍ਹਾਂ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ 165 ਹੋਰ ਆਮ ਆਦਮੀ ਕਲੀਨਿਕ ਪੰਜਾਬ ਵਾਸੀਆਂ ਨੂੰ ਸਮਰਪਿਤ ਕੀਤੇ ਜਿਸ ਨਾਲ ਪੰਜਾਬ ਵਿਚ ਆਮ ਆਦਮੀ ਕਲੀਨਿਕਾਂ ਦੀ ਕੁੱਲ ਗਿਣਤੀ 829 ਹੋ ਗਈ।

ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਲੋਕ ਸਭਾ ਚੋਣਾਂ ਲਈ ਉਮੀਦਵਾਰਾਂ ਦਾ ਐਲਾਨ ਜਲਦੀ ਹੀ ਕਰ ਦਿੱਤਾ ਜਾਵੇਗਾ ਅਤੇ ਉਮੀਦਵਾਰਾਂ ਦੇ ਨਾਵਾਂ ਬਾਰੇ ਵਿਚਾਰ ਚਰਚਾ ਚੱਲ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਦੀ ਮੋਦੀ ਸਰਕਾਰ ‘ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਭਾਵੇਂ ਦਿੱਲੀ ਵਾਂਗ ਪੰਜਾਬ ਦੇ ਵੀ ਕੇਂਦਰ ਸਰਕਾਰ ਨੇ ਫੰਡ ਰੋਕੇ ਹੋਏ ਹਨ ਪਰ ਫਿਰ ਵੀ ਸੂਬਾ ਸਰਕਾਰ ਆਮ ਲੋਕਾਂ ਦੇ ਭਲੇ ਲਈ ਮਿਹਨਤ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੀਆਂ ਸਾਰੀਆਂ 13 ਸੀਟਾਂ ਜਿੱਤਣ ਤੋਂ ਬਾਅਦ ਸੂਬੇ ਦੇ ਸੰਸਦ ਮੈਂਬਰ ਕੇਂਦਰ ਸਰਕਾਰ ਨੂੰ ਸੂਬੇ ਦੇ ਕਿਸੇ ਵੀ ਫੰਡ ‘ਤੇ ਰੋਕ ਨਹੀਂ ਲਾਉਣ ਦੇਣਗੇ। ਮੁੱਖ ਮੰਤਰੀ ਨੇ ਆਰ.ਡੀ.ਐਫ. ਅਤੇ ਐਨ.ਐਚ.ਐਮ. ਤਹਿਤ ਫੰਡ ਰੋਕਣ ਲਈ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ ਜਿਸ ਨਾਲ ਸੂਬੇ ਦੇ ਵਿਕਾਸ ਨੂੰ ਖਤਰੇ ਵਿਚ ਪਾਇਆ ਜਾ ਰਿਹਾ ਹੈ।




ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ 8000 ਕਰੋੜ ਰੁਪਏ ਤੋਂ ਵੱਧ ਦੇ ਫੰਡ ਗਲਤ ਢੰਗ ਨਾਲ ਰੋਕ ਦਿੱਤੇ ਹਨ ਜੋ ਸੂਬੇ ਨਾਲ ਬੇਇਨਸਾਫ਼ੀ ਹੈ। ਉਨ੍ਹਾਂ ਕਿ ਕਿਹਾ ਕਿ ਲੋਕ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਨੂੰ ਹਰਾ ਕੇ ਸਬਕ ਸਿਖਾਉਣਗੇ।

ਇਸ ਮੌਕੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਇਸ ਪਹਿਲਕਦਮੀ ਲਈ ਸੂਬਾ ਸਰਕਾਰ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਇਹ ਬਹੁਤ ਵੱਡੀ ਗੱਲ ਹੈ ਕਿਉਂਕਿ ਪੰਜਾਬੀਆਂ ਨੇ ਸਿਹਤ ਖੇਤਰ ਵਿਚ ਅਜਿਹੀ ਕ੍ਰਾਂਤੀ ਕਦੇ ਨਹੀਂ ਦੇਖੀ। ਉਨ੍ਹਾਂ ਪੰਜਾਬ ਵਿਚ ਕਈ ਲੋਕ ਪੱਖੀ ਅਤੇ ਵਿਕਾਸਮੁਖੀ ਪਹਿਲਕਦਮੀਆਂ ਲਈ ਵੀ ਸੂਬਾ ਸਰਕਾਰ ਦੀ ਸ਼ਲਾਘਾ ਕੀਤੀ।

# ਕੇਂਦਰ ਵੱਲੋਂ ਖਾਦਾਂ ਉਤੇ ਸਬਸਿਡੀ ਜਾਰੀ ਰੱਖਣ ਦਾ ਐਲਾਨ

**ਨਵੀਂ ਦਿੱਲੀ:** ਕੇਂਦਰ ਸਰਕਾਰ ਨੇ ਆਉਂਦੇ ਸਾਉਣੀ ਦੇ ਸੀਜ਼ਨ ਲਈ ਰਸਾਇਣਕ ਖਾਦਾਂ (ਫਾਸਫੈਟਿਕ ਤੇ ਪੋਟਾਸ਼) 'ਤੇ 24,420 ਕਰੋੜ ਰੁਪਏ ਦੀ ਸਬਸਿਡੀ ਦੇਣ ਦਾ ਐਲਾਨ ਕੀਤਾ ਹੈ। ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਸਰਕਾਰ ਨੇ ਗੁਜਰਾਤ ਤੇ ਅਸਾਮ 'ਚ ਤਿੰਨ ਸੈਮੀ ਕੰਡਕਟਰ ਪਲਾਂਟ ਲਾਉਣ ਅਤੇ ਪੀ.ਐਮ ਸੂਰਜ ਘਰ: ਮੁਫ਼ਤ ਬਿਜਲੀ ਯੋਜਨਾ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਹੈ।



ਸਰਕਾਰ ਨੇ ਕਿਹਾ ਕਿ ਕਿਸਾਨਾਂ ਨੂੰ ਪ੍ਰਮੁੱਖ ਪੋਸ਼ਕ ਤੱਤ ਡੀ.ਏ.ਪੀ. 1350 ਰੁਪਏ ਪ੍ਰਤੀ ਥੈਲਾ (50 ਕਿਲੋ) ਦੇ ਭਾਅ 'ਤੇ ਮਿਲਦੀ ਰਹੇਗੀ। ਉਨ੍ਹਾਂ ਕਿਹਾ ਕਿ ਡੀ.ਏ.ਪੀ. ਦੇ ਨਾਲ ਨਾਲ ਹੋਰ ਪ੍ਰਮੁੱਖ ਰਸਾਇਣਕ ਖਾਦਾਂ ਦੀਆਂ ਪ੍ਰਚੂਨ ਕੀਮਤਾਂ ਸਥਿਰ ਰਹਿਣਗੀਆਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਕੇਂਦਰੀ ਮੰਤਰੀ ਮੰਡਲ ਦੀ ਮੀਟਿੰਗ 'ਚ ਰਸਾਇਣਕ ਖਾਦਾਂ 'ਤੇ ਪਹਿਲੀ ਅਪਰੈਲ ਤੋਂ 30 ਸਤੰਬਰ ਤੱਕ ਦੇ ਸਾਉਣੀ ਸੀਜ਼ਨ ਲਈ 'ਪੋਸ਼ਕ ਤੱਤ ਆਧਾਰਿਤ ਸਬਸਿਡੀ' (ਐਨ.ਬੀ.ਐਸ.) ਦਰਾਂ ਤੈਅ ਕਰਨ ਲਈ ਖਾਦ ਵਿਭਾਗ ਦੀ ਤਜਵੀਜ਼ ਨੂੰ ਮਨਜ਼ੂਰੀ ਦਿੱਤੀ ਗਈ। ਸੂਚਨਾ ਤੇ ਪ੍ਰਸਾਰਨ ਮੰਤਰੀ ਅਨੁਰਾਗ ਠਾਕੁਰ ਨੇ ਮੰਤਰੀ ਮੰਡਲ ਵੱਲੋਂ ਲਏ ਫ਼ੈਸਲਿਆਂ ਦੀ ਜਾਣਕਾਰੀ ਦਿੱਤੀ।

ਉਨ੍ਹਾਂ ਨਾਲ ਕੇਂਦਰੀ ਮੰਤਰੀ ਅਸ਼ਵਨੀ ਵੈਸ਼ਨਵ ਵੀ ਹਾਜ਼ਰ ਸਨ। ਠਾਕੁਰ ਨੇ ਕਿਹਾ, 'ਇਸ ਸਬਸਿਡੀ ਨਾਲ 1350 ਰੁਪਏ ਬੋਰੀ (50 ਕਿਲੋ) 'ਤੇ ਵੇਚੀ ਜਾ ਰਹੀ ਡੀ.ਏ.ਪੀ. ਆਉਂਦੇ ਸਾਉਣੀ ਸੀਜ਼ਨ 'ਚ ਵੀ ਉਸੇ ਭਾਅ 'ਤੇ ਮੁਹੱਈਆ ਹੋਵੇਗੀ।' ਉਨ੍ਹਾਂ ਕਿਹਾ, 'ਮਿਊਰੇਟ ਆਫ ਪੋਟਾਸ਼ (ਐਮ.ਓ.ਪੀ) 1670 ਰੁਪਏ ਪ੍ਰਤੀ ਬੋਰੀ ਅਤੇ ਐਨ.ਪੀ.ਕੇ. 1470 ਰੁਪਏ ਪ੍ਰਤੀ ਬੋਰੀ ਮਿਲੇਗੀ।' ਵੈਸ਼ਨਵ ਨੇ ਕਿਹਾ ਕਿ ਕੇਂਦਰ ਸਰਕਾਰ ਨੇ 1.26 ਲੱਖ ਕਰੋੜ ਰੁਪਏ ਦੇ ਅਨੁਮਾਨਿਤ ਨਿਵੇਸ਼ ਨਾਲ ਗੁਜਰਾਤ ਤੇ ਅਸਾਮ 'ਚ ਤਿੰਨ ਸੈਮੀਕੰਡਕਟਰ ਪਲਾਂਟ ਲਾਉਣ ਨੂੰ ਮਨਜ਼ੂਰੀ ਦੇ ਦਿੱਤੀ ਹੈ। ਉਨ੍ਹਾਂ ਕਿਹਾ ਕਿ ਰੱਖਿਆ, ਆਟੋਮੋਬਾਈਲ ਤੇ ਦੂਰਸੰਚਾਰ ਜਿਹੇ ਖੇਤਰਾਂ ਲਈ ਚਿਪ ਬਣਾਉਣ ਵਾਲੀਆਂ ਇਨ੍ਹਾਂ ਇਕਾਈਆਂ ਦਾ ਨਿਰਮਾਣ ਕਾਰਜ ਅਗਲੇ 100 ਦਿਨਾਂ 'ਚ ਸ਼ੁਰੂ ਹੋ ਜਾਵੇਗਾ। ਇਸੇ ਦੌਰਾਨ ਸਰਕਾਰ ਨੇ ਪੀਐੱਮ-ਸੂਰਿਆ ਘਰ: ਮੁਫ਼ਤ ਬਿਜਲੀ ਯੋਜਨਾ ਨੂੰ ਮਨਜ਼ੂਰੀ ਦੇ ਦਿੱਤੀ। ਇਸ 'ਤੇ 75,021 ਕਰੋੜ ਰੁਪਏ ਦਾ ਖ਼ਰਚਾ ਆਵੇਗਾ ਅਤੇ ਇਸ ਯੋਜਨਾ ਤਹਿਤ ਘਰਾਂ ਦੀਆਂ ਛੱਤਾਂ 'ਤੇ ਸੋਲਰ ਯੂਨਿਟ ਲਾਉਣ ਲਈ 78 ਹਜ਼ਾਰ ਰੁਪਏ ਤੱਕ ਸਬਸਿਡੀ ਤੇ 300 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾਵੇਗੀ। ਮੰਤਰੀ ਮੰਡਲ ਨੇ ਨਾਲ ਹੀ 12 ਅਹਿਮ ਤੇ ਰਣਨੀਤਕ ਖਣਿਜਾਂ 'ਤੇ ਰੌਇਲਟੀ ਦਰ ਤੈਅ ਕਰਨ ਲਈ ਐਮ.ਐਮ.ਡੀ.ਆਰ. ਐਕਟ 'ਚ ਸੋਧ ਨੂੰ ਮਨਜ਼ੂਰੀ ਦੇ ਦਿੱਤੀ ਹੈ। ਕੇਂਦਰੀ ਕੈਬਨਿਟ ਦੇ ਇਨ੍ਹਾਂ ਫ਼ੈਸਲਿਆਂ ਨੂੰ ਆਗਾਮੀ ਲੋਕ ਸਭਾ ਚੋਣਾਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।

## ਕੱਚੇ ਤੇਲ ਦੇ ਉਤਪਾਦਨ 'ਚ ਕਟੌਤੀ ਜਾਰੀ ਰੱਖਣ ਦਾ ਫੈਸਲਾ

**ਨਿਊ ਯਾਰਕ:** ਸਾਊਦੀ ਅਰਬ ਦੀ ਅਗਵਾਈ ਵਾਲੇ ਤੇਲ ਉਤਪਾਦਕ ਦੇਸ਼ਾਂ ਦੇ ਸੰਗਠਨ ਓਪੇਕ ਦੇ ਕੁਝ ਮੈਂਬਰ ਅਤੇ ਰੂਸ ਵਰਗੇ ਦੇਸ਼ ਕੱਚੇ ਤੇਲ ਦੇ ਉਤਪਾਦਨ ਵਿਚ ਸਵੈਇੱਛਤ ਕਟੌਤੀ ਨੂੰ ਹੋਰ ਵਧਾ ਰਹੇ ਹਨ। ਬਹੁ-ਰਾਸ਼ਟਰੀ ਸੰਗਠਨ ਦੇ ਸਕੱਤਰੇਤ ਨੇ ਕਿਹਾ ਕਿ ਕਈ ਓਪੇਕ ਤੇ ਹੋਰ ਦੇਸ਼ਾਂ ਨੇ ਪ੍ਰਤੀ ਦਿਨ ਲਗਭਗ 22 ਲੱਖ ਬੈਰਲ ਉਤਪਾਦਨ ਵਿਚ ਕਟੌਤੀ ਕੀਤੀ ਹੈ। ਸਾਊਦੀ ਅਰਬ ਨੇ 2024 ਦੀ ਦੂਜੀ ਤਿਮਾਹੀ ਦੇ ਅੰਤ ਤੱਕ 10 ਲੱਖ ਬੈਰਲ ਪ੍ਰਤੀ ਦਿਨ ਦੀ ਕਟੌਤੀ ਨੂੰ ਵਧਾਉਣ ਦਾ ਫੈਸਲਾ ਕੀਤਾ ਹੈ। ਉਤਪਾਦਨ ਵਿਚ ਕਟੌਤੀ ਦੇ ਇਸ ਵਿਸਥਾਰ ਦਾ ਮਤਲਬ ਹੈ ਕਿ ਸਾਊਦੀ ਅਰਬ ਜੂਨ ਦੇ ਅੰਤ ਤੱਕ ਪ੍ਰਤੀ ਦਿਨ 90 ਲੱਖ ਬੈਰਲ ਕੱਚੇ ਤੇਲ ਦਾ ਉਤਪਾਦਨ ਕਰੇਗਾ। ਇਸ ਤੋਂ ਇਲਾਵਾ ਰੂਸ ਨੇ ਦੂਜੀ ਤਿਮਾਹੀ ਵਿਚ 4,71,000 ਬੈਰਲ ਪ੍ਰਤੀ ਦਿਨ ਦੀ ਸਵੈਇੱਛਤ ਵਾਧੂ ਕਟੌਤੀ ਦਾ ਐਲਾਨ ਵੀ ਕੀਤਾ। ਓਪੇਕ ਦਾ ਕਹਿਣਾ ਹੈ ਕਿ ਇਰਾਕ, ਸੰਯੁਕਤ ਅਰਬ ਅਮੀਰਾਤ, ਕੁਵੈਤ, ਕਜ਼ਾਕਿਸਤਾਨ, ਅਲਜੀਰੀਆ ਅਤੇ ਓਮਾਨ ਵਿਚ ਕਟੌਤੀ ਜਾਰੀ ਰੱਖਣਗੇ।

# ਸ਼ਾਹਬਾਜ਼ ਸ਼ਰੀਫ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਬਣੇ

**ਇਸਲਾਮਾਬਾਦ:** ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ.ਐਮ.ਐਲ-ਐੱਨ) ਦੇ ਸੀਨੀਅਰ ਨੇਤਾ ਸ਼ਾਹਬਾਜ਼ ਸ਼ਰੀਫ ਵਿਰੋਧੀ ਧਿਰ ਦੀ ਨਾਅਰੇਬਾਜ਼ੀ ਦਰਮਿਆਨ ਨਵੀਂ ਚੁਣੀ ਸੰਸਦ 'ਚ ਆਸਾਨੀ ਨਾਲ ਬਹੁਮਤ ਹਾਸਲ ਕਰਨ ਮਗਰੋਂ ਲਗਾਤਾਰ ਦੂਜੀ ਵਾਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਬਣ ਗਏ ਹਨ। ਉਹ ਗੱਠਜੋੜ ਸਰਕਾਰ ਦੀ ਅਗਵਾਈ ਕਰਨਗੇ। ਉਹ ਲਗਾਤਾਰ ਦੂਜੀ ਵਾਰ ਮੁਲਕ ਦੇ ਪ੍ਰਧਾਨ ਮੰਤਰੀ ਬਣਨ ਵਾਲੇ ਪਹਿਲੇ ਆਗੂ ਬਣ ਗਏ ਹਨ।



ਪੀ.ਐਮ.ਐਲ-ਐੱਨ ਤੇ ਪਾਕਿਸਤਾਨ ਪੀਪਲਜ਼ ਪਾਰਟੀ (ਪੀ.ਪੀ.ਪੀ.) ਦੇ ਸਾਂਝੇ ਉਮੀਦਵਾਰ ਸ਼ਾਹਬਾਜ਼ (72) ਨੂੰ 336 ਮੈਂਬਰੀ ਸਦਨ 'ਚੋਂ 201 ਵੋਟਾਂ ਮਿਲੀਆਂ ਜੋ ਸਦਨ ਦਾ ਨੇਤਾ ਬਣਨ ਲਈ ਲੋੜੀਂਦੀਆਂ ਵੋਟਾਂ ਤੋਂ 32 ਵੋਟਾਂ ਵੱਧ ਹਨ। ਜੇਲ੍ਹ 'ਚ ਬੰਦ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਪਾਰਟੀ ਪੀ.ਟੀ.ਆਈ. ਦੇ ਉਨ੍ਹਾਂ ਦੇ ਵਿਰੋਧੀ ਉਮਰ ਅਯੂਬ ਖਾਨ ਨੂੰ 92 ਵੋਟਾਂ ਮਿਲੀਆਂ। ਨੈਸ਼ਨਲ ਅਸੈਂਬਲੀ ਦੇ ਸਪੀਕਰ ਸਰਦਾਰ ਅਯਾਜ਼ ਸਾਦਿਕ ਨੇ ਨਤੀਜਿਆਂ ਦਾ ਐਲਾਨ ਕਰਦਿਆਂ ਸ਼ਾਹਬਾਜ਼ ਨੂੰ ਪਾਕਿਸਤਾਨ ਦਾ 24ਵਾਂ ਪ੍ਰਧਾਨ ਮੰਤਰੀ ਨਿਯੁਕਤ ਕੀਤਾ। ਬਹੁਮਤ ਹਾਸਲ ਕਰਨ ਮਗਰੋਂ ਸ਼ਾਹਬਾਜ਼ ਨੇ ਸਾਥੀ ਸੰਸਦ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਬਤੌਰ ਪ੍ਰਧਾਨ ਮੰਤਰੀ ਪਹਿਲੇ ਭਾਸ਼ਣ ਦੌਰਾਨ ਕਸ਼ਮੀਰ ਮਸਲੇ ਦਾ ਉਚੇਚੇ ਤੌਰ 'ਤੇ ਜ਼ਿਕਰ ਕੀਤਾ। ਉਨ੍ਹਾਂ ਗੁਆਂਢੀ ਮੁਲਕਾਂ ਸਮੇਤ ਸਾਰੇ ਅਗਾਂਹਵਧੂ ਮੁਲਕਾਂ ਨਾਲ ਰਿਸ਼ਤੇ ਮਜ਼ਬੂਤ ਕਰਨ ਦਾ ਅਹਿਦ ਵੀ ਦੁਹਰਾਇਆ। ਉਨ੍ਹਾਂ ਕਿਹਾ ਕਿ ਪਾਕਿਸਤਾਨ ਕਿਸੇ ਵੱਡੀ ਖੇਡ ਦਾ ਹਿੱਸਾ ਨਹੀਂ ਬਣੇਗਾ ਤੇ ਉਨ੍ਹਾਂ ਦੀ ਸਰਕਾਰ ਆਪਣੇ ਮਿੱਤਰ ਮੁਲਕਾਂ ਦੀ ਗਿਣਤੀ ਵਧਾਏਗੀ।

# ਸਰਕਾਰ ਦਾ 3.2 ਕਰੋੜ ਟਨ ਕਣਕ ਖਰੀਦਣ ਦਾ ਟੀਚਾ

**ਨਵੀਂ ਦਿੱਲੀ:** ਸਰਕਾਰ ਨੇ 2024-25 ਦੇ ਹਾੜ੍ਹੀ ਸੀਜ਼ਨ ਲਈ 3 ਤੋਂ 3.2 ਕਰੋੜ ਟਨ ਕਣਕ ਖਰੀਦਣ ਦਾ ਟੀਚਾ ਰੱਖਿਆ ਹੈ। ਸਰਕਾਰ ਦੇ ਕਣਕ ਖਰੀਦ ਦੇ ਟੀਚੇ ਨੂੰ ਕੁਝ ਘੱਟ ਮੰਨਿਆ ਜਾ ਰਿਹਾ ਹੈ। ਖੇਤੀ ਮੰਤਰਾਲੇ ਨੂੰ ਫਸਲੀ ਵਰ੍ਹੇ 2023-24 (ਜੁਲਾਈ-ਜੂਨ) ਵਿਚ 11.4 ਤੋਂ 11.5 ਕਰੋੜ ਟਨ ਦੀ ਰਿਕਾਰਡ ਕਣਕ ਪੈਦਾਵਾਰ ਦੀ ਉਮੀਦ ਹੈ।

ਇਸ ਦੇ ਬਾਵਜੂਦ ਸਰਕਾਰ ਵੱਲੋਂ ਖਰੀਦ ਦਾ ਟੀਚਾ ਘੱਟ ਰੱਖਿਆ ਗਿਆ ਹੈ। ਬੀਤੇ ਦਿਨ ਕੌਮੀ ਰਾਜਧਾਨੀ 'ਚ ਕੇਂਦਰੀ ਖੁਰਾਕ ਸਕੱਤਰ ਸੰਜੀਵ ਚੋਪੜਾ ਦੀ ਪ੍ਰਧਾਨਗੀ ਹੇਠ ਰਾਜਾਂ ਦੇ ਖੁਰਾਕ ਸਕੱਤਰਾਂ ਦੀ ਮੀਟਿੰਗ ਹੋਈ ਸੀ। ਇਸੇ ਮੀਟਿੰਗ 'ਚ ਵਿਚਾਰ-ਚਰਚਾ ਤੋਂ ਬਾਅਦ ਕਣਕ ਦੀ ਖਰੀਦ ਦਾ ਟੀਚਾ ਤੈਅ ਕੀਤਾ ਕੀਤਾ ਗਿਆ ਸੀ। ਮੰਤਰਾਲੇ ਨੇ ਬਿਆਨ 'ਚ ਕਿਹਾ, 'ਵਿਚਾਰ ਚਰਚਾ ਤੋਂ ਬਾਅਦ ਆਉਂਦੇ ਹਾੜੀ ਦੇ ਸੀਜ਼ਨ ਦੌਰਾਨ ਤਿੰਨ ਤੋਂ 3.2 ਕਰੋੜ ਟਨ ਕਣਕ ਖਰੀਦਣ ਦਾ ਟੀਚਾ ਤੈਅ ਕੀਤਾ ਗਿਆ ਹੈ।' ਕਣਕ ਤੋਂ ਇਲਾਵਾ ਮੰਤਰਾਲੇ ਨੇ ਚੌਲਾਂ ਦੇ ਮਾਮਲੇ 'ਚ ਹਾੜੀ ਦੇ ਝੋਨੇ ਦੀ ਖਰੀਦ ਦਾ ਟੀਚਾ ਇਕ ਕਰੋੜ ਟਨ ਜਦਕਿ ਹਾੜੀ ਮੋਟੇ ਅਨਾਜ (ਬਾਜਰਾ) ਲਈ ਛੇ ਲੱਖ ਟਨ ਦੀ ਖਰੀਦ ਦਾ ਟੀਚਾ ਤੈਅ ਕੀਤਾ ਹੈ।

## ਯੂ.ਏ.ਈ. ਤੇ ਬੰਗਲਾਦੇਸ਼ ਨੂੰ ਭਾਰਤ ਪਿਆਜ਼ ਭੇਜੇਗਾ

**ਨਵੀਂ ਦਿੱਲੀ:** ਸਰਕਾਰ ਨੇ ਨੈਸ਼ਨਲ ਕੋਆਪ੍ਰੇਟਿਵ ਐਕਸਪੋਰਟਸ ਲਿਮਟਿਡ ਰਾਹੀਂ ਯੂ.ਏ.ਈ. ਅਤੇ ਬੰਗਲਾਦੇਸ਼ ਨੂੰ 64,400 ਟਨ ਪਿਆਜ਼ ਬਰਾਮਦ ਕਰਨ ਦੀ ਇਜਾਜ਼ਤ ਦਿੱਤੀ ਹੈ। ਬੰਗਲਾਦੇਸ਼ ਨੂੰ 50,000 ਟਨ ਪਿਆਜ਼ ਦੀ ਬਰਾਮਦ ਕਰਨ ਦੀ ਇਜਾਜ਼ਤ ਦਿੱਤੀ ਗਈ ਹੈ, ਜਦਕਿ 14,400 ਟਨ ਯੂ.ਏ.ਈ. ਨੂੰ ਨਿਰਯਾਤ ਕੀਤਾ ਜਾਵੇਗਾ। ਹਾਲਾਂਕਿ ਮੌਜੂਦਾ ਸਮੇਂ ਪਿਆਜ਼ ਦੇ ਨਿਰਯਾਤ ਉਤੇ ਪਾਬੰਦੀ ਹੈ ਪਰ ਸਰਕਾਰ ਕੁੱਝ ਮਿੱਤਰ ਮੁਲਕਾਂ ਨੂੰ ਤੈਅ ਮਾਤਰਾ 'ਚ ਇਸ ਦੇ ਨਿਰਯਾਤ ਦੀ ਇਜਾਜ਼ਤ ਦੇ ਸਕਦੀ ਹੈ।

# ਦੱਖਣੀ ਕੋਰੀਆ: ਮੈਡੀਕਲ ਨੀਤੀ ਦੇ ਵਿਰੋਧ 'ਚ ਡਾਕਟਰਾਂ ਵੱਲੋਂ ਜ਼ੋਰਦਾਰ ਰੈਲੀ

**ਸਿਓਲ:** ਮੈਡੀਕਲ ਸਕੂਲ ਦਾਖ਼ਲਿਆਂ ਦੀ ਗਿਣਤੀ ਵਧਾਉਣ ਬਾਰੇ ਸਰਕਾਰ ਦੀ ਯੋਜਨਾ ਖ਼ਿਲਾਫ਼ ਜੂਨੀਅਰ ਡਾਕਟਰਾਂ ਵੱਲੋਂ ਕੀਤੀ ਜਾ ਰਹੀ ਹੜਤਾਲ ਨੂੰ ਉਸ ਸਮੇਂ ਹੁਲਾਰਾ ਮਿਲਿਆ ਜਦੋਂ ਹਜ਼ਾਰਾਂ ਸੀਨੀਅਰ ਡਾਕਟਰਾਂ ਨੇ ਦੱਖਣੀ ਕੋਰੀਆ ਦੀ ਰਾਜਧਾਨੀ ਸਿਓਲ 'ਚ ਇਕੱਠੇ ਹੋ ਕੇ ਰੈਲੀ ਕੀਤੀ।

ਜੂਨੀਅਰ ਡਾਕਟਰਾਂ ਵੱਲੋਂ ਪਿਛਲੇ ਦੋ ਹਫ਼ਤਿਆਂ ਤੋਂ ਹੜਤਾਲ ਕੀਤੀ ਜਾ ਰਹੀ ਹੈ। ਇਹ ਰੈਲੀ ਉਸ ਸਮੇਂ ਕੀਤੀ ਗਈ ਜਦੋਂ ਸਰਕਾਰ ਨੇ ਕਿਹਾ ਕਿ ਉਹ ਹੁਕਮ ਅਦੂਲੀ ਕਰਨ ਵਾਲੇ ਕਰੀਬ 9 ਹਜ਼ਾਰ ਮੈਡੀਕਲ ਇੰਟਰਨ ਅਤੇ ਰੈਜ਼ੀਡੈਂਟ ਡਾਕਟਰਾਂ ਦੇ ਲਾਇਸੈਂਸ ਮੁਅੱਤਲ ਕਰਨ ਲਈ ਕਦਮ ਚੁੱਕੇਗੀ। ਡਾਕਟਰਾਂ ਦੀ ਹੜਤਾਲ ਕਾਰਨ ਹਸਪਤਾਲਾਂ 'ਚ ਮਰੀਜ਼ਾਂ ਅਤੇ ਆਮ ਲੋਕਾਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਰੈਲੀ ਨੂੰ ਸੰਬੋਧਨ ਕਰਦਿਆਂ ਕੋਰੀਆ ਮੈਡੀਕਲ ਐਸੋਸੀਏਸ਼ਨ ਦੇ ਸੀਨੀਅਰ ਮੈਂਬਰ ਪਾਰਕ ਸੁੰਗ-ਮਿਨ ਨੇ ਕਿਹਾ ਕਿ ਸਰਕਾਰ ਦੀ ਮੈਡੀਕਲ ਨੀਤੀ ਕਾਰਨ ਟਰੇਨੀ ਡਾਕਟਰਾਂ ਅਤੇ ਮੈਡੀਕਲ ਵਿਦਿਆਰਥੀਆਂ 'ਚ ਭਾਰੀ ਰੋਸ ਹੈ।




ਉਨ੍ਹਾਂ ਕਿਹਾ ਕਿ ਸਰਕਾਰ ਧਮਕੀਆਂ ਦੇਣਾ ਅਤੇ ਡਾਕਟਰਾਂ ਨੂੰ ਦਬਾਉਣ ਦੀਆਂ ਕੋਸ਼ਿਸ਼ਾਂ ਬੰਦ ਕਰੇ। ਸੀਨੀਅਰ ਡਾਕਟਰਾਂ ਵੱਲੋਂ ਅਜੇ ਸਿਰਫ਼ ਰੈਲੀਆਂ ਨੂੰ ਹਮਾਇਤ ਦਿੱਤੀ ਗਈ ਹੈ ਅਤੇ ਜੇਕਰ ਉਹ ਵੀ ਹੜਤਾਲ 'ਤੇ ਚਲੇ ਗਏ ਤਾਂ ਦੱਖਣੀ ਕੋਰੀਆ 'ਚ ਮੈਡੀਕਲ ਸੇਵਾਵਾਂ ਨੂੰ ਵੱਡਾ ਝਟਕਾ ਲੱਗੇਗਾ। ਪ੍ਰਧਾਨ ਮੰਤਰੀ ਹਾਨ ਡੱਕ-ਸੂ ਨੇ ਸੀਨੀਅਰ ਡਾਕਟਰਾਂ ਨੂੰ ਅਪੀਲ ਕੀਤੀ ਹੈ ਕਿ ਉਹ ਹੜਤਾਲ ਕਰ ਰਹੇ ਜੂਨੀਅਰ ਡਾਕਟਰਾਂ ਨੂੰ ਕੰਮ 'ਤੇ ਪਰਤਣ ਲਈ ਮਨਾਉਣ।

# 'ਇੰਡੀਆ' ਗੱਠਜੋੜ ਨੇ ਬਿਹਾਰ ਤੋਂ ਚੋਣ ਬਿਗਲ ਵਜਾਇਆ

**ਪਟਨਾ:** ਬਿਹਾਰ ਵਿਚ ਰਾਸ਼ਟਰੀ ਜਨਤਾ ਦਲ (ਆਰ.ਜੇ.ਡੀ.) ਵੱਲੋਂ ਕੀਤੀ ਗਈ 'ਜਨ ਵਿਸ਼ਵਾਸ ਮਹਾ ਰੈਲੀ' ਨਾਲ ਵਿਰੋਧੀ ਧਿਰਾਂ ਦੇ 'ਇੰਡੀਆ' ਗੱਠਜੋੜ ਨੇ ਲੋਕ ਸਭਾ ਚੋਣਾਂ ਦਾ ਬਿਗਲ ਵਜਾ ਦਿੱਤਾ ਹੈ। ਰੈਲੀ ਨੂੰ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ, ਰਾਹੁਲ ਗਾਂਧੀ, ਆਰ.ਜੇ.ਡੀ. ਨੇਤਾ ਲਾਲੂ ਪ੍ਰਸਾਦ ਯਾਦਵ, ਤੇਜਸਵੀ ਯਾਦਵ, ਸਮਾਜਵਾਦੀ ਪਾਰਟੀ ਮੁਖੀ ਅਖਿਲੇਸ਼ ਯਾਦਵ, ਸੀ.ਪੀ.ਐਮ. ਦੇ ਸੀਤਾਰਾਮ ਯੇਚੁਰੀ, ਸੀ.ਪੀ.ਆਈ. ਦੇ ਡੀ. ਰਾਜਾ ਸਣੇ ਹੋਰ ਆਗੂਆਂ ਨੇ ਸੰਬੋਧਨ ਕੀਤਾ। ਆਗੂਆਂ ਦੇ ਨਿਸ਼ਾਨੇ ਉਤੇ ਕੇਂਦਰ ਦੀ ਭਾਜਪਾ ਸਰਕਾਰ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਰਹੇ। ਰਾਹੁਲ ਗਾਂਧੀ ਮੱਧ ਪ੍ਰਦੇਸ਼ 'ਚ ਚੱਲ ਰਹੀ 'ਭਾਰਤ ਜੋੜੋ ਨਿਆਏ ਯਾਤਰਾ' ਵਿਚਾਲੇ ਛੱਡ ਕੇ ਉਚੇਚੇ ਤੌਰ 'ਤੇ ਤੇਜਸਵੀ ਯਾਦਵ ਵੱਲੋਂ ਕੀਤੀ ਗਈ ਰੈਲੀ 'ਚ ਪਹੁੰਚੇ ਸਨ। ਰੈਲੀ 'ਚ ਆਰ.ਜੇ.ਡੀ. ਦੇ ਸਮਰਥਕ ਵੱਡੀ ਗਿਣਤੀ 'ਚ ਸ਼ਾਮਲ ਹੋਏ। ਰੈਲੀ 'ਚ ਆਗੂਆਂ ਨੇ ਮੋਦੀ ਨੂੰ 'ਝੂਠਿਆਂ ਦਾ ਸਰਦਾਰ' ਤੇ ਭਾਜਪਾ ਨੂੰ 'ਝੂਠਾਂ ਦੀ ਫੈਕਟਰੀ' ਕਰਾਰ ਦਿੱਤਾ।




ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਆਪਣੇ 15 ਮਿੰਟ ਦੇ ਭਾਸ਼ਣ 'ਚ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ 'ਤੇ ਸਿਰਫ ਦੋ-ਤਿੰਨ ਅਮੀਰ ਲੋਕਾਂ ਲਈ ਹੀ ਕੰਮ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਦੇਸ਼ ਦੀ 73 ਫ਼ੀਸਦ ਆਬਾਦੀ ਨੂੰ ਨਜ਼ਰਅੰਦਾਜ਼ ਕਰ ਰਹੀ ਹੈ, ਜਿਹੜੀ ਸਮਾਜ ਦੇ ਹਾਸ਼ੀਏ 'ਤੇ ਧੱਕੇ ਵਰਗਾਂ, ਦਲਿਤਾਂ ਤੇ ਪਛੜੇ ਵਰਗਾਂ ਨਾਲ ਸਬੰਧਤ ਹੈ। ਰੈਲੀ ਨੂੰ ਸੰਬੋਧਨ ਕਰਦਿਆਂ ਭਾਜਪਾ ਦੇ ਸਪੱਸ਼ਟ ਹਵਾਲੇ ਨਾਲ ਰਾਹੁਲ ਨੇ ਕਿਹਾ ਕਿ 'ਇਕ ਪਾਰਟੀ' ਲੋਕਾਂ 'ਚ ਨਫ਼ਰਤ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਪਰ ਅਸੀਂ ''ਨਫ਼ਰਤ ਦੇ ਬਾਜ਼ਾਰ ਵਿਚ ਮੁਹੱਬਤ'' ਦੀ ਪੇਸ਼ਕਸ਼ ਕਰ ਰਹੇ ਹਾਂ। ਉਨ੍ਹਾਂ ਦੋਸ਼ ਲਾਇਆ ਕਿ ਦੇਸ਼ ਵਿਚ ਕਿਸਾਨਾਂ, ਨੌਜਵਾਨਾਂ ਅਤੇ ਦੱਬੇ-ਕੁਚਲੇ ਲੋਕਾਂ ਨਾਲ ਅਨਿਆਂ ਕੀਤਾ ਜਾ ਰਿਹਾ ਹੈ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਪਲਟੀ ਮਾਰ ਕੇ ਭਾਜਪਾ ਨਾਲ ਸਰਕਾਰ ਬਣਾਉਣ ਲਈ ਭੰਡਿਆ ਤੇ ਤੇਜਸਵੀ ਯਾਦਵ ਦੀ ਉਪ ਮੁੱਖ ਮੰਤਰੀ ਰਹਿੰਦਿਆਂ ਉਨ੍ਹਾਂ ਵੱਲੋਂ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ। ਇਸ ਦੌਰਾਨ ਉਨ੍ਹਾਂ ਮੋਦੀ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਉਹ 'ਝੂਠਿਆਂ ਦਾ ਸਰਦਾਰ'' ਹੈ ਕਿਉਂਕਿ ਉਹ ਦੋ ਕਰੋੜ ਨੌਕਰੀਆਂ ਦੇਣ ਅਤੇ ਕਾਲਾ ਧਨ ਦੇਸ਼ 'ਚ ਲਿਆਉਣ ਜਿਹੇ ਵਾਅਦੇ ਪੂਰੇ ਨਹੀਂ ਕਰ ਸਕੇ ਹਨ। ਆਰ.ਜੇ.ਡੀ. ਨੂੰ ਸੁਚੇਤ ਕਰਦਿਆਂ ਖੜਗੇ ਨੇ ਕਿਹਾ, ''ਨਿਤੀਸ਼ ਕੁਮਾਰ ਪਲਟੀ ਮਾਰਦੇ ਰਹਿੰਦੇ ਹਨ। ਉਹ ਫਿਰ ਅਜਿਹਾ ਕਰ ਸਕਦੇ ਹਨ। ਪਰ ਉਨ੍ਹਾਂ ਦਾ ਸੱਦਾ ਸਵੀਕਾਰ ਨਾ ਕਰਿਓ।''

ਉਨ੍ਹਾਂ ਦਾਅਵਾ ਕੀਤਾ ਕਿ 'ਇੰਡੀਆ' ਗੱਠਜੋੜ ਆਗਾਮੀ ਲੋਕ ਸਭਾ ਚੋਣਾਂ 'ਚ ਵੱਧ ਗਿਣਤੀ 'ਚ ਸੀਟਾਂ ਜਿੱਤੇਗਾ ਅਤੇ ਨਾਲ ਹੀ ਆਖਿਆ ਕਿ ਵਿਰੋਧੀ ਨੇਤਾ ਈਡੀ, ਸੀ.ਬੀ.ਆਈ. ਤੇ ਆਈ.ਟੀ. ਵਰਗੀਆਂ ਕੇਂਦਰੀ ਏਜੰਸੀਆਂ ਤੋਂ ਨਹੀਂ ਡਰਦੇ ਜਿਨ੍ਹਾਂ ਦੀ ਉਨ੍ਹਾਂ ਖ਼ਿਲਾਫ਼ ਦੁਰਵਰਤੋਂ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਲੋਕਾਂ ਨੂੰ ਇੰਡੀਆ ਗੱਠਜੋੜ ਦਾ ਸਾਥ ਦੇਣ ਦੀ ਅਪੀਲ ਕੀਤੀ ਅਤੇ ਆਖਿਆ, ''ਦੇਸ਼ ਦੀ ਖੁਸ਼ਹਾਲੀ, ਜਮਹੂਰੀਅਤ ਅਤੇ ਸੰਵਿਧਾਨ ਦੀ ਰੱਖਿਆ ਲਈ ਮੋਦੀ ਸਰਕਾਰ ਨੂੰ ਸੱਤਾ ਤੋਂ ਬਾਹਰ ਕਰਨਾ ਪਵੇਗਾ।'' ਲਾਲੂ ਪ੍ਰਸਾਦ ਯਾਦਵ ਨੇ ਵੀ ਬਿਹਾਰ ਦੇ ਮੁੱਖ ਮੰਤਰੀ 'ਤੇ ਨਿਸ਼ਾਨਾ ਸੇਧਿਆ ਅਤੇ ਲੋਕਾਂ ਨੂੰ 'ਆਗਾਮੀ ਚੋਣਾਂ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ।

## ਬੇਰੁਜ਼ਗਾਰੀ ਦਰ ਪਾਕਿਸਤਾਨ ਨਾਲੋਂ ਦੁੱਗਣੀ: ਰਾਹੁਲ

**ਗਵਾਲੀਅਰ (ਮੱਧ ਪ੍ਰਦੇਸ਼):** ਕਾਂਗਰਸੀ ਨੇਤਾ ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਭਾਰਤ 'ਚ ਬੇਰੁਜ਼ਗਾਰੀ ਦਰ ਪਾਕਿਸਤਾਨ ਨਾਲੋਂ ਦੁੱਗਣੀ ਹੈ। 'ਭਾਰਤ ਜੋੜੋ ਨਿਆਏ ਯਾਤਰਾ' ਦੌਰਾਨ ਗਵਾਲੀਅਰ 'ਚ ਰੈਲੀ ਮੌਕੇ ਉਨ੍ਹਾਂ ਆਖਿਆ ਕਿ ਇਹ ਸਥਿਤੀ ਪ੍ਰਧਾਨ ਮੰਤਰੀ ਨਰਿੰਦਰ ਦੀਆਂ ਮਾੜੀਆਂ ਵਿੱਤੀ ਨੀਤੀਆਂ ਕਾਰਨ ਪੈਦਾ ਹੋਈ ਜਿਸ ਦੇ ਨਤੀਜੇ ਵਜੋਂ ਦੇਸ਼ ਵਿਚ ''ਛੋਟੇ ਤੇ ਦਰਮਿਆਨੇ ਉਦਯੋਗ'' ਤਬਾਹ ਹੋ ਗਏ। ਰਾਹੁਲ ਗਾਂਧੀ ਨੇ ਆਖਿਆ ਕਿ ਇੱਥੋਂ ਤੱਕ ਆਰਥਿਕ ਤੇ ਰੁਜ਼ਗਾਰ ਪੱਖੋਂ ਭਾਰਤ ਦੀ ਕਾਰਗੁਜ਼ਾਰੀ ਭੂਟਾਨ ਤੇ ਬੰਗਲਾਦੇਸ਼ ਤੋਂ ਵੀ ਮਾੜੀ ਹੈ।

ਪੰਜਾਬ ਟਾਈਮਜ਼

*ਸ਼ਨਿਚਰਵਾਰ, 9 ਮਾਰਚ, 2024*

## ਪੰਜਾਬ ਦਾ ਸਿਆਸੀ ਪਿੜ

*ਆ ਰਹੀਆਂ ਚੋਣਾਂ ਨੇ ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਅਤੇ ਸੁਖਬੀਰ ਸਿੰਘ ਬਾਦਲ ਦੀ ਗਲਵੱਕੜੀ ਪੁਆ ਦਿੱਤੀ ਹੈ। ਜਿਉਂ-ਜਿਉਂ ਲੋਕ ਸਭਾ ਨੇੜੇ ਢੁੱਕ ਰਹੀਆਂ ਹਨ, ਸਿਆਸੀ ਜੋੜ-ਤੋੜ ਤਿੱਖੇ ਹੋ ਰਹੇ ਹਨ। ਇਤਿਹਾਸਕ ਕਿਸਾਨ ਅੰਦੋਲਨ ਤੋਂ ਬਾਅਦ 2022 ਵਿਚ ਹੋਈਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੇ ਅਣਸਰਦੇ ਨੂੰ ਬਹੁਜਨ ਸਮਾਜ ਪਾਰਟੀ ਨਾਲ ਚੋਣ ਸਮਝੌਤਾ ਕੀਤਾ ਸੀ। ਇਸ ਦੇ ਬਾਵਜੂਦ ਇਹ ਚੋਣਾਂ ਵਿਚ ਕੋਈ ਖਾਸ ਕਾਰਗੁਜ਼ਾਰੀ ਨਹੀਂ ਦਿਖਾ ਸਕੀ। ਅਸਲ ਵਿਚ, ਬੇਅਦਬੀ ਵਾਲੀਆਂ ਘਟਨਾਵਾਂ ਅਤੇ ਕੁਝ ਹੋਰ ਮੁੱਦਿਆਂ ਕਾਰਨ ਪੰਜਾਬ ਦੇ ਲੋਕਾਂ ਦੀ ਅਕਾਲੀ ਦਲ ਨਾਲ ਨਾਰਾਜ਼ਗੀ ਚੱਲ ਰਹੀ ਹੈ। ਲੋਕਾਂ ਦੇ ਕਹੇ-ਸੁਣੇ ਤੋਂ ਬਾਅਦ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੇਅਦਬੀ ਵਾਲੇ ਘਟਨਾਕ੍ਰਮ ਬਾਰੇ ਮੁਆਫੀ ਵੀ ਮੰਗੀ ਪਰ ਲੋਕਾਂ ਦੀ ਨਾਰਾਜ਼ਗੀ ਅਜੇ ਖਤਮ ਨਹੀਂ ਹੋ ਰਹੀ। ਇਸੇ ਕਰ ਕੇ ਹੁਣ ਉਸ ਨੂੰ ਪਾਰਟੀ ਵਿਚੋਂ ਬਾਹਰ ਗਏ ਆਗੂਆਂ ਨੂੰ ਹਾਕਾਂ ਮਾਰਨੀਆਂ ਪੈ ਰਹੀਆਂ ਹਨ। ਹਾਲ ਹੀ ਵਿਚ ਭਾਰਤੀ ਜਨਤਾ ਪਾਰਟੀ ਅਤੇ ਅਕਾਲੀ ਦਲ ਵਿਚਕਾਰ ਸਿਆਸੀ ਤਾਲਮੇਲ ਦੀਆਂ ਖਬਰਾਂ ਵੀ ਲਗਾਤਾਰ ਨਸ਼ਰ ਹੋਈਆਂ ਪਰ ਕਿਸਾਨ ਅੰਦੋਲਨ ਕਾਰਨ ਬਣੇ ਨਵੇਂ ਹਾਲਾਤ ਅਨੁਸਾਰ ਇਹ ਤਾਲਮੇਲ ਵੀ ਇਕ ਵਾਰ ਫਿਰ ਪਿਛਾਂਹ ਪੈ ਗਿਆ ਜਾਪਦਾ ਹੈ। ਇਸ ਮਸਲੇ 'ਤੇ ਸੁਖਦੇਵ ਸਿੰਘ ਢੀਂਡਸਾ ਦਾ ਰੁਖ ਵੀ ਬਦਲਿਆ-ਬਦਲਿਆ ਜਾਪ ਰਿਹਾ ਹੈ। ਪਹਿਲਾਂ ਹਾਲਾਤ ਇਹ ਸਨ ਕਿ ਭਾਰਤੀ ਜਨਤਾ ਪਾਰਟੀ ਅਕਾਲੀ ਦਲ ਦੇ ਬਰਾਬਰ ਸੁਖਦੇਵ ਸਿੰਘ ਢੀਂਡਸਾ ਦੇ ਧੜੇ ਨੂੰ ਖੜ੍ਹਾ ਕਰਨਾ ਚਾਹੁੰਦੀ ਸੀ ਪਰ ਉਸ ਦੀ ਇਸ ਕਵਾਇਦ ਨੂੰ ਬਹੁਤਾ ਬੂਰ ਨਹੀਂ ਪਿਆ। ਹੋਰ ਪਾਰਟੀਆਂ ਦੇ ਕਹਿੰਦੇ-ਕਹਾਉਂਦੇ ਆਗੂਆਂ ਨੂੰ ਨਾਲ ਰਲਾਉਣ ਦੇ ਬਾਵਜੂਦ ਭਾਰਤੀ ਜਨਤਾ ਪਾਰਟੀ ਦੇ ਪੈਰ ਪੰਜਾਬ ਵਿਚ ਲੱਗ ਨਹੀਂ ਰਹੇ। ਵਿਧਾਨ ਸਭਾ ਚੋਣਾਂ ਵਿਚ ਵੀ ਇਸ ਦੀ ਕਾਰਗੁਜ਼ਾਰੀ ਕੋਈ ਖਾਸ ਨਹੀਂ ਰਹੀ।*

*ਸੁਖਦੇਵ ਸਿੰਘ ਢੀਂਡਸਾ ਅਤੇ ਸੁਖਬੀਰ ਸਿੰਘ ਬਾਦਲ ਵਿਚਕਾਰ ਤਾਲਮੇਲ ਲਈ ਰਾਹ ਆਮ ਆਦਮੀ ਪਾਰਟੀ ਅਤੇ ਕਾਂਗਰਸ ਦੀ ਖਿੱਚੋਤਾਣ ਕਾਰਨ ਵੀ ਖੁੱਲ੍ਹਿਆ ਹੈ। ਕੌਮੀ ਪੱਧਰ 'ਤੇ ਭਾਵੇਂ ਇਨ੍ਹਾਂ ਪਾਰਟੀਆਂ ਵਿਚਕਾਰ ਪੰਜ ਥਾਈਂ ਚੋਣ ਤਾਲਮੇਲ ਬਣ ਗਿਆ ਹੈ ਪਰ ਪੰਜਾਬ ਵਿਚ ਦੋਵੇਂ ਪਾਰਟੀਆਂ ਆਪੋ-ਆਪਣੇ ਤੌਰ 'ਤੇ ਚੋਣ ਲੜ ਰਹੀਆਂ ਹਨ। ਕੁਝ ਸਿਆਸੀ ਮਾਹਿਰਾਂ ਦੀ ਰਾਇ ਹੈ ਕਿ ਇਸ ਦਾ ਕੁਝ ਨਾ ਕੁਝ ਫਾਇਦਾ ਅਕਾਲੀ ਦਲ ਨੂੰ ਹੋ ਸਕਦਾ ਹੈ। ਅਕਾਲੀ ਦਲ ਬਾਰੇ ਇਕ ਤੱਥ ਇਹ ਵੀ ਹੈ ਕਿ ਕਈ ਸਾਲਾਂ ਦੀਆਂ ਵੱਡੀਆਂ ਪਛਾੜਾਂ ਦੇ ਬਾਵਜੂਦ ਇਸ ਦਾ ਜਥੇਬੰਦਕ ਤਾਣਾ-ਬਾਣਾ ਜਿਉਂ ਦਾ ਤਿਉਂ ਕਾਇਮ ਹੈ। ਇਕ ਸਮੇਂ ਕੇਂਦਰ ਵਿਚ ਸੱਤਾਧਾਰੀ ਅਤੇ ਸ਼੍ਰੋਮਣੀ ਅਕਾਲੀ ਦੀ ਭਾਈਵਾਲ, ਭਾਰਤੀ ਜਨਤਾ ਪਾਰਟੀ ਨੇ ਕੋਸ਼ਿਸ਼ ਕੀਤੀ ਸੀ ਕਿ ਅਕਾਲੀ ਦਲ ਦੇ ਹੇਠਲੇ ਲੀਡਰ ਕਿਸੇ ਨਾ ਕਿਸੇ ਤਰ੍ਹਾਂ ਸੁਖਦੇਵ ਸਿੰਘ ਢੀਂਡਸਾ ਵਾਲੇ ਧੜੇ ਨਾਲ ਰਲ ਜਾਣ ਪਰ ਇਸ ਬਾਰੇ ਕੋਸ਼ਿਸ਼ਾਂ ਦੇ ਬਾਵਜੂਦ ਅਜਿਹਾ ਸੰਭਵ ਨਹੀਂ ਹੋ ਸਕਿਆ। ਇਸੇ ਕਰ ਕੇ ਹੁਣ ਸਿਆਸੀ ਕਿਆਸਆਰਾਈਆਂ ਹਨ ਕਿ ਸੁਖਦੇਵ ਸਿੰਘ ਢੀਂਡਸਾ ਅਤੇ ਸੁਖਬੀਰ ਸਿੰਘ ਬਾਦਲ ਦੀ ਸਾਂਝ ਨਾਲ ਦਲ ਨੂੰ ਚੋਣਾਂ ਦੌਰਾਨ ਵਧੀਆ ਕਾਰਗੁਜ਼ਾਰੀ ਦਿਖਾਉਣ ਦਾ ਮੌਕਾ ਮਿਲ ਸਕਦਾ ਹੈ।*

*ਅਕਾਲੀ ਆਗੂਆਂ ਦੀ ਇਕ ਗਿਣਤੀ-ਮਿਣਤੀ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਵੀ ਟਿਕੀ ਹੋਈ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਪਿਛਲੇ ਦੋ ਸਾਲਾਂ ਦੌਰਾਨ ਉਹ ਕੁਝ ਕਰ ਨਹੀਂ ਸਕੀ ਜਿਸ ਦੀ ਆਸ ਲੋਕ ਕਰ ਰਹੇ ਸਨ। ਹੁਣ ਲੋਕਾਂ ਦੀ ਇਹ ਰਾਇ ਬਣ ਰਹੀ ਹੈ ਕਿ ਆਮ ਆਦਮੀ ਪਾਰਟੀ ਦੀ ਸਿਆਸਤ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਤੋਂ ਵੱਖਰੀ ਨਹੀਂ। ਸਰਕਾਰ ਦਾ ਸਾਰਾ ਜ਼ੋਰ ਇਸ਼ਤਿਹਾਰਬਾਜ਼ੀ ਰਾਹੀਂ ਲੋਕਾਂ ਨੂੰ ਪ੍ਰਭਾਵਿਤ ਕਰਨ 'ਤੇ ਲੱਗਿਆ ਹੋਇਆ ਹੈ। ਹੋਰ ਤਾਂ ਹੋਰ, ਮੀਡੀਆ ਦੇ ਮਾਮਲੇ ਵਿਚ ਤਾਂ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਬਹੁਤ ਤੋਏ-ਤੋਏ ਹੋ ਰਹੀ ਹੈ। ਕੱਲ੍ਹ ਤੱਕ ਇਹ ਮੰਨਿਆ ਜਾ ਰਿਹਾ ਸੀ ਕਿ ਕੇਂਦਰ ਵਿਚ ਸੱਤਾਧਾਰੀ, ਭਾਰਤੀ ਜਨਤਾ ਪਾਰਟੀ ਨੇ ਮੀਡੀਆ ਦੇ ਵੱਡੇ ਹਿੱਸੇ ਨੂੰ ਖਰੀਦ ਲਿਆ ਹੈ ਅਤੇ ਲੋਕਾਂ ਦੀ ਆਵਾਜ਼ ਤੱਕ ਬੰਦ ਕੀਤੀ ਜਾ ਰਹੀ ਹੈ। ਇਸ ਮਸਲੇ 'ਤੇ ਆਮਆਦਮੀ ਪਾਰਟੀ ਦੀ ਪਹੁੰਚ ਭਾਰਤੀ ਜਨਤਾ ਪਾਰਟੀ ਤੋਂ ਵੀ ਦੋ ਰੱਤੀਆਂ ਉਤਾਂਹ ਹੀ ਹੈ। ਆਮ ਆਦਮੀ ਪਾਰਟੀ ਨੇ ਪੰਜਾਬ ਵਿਚ ਆਪਣੀ ਸਰਕਾਰ ਰਾਹੀਂ ਮੀਡੀਆ ਨੂੰ ਇੰਨਾ ਗੋਡਣੀਆਂ ਭਾਰ ਕਰ ਦਿੱਤਾ ਹੈ ਕਿ ਸਭ ਹੈਰਾਨ-ਪ੍ਰੇਸ਼ਾਨ ਹਨ। ਸਰਕਾਰ ਬਾਰੇ ਕੋਈ ਵਿਰੋਧੀ ਟਿੱਪਣੀ ਤਾਂ ਇੱਕ ਪਾਸੇ ਰਹੀ, ਸਾਧਾਰਨ ਖਬਰਾਂ ਤੱਕ ਵੀ ਛਪਣ ਜਾਂ ਨਸ਼ਰ ਨਹੀਂ ਹੋਣਦਿੱਤੀਆਂ ਜਾ ਰਹੀਆਂ। ਉਂਝ ਵੀ, ਪੱਤਰਕਾਰ ਅਤੇ ਸਬੰਧਿਤ ਅਦਾਰੇ ਮਾਲੀ ਨੁਕਸਾਨ ਦੇ ਡਰੋਂ ਸਰਕਾਰ ਸਾਹਵੇਂ ਗੋਡੇ ਟੇਕ ਗਏ ਹਨ। ਇਨ੍ਹਾਂ ਹਾਲਾਤ ਵਿਚ ਅਕਾਲੀ ਆਗੂਆਂ ਨੂੰ ਆਸ ਹੈ ਕਿ ਇਹ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਚੰਗੀ ਕਾਰਗੁਜ਼ਾਰੀ ਦਿਖਾ ਸਕਣਗੇ ਅਤੇ ਪਾਰਟੀ ਨੂੰ ਜਿਹੜੀ ਪਛਾੜ ਪਿਛਲੇ ਕੁਝ ਸਾਲਾਂ ਦੌਰਾਨ ਲੱਗੀ ਹੈ, ਉਸ ਦੀ ਭਰਪਾਈ ਹੋ ਸਕੇਗੀ। ਹੁਣ ਇਹ ਦੇਖਣਾ ਵੀ ਦਿਲਚਸਪ ਹੋਵੇਗਾ ਕਿ ਭਾਰਤੀ ਜਨਤਾ ਪਾਰਟੀ ਕਿਸ ਸਿਆਸੀ ਧਿਰ ਨਾਲ ਸਿਰ ਜੋੜਦੀ ਹੈ ਕਿਉਂਕਿ ਹਾਲ ਦੀ ਘੜੀ ਭਾਰਤੀ ਜਨਤਾ ਪਾਰਟੀ ਨੂੰ ਪੰਜਾਬ ਵਿਚ ਹੁੰਗਾਰਾ ਮਿਲਣ ਵਾਲਾ ਕੋਈ ਮਾਹੌਲ ਨਹੀਂ ਜਾਪਦਾ। ਹੋਰ ਬਹੁਤੀਆਂ ਥਾਵਾਂ ਵਾਂਗ ਭਾਰਤੀ ਜਨਤਾ ਪਾਰਟੀ ਪੰਜਾਬ ਵਿਚ ਧਰੁਵੀਕਰਨ ਕਰਨ ਵਿਚ ਸਫਲ ਨਹੀਂ ਹੋਈ। ਕਿਸਾਨ ਅੰਦੋਲਨ ਦੌਰਾਨ ਇਕ ਸਮਾਂ ਤਾਂ ਉਹ ਵੀ ਆਇਆ ਸੀ ਕਿ ਪਾਰਟੀ ਆਗੂਆਂ ਦਾ ਘਰੋਂ ਬਾਹਰ ਨਿੱਕਲਣਾ ਵੀ ਮੁਸ਼ਕਿਲ ਹੋ ਗਿਆ ਸੀ। ਜ਼ਾਹਿਰ ਹੈ ਕਿ ਪੰਜਾਬ ਵਿਚ ਸਾਰੀਆਂ ਸਿਆਸੀ ਧਿਰਾਂ ਦਾ ਵੱਕਾਰ ਦਾਅ 'ਤੇ ਲੱਗਿਆ ਹੋਇਆ ਹੈ। ਇਸ ਸੂਰਤ ਵਿਚ ਚੋਣਾਂ ਦੌਰਾਨ ਊਠ ਕਿਸ ਪਾਰਟੀ ਵਾਲੇ ਪਾਸੇ ਕਰਵਟ ਬਦਲਦਾ ਹੈ, ਇਹ ਆਉਣ ਵਾਲਾ ਸਮਾਂ ਹੀ ਦੱਸੇਗਾ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਚੌਧਰ ਦੀ ਲਾਲਸਾ !*

ਵੱਡਾ ਰੋਗ ਹੈ ਸਭਾ ਸੋਸਾਇਟੀਆਂ ਨੂੰ ਚੌਧਰ ਲੈਣ ਦੀ ਲੱਗੀ ਐ ਹੋੜ ਦੇਖੋ।
'ਨੰਬਰ' ਨਿੱਜ ਦੇ ਕਿਵੇਂ ਵਧਾ ਲਈਏ ਲੈਂਦੇ ਪਲਾਂ ਵਿਚ 'ਜੋੜ ਤੇ ਤੋੜ' ਦੇਖੋ।
ਰਾਹ ਸਫਲਤਾ ਵਾਲ਼ੇ ਨੀ ਪੈਣ ਦਿੰਦਾ ਦੁਸ਼ਮਣ ਦਿੰਦਾ ਏ ਬਾਂਹ ਮਰੋੜ ਦੇਖੋ।
ਛੱਡ ਵੈਰੀ ਨੂੰ ਆਪਸ 'ਚ ਲੜੀ ਜਾਂਦੇ ਦੂਰਅੰਦੇਸ਼ੀ ਤੇ ਅਕਲ ਦੀ ਥੋੜ ਦੇਖੋ।
ਝੋਟੇ ਭਿੜਨ ਤਾਂ ਹੋਊ ਗੀ ਪ੍ਰਾਪਤੀ ਕੀ ਨਿਰਾ ਖੌਅ ਹੀ ਹੁੰਦਾ ਐ ਬੂਝਿਆਂ ਦਾ।
ਹੋਈ ਜਿੱਤ ਤਾਂ ਪਾ ਦਿਉ ਹਾਰ 'ਸਾਡੇ' ਹੋ ਗਈ ਹਾਰ ਤਾਂ ਦੋਸ਼ ਹੈ 'ਦੂਜਿਆਂ' ਦਾ !

# ਅਦਾਲਤੀ ਸਖਤੀ ਦੇ ਬਾਵਜੂਦ ਮੋਦੀ ਸਰਕਾਰ ਬਾਬਾ ਰਾਮਦੇਵ 'ਤੇ ਮਿਹਰਬਾਨ ਕਿਉਂ?

**ਆਖਰ ਮੋਦੀ ਸਰਕਾਰ ਪਤੰਜਲੀ 'ਤੇ ਇੰਨੀ ਮਿਹਰਬਾਨ ਕਿਉਂ ਹੈ। ਪਿਛਲੇ ਸਾਲ ਸੁਪਰੀਮ ਕੋਰਟ ਨੇ ਪਤੰਜਲੀ ਨੂੰ ਚਿਤਾਵਨੀ ਦਿੱਤੀ ਸੀ ਕਿ ਹਰਬਲ ਦਵਾਈਆਂ ਦੇ ਕਾਰਗਰ ਹੋਣ ਬਾਰੇ ਕੀਤੇ ਜਾਂਦੇ ਹਰ ਝੂਠੇ ਦਾਅਵੇ ਬਦਲੇ ਇਕ ਕਰੋੜ ਰੁਪਏ ਜੁਰਮਾਨਾ ਕੀਤਾ ਜਾਵੇਗਾ ਅਤੇ ਸਖਤੀ ਨਾਲ ਕਿਹਾ ਸੀ ਕਿ ਆਪਣੇ ਕਾਰੋਬਾਰੀ ਹਿੱਤਾਂ ਖਾਤਰ ਕੀਤੀ ਜਾ ਰਹੀ ਗੁਮਰਾਹਕੁਨ ਇਸ਼ਤਿਹਾਰਬਾਜ਼ੀ ਸਹਿਣ ਨਹੀਂ ਕੀਤੀ ਜਾਵੇਗੀ ਪਰ ਕੇਂਦਰ ਸਰਕਾਰ ਦੀ ਮਿਹਰਬਾਨੀ ਸਦਕਾ ਕੰਪਨੀ ਨੇ ਝੂਠੇ ਇਸ਼ਤਿਹਾਰ ਬੰਦ ਨਹੀਂ ਕੀਤੇ। ਇਸ ਬਾਰੇ ਖੁਲਾਸਾ ਸਾਡੇ ਕਾਲਮਨਵੀਸ ਨਵਕਿਰਨ ਸਿੰਘ ਪੱਤੀ ਨੇ ਆਪਣੇ ਇਸ ਲੇਖ ਵਿਚ ਕੀਤਾ ਹੈ।**

ਕੁਝ ਦਿਨ ਪਹਿਲਾਂ ਸੁਪਰੀਮ ਕੋਰਟ ਨੇ ਮਸ਼ਹੂਰ ਯੋਗ ਗੁਰੂ ਦੇ ਨਾਮ ਨਾਲ ਜਾਣੇ ਜਾਂਦੇ ਬਾਬਾ ਰਾਮਦੇਵ ਦੀ ਕੰਪਨੀ ਪਤੰਜਲੀ ਆਯੁਰਵੈਦ ਦੁਆਰਾ ਮਨੁੱਖੀ ਇਲਾਜ ਸਬੰਧੀ ਦਿੱਤੇ ਜਾ ਰਹੇ 'ਗੁਮਰਾਹਕੁਨ ਅਤੇ ਝੂਠੇ' ਇਸ਼ਤਿਹਾਰਾਂ ਦੇ ਮਾਮਲੇ ਵਿਚ ਸੁਣਵਾਈ ਕਰਦਿਆਂ ਜਿੱਥੇ ਕੰਪਨੀ ਨੂੰ ਝਾੜ ਪਾਈ ਹੈ ਉੱਥੇ ਇਸ ਕੰਪਨੀ ਪ੍ਰਤੀ ਅਖਤਿਆਰ ਨਰਮੀ 'ਤੇ ਕੇਂਦਰ ਸਰਕਾਰ ਦੀ ਸਖਤ ਆਲੋਚਨਾ ਕੀਤੀ ਹੈ। ਸੁਪਰੀਮ ਕੋਰਟ ਨੇ ਟਿੱਪਣੀ ਕੀਤੀ ਹੈ ਕਿ ਪਤੰਜਲੀ ਝੂਠੇ ਇਸ਼ਤਿਹਾਰਾਂ ਰਾਹੀਂ ਪੂਰੇ ਦੇਸ਼ ਨੂੰ ਗੁਮਰਾਹ ਕਰ ਰਹੀ ਹੈ ਅਤੇ ਕੇਂਦਰ ਸਰਕਾਰ ਅੱਖਾਂ ਬੰਦ ਕਰ ਕੇ ਬੈਠੀ ਹੈ। ਸੁਪਰੀਮ ਕੋਰਟ ਨੇ ਪਤੰਜਲੀ ਨੂੰ ਸਾਰੇ ਇਲੈਕਟ੍ਰੌਨਿਕ ਅਤੇ ਪ੍ਰਿੰਟ ਇਸ਼ਤਿਹਾਰਾਂ ਨੂੰ ਤੁਰੰਤ ਪ੍ਰਭਾਵ ਨਾਲ ਬੰਦ ਕਰਨ ਦੇ ਨਿਰਦੇਸ਼ ਦਿੱਤੇ ਹਨ।



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਸਾਡੇ ਲਈ ਇਹ ਸਮਝਣਾ ਅਹਿਮ ਹੈ ਕਿ ਆਖਰ ਮੋਦੀ ਸਰਕਾਰ ਪਤੰਜਲੀ 'ਤੇ ਇੰਨੀ ਮਿਹਰਬਾਨ ਕਿਉਂ ਹੈ। ਇਹ ਪਹਿਲੀ ਵਾਰ ਨਹੀਂ ਹੋਇਆ ਜਦ ਅਦਾਲਤ ਨੇ ਪਤੰਜਲੀ ਆਯੁਰਵੈਦ ਨੂੰ ਝਾੜ ਪਾਈ ਹੋਵੇ; ਇਸ ਤੋਂ ਪਹਿਲਾਂ ਵੀ ਪਿਛਲੇ ਸਾਲ ਨਵੰਬਰ ਵਿਚ ਅਦਾਲਤ ਨੇ ਪਤੰਜਲੀ ਆਯੁਰਵੈਦ ਨੂੰ ਆਪਣੀਆਂ ਦਵਾਈਆਂ ਬਾਰੇ 'ਝੂਠੇ' ਅਤੇ 'ਗੁਮਰਾਹਕੁਨ' ਦਾਅਵੇ ਕਰਨ ਤੋਂ ਖਬਰਦਾਰ ਕੀਤਾ ਸੀ। ਸੁਪਰੀਮ ਕੋਰਟ ਨੇ ਪਿਛਲੇ ਸਾਲ ਨਵੰਬਰ ਵਿਚ ਪਤੰਜਲੀ ਨੂੰ ਚਿਤਾਵਨੀ ਦਿੱਤੀ ਸੀ ਕਿ ਹਰਬਲ ਦਵਾਈਆਂ ਦੇ ਕਾਰਗਰ ਹੋਣ ਬਾਰੇ ਕੀਤੇ ਜਾਂਦੇ ਹਰ ਝੂਠੇ ਦਾਅਵੇ ਬਦਲੇ ਇਕ ਕਰੋੜ ਰੁਪਏ ਜੁਰਮਾਨਾ ਕੀਤਾ ਜਾਵੇਗਾ। ਅਦਾਲਤ ਨੇ ਸਖਤੀ ਨਾਲ ਕਿਹਾ ਸੀ ਕਿ ਆਪਣੇ ਕਾਰੋਬਾਰੀ ਹਿੱਤਾਂ ਖਾਤਰ ਕੀਤੀ ਜਾ ਰਹੀ ਗੁਮਰਾਹਕੁਨ ਇਸ਼ਤਿਹਾਰਬਾਜ਼ੀ ਸਹਿਣ ਨਹੀਂ ਕੀਤੀ ਜਾਵੇਗੀ। ਨਵੰਬਰ 2023 ਵਿਚ ਪਤੰਜਲੀ ਆਯੁਰਵੈਦ ਦੇ ਵਕੀਲ ਨੇ ਅਦਾਲਤ ਨੂੰ ਯਕੀਨ ਦਿਵਾਇਆ ਸੀ ਕਿ ਕਿਸੇ ਵੀ ਕਾਨੂੰਨ ਦੀ ਉਲੰਘਣਾ ਨਹੀਂ ਹੋਵੇਗੀ ਪਰ ਕੇਂਦਰ ਸਰਕਾਰ ਦੀ ਮਿਹਰਬਾਨੀ ਸਦਕਾ ਕੰਪਨੀ ਨੇ ਝੂਠੇ ਇਸ਼ਤਿਹਾਰ ਬੰਦ ਨਹੀਂ ਕੀਤੇ। ਹੁਣ ਸੁਪਰੀਮ ਕੋਰਟ ਨੇ ਕੰਪਨੀ ਅਤੇ ਇਸ ਦੇ ਪ੍ਰਬੰਧਕੀ ਨਿਰਦੇਸ਼ਕ ਨੂੰ ਮਾਣਹਾਨੀ ਨੋਟਿਸ ਜਾਰੀ ਕਰਦਿਆਂ ਕਿਹਾ ਹੈ ਕਿ ਇਸ ਦੇ ਵਿਹਾਰ ਤੋਂ ਸੰਕੇਤ ਮਿਲਦਾ ਹੈ ਕਿ ਕੰਪਨੀ ਸਮੁੱਚੇ ਦੇਸ਼ ਦੀਆਂ ਅੱਖਾਂ ਵਿਚ ਘੱਟਾ ਪਾ ਰਹੀ ਹੈ।

ਦਰਅਸਲ ਪਤੰਜਲੀ ਦੁਆਰਾ 'ਗੁਮਰਾਹਕੁਨ ਅਤੇ ਝੂਠੇ' ਇਸ਼ਤਿਹਾਰਾਂ ਤੇ ਦਾਅਵਿਆਂ ਖਿਲਾਫ ਉੱਚ ਅਦਾਲਤ ਵਿਚ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈ.ਐਮ.ਏ.) ਨੇ ਪਟੀਸ਼ਨ ਦਾਇਰ ਕੀਤੀ ਸੀ। ਆਈ.ਐਮ.ਏ. ਨੇ ਅਜਿਹੇ ਕਈ ਇਸ਼ਤਿਹਾਰਾਂ ਦਾ ਹਵਾਲਾ ਦਿੱਤਾ ਸੀ ਜਿਨ੍ਹਾਂ ਵਿਚ ਐਲੋਪੈਥੀ ਅਤੇ ਡਾਕਟਰਾਂ ਨੂੰ ਗਲਤ ਰੂਪ ਵਿਚ ਪੇਸ਼ ਕੀਤਾ ਗਿਆ ਸੀ। ਸੁਪਰੀਮ ਕੋਰਟ ਨੇ ਇਸ ਮਾਮਲੇ ਦੀ ਸੁਣਵਾਈ ਕਰਦਿਆਂ ਪਤੰਜਲੀ ਦੇ ਨਾਲ-ਨਾਲ ਕੇਂਦਰ ਸਰਕਾਰ ਤੋਂ ਵੀ ਜਵਾਬ ਤਲਬ ਕੀਤਾ ਹੈ ਕਿ ਉਸ ਨੇ ਹੁਣ ਤੱਕ ਕਾਰਵਾਈ ਕਿਉਂ ਨਹੀਂ ਕੀਤੀ ਹੈ।

ਨਵੰਬਰ 2023 ਵਿਚ ਸੁਪਰੀਮ ਕੋਰਟ ਦੀ ਸਖਤੀ ਦੇ ਬਾਵਜੂਦ ਬਾਬਾ ਰਾਮਦੇਵ ਨੇ ਆਈ.ਐਮ.ਏ. ਖਿਲਾਫ ਅਸਿੱਧੇ ਬਿਆਨ ਦਿੰਦਿਆਂ ਕਿਹਾ ਸੀ ਕਿ ਡਾਕਟਰਾਂ ਦਾ ਇੱਕ ਹਿੱਸਾ ਯੋਗ, ਆਯੁਰਵੈਦ, ਨੈਚਰੋਪੈਥੀ ਅਤੇ ਸਾਡੀਆਂ ਸਨਾਤਨ ਕਦਰਾਂ-ਕੀਮਤਾਂ ਵਿਰੁੱਧ ਪ੍ਰਚਾਰ ਕਰ ਰਿਹਾ ਹੈ ਜਦਕਿ ਇਹ ਬਿਲਕੁੱਲ ਬੇਬੁਨਿਆਦ ਸੀ। ਇਸ ਤੋਂ ਪਹਿਲਾਂ ਕਰੋਨਾ ਵਾਇਰਸ ਦੇ ਦੌਰ ਵਿਚ ਵੀ ਬਾਬਾ




ਰਾਮਦੇਵ ਨੇ ਆਪਣੀਆਂ ਦਵਾਈਆਂ ਦੇ ਕਾਰਗਰ ਹੋਣ ਸਬੰਧੀ ਬੇਬੁਨਿਆਦ ਪ੍ਰਚਾਰ ਕਰਦਿਆਂ ਐਲੋਪੈਥੀ ਅਤੇ ਡਾਕਟਰਾਂ ਖਿਲਾਫ ਸਖਤ ਟਿੱਪਣੀਆਂ ਕੀਤੀਆਂ ਸਨ। ਪਿਛਲੇ ਹਫਤੇ ਸੁਣਵਾਈ ਦੌਰਾਨ ਅਦਾਲਤ ਨੇ ਇਹ ਵੀ ਕਿਹਾ ਕਿ ਪਤੰਜਲੀ ਜਾਂ ਇਸ ਦੇ ਅਧਿਕਾਰੀ ਕਿਸੇ ਵੀ ਮੈਡੀਕਲ ਪ੍ਰਬੰਧ ਖਿਲਾਫ ਮੀਡੀਆ ਵਿਚ ਕੋਈ ਜਨਤਕ ਬਿਆਨ ਨਹੀਂ ਦੇ ਸਕਦੇ।

ਅਸਲ ਵਿਚ ਯੋਗ ਵੀ ਵਿਗਿਆਨਕ ਢੰਗ ਨਾਲ ਕੀਤਾ ਜਾਣ ਵਾਲਾ ਸਰੀਰਕ ਅਭਿਆਸ ਹੈ ਪਰ ਇਸ ਨੂੰ ਭਾਰਤੀ ਮੀਡੀਆ ਦੇ ਵੱਡੇ ਹਿੱਸੇ ਨੇ ਇਸ ਤਰ੍ਹਾਂ ਪੇਸ਼ ਕੀਤਾ ਜਿਵੇਂ ਇਸ ਦੀ ਖੋਜ ਸੰਘ ਪਰਿਵਾਰ ਨੇ ਕੀਤੀ ਹੋਵੇ ਤੇ ਇਸ ਦਾ ਬਰਾਂਡ ਐਂਬੈਸਡਰ ਬਾਬਾ ਰਾਮਦੇਵ ਹੋਵੇ। ਬਾਬਾ ਰਾਮਦੇਵ ਅਤੇ ਉਸ ਦੇ ਹਮਾਇਤੀਆਂ ਨੂੰ ਸਵਾਲ ਪੁੱਛਣਾ ਬਣਦਾ ਹੈ ਕਿ ਪਤੰਜਲੀ ਦੇ ਗੈਰ-ਵਿਗਿਆਨਕ ਦਾਅਵਿਆਂ ਦਾ ਖੰਡਨ ਕਰਨਾ ਆਯੁਰਵੈਦ ਵਿਰੁੱਧ ਕਿਵੇਂ ਹੋ ਗਿਆ। ਹਕੀਕਤ ਇਹ ਹੈ ਕਿ ਬਾਬਾ ਰਾਮਦੇਵ ਅਜਿਹਾ ਵਪਾਰੀ ਹੈ ਜਿਸ ਦੀ ਕੰਪਨੀ 'ਪਤੰਜਲੀ' ਮਨੁੱਖ ਦੇ ਸਵੇਰੇ ਉੱਠ ਕੇ ਵਰਤੋਂ ਵਿਚ ਆਉਣ ਵਾਲੀ ਟੁੱਥਪੇਸਟ ਤੋਂ ਲੈ ਕੇ ਰਾਤ ਨੂੰ ਸੌਣ ਤੱਕ ਵਰਤੋਂ ਵਿਚ ਆਉਣ ਵਾਲੀ ਲੱਗਭੱਗ ਹਰ ਵਸਤੂ ਵੇਚ ਰਹੀ ਹੈ। ਸਰਕਾਰ ਦੀਆਂ ਬਾਬਾ ਰਾਮਦੇਵ ਨੂੰ ਦਿੱਤੀਆਂ ਜਾ ਰਹੀਆਂ 'ਛੋਟਾਂ' ਦਰਸਾਉਂਦੀਆਂ ਹਨ ਕਿ ਸਰਕਾਰ ਦੀਆਂ ਨੀਤੀਆਂ ਕਾਰਪੋਰੇਟ ਪੱਖੀ ਹਨ।

ਮੋਦੀ ਸਰਕਾਰ ਉਸ ਉੱਪਰ ਇਸ ਕਰ ਕੇ ਮਿਹਰਬਾਨ ਹੈ ਕਿਉਂਕਿ ਉਸ ਨੇ ਕਾਂਗਰਸ ਦੇ ਸ਼ਾਸਨ ਦੌਰਾਨ ਭਾਜਪਾ ਨੂੰ 'ਸੱਤਾ' ਵਿਚ ਲਿਆਉਣ ਲਈ ਕਈ 'ਰਾਜਨੀਤਕ ਸੰਘਰਸ਼' ਕੀਤੇ। ਉਸ ਨੇ ਭਾਜਪਾ ਨੂੰ 'ਸੱਤਾ' ਵਿਚ ਲਿਆਉਣ ਖਾਤਰ ਅਜਿਹੇ ਫੋਕੇ ਦਾਅਵੇ ਵੀ ਕੀਤੇ ਕਿ ਭਾਜਪਾ ਦੇ ਆਉਣ ਨਾਲ ਤੇਲ ਦੀਆਂ ਕੀਮਤਾਂ ਘਟ ਜਾਣਗੀਆਂ। ਬਾਬਾ ਰਾਮਦੇਵ ਨੇ ਕਈ ਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੋਹਲੇ ਗਾਏ ਹਨ।

ਭਾਜਪਾ ਸਰਕਾਰ ਤੋਂ ਮਿਲ ਰਹੀਆਂ ਛੋਟਾਂ ਦਾ ਨਤੀਜਾ ਹੀ ਹੈ ਕਿ ਕਾਂਗਰਸ ਸਰਕਾਰ ਸਮੇਂ ਵੱਡੇ ਅੰਦੋਲਨਾਂ ਵਿਚ ਹਿੱਸਾ ਲੈਣ ਵਾਲਾ ਬਾਬਾ ਰਾਮਦੇਵ ਹੁਣ ਅੰਦੋਲਨਾਂ ਤੋਂ ਦੂਰ ਰਹਿ ਰਿਹਾ ਹੈ। ਦਿੱਲੀ ਦੇ ਬਾਰਡਰਾਂ 'ਤੇ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਸਮੇਂ ਇਸ 'ਭੱਦਰ ਪੁਰਸ਼' ਨੇ ਕਿਸਾਨਾਂ ਦੇ ਹੱਕ ਵਿਚ ਹਾਅ ਦਾ ਨਾਅਰਾ ਤੱਕ ਨਹੀਂ ਮਾਰਿਆ। ਬਾਬਾ ਰਾਮਦੇਵ ਨੇ ਸਿਰਫ ਮੈਡੀਕਲ ਵਿਗਿਆਨ ਖਿਲਾਫ ਹੀ ਬਿਆਨ ਨਹੀਂ ਦਿੱਤੇ ਹਨ ਬਲਕਿ ਕਈ ਵਾਰ ਵਿਵਾਦ ਵਾਲੇ ਹੋਰ ਬਿਆਨ ਵੀ ਦਿੱਤੇ ਹਨ; ਜਿਵੇਂ 2022 ਵਿਚ ਉਨ੍ਹਾਂ ਠਾਣੇ (ਮਹਾਰਾਸ਼ਟਰ) ਵਿਚ ਯੋਗ ਸਿਖਲਾਈ ਕੈਂਪ ਦੌਰਾਨ ਯੋਗ ਦੌਰਾਨ ਔਰਤਾਂ ਦੇ ਕੱਪੜੇ ਪਾਉਣ ਸਬੰਧੀ ਵਿਵਾਦ ਵਾਲਾ ਬਿਆਨ ਦਿੱਤਾ ਸੀ।

ਪਿਛਲੇ ਸਾਲ ਇਕ ਸਮਾਗਮ ਦੌਰਾਨ ਬਾਬਾ ਰਾਮਦੇਵ ਨੇ ਕਿਹਾ ਸੀ ਕਿ ਉਸ ਦੀ ਕੰਪਨੀ ਦਾ ਸਾਲਾਨਾ ਕਾਰੋਬਾਰ 45 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਹੈ, ਇਸ ਦਾ ਨਿਸ਼ਾਨਾ ਹੁਣ 1 ਲੱਖ ਕਰੋੜ ਦਾ ਹੈ; ਮਤਲਬ ਸਾਫ ਹੈ ਕਿ ਇਹ ਕੰਪਨੀ ਬਾਕੀ ਕਾਰਪੋਰੇਟ ਘਰਾਣਿਆਂ ਵਰਗੀ ਕੰਪਨੀ ਹੈ ਜਿਸ ਦਾ ਮੰਤਵ ਮੁਨਾਫੇ ਤੋਂ ਸਿਵਾਇ ਕੁਝ ਵੀ ਨਹੀਂ ਹੈ।

ਭਾਜਪਾ ਵਿਗਿਆਨਕ ਖੋਜਾਂ ਨੂੰ ਉਤਸ਼ਾਹਿਤ ਕਰਨ ਦੀ ਬਜਾਇ ਗੈਰ ਵਿਗਿਆਨਕ ਗਤੀਵਿਧੀਆਂ ਨੂੰ ਉਤਸ਼ਾਹਿਤ ਕਰ ਰਹੀ ਹੈ। ਭਾਜਪਾ ਦੇ ਕਈ ਵੱਡੇ ਆਗੂ ਵਿਗਿਆਨਕ ਵਿਕਾਸ ਨੂੰ ਰੱਦ ਕਰ ਕੇ ਸਮਾਜ ਵਿਚ ਅੰਧ-ਵਿਸ਼ਵਾਸ ਪੈਦਾ ਕਰਨ ਵਾਲੇ ਬਿਆਨ ਦਿੰਦੇ ਰਹਿੰਦੇ ਹਨ। ਇਹੀ ਵਜ੍ਹਾ ਹੈ ਕਿ ਬਾਬਾ ਰਾਮਦੇਵ ਵਰਗਾ ਬੰਦਾ ਭਾਜਪਾ ਦੇ ਫਿੱਟ ਬੈਠਦਾ ਹੈ। ਭਾਜਪਾ ਨੇ ਜਿਵੇਂ ਬਾਬਾ ਰਾਮਦੇਵ ਨੂੰ ਬੇਰੋਕ ਕਾਰੋਬਾਰ ਛੋਟਾਂ ਦਿੱਤੀਆਂ ਹਨ, ਉਸੇ ਤਰ੍ਹਾਂ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਰਹੀ ਹੈ। ਇਸ ਤਰ੍ਹਾਂ ਦੀਆਂ ਛੋਟਾਂ ਲੈਣ ਵਾਲਿਆਂ ਦੀ ਲੰਮੀ ਲਿਸਟ ਬਣ ਸਕਦੀ ਹੈ। ਇਹ ਵੀ ਤੱਥ ਹਨ ਕਿ ਖੁਦ ਬਿਮਾਰ ਹੋਣ 'ਤੇ ਪਤੰਜਲੀ ਦੇ ਸੰਚਾਲਕ ਹਸਪਤਾਲਾਂ ਵਿਚ ਮਾਹਿਰ ਡਾਕਟਰਾਂ ਤੋਂ ਇਲਾਜ ਕਰਵਾਉਂਦੇ ਹਨ ਲੇਕਿਨ ਆਮ ਲੋਕਾਂ ਨੂੰ ਗੁਮਰਾਹ ਕਰਦੇ ਹਨ।

ਆਈ.ਐੱਮ.ਏ. ਸਰਕਾਰ ਦੀ ਚਹੇਤੀ ਕੰਪਨੀ 'ਪਤੰਜਲੀ ਆਯੁਰਵੈਦ' ਖਿਲਾਫ ਅਦਾਲਤੀ ਲੜਾਈ ਲੜ ਜਾ ਰਹੀ ਹੈ, ਸਾਡਾ ਫਰਜ਼ ਬਣਦਾ ਹੈ ਕਿ ਉਨ੍ਹਾਂ ਡਾਕਟਰਾਂ ਨਾਲ ਹਰ ਤਰ੍ਹਾਂ ਦਾ ਸਹਿਯੋਗ ਕੀਤਾ ਜਾਵੇ। ਵੈਸੇ, ਜਿਵੇਂ ਪਤੰਜਲੀ ਆਪਣੇ ਇਸ਼ਤਿਹਾਰਾਂ ਵਿਚ ਲੋਕਾਂ ਨੂੰ ਗੁਮਰਾਹ ਕਰਦੀ ਹੈ, ਐਨ ਉਸੇ ਤਰ੍ਹਾਂ ਹਰ ਸ਼ਹਿਰ ਦੇ ਗਲੀ, ਮੋੜ 'ਤੇ ਖੁੱਲ੍ਹੇ 'ਮਰਦਾਨਾ ਕਮਜ਼ੋਰੀ' ਦੂਰ ਕਰਨ ਦੇ ਅਖੌਤੀ ਕਲੀਨਿਕ ਨੌਜਵਾਨਾਂ ਨੂੰ ਲੁੱਟ ਰਹੇ ਹਨ। ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਸ਼ਹਿਰਾਂ ਵਿਚ ਨੌਜਵਾਨਾਂ ਨੂੰ ਗੁਮਰਾਹ ਕਰਨ ਵਾਲੇ ਇਨ੍ਹਾਂ ਕਥਿਤ ਮਾਹਿਰਾਂ ਖਿਲਾਫ ਵੀ ਕਾਰਵਾਈ ਕਰੇ।

# ਪਾਕਿਸਤਾਨ-ਇਰਾਨ ਵਿਵਾਦ ਅਤੇ ਬਲੋਚਾਂ ਦਾ ਸੰਘਰਸ਼

ਕੁਝ ਸਮਾਂ ਪਹਿਲਾਂ ਪਾਕਿਸਤਾਨ ਅਤੇ ਇਰਾਨ ਨੇ ਇੱਕ ਦੂਜੇ ਉੱਤੇ ਸਰਹੱਦ ਪਾਰ ਦੀਆਂ ਦਹਿਸ਼ਤੀ ਸਰਗਰਮੀਆਂ ਰੋਕਣ ਦੇ ਬਹਾਨੇ ਮਿਜ਼ਾਇਲੀ ਹਮਲੇ ਕੀਤੇ। ਮੀਡੀਆ ਨੇ ਇਸ ਨੂੰ ਪਾਕਿਸਤਾਨ ਅਤੇ ਇਰਾਨ ਦੇ ਵਧਦੇ ਤਣਾਅ ਅਤੇ ਜੰਗ ਦੇ ਰੂਪ ਵਿਚ ਪੇਸ਼ ਕੀਤਾ। ਭਾਰਤੀ ਮੀਡੀਆ ਨੇ ਤਾਂ ਇਰਾਨ ਵੱਲੋਂ ਪ੍ਰਧਾਨ ਮੰਤਰੀ ਮੋਦੀ ਦੇ ਕਹਿਣ ਉੱਤੇ ਪਾਕਿਸਤਾਨ ਨੂੰ ਸਬਕ ਸਿਖਾਉਣ ਦੇ ਹੋਛੇ ਦਾਅਵੇ ਵੀ ਕੀਤੇ। ਉਂਝ, ਇਨ੍ਹਾਂ ਮਿਜ਼ਾਇਲੀ ਹਮਲਿਆਂ ਪਿਛਲੀ ਸਚਾਈ ਇਨ੍ਹਾਂ ਖਬਰਾਂ ਤੋਂ ਕੋਹਾਂ ਦੂਰ ਹੈ। ਦੋਵੇਂ ਮੁਲਕਾਂ ਦਾ ਹਮਲਾ ਇੱਕ ਦੂਜੇ ਦੇ ਕਿਸੇ ਫੌਜੀ ਟਿਕਾਣੇ ਜਾਂ ਫੌਜਾਂ ਉੱਤੇ ਕੀਤਾ ਹਮਲਾ ਨਹੀਂ ਸੀ ਸਗੋਂ ਇਨ੍ਹਾਂ ਮੁਲਕਾਂ ਵਿਚ ਵਸਦੀ ਤੇ ਵੰਡੀ ਹੋਈ ਬਲੋਚ ਕੌਮ ਦਾ ਸੰਘਰਸ਼ ਕੁਚਲਣ ਲਈ ਦਹਾਕਿਆਂ ਤੋਂ ਕੀਤੇ ਜਾ ਰਹੇ ਹਮਲਿਆਂ ਦੀ ਲੜੀ ਵਿਚ ਕੀਤਾ ਹਮਲਾ ਸੀ। ਇਹ ਹਮਲਾ ਇਰਾਨ ਵੱਲੋਂ ਪਾਕਿਸਤਾਨ ਅਤੇ ਪਾਕਿਸਤਾਨ ਵੱਲੋਂ ਇਰਾਨ ਵਿਚ ਵਸਦੀ ਬਲੋਚ ਕੌਮ ਉੱਤੇ ਕੀਤਾ ਗਿਆ ਸੀ। ਦੋਵਾਂ ਮੁਲਕਾਂ ਵਿਚ ਵਸਦੀ ਬਲੋਚ ਕੌਮ ਕਈ ਦਹਾਕਿਆਂ ਤੋਂ ਦੋਵਾਂ ਮੁਲਕਾਂ ਦੇ ਹਾਕਮਾਂ ਦੇ ਜਬਰ ਦਾ ਸ਼ਿਕਾਰ ਹੋ ਰਹੀ ਹੈ। ਬਲੋਚ ਕੌਮ ਆਪਣੀ ਮੁਕਤੀ ਲਈ ਮੁੱਢ ਤੋਂ ਹੀ ਅਹੁਲਦੀ ਰਹੀ ਹੈ। ਇਹੀ ਪਾਕਿਸਤਾਨ ਅਤੇ ਇਰਾਨ ਦੇ ਹਾਕਮਾਂ ਨੂੰ ਮਨਜ਼ੂਰ ਨਹੀਂ; ਇਸ ਲਈ ਬਲੋਚਾਂ ਦੇ ਹੌਸਲੇ ਪਸਤ ਕਰਨ, ਉਨ੍ਹਾਂ ਦਾ ਸੰਘਰਸ਼ ਕੁਚਲਣ ਅਤੇ ਆਪੋ-ਆਪਣੇ ਮੁਲਕ ਵਿਚ ਬਲੋਚਾਂ ਖਿਲਾਫ ਅੰਨ੍ਹੀ ਕੌਮਪ੍ਰਸਤੀ ਫੈਲਾ ਕੇ ਚੋਣ ਲਾਹਾ ਲੈਣ ਲਈ ਦੋਵਾਂ ਮੁਲਕਾਂ ਵੱਲੋਂ ਅਜਿਹੇ ਹਮਲੇ ਕੀਤੇ ਜਾਂਦੇ ਰਹੇ ਹਨ।

**ਛਿੰਦਰਪਾਲ**
ਫੋਨ: +91-98884-01288

ਬਲੋਚਿਸਤਾਨ ਪਾਕਿਸਤਾਨ ਦਾ ਸਭ ਤੋਂ ਵੱਡਾ ਸੂਬਾ ਹੈ ਜੋ ਭੂਗੋਲਿਕ ਤੌਰ 'ਤੇ ਦੇਸ਼ ਦਾ 43.6 ਫੀਸਦੀ ਤੋਂ ਜ਼ਿਆਦਾ ਹਿੱਸਾ ਬਣਦਾ ਹੈ। ਇਹ ਕੁਦਰਤੀ ਤੌਰ ਉੱਤੇ ਕਾਫੀ ਅਮੀਰ ਹੈ। ਇੱਥੇ ਸੋਨਾ, ਤਾਂਬਾ, ਤੇਲ ਅਤੇ ਕੁਦਰਤੀ ਗੈਸਾਂ ਦੇ ਅਨੰਤ ਭੰਡਾਰ ਹਨ। 770 ਕਿਲੋਮੀਟਰ ਦਾ ਸਮੁੰਦਰੀ ਤੱਟ ਇਸ ਖਿੱਤੇ ਨੂੰ ਹੋਰ ਜ਼ਿਆਦਾ ਮਹੱਤਵਪੂਰਨ ਬਣਾ ਦਿੰਦਾ ਹੈ। ਇਰਾਨ ਪਾਕਿਸਤਾਨ ਦੀ 909 ਕਿਲੋਮੀਟਰ ਲੰਮੀ ਸਰਹੱਦ ਜਿਸ ਨੂੰ ਸੁਨਹਿਰੀ ਰੇਖਾ ਵੀ ਕਿਹਾ ਜਾਂਦਾ ਹੈ, ਅਫਗਾਨਿਸਤਾਨ ਤੋਂ ਉੱਤਰੀ ਅਰਬ ਸਾਗਰ ਤੱਕ ਫੈਲੀ ਹੋਈ ਹੈ। ਇਸ ਦੇ ਦੋਵੇਂ ਪਾਸੇ ਲੱਗਭੱਗ ਦੋ ਕਰੋੜ ਬਲੋਚ ਪਾਕਿਸਤਾਨ ਦੇ ਬਲੋਚਿਸਤਾਨ ਅਤੇ ਇਰਾਨ ਦੇ ਸਿਸਤਾਨ-ਬਲੋਚਿਸਤਾਨ ਵਿਚ ਵਸਦੇ ਹਨ। ਪੰਜ ਲੱਖ ਦੇ ਲੱਗਭੱਗ ਬਲੋਚ ਅਫਗਾਨਿਸਤਾਨ ਦੇ ਨਾਲ




ਲਗਦੇ ਉੱਤਰੀ ਹਿੱਸੇ ਵਿਚ ਰਹਿੰਦੇ ਹਨ। ਤਿੰਨ ਮੁਲਕਾਂ ਵਿਚ ਟੋਟੇ ਕੀਤੇ ਬਲੋਚਾਂ ਦੀ ਗਿਣਤੀ ਲਗਭਗ ਦੋ ਕਰੋੜ ਬਣਦੀ ਹੈ ਜਿਨ੍ਹਾਂ ਦੀ ਸਾਂਝ ਇਤਿਹਾਸਕ ਹੈ। ਇਨ੍ਹਾਂ ਦੀ ਭਾਸ਼ਾ, ਖਿੱਤਾ, ਆਰਥਿਕ ਜੀਵਨ, ਸੱਭਿਆਚਾਰ ਦੀ ਪੁਰਾਣੀ ਸਾਂਝ ਹੈ ਜੋ ਇਨ੍ਹਾਂ ਨੂੰ ਕੌਮ ਦੇ ਰੂਪ ਵਿਚ ਬੰਨ੍ਹਦੀ ਹੈ ਪਰ ਇੱਕ ਕੌਮ ਹੋਣ ਦੇ ਬਾਵਜੂਦ ਬਲੋਚਾਂ ਦਾ ਆਪਣਾ ਕੌਮੀ ਰਾਜ ਨਹੀਂ। ਪਹਿਲਾਂ ਅੰਗਰੇਜ਼ ਬਸਤੀਵਾਦੀਆਂ ਨੇ ਬਲੋਚਾਂ ਦੀ ਕੌਮੀ ਰਾਜ ਦੀ ਤਾਂਘ ਨੂੰ ਕੁਚਲਿਆ, ਮਗਰੋਂ ਪਾਕਿਸਤਾਨ ਅਤੇ ਇਰਾਨ ਨੇ ਬਲੋਚਾਂ ਦੀ ਆਜ਼ਾਦੀ ਦੀ ਹਰ ਲੜਾਈ ਨੂੰ ਹਕੂਮਤੀ ਜਬਰ ਨਾਲ ਦਬਾ ਦਿੱਤਾ। ਬਲੋਚ ਵਸੋਂ ਦਾ ਵੱਡਾ ਹਿੱਸਾ ਪਾਕਿਸਤਾਨੀ ਕਬਜ਼ੇ ਵਾਲੇ ਬਲੋਚਿਸਤਾਨ ਵਿਚ ਰਹਿੰਦਾ ਹੈ ਜੋ ਧਾਰਮਿਕ ਤੌਰ 'ਤੇ ਸੁੰਨੀ ਮੁਸਲਮਾਨ ਹਨ।

ਬਲੋਚਿਸਤਾਨ ਦੇ ਕੁਦਰਤੀ ਸ੍ਰੋਤ/ਸਾਧਨਾਂ ਉੱਤੇ ਕਬਜ਼ਾ ਅਤੇ ਇਸ ਦੀ ਭੂ-ਸਿਆਸੀ ਮਹੱਤਤਾ ਕਰ ਕੇ ਪਾਕਿਸਤਾਨ ਅਤੇ ਇਰਾਨ, ਦੋਵੇਂ ਹੀ ਇਸ ਨੂੰ ਕਿਸੇ ਵੀ ਹਾਲਤ ਵਿਚ ਆਪਣੇ ਹੱਥੋਂ ਨਹੀਂ ਜਾਣ ਦੇਣਾ ਚਾਹੁੰਦੇ। ਇਸ ਮਾਮਲੇ ਵਿਚ ਚੀਨ ਅਤੇ ਅਮਰੀਕਾ ਵਰਗੀਆਂ ਤਾਕਤਾਂ ਪਾਕਿਸਤਾਨ ਤੇ ਇਰਾਨ ਦੇ ਨਾਲ ਹਨ। ਸਰਮਾਏਦਾਰਾਂ ਅਤੇ ਸਾਮਰਾਜੀ ਗਠਜੋੜ ਹੇਠ ਪਿਸਦੇ ਬਲੋਚ ਕੁਦਰਤੀ ਤੌਰ 'ਤੇ ਅਮੀਰ ਖਿੱਤੇ ਦੇ ਬਸ਼ਿੰਦੇ ਹੋਣ ਦੇ ਬਾਵਜੂਦ ਅੰਤਾਂ ਦੀ ਗਰੀਬੀ ਵਿਚ ਗੁਜ਼ਰ ਬਸਰ ਕਰਨ ਲਈ ਮਜਬੂਰ ਹਨ। ਇਸ ਖਿੱਤੇ ਵਿਚ ਸਿੱਖਿਆ ਅਤੇ ਸਿਹਤ ਸਹੂਲਤਾਂ ਦੀ ਗੈਰ-ਮੌਜੂਦਗੀ ਹੈ। ਬੱਚੇ ਕੁਪੋਸ਼ਣ ਦੇ ਸ਼ਿਕਾਰ ਹਨ ਪਰ ਇਨ੍ਹਾਂ ਹਾਲਾਤ ਨਾਲ ਘੁਲ਼ਦਿਆਂ, ਸਾਮਰਾਜੀ ਤੇ ਸਰਮਾਏਦਾਰਾਂ ਤਾਕਤਾਂ ਨਾਲ਼ ਟੱਕਰ ਲੈਂਦਿਆਂ ਬਲੋਚਾਂ ਨੇ ਆਪਣੀ ਮੁਕਤੀ ਦਾ ਸੁਫ਼ਨਾ ਨਹੀਂ ਤਿਆਗਿਆ। ਕਈ ਤਰ੍ਹਾਂ ਦੇ ਖਾੜਕੂ ਸੰਘਰਸ਼ ਬਲੋਚ ਧਰਤੀ ਉੱਤੇ ਹੋ ਰਹੇ ਹਨ ਜਿਨ੍ਹਾਂ ਨੂੰ ਪਾਕਿਸਤਾਨ ਤੇ ਇਰਾਨ ਹਕੂਮਤਾਂ ਦਬਾਉਣ ਦੀ ਅਸਫਲ ਕੋਸ਼ਿਸ਼ ਕਰ ਰਹੀਆਂ ਹਨ। ਹੁਣ ਵਾਲੇ ਮਿਜ਼ਾਇਲੀ ਹਮਲੇ ਇਨ੍ਹਾਂ ਕੋਸ਼ਿਸ਼ਾਂ ਦਾ ਹਿੱਸਾ ਹਨ।

ਅੰਗਰੇਜ਼ ਬਸਤੀਵਾਦੀ ਹਕੂਮਤ ਅਧੀਨ ਬਲੋਚ ਕੌਮ ਦੇ ਉਭਾਰ ਦੇ ਨਾਲ ਬਲੋਚਾਂ ਦੀਆਂ ਕੌਮੀ ਰਾਜ ਦੀ ਉਸਾਰੀ ਲਈ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਸਨ। ਇਨ੍ਹਾਂ ਦੀ ਆਜ਼ਾਦੀ ਦੀ ਲੜਾਈ ਦੀਆਂ ਜੜ੍ਹਾਂ ਅੰਗਰੇਜ਼ੀ ਬਸਤੀਵਾਦ ਵਿਚ ਦੇਖੀਆਂ ਜਾ ਸਕਦੀਆਂ ਹਨ। ਉਦੋਂ ਵੀ ਪੜ੍ਹੇ ਲਿਖੇ ਮੱਧਵਰਗੀ ਤਬਕੇ ਅੰਦਰ ਆਜ਼ਾਦੀ ਦੀਆਂ ਉਮੰਗਾਂ ਸਨ ਜਿਨ੍ਹਾਂ 1931 ਵਿਚ ਅੰਜੁਮ-ਏ-ਇਤਿਹਾਦ-ਏ-ਬਲੋਚਿਸਤਾਨ ਦੇ ਨਾਂ ਉੱਤੇ ਕੌਮੀ ਲਹਿਰ ਉਭਾਰੀ। ਇਸ ਦਾ ਮਕਸਦ ਬਲੋਚ ਰਾਜ ਕਾਇਮ ਕਰਨਾ ਸੀ। ਇਸ ਲਹਿਰ ਦੀ ਅਗਵਾਈ ਕੱਲਾਤ ਦਾ ਖਾਨ ਕਰ ਰਿਹਾ ਸੀ ਜਿਸ ਨੂੰ ਅੰਗਰੇਜ਼ੀ ਜਬਰ ਦਾ ਸ਼ਿਕਾਰ ਹੋਣਾ ਪਿਆ। ਅੰਗਰੇਜ਼ਾਂ ਤੋਂ ਆਜ਼ਾਦੀ ਮਗਰੋਂ ਭਾਰਤ ਪਾਕਿਸਤਾਨ ਵੰਡ ਦੇ ਨਾਲ ਹੀ ਬਲੋਚਿਸਤਾਨ ਨੇ ਵੀ ਆਪਣੇ ਆਪ ਨੂੰ ਆਜ਼ਾਦ ਹਕੂਮਤ ਐਲਾਨ ਦਿੱਤਾ ਸੀ। 15 ਅਗਸਤ 1947 ਨੂੰ ਆਜ਼ਾਦੀ ਦੇ ਜਸ਼ਨ ਮਨਾਏ ਗਏ। ਆਜ਼ਾਦੀ ਤੋਂ ਪਹਿਲਾਂ 11 ਅਗਸਤ 1947 ਨੂੰ ਮੁਸਲਿਮ ਲੀਗ ਦੇ ਮੁਹੰਮਦ ਅਲੀ ਜਿਨਾਹ ਨੇ ਬਲੋਚਿਸਤਾਨ ਦੀ ਨਿਆਰੀ ਕੌਮੀ ਹਸਤੀ ਨੂੰ ਮਾਨਤਾ ਦੇਣ ਦੀ ਗੱਲ ਮੰਨ ਲਈ ਪਰ ਆਜ਼ਾਦੀ ਤੋਂ ਤੁਰੰਤ ਮਗਰੋਂ ਪਾਕਿਸਤਾਨੀ ਹਕੂਮਤ ਦੇ ਇਰਾਦੇ ਜ਼ਾਹਿਰ ਹੋਣੇ ਸ਼ੁਰੂ ਹੋ ਗਏ ਜਿਸ ਵਿਚ ਉਨ੍ਹਾਂ ਨੇ ਖਾਨ-ਏ-ਕੱਲਾਤ ਨੂੰ ਪਾਕਿਸਤਾਨ ਦਾ ਹਿੱਸਾ ਬਣ ਜਾਣ ਦੀ ਮੰਗ ਕੀਤੀ ਸੀ। 227 ਦਿਨ ਆਜ਼ਾਦ ਰਹਿਣ ਤੋਂ ਮਗਰੋਂ ਮਾਰਚ 1948 ਵਿਚ ਪਾਕਿਸਤਾਨੀ ਹਕੂਮਤ ਨੇ ਬਲੋਚਿਸਤਾਨ ਉੱਤੇ ਫੌਜੀ ਹਮਲਾ ਕਰ ਦਿੱਤਾ ਅਤੇ ਬਲੋਚਿਸਤਾਨ ਦੀ ਅਗਵਾਈ ਕਰ ਰਹੇ ਖਾਨ-ਏ-ਕੱਲਾਤ ਨੂੰ ਸੰਧੀ ਲਈ ਮਜਬੂਰ ਕਰ ਦਿੱਤਾ। ਖਾਨ ਨੇ ਸਮਝੌਤਾ ਕਰਦਿਆਂ ਸੰਧੀ ਕਬੂਲ ਕਰ ਲਈ ਪਰ ਇਹ ਸਮਝੌਤਾ ਲੋਕਾਂ ਦੀਆਂ ਭਾਵਨਾਵਾਂ ਨੂੰ ਦਬਾ ਨਾ ਸਕਿਆ।

ਪਾਕਿਸਤਾਨ ਵੱਲੋਂ ਬਲੋਚਿਸਤਾਨ ਦੇ ਰਲੇਵੇਂ ਖਿਲਾਫ ਖਾੜਕੂ ਸੰਘਰਸ਼ ਉਦੋਂ ਤੋਂ ਹੋ ਰਹੇ ਹਨ। ਬਲੋਚਾਂ ਦੀਆਂ ਤਾਂਘਾਂ ਨੇ ਪਾਕਿਸਤਾਨ ਦੇ ਹਾਕਮਾਂ ਨੂੰ ਚੈਨ ਦੀ ਨੀਂਦ ਨਹੀਂ ਸੌਣ ਦਿੱਤਾ। 1948 ਵਿਚ ਹੀ ਬਲੋਚਿਸਤਾਨ ਦੀ ਆਜ਼ਾਦੀ ਲਈ ਪਹਿਲੀ ਖਾੜਕੂ ਤਹਿਰੀਕ ਸ਼ੁਰੂ ਹੋਈ। ਉਸ ਮਗਰੋਂ 1959, 1962-69, 1971-73 ਖਾੜਕੂ ਤਹਿਰੀਕਾਂ ਜਨਮ ਲੈਂਦੀਆਂ ਰਹੀਆਂ ਤੇ ਹਕੂਮਤੀ ਜਬਰ ਦਾ ਸ਼ਿਕਾਰ ਹੁੰਦੀਆਂ ਰਹੀਆਂ। ਬਲੋਚਾਂ ਦਾ ਇਹ ਸੰਘਰਸ਼ ਪਿਛਲੇ 75 ਸਾਲਾਂ ਤੋਂ ਜ਼ਿਆਦਾ ਸਮੇਂ ਤੋਂ ਚੱਲ ਰਿਹਾ ਹੈ।

ਬਲੋਚਾਂ ਦੇ ਸੰਘਰਸ਼ ਦਾ ਸਿਆਸੀ ਹੱਲ ਕਰਨ ਦੀ ਬਜਾਇ ਪਾਕਿਸਤਾਨੀ ਹਕੂਮਤ ਫੌਜੀ ਜਬਰ ਨਾਲ ਇਸ ਮਸਲੇ ਨੂੰ ਹੱਲ ਕਰਨਾ ਚਾਹੁੰਦੀ ਹੈ। ਇਕੱਲੇ ਪਾਕਿਸਤਾਨ ਵਿਚ ਹੀ ਫੌਜ ਰਾਹੀਂ ਸਾਰੇ ਮਨੁੱਖੀ ਅਤੇ ਨਾਗਰਿਕ ਹੱਕਾਂ ਦਾ ਘਾਣ ਕੀਤਾ ਜਾਂਦਾ ਹੈ। ਅੰਕੜਿਆਂ ਮੁਤਾਬਕ 2021 ਤੱਕ 12000 ਬਲੋਚ ਨੌਜਵਾਨ ਲਾਪਤਾ ਹੋਏ ਜਿਨ੍ਹਾਂ ਨੂੰ ਫੌਜ ਨੇ ਗੈਰ-ਕਾਨੂੰਨੀ ਢੰਗ ਨਾਲ਼ ਗ੍ਰਿਫਤਾਰ ਕੀਤਾ ਸੀ। ਸਥਾਨਕ ਲੋਕਾਂ ਦੇ ਹਿਸਾਬ ਨਾਲ ਇਹ ਅੰਕੜਾ ਇਸ ਤੋਂ ਕਿਤੇ ਜ਼ਿਆਦਾ ਹੈ। ਆਪਣੀ ਮੁਕਤੀ ਲਈ ਆਵਾਜ਼ ਉਠਾਉਣ ਵਾਲੇ ਹਰ ਬਲੋਚ ਜਾਂ ਸਮੂਹ ਨੂੰ ਦਹਿਸ਼ਤਗਰਦ ਦਾ ਨਾਂ ਦੇ ਕੇ ਜੇਲ੍ਹੀਂ ਡੱਕਿਆ ਜਾਂਦਾ ਹੈ। ਗੈਰ-ਕਾਨੂੰਨੀ ਗ੍ਰਿਫਤਾਰੀਆਂ ਦੇ ਡਰੋਂ ਸਾਲ 2004-19 ਦਰਮਿਆਨ ਪਾਕਿਸਤਾਨ ਦੀਆਂ ਵੱਖ-ਵੱਖ ਯੂਨੀਵਰਸਿਟੀਆਂ ਵਿਚ ਪੜ੍ਹਦੇ 1500 ਬਲੋਚ ਵਿਦਿਆਰਥੀਆਂ ਨੂੰ ਆਪਣੀ ਪੜ੍ਹਾਈ ਛੱਡਣੀ ਪਈ।

ਬਲੋਚ ਕੌਮ ਦੀ ਮੁਕਤੀ ਲਈ ਕਈ ਖਾੜਕੂ ਜਥੇਬੰਦੀਆਂ ਸਰਗਰਮ ਹਨ; ਬਲੋਚ ਮੁਕਤੀ ਫੌਜ, ਬਲੋਚਿਸਤਾਨ ਮੁਕਤੀ ਮੋਰਚਾ ਮੁੱਖ ਹਨ। 2012 ਵਿਚ ਬਣੀ ਖਾੜਕੂ ਜਥੇਬੰਦੀ ਜੈਸ਼-ਅਲ-ਅਦਲ ਸਰਗਰਮ ਹੈ ਜਿਨ੍ਹਾਂ ਦੀਆਂ ਸਰਗਰਮੀਆਂ ਹਥਿਆਰਬੰਦ ਦਹਿਸ਼ਤਗਰਦੀ ਤੱਕ ਸੀਮਤ ਹਨ। ਪਾਕਿਸਤਾਨੀ ਤੇ ਇਰਾਨੀ ਹਕੂਮਤਾਂ ਤੇ ਇਹਨਾਂ ਨਾਲ ਸਾਮਰਾਜੀ ਤਾਕਤਾਂ ਖਿੱਤੇ ਨੂੰ ਕਿਸੇ ਵੀ ਹਾਲਤ ਹੱਥੋਂ ਨਹੀਂ ਛੱਡਣਾ ਚਾਹੁੰਦੀਆਂ ਪਰ ਇਸ ਦਾ ਅੰਤਿਮ ਹੱਲ ਬਲੋਚਾਂ ਦੀ ਮੁਕਤੀ, ਉਨ੍ਹਾਂ ਦੀ ਕੌਮੀ ਆਜ਼ਾਦੀ, ਭਾਵ ਉਨ੍ਹਾਂ ਦੇ ਸਵੈ-ਨਿਰਣੈ ਦੇ ਹੱਕ ਦੀ ਬਹਾਲੀ ਨਾਲ ਹੀ ਸੰਭਵ ਹੈ।

# ਲੋਕਤੰਤਰ ਲਈ ਭਰੋਸਾ ਬਹਾਲੀ

ਅਦਾਲਤਾਂ ਨਿਆਂ ਦੇਣ ਲਈ ਹੀ ਬਣੀਆਂ ਹਨ ਪਰ ਕਈ ਵਾਰ ਉਹ ਇਸ ਢੰਗ ਨਾਲ ਇਨਸਾਫ਼ ਕਰਦੀਆਂ ਹਨ ਕਿ ਉਨ੍ਹਾਂ ਲਈ ਅਮੂਮਨ ਵਰਤਿਆ ਜਾਂਦਾ ਸ਼ਬਦ 'ਮਾਣਯੋਗ' ਸਾਰਥਕ ਹੋ ਜਾਂਦਾ ਹੈ। ਇਸ ਗੱਲ ਨਾਲ ਕਰੀਬ ਸਾਰੇ ਸਹਿਮਤ ਹਨ ਕਿ ਮਾਣਯੋਗ ਸੁਪਰੀਮ ਕੋਰਟ ਨੇ ਚੰਡੀਗੜ੍ਹ ਦੇ ਮੇਅਰ ਦੀ ਚੋਣ ਦੇ ਕੇਸ ਵਿਚ ਆਪਣੇ ਫ਼ੈਸਲੇ ਰਾਹੀਂ ਲੋਕਾਂ ਵੱਲੋਂ ਇਸ 'ਚ ਪ੍ਰਗਟਾਏ ਜਾਂਦੇ ਭਰੋਸੇ ਨੂੰ ਕਾਇਮ ਰੱਖਿਆ ਹੈ। ਰਿਟਰਨਿੰਗ ਅਧਿਕਾਰੀ ਅਨਿਲ ਮਸੀਹ ਦਾ ਦੁਰਵਿਹਾਰ ਨਾਟਕੀ ਹੋਣ ਦੇ ਨਾਲ ਨਾਲ ਅਜੀਬ ਵੀ ਸੀ ਅਤੇ ਮੰਦੇ ਭਾਗਾਂ ਨੂੰ ਇਸ ਨੂੰ ਸਾਧਾਰਨ ਮੰਨ ਲਏ ਜਾਣ ਦਾ ਖ਼ਤਰਾ ਖੜ੍ਹਾ ਹੋ ਗਿਆ ਸੀ। ਉਪਰੋਂ ਉਪਰੋਂ ਦੇਖਿਆ ਜਾਵੇ ਤਾਂ ਇਹ ਘਟਨਾਕ੍ਰਮ ਮਤ-ਪੱਤਰ ਖ਼ਰਾਬ ਕਰਨ ਨਾਲ ਜੁੜਿਆ ਸੀ ਪਰ ਜੇਕਰ ਅੰਦਰ ਝਾਤ ਮਾਰੀ ਜਾਵੇ ਤਾਂ ਕੁਝ ਲੋਕਾਂ ਨੇ ਆਪਣੀ ਭਰੋਸੇਯੋਗਤਾ ਗੁਆ ਲਈ ਅਤੇ ਕਈਆਂ ਦਾ ਇਸ ਤੰਤਰ ਤੋਂ ਹੀ ਭਰੋਸਾ ਉੱਠ ਗਿਆ। ਅਦਾਲਤ ਨੇ ਇਕੋ ਝਟਕੇ 'ਚ ਲੋਕਾਂ ਦਾ ਭਰੋਸਾ ਬਹਾਲ ਤਾਂ ਕਰ ਦਿੱਤਾ ਪਰ ਸਿਰਫ ਨਿਆਂਪਾਲਿਕਾ ਵਿਚ। ਅਦਾਲਤ ਨੇ ਉਨ੍ਹਾਂ ਲੋਕਾਂ ਨੂੰ ਤਾਂ ਸ਼ੀਸ਼ਾ ਦਿਖਾਇਆ ਜੋ ਤੰਤਰ ਨੂੰ ਕਮਜ਼ੋਰ ਹੁੰਦਾ ਦੇਖਣਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਨਹੀਂ ਜੋ ਲੁਕ-ਛੁਪ ਕੇ ਆਪਣੀ ਭਰੋਸੇਯੋਗਤਾ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ।

**ਅਸ਼ੋਕ ਲਵਾਸਾ**

ਹਰਸ਼ਦ ਮਹਿਤਾ ਅਤੇ ਅਬਦੁਲ ਕਰੀਮ ਤੇਲਗੀ ਵਾਂਗ ਅੱਜ ਇਕ, ਤੇ ਕੱਲ੍ਹ ਕੋਈ ਹੋਰ ਅਨਿਲ ਮਸੀਹ ਸੰਸਾਰ ਨੂੰ ਇਹ ਦਿਖਾਏਗਾ ਕਿ ਨਿਜ਼ਾਮ ਦੀਆਂ ਕਮੀਆਂ-ਪੇਸ਼ੀਆਂ ਕਿੰਨੀਆਂ ਡੂੰਘੀਆਂ ਹਨ ਤੇ ਇਸ ਲਈ ਸਾਨੂੰ ਉਨ੍ਹਾਂ ਦਾ ਸ਼ੁਕਰੀਆ ਵੀ ਅਦਾ ਕਰਨਾ ਚਾਹੀਦਾ ਹੈ ਪਰ ਇਕ ਮਸੀਹ ਕਾਰਨ ਕਈ ਹੋਰ ਨਜ਼ਰਾਂ 'ਚ ਆਉਣ ਤੋਂ ਬਚ ਗਏ ਹਨ ਜਦਕਿ ਉਨ੍ਹਾਂ ਸ਼ਾਇਦ ਸੰਵਿਧਾਨ ਦਾ ਐਨਾ ਨੁਕਸਾਨ ਕੀਤਾ ਹੈ ਜਿਸ ਦੀ ਭਰਪਾਈ ਕਰਨੀ ਵੀ ਮੁਸ਼ਕਿਲ ਹੋਵੇ। ਕੁਝ ਲੋਕਾਂ ਨੇ ਇਸ ਘਟਨਾਕ੍ਰਮ 'ਚ 'ਈ.ਵੀ.ਐੱਮ. ਬਨਾਮ ਬੈਲਟ ਪੇਪਰ' ਬਹਿਸ ਦੇ ਸੂਚਕ ਲੱਭਣ ਦੀ ਕੋਸ਼ਿਸ਼ ਵੀ ਕੀਤੀ ਹੈ। ਉਨ੍ਹਾਂ ਇਹ ਦਲੀਲ ਰੱਖੀ ਹੈ ਕਿ ਮਤ-ਪੱਤਰ (ਬੈਲਟ ਪੇਪਰ) ਵਾਂਗ ਈ.ਵੀ.ਐੱਮ. 'ਚ 'ਹੇਰ-ਫੇਰ' ਨਹੀਂ ਕੀਤਾ ਜਾ ਸਕਦਾ। ਫਿਰ ਉਨ੍ਹਾਂ ਦਾ ਹੀ ਕਹਿਣਾ ਹੈ ਕਿ ਮਤ-ਪੱਤਰ ਦੇ ਕੇਸ 'ਚ ਛੇੜਛਾੜ ਦੀ ਸ਼ਨਾਖ਼ਤ ਕਰਨੀ ਸੰਭਵ ਹੈ, ਜਦਕਿ ਈ.ਵੀ.ਐੱਮ. 'ਚ ਕਿਸੇ ਸ਼ੱਕੀ ਲੁਕਵੇਂ 'ਹੇਰ-ਫੇਰ' ਨੂੰ ਲੱਭਣਾ ਬਹੁਤ ਮੁਸ਼ਕਿਲ ਹੈ। ਇਹ ਤਰਕ ਮੁੜ ਬੈੱਲਟ ਪੇਪਰਾਂ ਵੱਲ ਮੁੜਨ ਅਤੇ ਈ.ਵੀ.ਐੱਮ. ਦੀ ਕਾਰਜ-ਕੁਸ਼ਲਤਾ ਗੁਆਉਣ ਦਾ ਆਧਾਰ ਨਹੀਂ ਬਣਨਾ ਚਾਹੀਦਾ। ਇਸ ਦਾ ਇਹ ਮਤਲਬ ਵੀ ਨਹੀਂ ਹੈ ਕਿ ਈ.ਵੀ.ਐੱਮ. ਨਾਲ ਜੁੜੇ ਸ਼ੰਕਿਆਂ ਦਾ ਹੱਲ ਨਾ ਕੱਢਿਆ ਜਾਵੇ। ਇਹ ਵੱਖਰੀ ਭਖਵੀਂ ਜਨਤਕ ਬਹਿਸ ਹੈ ਜਿਸ ਉਤੇ ਸੁਪਰੀਮ ਕੋਰਟ ਗੌਰ ਕਰ ਰਿਹਾ ਹੈ।

ਮਸੀਹ ਦੇ ਮਾਮਲੇ 'ਚ ਸੁਪਰੀਮ ਕੋਰਟ ਨੇ ਰਵਾਇਤੀ ਤੌਰ 'ਤੇ 'ਲਟਕਦੀ ਰਹਿਣ ਵਾਲੀ ਕਾਨੂੰਨੀ ਪ੍ਰਕਿਰਿਆ' ਤੋਂ ਅੱਗੇ ਵਧਦਿਆਂ ਤੁਰੰਤ ਇਨਸਾਫ਼ ਦਿੱਤਾ ਹੈ। ਅਦਾਲਤ ਨੇ ਜਨਤਕ ਤੌਰ 'ਤੇ ਜਾਂਚ ਕਰਦਿਆਂ ਅਜਿਹੇ ਬਿਲਕੁਲ ਸਿੱਧੇ-ਸਾਫ਼ ਮਾਮਲੇ 'ਚ ਸੱਚ ਦਾ ਨਿਖੇੜਾ ਕੀਤਾ ਹੈ ਜਿਸ 'ਚ ਵਿਵਾਦ ਦਾ ਕੋਈ ਸਵਾਲ ਹੀ ਨਹੀਂ ਸੀ। ਦੁਬਾਰਾ ਚੋਣ ਕਰਾਉਣੀ ਵਾਜਿਬ ਨਾ ਹੁੰਦੀ, ਖਾਸ ਤੌਰ 'ਤੇ ਉਦੋਂ ਜਦ ਵਿਵਾਦ ਨਿਗਰਾਨ ਅਫਸਰ ਵੱਲੋਂ ਕੁਝ ਮਤ-ਪੱਤਰਾਂ ਨੂੰ ਖਰਾਬ ਕਰਨ ਤੱਕ ਸੀਮਤ ਸੀ, ਤੇ ਸਪੱਸ਼ਟ ਸਬੂਤ ਵੀ ਸਨ। ਅਦਾਲਤ ਨੇ ਚੋਣ ਪ੍ਰਕਿਰਿਆ ਪ੍ਰਭਾਵਿਤ ਕਰਨ ਵਾਲੇ ਅਧਿਕਾਰੀ ਦੇ ਆਦੇਸ਼ ਖਾਰਜ ਕਰ ਕੇ ਅਤੇ ਫੈਸਲਾ ਦੇਣ ਵੇਲੇ ਉਸ ਵੱਲੋਂ ਰੱਦ ਕੀਤੀਆਂ ਵੋਟਾਂ ਨੂੰ ਸਹੀ ਐਲਾਨ ਕੇ ਬਿਲਕੁਲ ਜਾਇਜ਼ ਕਾਰਵਾਈ ਕੀਤੀ। ਈ.ਵੀ.ਐੱਮ. ਤੋਂ ਪਹਿਲਾਂ ਵਾਲੇ ਦੌਰ 'ਚ ਰਿਟਰਨਿੰਗ ਅਫਸਰ ਉਨ੍ਹਾਂ ਅੱਗੇ ਗਿਣਤੀ ਲਈ ਰੱਖੇ ਜਾਂਦੇ 'ਵਿਵਾਦਤ' ਬੈੱਲਟ ਪੇਪਰਾਂ ਦੀ ਪ੍ਰਮਾਣਿਕਤਾ ਨੂੰ ਤੈਅ ਕਰਨ ਵੇਲੇ ਇਸੇ ਤਰ੍ਹਾਂ ਆਪਣਾ ਜ਼ੋਰ ਵਰਤਦੇ ਰਹੇ ਹਨ। ਸੁਪਰੀਮ ਕੋਰਟ ਦੇ ਫੈਸਲੇ ਨੂੰ ਕ੍ਰਿਕਟ ਦੇ ਡੀਆਰਐੱਸ (ਫ਼ੈਸਲੇ 'ਤੇ ਮੁੜ ਨਜ਼ਰਸਾਨੀ) ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ ਜਿੱਥੇ ਤੀਜਾ ਅੰਪਾਇਰ ਫੀਲਡ ਅੰਪਾਇਰ ਦੇ ਫੈਸਲੇ ਨੂੰ ਪਲਟਾ ਸਕਦਾ ਹੈ।

ਅਦਾਲਤ ਦੀ ਤੁਰੰਤ ਕਾਰਵਾਈ ਦੀ ਸਿਫ਼ਤ ਕਰਨੀ ਬਣਦੀ ਹੈ ਅਤੇ ਇਸ ਨੂੰ ਸਿਰਫ਼ ਇਸ ਲਈ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ ਕਿਉਂਕਿ ਮਸੀਹ ਮੁਕਾਬਲਤਨ ਆਸਾਨ ਨਿਸ਼ਾਨਾ ਸੀ। ਦਰਅਸਲ, ਆਪਣੇ ਮਾੜੇ ਵਤੀਰੇ ਨਾਲ ਉਹ ਖ਼ੁਦ ਨੂੰ ਨਿਸ਼ਾਨੇ 'ਤੇ ਲੈ ਆਇਆ ਤੇ ਜੱਜਾਂ ਦੇ ਗੁੱਸੇ ਦਾ ਸ਼ਿਕਾਰ ਬਣਿਆ ਅਤੇ ਨਾਲ ਹੀ ਆਪਣੇ ਆਪ ਨੂੰ ਸਾਰਿਆਂ ਦੇ ਸਾਹਮਣੇ 'ਅਜਿਹਾ ਅਤਿਵਾਦੀ ਬਣਾ ਲਿਆ ਜਿਸ ਨੇ ਛਾਤੀ ਨਾਲ ਬੰਬ ਬੰਨ੍ਹੇ ਹੋਣ।' ਅਦਾਲਤ ਦੇ ਹੁਕਮ ਨੂੰ ਅਜਿਹੇ ਦੰਡ ਵਜੋਂ ਦੇਖਿਆ ਜਾਣਾ ਚਾਹੀਦਾ ਹੈ ਜੋ ਉਨ੍ਹਾਂ ਸਾਰਿਆਂ ਨੂੰ ਦਿੱਤਾ ਜਾ ਸਕਦਾ ਹੈ ਜੋ ਨਿਯਮਾਂ-ਕਾਨੂੰਨਾਂ ਤਹਿਤ ਪਵਿੱਤਰ ਮੰਨੀਆਂ ਜਾਂਦੀਆਂ ਪ੍ਰਕਿਰਿਆਵਾਂ ਨਾਲ ਖਿਲਵਾੜ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਤੋਂ ਵੀ ਗਹਿਰਾ ਸਵਾਲ ਇਹ ਹੈ: ਕੀ ਮਸੀਹ ਇਸ ਵਿਚ ਇਕੱਲਾ ਹੀ ਸੀ ਜਾਂ ਉੱਥੇ ਕਈ ਹੋਰ ਵੀ ਸਨ ਜਿਨ੍ਹਾਂ ਉਸ ਦੀ 'ਛਾਤੀ ਦੁਆਲੇ ਬੰਬ ਬੰਨ੍ਹੇ ਹੋਏ ਸਨ', ਤੇ ਉਸ ਨੂੰ ਭਰੋਸਾ ਦਿਵਾਇਆ ਗਿਆ ਸੀ ਕਿ ਜੇ ਉਹ ਕੁਝ ਸਮੇਂ ਲਈ ਆਪਣੇ ਜ਼ਮੀਰ ਦੀ 'ਕੁਰਬਾਨੀ' ਦੇ ਦੇਵੇ ਤਾਂ ਉਸ ਨੂੰ ਢੁਕਵਾਂ ਇਨਾਮ ਮਿਲੇਗਾ। ਇਹ ਅਜਿਹੀ ਚੀਜ਼ ਹੈ ਜੋ ਇਸ ਘਿਨਾਉਣੇ ਮਾਮਲੇ ਦੀ ਜਾਂਚ ਮੰਗਦੀ ਹੈ। ਜਿਸ ਕੋਝੇ ਢੰਗ ਨਾਲ 'ਚੁਣੇ' ਹੋਏ ਮੇਅਰ ਨੇ ਆਪਣਾ ਅਹੁਦਾ ਸੰਭਾਲਣ ਦੀ ਕਾਹਲ ਕੀਤੀ, ਇਹ ਸਫਲਤਾ ਦਾ ਸਹਿਜ-ਸੁਭਾਅ ਜਸ਼ਨ ਮਨਾਉਣਾ ਤਾਂ ਨਹੀਂ ਜਾਪਦਾ ਸਗੋਂ ਅਜਿਹੀ ਸਾਜ਼ਿਸ਼ ਦਾ ਹਿੱਸਾ ਲੱਗਦਾ ਹੈ ਜਿਸ ਦੀ ਪਟਕਥਾ ਪਹਿਲਾਂ ਹੀ ਲਿਖੀ ਹੋਈ ਸੀ ਤੇ ਅਗਲੀ ਖੇਡ ਅਗਲੇ ਇਸ਼ਾਰੇ ਉਤੇ ਖੇਡੀ ਜਾਣੀ ਸੀ। ਨਿਗਰਾਨ ਅਫਸਰ ਮਹਿਜ਼ ਇਸ 'ਚ ਮਦਦ ਕਰ ਰਿਹਾ ਸੀ।

> ***ਅਦਾਲਤ ਦੀ ਤੁਰੰਤ ਕਾਰਵਾਈ ਦੀ ਸਿਫ਼ਤ ਕਰਨੀ ਬਣਦੀ ਹੈ ਅਤੇ ਇਸ ਨੂੰ ਸਿਰਫ਼ ਇਸ ਲਈ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ ਕਿਉਂਕਿ ਮਸੀਹ ਮੁਕਾਬਲਤਨ ਆਸਾਨ ਨਿਸ਼ਾਨਾ ਸੀ।***

ਇਹ ਸਾਰੀ ਚਾਲ ਹੀ ਸੀ। ਪਹਿਲਾਂ ਭ੍ਰਿਸ਼ਟ ਯੋਜਨਾਬੰਦੀ, ਫਿਰ ਕੋਝਾ ਅਮਲ ਅਤੇ ਉਸ ਤੋਂ ਬਾਅਦ ਕਾਹਲੀ 'ਚ ਕਬਜ਼ਾ। ਉਸ ਤੋਂ ਬਾਅਦ ਕੌਂਸਲਰਾਂ ਦਾ ਦਲ ਬਦਲਣਾ ਅਤੇ ਮੇਅਰ ਦਾ ਅਸਤੀਫ਼ਾ ਹੁਸ਼ਿਆਰੀ ਨਾਲ ਸਿਰੇ ਚੜ੍ਹਾਈ ਕਾਰਵਾਈ ਸੀ ਪਰ ਲਗਾਤਾਰ ਬਦਲ ਰਹੇ ਮੰਜ਼ਰ 'ਚ ਖੜ੍ਹੇ ਪੈਰ ਲਾਈਆਂ ਇਹ ਜੁਗਤਾਂ ਕੰਮ ਨਾ ਆ ਸਕੀਆਂ। ਜ਼ਰੂਰ ਇਸ ਪਿੱਛੇ ਕੋਈ ਨਾ ਕੋਈ ਮੁੱਖ ਸਾਜ਼ਿਸ਼ਕਰਤਾ ਹੋਵੇਗਾ। ਅਖ਼ੀਰ ਅਦਾਲਤ ਨੇ ਲਾਚਾਰੀ ਦੀ ਇਸ ਸਥਿਤੀ 'ਚ ਅਣਕਿਆਸੀ ਤਾਕਤ ਵਜੋਂ ਨਿੱਤਰਦਿਆਂ ਫ਼ੈਸਲਾ ਸੁਣਾਇਆ। ਹਾਲਾਂਕਿ ਜੇਕਰ ਕਾਨੂੰਨੀ ਤੌਰ 'ਤੇ ਪ੍ਰਵਾਨਗੀ ਮਿਲਦੀ ਹੈ ਤਾਂ ਨਵੇਂ ਬਣੇ ਮੇਅਰ ਨੂੰ ਬੇਭਰੋਸਗੀ ਮਤੇ ਰਾਹੀਂ ਲਾਂਭੇ ਕਰਨ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਇਹ ਯਤਨ ਸਫਲ ਵੀ ਹੋ ਸਕਦਾ ਹੈ ਕਿਉਂਕਿ ਇਸ 'ਬਾਜ਼ਾਰ' ਵਿਚ ਹਰ ਚੀਜ਼ ਦੀ ਕੀਮਤ ਹੈ। ਦੇਖਿਆ ਜਾਵੇ ਤਾਂ ਇਹ ਲੋਕਤੰਤਰ ਨਾਲ ਹੋਰ ਛੇੜਛਾੜ ਨੂੰ ਹੀ ਹੁਲਾਰਾ ਦੇਵੇਗਾ ਕਿਉਂਕਿ ਕਾਨੂੰਨ ਹੁਣ ਗ਼ੈਰ-ਕੁਦਰਤੀ ਸਾਥ ਮਾਨਣ 'ਤੇ ਰੋਕ ਨਹੀਂ ਲਾਉਂਦਾ। ਇਹ ਦੇਖ ਕੇ ਕੋਈ ਹੈਰਾਨੀ ਨਹੀਂ ਹੁੰਦੀ ਕਿ ਅਜਿਹੀ ਸ਼ਰੇਆਮ ਅਸੱਭਿਅਕ ਤੇ ਸਾਜ਼ਿਸ਼ੀ ਕੋਸ਼ਿਸ਼ ਰਾਹੀਂ ਜਿਸ ਪਾਰਟੀ ਨੂੰ ਸੱਤਾ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਗਈ, ਉਸ ਵੱਲੋਂ ਅਜੇ ਤੱਕ ਇਕ ਵੀ ਸ਼ਬਦ ਨਹੀਂ ਬੋਲਿਆ ਗਿਆ। ਮਸੀਹ ਦੇ ਕੇਸ ਵਿਚ ਸੁਪਰੀਮ ਕੋਰਟ ਨੇ ਨਿਆਂਸੰਗਤ ਕਾਰਵਾਈ ਕੀਤੀ ਹੈ। ਜਦ ਜੱਜਾਂ ਨੇ ਦਿਨ-ਦਿਹਾੜੇ ਲੁੱਟ ਹੁੰਦੀ ਦੇਖੀ ਤੇ ਲੁਟੇਰੇ ਫੜੇ ਗਏ ਤਾਂ ਉਨ੍ਹਾਂ 'ਲੁੱਟ' ਮੋੜਨ ਦਾ ਫੈਸਲਾ ਕੀਤਾ।

ਇਸ ਮਾਮਲੇ ਵਿਚ ਉਹ ਬੇਸ਼ਕੀਮਤੀ ਲੋਕਤੰਤਰ ਸ਼ਾਮਲ ਸੀ ਜਿਸ ਨੂੰ ਹਾਸਲ ਕਰਨ ਲਈ ਦੇਸ਼ ਨੇ ਲੰਮਾ ਸੰਘਰਸ਼ ਲੜਿਆ ਹੈ। ਹੁਣ ਸੁਪਰੀਮ ਕੋਰਟ ਦੇ ਇਸ ਨੂੰ ਬਹਾਲ ਕਰਨ 'ਤੇ, ਕੀ ਭਾਰਤ ਦੇ ਲੋਕ ਇਸ ਦੀ ਰਾਖੀ ਲਈ ਆਪਣੇ ਵੱਲੋਂ ਵੀ ਕੁਝ ਯੋਗਦਾਨ ਦੇਣਗੇ? ਕੀ ਇਹੀ ਸਿਧਾਂਤ ਚੋਣ ਬਾਂਡਾਂ ਉੱਤੇ ਲਾਗੂ ਹੋਣਾ ਚਾਹੀਦਾ ਹੈ, ਇਹ ਵੀ ਚਰਚਾ ਦਾ ਵਿਸ਼ਾ ਹੈ। ਇਹ 'ਡੇਵਿਡ ਤੇ ਗੋਲਾਇਥ ਵਿਚਕਾਰ' ਪਹਿਲੀ ਲੜਾਈ ਨਹੀਂ, ਤੇ ਨਾ ਹੀ ਆਖ਼ਿਰੀ। ਬਾਈਬਲ ਮੁਤਾਬਕ, ਡੇਵਿਡ ਨੇ ਰੱਬ ਦੀ ਕਿਰਪਾ ਨਾਲ ਗੋਲਾਇਥ ਨੂੰ ਲੜਾਈ ਵਿਚ ਗੁਲੇਲ ਤੇ ਕੰਕਰ ਨਾਲ ਹਰਾਇਆ। ਅਜੋਕੇ ਦੌਰ ਵਿਚ ਹਰ ਡੇਵਿਡ ਨੂੰ ਜਿੱਤਣ ਦੀ ਉਮੀਦ ਕਾਇਮ ਰੱਖਣ ਲਈ ਆਪਣੇ ਵਿਸ਼ਵਾਸਾਂ ਨਾਲ ਜੁੜੇ ਰਹਿਣ ਤੇ ਅਦਾਲਤਾਂ ਦੇ ਪੂਰਨ ਸਮਰਥਨ ਦੀ ਲੋੜ ਪਏਗੀ। ਜੱਜ ਨੂੰ 'ਮਾਈ ਲਾਰਡ' ਕਹਿ ਕੇ ਐਵੇਂ ਹੀ ਸੰਬੋਧਨ ਨਹੀਂ ਕੀਤਾ ਜਾਂਦਾ।

# ਰੂਸ ਦੀ ਆਰਥਿਕ ਘੇਰਾਬੰਦੀ ਨਾਕਾਮ ਹੋਈ

ਔਨਿੰਦਿਓ ਚੱਕਰਵਰਤੀ

ਦੋ ਸਾਲ ਪਹਿਲਾਂ ਰੂਸੀ ਟੈਂਕ ਸਰਹੱਦ ਪਾਰ ਕਰ ਕੇ ਯੂਕਰੇਨ ਵਿਚ ਦਾਖ਼ਲ ਹੋਏ ਸਨ। ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਦੀ ਕਾਰਵਾਈ ਉਨ੍ਹਾਂ ਬਹੁਤ ਸਾਰੀਆਂ ਗੱਲਾਂ ਦੀ ਯਾਦ ਦਿਵਾਉਂਦੀ ਹੈ ਜੋ ਕਰੀਬ ਅੱਠ ਦਹਾਕੇ ਪਹਿਲਾਂ ਉਦੋਂ ਵਾਪਰੀਆਂ ਸਨ ਜਦੋਂ ਹਿਟਲਰ ਦੀਆਂ ਫ਼ੌਜਾਂ ਨੇ ਪੋਲੈਂਡ 'ਤੇ ਚੜ੍ਹਾਈ ਕੀਤੀ ਸੀ ਜਿਸ ਨਾਲ ਆਲਮੀ ਜੰਗ ਸ਼ੁਰੂ ਹੋ ਗਈ ਸੀ। ਉਸ ਜੰਗ ਵਿਚ ਦੁਨੀਆ ਭਰ ਵਿਚ ਕਰੀਬ 8 ਕਰੋੜ ਲੋਕ ਮਾਰੇ ਗਏ ਸਨ। ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਹਿਟਲਰ ਦੀਆਂ ਡਾਢੀਆਂ ਵਿਸਤਾਰਵਾਦੀ ਕਾਰਵਾਈਆਂ ਅਤੇ ਨਾਜ਼ੀ ਵਿਚਾਰਧਾਰਾ ਨੂੰ ਆਮ ਜਰਮਨ ਲੋਕਾਂ ਤੋਂ ਹਮਾਇਤ ਮਿਲਦੀ ਸੀ ਕਿਉਂਕਿ ਜਰਮਨਾਂ ਅੰਦਰ ਪਹਿਲੀ ਆਲਮੀ ਜੰਗ ਤੋਂ ਬਾਅਦ ਉਨ੍ਹਾਂ ਦੇ ਦੇਸ਼ ਨਾਲ ਕੀਤੇ ਸਲੂਕ ਪ੍ਰਤੀ ਬਹੁਤ ਰੋਸ ਸੀ। ਪੂਤਿਨ ਦੀਆਂ ਪੇਸ਼ਕਦਮੀਆਂ ਮੁਤੱਲਕ ਵੀ ਇਹੋ ਜਿਹੇ ਤਰਕ ਦਿੱਤੇ ਜਾਂਦੇ ਰਹੇ ਹਨ। ਯੂਕਰੇਨ 'ਤੇ ਰੂਸ ਦੇ ਹਮਲੇ ਨੂੰ ਕ੍ਰੈਮਲਿਨ ਦੀ ਪਿੱਠ ਪਿੱਛੇ ਹੋ ਰਹੇ ਨਾਟੋ ਦੇ ਵਿਸਤਾਰ ਦੀ ਪ੍ਰਤੀਕਿਰਿਆ ਦੇ 'ਆਖ਼ਿਰੀ ਰਾਹ' ਵਜੋਂ ਦੇਖਿਆ ਗਿਆ ਸੀ।

ਇਹ ਤੁਲਨਾ ਇੱਥੇ ਹੀ ਖਤਮ ਹੋ ਜਾਂਦੀ ਹੈ। ਉਹ ਵਕਤ ਹੋਰ ਸਨ। ਉਦੋਂ ਦੁਨੀਆ ਉਪਰ ਸਾਮਰਾਜੀ ਸ਼ਕਤੀਆਂ ਦੀ ਧਾਂਕ ਜੰਮੀ ਹੋਈ ਸੀ ਜਿਨ੍ਹਾਂ ਨੇ ਪੂਰੇ ਗਲੋਬ ਨੂੰ ਆਪੋ-ਆਪਣੇ ਖਿੱਤਿਆਂ ਵਿਚ ਵੰਡਿਆ ਹੋਇਆ ਸੀ। ਹੁਣ ਲੁਕਵਾਂ ਸਾਮਰਾਜਵਾਦ ਚੱਲ ਰਿਹਾ ਹੈ। ਇਹ ਸਰਕਾਰਾਂ ਦੇ ਰਾਜਪਲਟੇ ਅਤੇ ਕਮਜ਼ੋਰ ਦੇਸ਼ਾਂ ਉਪਰ ਨੀਤੀਆਂ ਠੋਸ ਕੇ ਚਲਾਇਆ ਜਾਂਦਾ ਹੈ। ਭਾਰਤ ਅਤੇ ਚੀਨ ਜਿਹੀਆਂ ਸਾਬਕਾ ਬਸਤੀਆਂ ਵਿਚ ਨਾ ਕੇਵਲ ਦੁਨੀਆ ਦੀ ਇਕ ਤਿਹਾਈ ਆਬਾਦੀ ਵਸਦੀ ਹੈ ਸਗੋਂ ਇਨ੍ਹਾਂ ਦਾ ਦੋਹਾਂ ਮੁਲਕਾਂ ਦੀ ਆਲਮੀ ਅਰਥਚਾਰੇ ਵਿਚ ਇਕ ਚੁਥਾਈ ਹਿੱਸੇਦਾਰੀ ਹੋ ਗਈ ਹੈ। ਯੂਰਪ ਪਤਨ ਵੱਲ ਜਾ ਰਿਹਾ ਹੈ; ਅਮਰੀਕਾ ਨੂੰ ਦੁਨੀਆ ਦਾ ਇਕਮਾਤਰ ਥਾਣੇਦਾਰ ਬਣੇ ਰਹਿਣ ਲਈ ਜੂਝਣਾ ਪੈ ਰਿਹਾ ਹੈ।

ਤੀਹ ਸਾਲ ਪਹਿਲਾਂ ਜਿਵੇਂ ਸੋਵੀਅਤ ਸੰਘ ਬਿਖਰ ਗਿਆ ਸੀ ਅਤੇ ਅਮਰੀਕੀ ਦਬਦਬੇ ਵਾਲੇ ਕੌਮਾਂਤਰੀ ਵਿੱਤੀ ਅਦਾਰਿਆਂ ਨੇ ਪੱਛਮ ਦੇ ਅਕਸ 'ਚੋਂ ਕੌਮੀ ਅਰਥਚਾਰਿਆਂ ਦਾ ਮੁੜ ਖਾਕਾ ਵਾਹਿਆ ਸੀ ਤਾਂ ਇਵੇਂ ਜਾਪਦਾ ਸੀ ਕਿ ਦੁਨੀਆ ਹੌਲੀ ਹੌਲੀ ਇਕਜੁੱਟ ਮੰਡੀ ਬਣ ਜਾਵੇਗੀ। ਗਲੋਬਲ ਨੌਰਥ (ਵਿਕਸਤ ਮੁਲਕਾਂ ਦਾ ਸਮੂਹ) ਹਰ ਕਿਤੇ ਪੂੰਜੀ ਅਤੇ ਆਪਣੇ ਅਸਾਸੇ ਮੁਹੱਈਆ ਕਰਵਾਏਗਾ; ਗਲੋਬਲ ਸਾਊਥ ਸਸਤੀ ਕਿਰਤ ਪਹੁੰਚਾਏਗਾ। ਇਹ ਮਿੱਥ ਸਿਰਜਿਆ ਗਿਆ ਕਿ ਅਮੀਰ ਦੇਸ਼ਾਂ 'ਚੋਂ ਦੌਲਤ ਰਿਸ ਕੇ ਗਰੀਬ ਦੇਸ਼ਾਂ ਕੋਲ ਆਵੇਗੀ ਅਤੇ ਪੂੰਜੀ ਦੇ ਬੇਰੋਕ ਵਹਾਓ ਨਾਲ ਸਾਰੀਆਂ ਕਿਸ਼ਤੀਆਂ ਸੰਗ-ਸੰਗ ਤੈਰਨਗੀਆਂ, ਭਾਵੇਂ ਇਨ੍ਹਾਂ ਦੇ ਨਾਲ ਕੁਝ ਵੱਡੇ ਜਹਾਜ਼ ਅਤੇ ਖਸਤਾਹਾਲ ਕਟਮਰਾਨ




(ਕਿਸ਼ਤੀਆਂ) ਵੀ ਚਲਦੀਆਂ ਰਹਿਣਗੀਆਂ।

ਇਹ ਗੱਲ ਵੀ ਪਿਛਾਂਹ ਛੁਟ ਗਈ ਹੈ। ਸੰਸਾਰੀਕਰਨ ਦਾ ਹੁਣ ਭੋਗ ਪੈ ਗਿਆ ਹੈ, ਸਿਰਫ਼ ਕੁਝ ਕੁ ਥਾਵਾਂ ਨੂੰ ਛੱਡ ਕੇ ਜਿੱਥੇ ਇਸ ਦਾ ਮਤਲਬ ਪੱਛਮੀ ਪੂੰਜੀ ਲਈ ਦੁਆਰ ਖੋਲ੍ਹਣਾ ਹੁੰਦਾ ਹੈ। ਸਾਬਕਾ ਵਿਕਸਤ ਦੇਸ਼ ਟੈਰਿਫ (ਮਹਿਸੂਲ) ਅਤੇ ਨਾਨ-ਟੈਰਿਫ ਦੀਵਾਰਾਂ ਖੜ੍ਹੀਆਂ ਕਰ ਰਹੇ ਹਨ ਤਾਂ ਕਿ ਚੀਨ ਅਤੇ ਭਾਰਤ ਜਿਹੇ ਨਵੇਂ ਵਿਕਾਸਸ਼ੀਲ ਮੁਲਕਾਂ ਤੋਂ ਆਪਣੇ ਅਰਥਚਾਰਿਆਂ ਨੂੰ ਬਚਾਇਆ ਜਾ ਸਕੇ। ਇਸ ਦੇ ਨਾਲ ਹੀ ਹਰ ਸਰਕਾਰ ਜਾਣਦੀ ਹੈ ਕਿ ਭਵਿੱਖ ਮਸਨੂਈ ਬੁੱਧੀ (ਏਆਈ) ਅਤੇ ਸਵੱਛ ਊਰਜਾ ਦਾ ਹੈ। ਇਲੈਕਟ੍ਰਿਕ ਕਾਰਾਂ ਅਤੇ ਕੰਪਿਊਟਰ ਚਿੱਪਾਂ ਬਣਾਉਣ ਵਾਸਤੇ ਹੁਣ ਕੁਦਰਤੀ ਸਰੋਤਾਂ ਉਪਰ ਕੰਟਰੋਲ ਕਰਨ ਦੀ ਆਲਮੀ ਹੋੜ ਛਿੜੀ ਹੋਈ ਹੈ। ਇਨ੍ਹਾਂ 'ਚੋਂ ਬਹੁਤੇ ਸਰੋਤ ਅਫਰੀਕੀ ਮੁਲਕਾਂ ਵਿਚ ਮਿਲਦੇ ਹਨ ਜਿਸ ਨਾਲ ਉਸ ਮਹਾਦੀਪ ਅੰਦਰ ਆਪਣਾ ਸਿਆਸੀ ਪ੍ਰਭਾਵ ਵਧਾਉਣ ਲਈ ਵੱਡੀਆਂ ਤਾਕਤਾਂ ਤਰਲੋਮੱਛੀ ਹੋ ਰਹੀਆਂ ਹਨ। ਯੂਕਰੇਨ ਵਿਚ ਰੂਸੀ ਜੰਗ ਅਤੇ ਇਸ ਦੇ ਰਾਜਨੀਤਕ ਆਰਥਿਕ ਅਸਰ ਨੂੰ ਸੰਸਾਰੀਕਰਨ ਦੇ ਅੰਤ ਅਤੇ ਨਵ-ਸਾਮਰਾਜਵਾਦੀ ਵੈਰ ਵਿਰੋਧਾਂ ਦੇ ਸੁਰਜੀਤ ਹੋਣ ਦੇ ਪ੍ਰਸੰਗ ਵਿਚ ਸਮਝਿਆ ਜਾ ਸਕਦਾ ਹੈ।

ਪਹਿਲੀ ਗੱਲ ਇਹ ਹੈ ਕਿ ਰੂਸ ਦੇ ਅਰਥਚਾਰੇ ਦੇ ਢਹਿ ਢੇਰੀ ਹੋਣ ਦੀਆਂ ਸਾਰੀਆਂ ਭਵਿੱਖਬਾਣੀਆਂ ਗ਼ਲਤ ਸਿੱਧ ਹੋਈਆਂ ਹਨ। ਰੂਸ ਦੀ ਕੁੱਲ ਘਰੇਲੂ ਪੈਦਾਵਾਰ ਬਾਰੇ ਆਮ ਸਹਿਮਤੀ ਵਾਲਾ ਅਨੁਮਾਨ ਇਹ ਹੈ ਕਿ 2023 ਦੌਰਾਨ ਪੱਛਮੀ ਪਾਬੰਦੀਆਂ ਕਰ ਕੇ ਇਸ ਦੇ ਸੁੰਗੜਨ ਦੀ ਬਜਾਇ ਇਸ ਵਿਚ 3 ਫ਼ੀਸਦ ਤੋਂ ਜ਼ਿਆਦਾ ਵਾਧਾ ਹੋਇਆ ਹੈ। ਪੱਛਮੀ ਦੇਸ਼ਾਂ ਦੇ ਮੀਡੀਆ ਵਿਚ ਇਹ ਗੱਲ ਸੁਣਨ ਨੂੰ ਮਿਲ ਰਹੀ ਹੈ ਕਿ ਜੇ ਪੂਤਿਨ ਸਭ ਔਕੜਾਂ ਨੂੰ ਪਾਰ ਕਰ ਕੇ ਹਾਲੇ ਵੀ ਜੰਗ ਲੜ ਰਹੇ ਹਨ ਤਾਂ ਇਸ ਵਿਚ ਉਸ ਦੀ ਮਦਦ ਕਰਨ ਵਾਲੇ ਦੇਸ਼ਾਂ ਵਿਚ ਭਾਰਤ ਦਾ ਨਾਂ ਵੀ ਲਿਆ ਜਾਂਦਾ ਹੈ। ਚੀਨ, ਮਿਸਰ, ਤੁਰਕੀ ਅਤੇ ਕਈ ਹੋਰ ਗ਼ੈਰ-ਪੱਛਮੀ ਦੇਸ਼ਾਂ ਤੋਂ ਇਲਾਵਾ ਭਾਰਤ ਵੀ ਰੂਸੀ ਤੇਲ ਦਾ ਵੱਡਾ ਖਰੀਦਦਾਰ ਬਣ ਗਿਆ ਹੈ। ਇਸ ਕਰ ਕੇ ਪਿਛਲੇ ਦੋ ਸਾਲਾਂ ਤੋਂ ਰੂਸੀ ਤੇਲ ਦੀਆਂ ਬਰਾਮਦਾਂ ਵਿਚ ਭਰਵਾਂ ਵਾਧਾ ਸੰਭਵ ਹੋ ਸਕਿਆ ਹੈ। ਅਸਲ ਵਿਚ ਸਾਲ 2022 ਵਿਚ ਰੂਸੀ ਤੇਲ ਕੰਪਨੀਆਂ ਨੇ ਇਸ ਤੋਂ ਇਕ ਦਹਾਕਾ ਪਹਿਲਾਂ ਨਾਲੋਂ ਜ਼ਿਆਦਾ ਤੇਲ ਖੂਹਾਂ ਦੀ ਖੁਦਾਈ ਕੀਤੀ ਸੀ।

ਰੂਸੀ ਗੈਸ ਦਰਾਮਦਾਂ 'ਤੇ ਰੋਕਾਂ ਲਾਉਣ ਦਾ ਜੇ ਕਿਸੇ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ ਹੈ ਤਾਂ ਇਹ ਯੂਰਪੀਅਨ ਦੇਸ਼ ਹਨ। ਉਨ੍ਹਾਂ ਨੂੰ ਗੈਸ ਦੀਆਂ ਬਹੁਤ ਜ਼ਿਆਦਾ ਕੀਮਤਾਂ ਤਾਰਨੀਆਂ ਪਈਆਂ ਹਨ ਅਤੇ ਨਾਲ ਹੀ ਬੇਹਿਸਾਬ ਮਹਿੰਗਾਈ ਦਰ ਦਾ ਸਾਹਮਣਾ ਕਰਨਾ ਪਿਆ ਹੈ। ਇਸ ਨਾਲ ਯੂਰਪ ਅੰਦਰ ਲੋਕ ਰਾਇ ਵਿਚ ਵੱਡੀ ਤਬਦੀਲੀ ਦੇਖਣ ਨੂੰ ਮਿਲ ਰਹੀ ਹੈ। ਸਾਲ ਪਹਿਲਾਂ ਰੂਸ ਖਿਲਾਫ਼ ਲਾਈਆਂ ਨਾਟੋ ਪਾਬੰਦੀਆਂ ਅਤੇ ਯੂਕਰੇਨ ਦੀਆਂ ਜੰਗੀ ਤਿਆਰੀਆਂ ਲਈ ਵਿਆਪਕ ਹਮਾਇਤ ਮਿਲ ਰਹੀ ਸੀ। ਸੱਜਰੇ ਸਰਵੇਖਣ ਵਿਚ ਸਿਰਫ਼ ਦਸ ਫ਼ੀਸਦ ਯੂਰਪੀਆਂ ਦਾ ਵਿਸ਼ਵਾਸ ਹੈ ਕਿ ਰੂਸ ਨੂੰ ਹਰਾਇਆ ਜਾ ਸਕਦਾ ਹੈ। ਕਰੀਬ ਪੰਜਾਹ ਫ਼ੀਸਦ ਲੋਕਾਂ ਦਾ ਖਿਆਲ ਹੈ ਕਿ ਯੂਕਰੇਨ ਨੂੰ ਗੱਲਬਾਤ ਰਾਹੀਂ ਕਿਸੇ ਸਮਝੌਤੇ ਨੂੰ ਪ੍ਰਵਾਨ ਕਰਨਾ ਪੈ ਸਕਦਾ ਹੈ। ਇਕ ਤਿਹਾਈ ਲੋਕਾਂ ਦਾ ਮੰਨਣਾ ਹੈ ਕਿ ਯੂਕਰੇਨ ਵਿਚ ਚੱਲ ਰਹੀ ਜੰਗ ਦਾ ਉਨ੍ਹਾਂ ਦੇ ਦੇਸ਼ ਉਪਰ ਸਿੱਧਾ ਅਸਰ ਪੈ ਰਿਹਾ ਹੈ।

ਯੂਰਪ ਵਿਚ ਲੋਕਾਂ ਦੇ ਜੰਗਬੰਦੀ ਦੀ ਚਾਹਤ ਦਾ ਇਕ ਕਾਰਨ ਇਹ ਹੈ ਕਿ ਅਮਰੀਕਾ ਵਿਚ ਇਸ ਸਾਲ ਹੋਣ ਵਾਲੀਆਂ ਰਾਸ਼ਟਰਪਤੀ ਦੀ ਚੋਣ ਵਿਚ ਡੋਨਲਡ ਟਰੰਪ ਦੇ ਜਿੱਤਣ ਦੀਆਂ ਸੰਭਾਵਨਾਵਾਂ ਵਧ ਰਹੀਆਂ ਹਨ। ਜੰਗ ਬਾਰੇ ਟਰੰਪ ਦੀ ਪੁਜ਼ੀਸ਼ਨ ਕਾਫ਼ੀ ਸਪੱਸ਼ਟ ਹੈ। ਮਾਰਚ 2023 ਵਿਚ 'ਫੌਕਸ ਨਿਊਜ਼' ਚੈਨਲ ਨਾਲ ਫੋਨ ਵਾਰਤਾ ਵਿਚ ਟਰੰਪ ਨੇ ਕਿਹਾ ਸੀ ਕਿ ਜੇ ਉਹ ਰਾਸ਼ਟਰਪਤੀ ਹੁੰਦੇ ਤਾਂ ਉਹ ਪੂਤਿਨ ਨੂੰ ਕੁਝ ਹਿੱਸੇ (ਯੂਕਰੇਨ ਦੇ ਰੂਸੀ ਭਾਸ਼ੀ ਖੇਤਰ) ਉਪਰ ਕਬਜ਼ਾ ਕਰਨ ਲੈਣ ਦੀ ਖੁੱਲ੍ਹ ਦੇ ਕੇ ਝਟਪਟ ਜੰਗ ਨਬੇੜ ਦਿੰਦੇ। ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਬਣਨ ਲਈ ਰਿਪਬਲਿਕਨ ਪਾਰਟੀ ਦੀ ਚੋਣ ਵਿਚ ਟਰੰਪ ਦੇ ਸਾਏ ਕਰ ਕੇ ਪਾਰਟੀ ਮੈਂਬਰਾਂ ਨੂੰ ਯੂਕਰੇਨ ਲਈ ਵਿੱਤੀ ਅਤੇ ਫ਼ੌਜੀ ਇਮਦਾਦ ਰੋਕਣ ਲਈ ਮਜਬੂਰ ਹੋਣਾ ਪੈ ਰਿਹਾ ਹੈ।

ਟਰੰਪ ਨੇ ਹੋਰਨਾਂ ਨਾਟੋ ਮੈਂਬਰਾਂ 'ਤੇ ਇਸ ਗੱਲੋਂ ਹਮਲਾ ਕੀਤਾ ਕਿ ਉਹ ਆਪਣੀ ਸੁਰੱਖਿਆ ਲਈ ਜ਼ਿਆਦਾ ਖਰਚ ਨਹੀਂ ਕਰ ਰਹੇ। ਠੰਢੀ ਜੰਗ ਦੇ ਅੰਤ ਤੋਂ ਬਾਅਦ ਨਾਟੋ ਮੈਂਬਰਾਂ ਨੇ ਆਪਣੇ ਰੱਖਿਆ ਖਰਚ ਵਿਚ ਕਾਫ਼ੀ ਕਮੀ ਕਰ ਲਈ ਸੀ; ਇਸ ਦਾ ਬਹੁਤਾ ਭਾਰ ਅਮਰੀਕਾ ਨੂੰ ਚੁੱਕਣਾ ਪਿਆ। ਦਸ ਸਾਲ ਪਹਿਲਾਂ ਰੂਸ ਵਲੋਂ ਕ੍ਰਾਇਮੀਆ ਟਾਪੂ ਉਪਰ ਕਬਜ਼ਾ ਕਰਨ ਤੋਂ ਬਾਅਦ ਨਾਟੋ ਮੈਂਬਰ ਆਪਣਾ ਰੱਖਿਆ ਬਜਟ ਵਧਾ ਕੇ ਆਪਣੀ ਜੀਡੀਪੀ ਦੇ ਦੋ ਫ਼ੀਸਦ ਤੱਕ ਕਰਨ ਲਈ ਸਹਿਮਤ ਹੋ ਗਏ ਸਨ। ਸਹਿਮਤੀ ਦੇ ਬਾਵਜੂਦ 31 ਵਿਚੋਂ ਸਿਰਫ਼ 18 ਮੈਂਬਰ ਦੇਸ਼ਾਂ ਨੇ ਆਪਣੇ ਰੱਖਿਆ ਬਜਟ ਦਾ ਟੀਚਾ ਪੂਰਾ ਕੀਤਾ ਸੀ। ਟਰੰਪ ਨੇ ਇਸ ਨੂੰ ਚੋਣ ਮੁੱਦਾ ਬਣਾ ਲਿਆ ਹੈ ਅਤੇ ਆਖਿਆ ਕਿ ਜੇ ਉਹ ਰਾਸ਼ਟਰਪਤੀ ਬਣ ਗਏ ਤਾਂ ਉਹ ਰੂਸ ਨੂੰ ਇਸ ਗੱਲ ਲਈ ਹੱਲਾਸ਼ੇਰੀ ਦੇਣਗੇ ਕਿ ਉਹ ਉਨ੍ਹਾਂ ਨਾਟੋ ਦੇਸ਼ਾਂ ਨਾਲ ਜੋ ਮਰਜ਼ੀ ਕਰ ਸਕਦਾ ਹੈ ਜਿਹੜੇ ਨਾਟੋ ਦੇ ਬਿਲ ਨਹੀਂ ਤਾਰ ਰਹੇ।

ਇਸ ਦੌਰਾਨ, ਪੂਤਿਨ ਅਫਰੀਕਾ ਵਿਚ ਭੂ-ਰਾਜਸੀ ਪੁਲ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ ਅਤੇ ਅਫਰੀਕਾ ਵਿਚ ਨਿਰੰਕੁਸ਼ ਸ਼ਾਸਕਾਂ ਨੂੰ ਆਪਣੀਆਂ ਸਰਕਾਰਾਂ ਬਚਾਉਣ ਲਈ ਰੂਸੀ ਪ੍ਰਾਈਵੇਟ ਮਿਲੀਸ਼ੀਆ ਦੀਆਂ ਸੇਵਾਵਾਂ ਮੁਹੱਈਆ ਕਰਾਉਣ ਦੀ ਪੇਸ਼ਕਸ਼ ਕਰ ਰਹੇ ਹਨ। ਭਾੜੇ ਦੇ ਫ਼ੌਜੀਆਂ ਦੇ ਵੈਗਨਰ ਗਰੁੱਪ ਨੂੰ ਹੁਣ 'ਐਕਸਪੀਡੀਸ਼ਨਰੀ ਕੋਰ' ਵਜੋਂ ਮੁੜ ਲਾਂਚ ਕੀਤਾ ਗਿਆ ਹੈ। ਪੱਛਮ ਲਈ ਇਹ ਨਵਾਂ ਖ਼ਤਰਾ ਹੈ ਅਤੇ ਉਸ ਨੇ ਕੁਦਰਤੀ ਸਰੋਤਾਂ 'ਤੇ ਕੰਟਰੋਲ ਲਈ ਅਫਰੀਕੀ ਮੁਲਕਾਂ ਵੱਲ ਨਵੇਂ ਸਿਰਿਓਂ ਧਿਆਨ ਦੇਣਾ ਸ਼ੁਰੂ ਕੀਤਾ ਹੈ।

ਭਾਰਤ ਆਪਣੇ ਆਰਥਿਕ ਦਮ-ਖ਼ਮ ਅਤੇ ਚੀਨ ਖਿਲਾਫ਼ ਪੱਛਮ ਦੇ ਸੰਭਾਵੀ ਇਤਹਾਦੀ ਹੋਣ ਕਰ ਕੇ ਆਪਣੇ ਢੰਗ ਨਾਲ ਆਲਮੀ ਸ਼ਕਤੀ ਵਜੋਂ ਉਭਰਿਆ ਹੈ ਅਤੇ ਇਹ ਦੋਵੇਂ ਦੁਆਰ ਖੁੱਲ੍ਹੇ ਰੱਖਣਾ ਸਾਡੇ ਹਿੱਤ ਵਿਚ ਹੈ। ਇਸ ਕਰ ਕੇ ਰੂਸ ਨਾਲ ਭਾਰਤ ਦੇ ਸਬੰਧਾਂ ਬਾਰੇ ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐੱਸ ਜੈਸ਼ੰਕਰ ਨੇ ਆਖਿਆ ਹੈ, "ਕੋਈ ਮੁਲਕ ਆਪਣੇ ਦੋਸਤਾਂ ਦੀ ਤਾਦਾਦ ਸੀਮਤ ਕਿਉਂ ਕਰੇਗਾ? ਮੇਰਾ ਧਿਆਨ ਇਸ ਗੱਲ 'ਤੇ ਕੇਂਦਰਤ ਹੈ ਕਿ ਮੇਰੇ ਰਿਸ਼ਤਿਆਂ ਦਾ ਦਾਇਰਾ ਕਿਵੇਂ ਵਧੇ।"

# ਲੋਕਤੰਤਰ ਲਈ ਭਰੋਸਾ ਬਹਾਲੀ

ਅਸ਼ੋਕ ਲਵਾਸਾ

ਅਦਾਲਤਾਂ ਨਿਆਂ ਦੇਣ ਲਈ ਹੀ ਬਣੀਆਂ ਹਨ ਪਰ ਕਈ ਵਾਰ ਉਹ ਇਸ ਢੰਗ ਨਾਲ ਇਨਸਾਫ਼ ਕਰਦੀਆਂ ਹਨ ਕਿ ਉਨ੍ਹਾਂ ਲਈ ਅਮੂਮਨ ਵਰਤਿਆ ਜਾਂਦਾ ਸ਼ਬਦ 'ਮਾਣਯੋਗ' ਸਾਰਥਕ ਹੋ ਜਾਂਦਾ ਹੈ। ਇਸ ਗੱਲ ਨਾਲ ਕਰੀਬ ਸਾਰੇ ਸਹਿਮਤ ਹਨ ਕਿ ਮਾਣਯੋਗ ਸੁਪਰੀਮ ਕੋਰਟ ਨੇ ਚੰਡੀਗੜ੍ਹ ਦੇ ਮੇਅਰ ਦੀ ਚੋਣ ਦੇ ਕੇਸ ਵਿਚ ਆਪਣੇ ਫ਼ੈਸਲੇ ਰਾਹੀਂ ਲੋਕਾਂ ਵੱਲੋਂ ਇਸ 'ਚ ਪ੍ਰਗਟਾਏ ਜਾਂਦੇ ਭਰੋਸੇ ਨੂੰ ਕਾਇਮ ਰੱਖਿਆ ਹੈ। ਰਿਟਰਨਿੰਗ ਅਧਿਕਾਰੀ ਅਨਿਲ ਮਸੀਹ ਦਾ ਦੁਰਵਿਹਾਰ ਨਾਟਕੀ ਹੋਣ ਦੇ ਨਾਲ ਨਾਲ ਅਜੀਬ ਵੀ ਸੀ ਅਤੇ ਮੰਦੇ ਭਾਗਾਂ ਨੂੰ ਇਸ ਨੂੰ ਸਾਧਾਰਨ ਮੰਨ ਲਏ ਜਾਣ ਦਾ ਖ਼ਤਰਾ ਖੜ੍ਹਾ ਹੋ ਗਿਆ ਸੀ। ਉਪਰੋਂ ਉਪਰੋਂ ਦੇਖਿਆ ਜਾਵੇ ਤਾਂ ਇਹ ਘਟਨਾਕ੍ਰਮ ਮਤ-ਪੱਤਰ ਖ਼ਰਾਬ ਕਰਨ ਨਾਲ ਜੁੜਿਆ ਸੀ ਪਰ ਜੇਕਰ ਅੰਦਰ ਝਾਤ ਮਾਰੀ ਜਾਵੇ ਤਾਂ ਕੁਝ ਲੋਕਾਂ ਨੇ ਆਪਣੀ ਭਰੋਸੇਯੋਗਤਾ ਗੁਆ ਲਈ ਅਤੇ ਕਈਆਂ ਦਾ ਇਸ ਤੰਤਰ ਤੋਂ ਹੀ ਭਰੋਸਾ ਉੱਠ ਗਿਆ। ਅਦਾਲਤ ਨੇ ਇਕੋ ਝਟਕੇ 'ਚ ਲੋਕਾਂ ਦਾ ਭਰੋਸਾ ਬਹਾਲ ਤਾਂ ਕਰ ਦਿੱਤਾ ਪਰ ਸਿਰਫ ਨਿਆਂਪਾਲਿਕਾ ਵਿਚ। ਅਦਾਲਤ ਨੇ ਉਨ੍ਹਾਂ ਲੋਕਾਂ ਨੂੰ ਤਾਂ ਸ਼ੀਸ਼ਾ ਦਿਖਾਇਆ ਜੋ ਤੰਤਰ ਨੂੰ ਕਮਜ਼ੋਰ ਹੁੰਦਾ ਦੇਖਣਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਨਹੀਂ ਜੋ ਲੁਕ-ਛੁਪ ਕੇ ਆਪਣੀ ਭਰੋਸੇਯੋਗਤਾ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਹਰਸ਼ਦ ਮਹਿਤਾ ਅਤੇ ਅਬਦੁਲ ਕਰੀਮ ਤੇਲਗੀ ਵਾਂਗ ਅੱਜ ਇਕ, ਤੇ ਕੱਲ੍ਹ ਕੋਈ ਹੋਰ ਅਨਿਲ ਮਸੀਹ ਸੰਸਾਰ ਨੂੰ ਇਹ ਦਿਖਾਏਗਾ ਕਿ ਨਿਜ਼ਾਮ ਦੀਆਂ ਕਮੀਆਂ-ਪੇਸ਼ੀਆਂ ਕਿੰਨੀਆਂ ਡੂੰਘੀਆਂ ਹਨ ਤੇ ਇਸ ਲਈ ਸਾਨੂੰ ਉਨ੍ਹਾਂ ਦਾ ਸ਼ੁਕਰੀਆ ਵੀ ਅਦਾ ਕਰਨਾ ਚਾਹੀਦਾ ਹੈ ਪਰ ਇਕ ਮਸੀਹ ਕਾਰਨ ਕਈ ਹੋਰ ਨਜ਼ਰਾਂ 'ਚ ਆਉਣ ਤੋਂ ਬਚ ਗਏ ਹਨ ਜਦਕਿ ਉਨ੍ਹਾਂ ਸ਼ਾਇਦ ਸੰਵਿਧਾਨ ਦਾ ਐਨਾ ਨੁਕਸਾਨ ਕੀਤਾ ਹੈ ਜਿਸ ਦੀ ਭਰਪਾਈ ਕਰਨੀ ਵੀ ਮੁਸ਼ਕਿਲ ਹੋਵੇ। ਕੁਝ ਲੋਕਾਂ ਨੇ ਇਸ ਘਟਨਾਕ੍ਰਮ 'ਚ 'ਈ.ਵੀ.ਐੱਮ. ਬਨਾਮ ਬੈੱਲਟ ਪੇਪਰ' ਬਹਿਸ ਦੇ ਸੂਚਕ ਲੱਭਣ ਦੀ ਕੋਸ਼ਿਸ਼ ਵੀ ਕੀਤੀ ਹੈ। ਉਨ੍ਹਾਂ ਇਹ ਦਲੀਲ ਰੱਖੀ ਹੈ ਕਿ ਮਤ-ਪੱਤਰ (ਬੈੱਲਟ ਪੇਪਰ) ਵਾਂਗ ਈ.ਵੀ.ਐੱਮ. 'ਚ 'ਹੇਰ-ਫੇਰ' ਨਹੀਂ ਕੀਤਾ ਜਾ ਸਕਦਾ। ਫਿਰ ਉਨ੍ਹਾਂ ਦਾ ਹੀ ਕਹਿਣਾ ਹੈ ਕਿ ਮਤ-ਪੱਤਰ ਦੇ ਕੇਸ 'ਚ ਛੇੜਛਾੜ ਦੀ ਸ਼ਨਾਖ਼ਤ ਕਰਨੀ ਸੰਭਵ ਹੈ, ਜਦਕਿ ਈ.ਵੀ.ਐੱਮ. 'ਚ ਕਿਸੇ ਸ਼ੱਕੀ ਲੁਕਵੇਂ 'ਹੇਰ-ਫੇਰ' ਨੂੰ ਲੱਭਣਾ ਬਹੁਤ ਮੁਸ਼ਕਿਲ ਹੈ। ਇਹ ਤਰਕ ਮੁੜ ਬੈੱਲਟ ਪੇਪਰਾਂ ਵੱਲ ਮੁੜਨ ਅਤੇ ਈ.ਵੀ.ਐੱਮ. ਦੀ ਕਾਰਜ-ਕੁਸ਼ਲਤਾ ਗੁਆਉਣ ਦਾ ਆਧਾਰ ਨਹੀਂ ਬਣਨਾ ਚਾਹੀਦਾ। ਇਸ ਦਾ ਇਹ ਮਤਲਬ ਵੀ ਨਹੀਂ ਹੈ ਕਿ ਈ.ਵੀ.ਐੱਮ. ਨਾਲ ਜੁੜੇ ਸ਼ੰਕਿਆਂ ਦਾ ਹੱਲ ਨਾ ਕੱਢਿਆ ਜਾਵੇ। ਇਹ ਵੱਖਰੀ ਭਖਵੀਂ ਜਨਤਕ ਬਹਿਸ ਹੈ ਜਿਸ ਉਤੇ ਸੁਪਰੀਮ ਕੋਰਟ ਗੌਰ ਕਰ ਰਿਹਾ ਹੈ।

ਮਸੀਹ ਦੇ ਮਾਮਲੇ 'ਚ ਸੁਪਰੀਮ ਕੋਰਟ ਨੇ ਰਵਾਇਤੀ ਤੌਰ 'ਤੇ 'ਲਟਕਦੀ ਰਹਿਣ ਵਾਲੀ ਕਾਨੂੰਨੀ ਪ੍ਰਕਿਰਿਆ' ਤੋਂ ਅੱਗੇ ਵਧਦਿਆਂ ਤੁਰੰਤ ਇਨਸਾਫ਼ ਦਿੱਤਾ ਹੈ। ਅਦਾਲਤ ਨੇ ਜਨਤਕ ਤੌਰ 'ਤੇ ਜਾਂਚ ਕਰਦਿਆਂ ਅਜਿਹੇ ਬਿਲਕੁਲ ਸਿੱਧੇ-ਸਾਫ਼ ਮਾਮਲੇ 'ਚ ਸੱਚ ਦਾ ਨਿਖੇੜਾ ਕੀਤਾ ਹੈ ਜਿਸ 'ਚ ਵਿਵਾਦ ਦਾ ਕੋਈ ਸਵਾਲ ਹੀ ਨਹੀਂ ਸੀ। ਦੁਬਾਰਾ ਚੋਣ ਕਰਾਉਣੀ ਵਾਜਿਬ ਨਾ ਹੁੰਦੀ, ਖਾਸ ਤੌਰ 'ਤੇ ਉਦੋਂ ਜਦ ਵਿਵਾਦ ਨਿਗਰਾਨ ਅਫਸਰ ਵੱਲੋਂ ਕੁਝ ਮਤ-ਪੱਤਰਾਂ ਨੂੰ ਖਰਾਬ ਕਰਨ ਤੱਕ ਸੀਮਤ ਸੀ, ਤੇ ਸਪੱਸ਼ਟ ਸਬੂਤ ਵੀ ਸਨ। ਅਦਾਲਤ ਨੇ ਚੋਣ ਪ੍ਰਕਿਰਿਆ ਪ੍ਰਭਾਵਿਤ ਕਰਨ ਵਾਲੇ ਅਧਿਕਾਰੀ ਦੇ ਆਦੇਸ਼ ਖਾਰਜ ਕਰ ਕੇ ਅਤੇ ਫੈਸਲਾ ਦੇਣ ਵੇਲੇ ਉਸ ਵੱਲੋਂ ਰੱਦ ਕੀਤੀਆਂ ਵੋਟਾਂ ਨੂੰ ਸਹੀ ਐਲਾਨ ਕੇ ਬਿਲਕੁਲ ਜਾਇਜ਼ ਕਾਰਵਾਈ ਕੀਤੀ। ਈ.ਵੀ.ਐੱਮ. ਤੋਂ ਪਹਿਲਾਂ ਵਾਲੇ ਦੌਰ 'ਚ ਰਿਟਰਨਿੰਗ ਅਫਸਰ ਉਨ੍ਹਾਂ ਅੱਗੇ ਗਿਣਤੀ ਲਈ ਰੱਖੇ ਜਾਂਦੇ 'ਵਿਵਾਦਤ' ਬੈੱਲਟ ਪੇਪਰਾਂ ਦੀ ਪ੍ਰਮਾਣਿਕਤਾ ਨੂੰ ਤੈਅ ਕਰਨ ਵੇਲੇ ਇਸੇ ਤਰ੍ਹਾਂ ਆਪਣਾ ਜ਼ੋਰ ਵਰਤਦੇ ਰਹੇ ਹਨ। ਸੁਪਰੀਮ ਕੋਰਟ ਦੇ ਫੈਸਲੇ ਨੂੰ ਕ੍ਰਿਕਟ ਦੇ ਡੀਆਰਐੱਸ (ਫ਼ੈਸਲੇ 'ਤੇ ਮੁੜ ਨਜ਼ਰਸਾਨੀ) ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ ਜਿੱਥੇ ਤੀਜਾ ਅੰਪਾਇਰ ਫੀਲਡ ਅੰਪਾਇਰ ਦੇ ਫੈਸਲੇ ਨੂੰ ਪਲਟਾ ਸਕਦਾ ਹੈ।

ਅਦਾਲਤ ਦੀ ਤੁਰੰਤ ਕਾਰਵਾਈ ਦੀ ਸਿਫ਼ਤ ਕਰਨੀ ਬਣਦੀ ਹੈ ਅਤੇ ਇਸ ਨੂੰ ਸਿਰਫ਼ ਇਸ ਲਈ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ ਕਿਉਂਕਿ ਮਸੀਹ ਮੁਕਾਬਲਤਨ ਆਸਾਨ ਨਿਸ਼ਾਨਾ ਸੀ। ਦਰਅਸਲ, ਆਪਣੇ ਮਾੜੇ ਵਤੀਰੇ ਨਾਲ ਉਹ ਖ਼ੁਦ ਨੂੰ ਨਿਸ਼ਾਨੇ 'ਤੇ ਲੈ ਆਇਆ ਤੇ ਜੱਜਾਂ ਦੇ ਗੁੱਸੇ ਦਾ ਸ਼ਿਕਾਰ ਬਣਿਆ ਅਤੇ ਨਾਲ ਹੀ ਆਪਣੇ ਆਪ ਨੂੰ ਸਾਰਿਆਂ ਦੇ ਸਾਹਮਣੇ 'ਅਜਿਹਾ ਅਤਿਵਾਦੀ ਬਣਾ ਲਿਆ ਜਿਸ ਨੇ ਛਾਤੀ ਨਾਲ ਬੰਬ ਬੰਨ੍ਹੇ ਹੋਣ।' ਅਦਾਲਤ ਦੇ ਹੁਕਮ ਨੂੰ ਅਜਿਹੇ ਦੰਡ ਵਜੋਂ ਦੇਖਿਆ ਜਾਣਾ ਚਾਹੀਦਾ ਹੈ ਜੋ ਉਨ੍ਹਾਂ ਸਾਰਿਆਂ ਨੂੰ ਦਿੱਤਾ ਜਾ ਸਕਦਾ ਹੈ ਜੋ ਨਿਯਮਾਂ-ਕਾਨੂੰਨਾਂ ਤਹਿਤ ਪਵਿੱਤਰ ਮੰਨੀਆਂ ਜਾਂਦੀਆਂ ਪ੍ਰਕਿਰਿਆਵਾਂ ਨਾਲ ਖਿਲਵਾੜ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਤੋਂ ਵੀ ਗਹਿਰਾ ਸਵਾਲ ਇਹ ਹੈ: ਕੀ ਮਸੀਹ ਇਸ ਵਿਚ ਇਕੱਲਾ ਹੀ ਸੀ ਜਾਂ ਉੱਥੇ ਕਈ ਹੋਰ ਵੀ ਸਨ ਜਿਨ੍ਹਾਂ ਉਸ ਦੀ 'ਛਾਤੀ ਦੁਆਲੇ ਬੰਬ ਬੰਨ੍ਹੇ ਹੋਏ ਸਨ', ਤੇ ਉਸ ਨੂੰ ਭਰੋਸਾ ਦਿਵਾਇਆ ਗਿਆ ਸੀ ਕਿ ਜੇ ਉਹ ਕੁਝ ਸਮੇਂ ਲਈ ਆਪਣੇ ਜ਼ਮੀਰ ਦੀ 'ਕੁਰਬਾਨੀ' ਦੇ ਦੇਵੇ ਤਾਂ ਉਸ ਨੂੰ ਢੁਕਵਾਂ ਇਨਾਮ ਮਿਲੇਗਾ। ਇਹ ਅਜਿਹੀ ਚੀਜ਼ ਹੈ ਜੋ ਇਸ ਘਿਨਾਉਣੇ ਮਾਮਲੇ ਦੀ ਜਾਂਚ ਮੰਗਦੀ ਹੈ। ਜਿਸ ਕੋਝੇ ਢੰਗ ਨਾਲ 'ਚੁਣੇ' ਹੋਏ ਮੇਅਰ ਨੇ ਆਪਣਾ ਅਹੁਦਾ ਸੰਭਾਲਣ ਦੀ ਕਾਹਲ ਕੀਤੀ, ਇਹ ਸਫਲਤਾ ਦਾ ਸਹਿਜ-ਸੁਭਾਅ ਜਸ਼ਨ ਮਨਾਉਣਾ ਤਾਂ ਨਹੀਂ ਜਾਪਦਾ ਸਗੋਂ ਅਜਿਹੀ ਸਾਜ਼ਿਸ਼ ਦਾ ਹਿੱਸਾ ਲੱਗਦਾ ਹੈ ਜਿਸ ਦੀ ਪਟਕਥਾ ਪਹਿਲਾਂ ਹੀ ਲਿਖੀ ਹੋਈ ਸੀ ਤੇ ਅਗਲੀ ਖੇਡ ਅਗਲੇ ਇਸ਼ਾਰੇ ਉਤੇ ਖੇਡੀ ਜਾਣੀ ਸੀ। ਨਿਗਰਾਨ ਅਫਸਰ ਮਹਿਜ਼ ਇਸ 'ਚ ਮਦਦ ਕਰ ਰਿਹਾ ਸੀ।

ਇਹ ਸਾਰੀ ਚਾਲ ਹੀ ਸੀ। ਪਹਿਲਾਂ ਭ੍ਰਿਸ਼ਟ ਯੋਜਨਾਬੰਦੀ, ਫਿਰ ਕੋਝਾ ਅਮਲ ਅਤੇ ਉਸ ਤੋਂ ਬਾਅਦ ਕਾਹਲੀ 'ਚ ਕਬਜ਼ਾ। ਉਸ ਤੋਂ ਬਾਅਦ ਕੌਂਸਲਰਾਂ ਦਾ ਦਲ ਬਦਲਣਾ ਅਤੇ ਮੇਅਰ ਦਾ ਅਸਤੀਫ਼ਾ ਹੁਸ਼ਿਆਰੀ ਨਾਲ ਸਿਰੇ ਚੜ੍ਹਾਈ ਕਾਰਵਾਈ ਸੀ ਪਰ ਲਗਾਤਾਰ ਬਦਲ ਰਹੇ ਮੰਜ਼ਰ 'ਚ ਖੜ੍ਹੇ ਪੈਰ ਲਾਈਆਂ ਇਹ ਜੁਗਤਾਂ ਕੰਮ ਨਾ ਆ ਸਕੀਆਂ। ਜ਼ਰੂਰ ਇਸ ਪਿੱਛੇ ਕੋਈ ਨਾ ਕੋਈ ਮੁੱਖ ਸਾਜ਼ਿਸ਼ਕਰਤਾ ਹੋਵੇਗਾ। ਅਖ਼ੀਰ ਅਦਾਲਤ ਨੇ ਲਾਚਾਰੀ ਦੀ ਇਸ ਸਥਿਤੀ 'ਚ ਅਣਕਿਆਸੀ ਤਾਕਤ ਵਜੋਂ ਨਿੱਤਰਦਿਆਂ ਫ਼ੈਸਲਾ ਸੁਣਾਇਆ। ਹਾਲਾਂਕਿ ਜੇਕਰ ਕਾਨੂੰਨੀ ਤੌਰ 'ਤੇ ਪ੍ਰਵਾਨਗੀ ਮਿਲਦੀ ਹੈ ਤਾਂ ਨਵੇਂ ਬਣੇ ਮੇਅਰ ਨੂੰ ਬੇਭਰੋਸਗੀ ਮਤੇ ਰਾਹੀਂ ਲਾਂਭੇ ਕਰਨ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਇਹ ਯਤਨ ਸਫਲ ਵੀ ਹੋ ਸਕਦਾ ਹੈ ਕਿਉਂਕਿ ਇਸ 'ਬਾਜ਼ਾਰ' ਵਿਚ ਹਰ ਚੀਜ਼ ਦੀ ਕੀਮਤ ਹੈ। ਦੇਖਿਆ ਜਾਵੇ ਤਾਂ ਇਹ ਲੋਕਤੰਤਰ ਨਾਲ ਹੋਰ ਛੇੜਛਾੜ ਨੂੰ ਹੀ ਹੁਲਾਰਾ ਦੇਵੇਗਾ ਕਿਉਂਕਿ ਕਾਨੂੰਨ ਹੁਣ ਗ਼ੈਰ-ਕੁਦਰਤੀ ਸਾਥ ਮਾਨਣ 'ਤੇ ਰੋਕ ਨਹੀਂ ਲਾਉਂਦਾ। ਇਹ ਦੇਖ ਕੇ ਕੋਈ ਹੈਰਾਨੀ ਨਹੀਂ ਹੁੰਦੀ ਕਿ ਅਜਿਹੀ ਸ਼ਰੇਆਮ ਅਸੱਭਿਅਕ ਤੇ ਸਾਜ਼ਿਸ਼ੀ ਕੋਸ਼ਿਸ਼ ਰਾਹੀਂ ਜਿਸ ਪਾਰਟੀ ਨੂੰ ਸੱਤਾ ਵਿਚ ਲਿਆਉਣ ਦੀ ਕੋਸ਼ਿਸ਼ ਕੀਤੀ ਗਈ, ਉਸ ਵੱਲੋਂ ਅਜੇ ਤੱਕ ਇਕ ਵੀ ਸ਼ਬਦ ਨਹੀਂ ਬੋਲਿਆ ਗਿਆ। ਮਸੀਹ ਦੇ ਕੇਸ ਵਿਚ ਸੁਪਰੀਮ ਕੋਰਟ ਨੇ ਨਿਆਂਸੰਗਤ ਕਾਰਵਾਈ ਕੀਤੀ ਹੈ। ਜਦ ਜੱਜਾਂ ਨੇ ਦਿਨ-ਦਿਹਾੜੇ ਲੁੱਟ ਹੁੰਦੀ ਦੇਖੀ ਤੇ ਲੁਟੇਰੇ ਫੜੇ ਗਏ ਤਾਂ ਉਨ੍ਹਾਂ 'ਲੁੱਟ' ਮੋੜਨ ਦਾ ਫੈਸਲਾ ਕੀਤਾ।

ਇਸ ਮਾਮਲੇ ਵਿਚ ਉਹ ਬੇਸ਼ਕੀਮਤੀ ਲੋਕਤੰਤਰ ਸ਼ਾਮਲ ਸੀ ਜਿਸ ਨੂੰ ਹਾਸਲ ਕਰਨ ਲਈ ਦੇਸ਼ ਨੇ ਲੰਮਾ ਸੰਘਰਸ਼ ਲੜਿਆ ਹੈ। ਹੁਣ ਸੁਪਰੀਮ ਕੋਰਟ ਦੇ ਇਸ ਨੂੰ ਬਹਾਲ ਕਰਨ 'ਤੇ, ਕੀ ਭਾਰਤ ਦੇ ਲੋਕ ਇਸ ਦੀ ਰਾਖੀ ਲਈ ਆਪਣੇ ਵੱਲੋਂ ਵੀ ਕੁਝ ਯੋਗਦਾਨ ਦੇਣਗੇ? ਕੀ ਇਹੀ ਸਿਧਾਂਤ ਚੋਣ ਬਾਂਡਾਂ ਉੱਤੇ ਲਾਗੂ ਹੋਣਾ ਚਾਹੀਦਾ ਹੈ, ਇਹ ਵੀ ਚਰਚਾ ਦਾ ਵਿਸ਼ਾ ਹੈ। ਇਹ 'ਡੇਵਿਡ ਤੇ ਗੋਲਾਇਥ ਵਿਚਕਾਰ' ਪਹਿਲੀ ਲੜਾਈ ਨਹੀਂ, ਤੇ ਨਾ ਹੀ ਆਖ਼ਿਰੀ। ਬਾਈਬਲ ਮੁਤਾਬਕ, ਡੇਵਿਡ ਨੇ ਰੱਬ ਦੀ ਕਿਰਪਾ ਨਾਲ ਗੋਲਾਇਥ ਨੂੰ ਲੜਾਈ ਵਿਚ ਗੁਲੇਲ ਤੇ ਕੰਕਰ ਨਾਲ ਹਰਾਇਆ। ਅਜੋਕੇ ਦੌਰ ਵਿਚ ਹਰ ਡੇਵਿਡ ਨੂੰ ਜਿੱਤਣ ਦੀ ਉਮੀਦ ਕਾਇਮ ਰੱਖਣ ਲਈ ਆਪਣੇ ਵਿਸ਼ਵਾਸਾਂ ਨਾਲ ਜੁੜੇ ਰਹਿਣ ਤੇ ਅਦਾਲਤਾਂ ਦੇ ਪੂਰਨ ਸਮਰਥਨ ਦੀ ਲੋੜ ਪਏਗੀ। ਜੱਜ ਨੂੰ 'ਮਾਈ ਲਾਰਡ' ਕਹਿ ਕੇ ਐਵੇਂ ਹੀ ਸੰਬੋਧਨ ਨਹੀਂ ਕੀਤਾ ਜਾਂਦਾ।

# ਦਰਦ ਵਿਛੋੜੇ ਦਾ ਹਾਲ ਨੀ, ਮੈਂ ਕੈ ਨੂੰ ਆਖਾਂ !

***ਇਹ ਜਜ਼ਬਾਤ ਮੇਰੇ ਅੰਦਰੋਂ ਅਚਾਨਕ ਵਰੋਲੇ ਵਾਂਗ ਉੱਠੇ ਜਦੋਂ ਮੈਂ ਵੀਡੀਓਜ਼ ਅਤੇ ਤਸਵੀਰਾਂ ਵਿਚ ਆਪਣੇ ਡੈਡੀ (ਵਰਿਆਮ ਸਿੰਘ ਸੰਧੂ) ਨੂੰ ਪਾਕਿਸਤਾਨ ਵਿਚਲੇ ਜੱਦੀ ਪਿੰਡ ਭਡਾਣੇ ਵਾਲੇ ਘਰ ਦੇ ਵਿਹੜੇ ਵਿਚ ਭਾਵੁਕ ਹੁੰਦੇ ਵੇਖਿਆ ਤੇ ਆਪਣੀ ਮਾਂ ਰਜਵੰਤ ਕੌਰ ਸੰਧੂ ਨੂੰ ਲਾਹੌਰ ਦੇ ਥਾਣੇ ਕਿਲ੍ਹਾ ਗੁੱਜਰ ਸਿੰਘ ਵਿਚ ਥਾਣੇਦਾਰ ਦੀ ਕੁਰਸੀ 'ਤੇ ਬੈਠੇ ਰੋਂਦੀ ਨੂੰ ਤੱਕਿਆ, ਜਿਸ ਕੁਰਸੀ 'ਤੇ ਕਦੀ ਉਹਦਾ ਪਿਤਾ ਬੈਠਿਆ ਕਰਦਾ ਸੀ।***

ਹਰ ਇਨਸਾਨ ਦੀ ਜ਼ਿੰਦਗੀ ਦੇ ਪਿਛੋਕੜ 'ਚ ਕੁਝ ਪਲ ਇਹੋ ਜਿਹੇ ਹੁੰਦੇ ਨੇ, ਜਿਨ੍ਹਾਂ ਨੂੰ ਉਹ ਫ਼ੇਰ ਤੋਂ ਮਾਨਣਾ ਚਾਹੁੰਦਾ ਏ। ਕੁਝ ਉਹ ਜਗਾਵਾਂ ਹੁੰਦੀਆਂ ਨੇ, ਜਿੱਥੇ ਉਹ ਫ਼ੇਰ ਜਾਣਾ ਚਾਹੁੰਦਾ ਏ। ਪਰ ਹਮੇਸ਼ਾਂ ਇਹ ਸੰਭਵ ਨਹੀਂ ਹੁੰਦਾ, ਤੇ ਇਹ ਤ੍ਰਿਪਤੀ ਸੁਪਨਿਆਂ ਰਾਹੀਂ ਹੀ ਮੁਮਕਿਨ ਹੈ। ਫ਼ੇਰ ਚਾਹੇ ਉਹ ਸੁਪਨੇ ਅੱਖਾਂ ਬੰਦ ਕਰ ਕੇ ਲੈ ਲਏ ਜਾਣ ਜਾਂ ਜਾਗਦਿਆਂ।

ਮੈਂ ਆਪਣੇ ਡੈਡੀ ਦੇ ਪਿੰਡ ਭਡਾਣੇ, ਜ਼ਿਲ੍ਹਾ ਲਾਹੌਰ ਜਾਣ ਦੇ ਅਹਿਸਾਸਾਂ ਦੀ ਤੁਲਨਾ ਆਪਣੇ ਸੁਰ ਸਿੰਘ ਵਾਲੇ ਘਰ ਨਾਲ ਜੁੜੀਆਂ ਆਪਣੀਆਂ ਭਾਵਨਾਵਾਂ ਦੇ ਨਾਲ ਕਰਦੀ ਹਾਂ। ਮੈਂ ਕੋਈ 7-8 ਸਾਲ ਦੀ ਸੀ ਜਦੋਂ ਅਸੀਂ ਪਿੰਡੋਂ ਜਲੰਧਰ ਆ ਗਏ

ਰਮਣੀਕ ਕੌਰ ਸੰਧੂ

ਸਾਂ। ਸੁਰ ਸਿੰਘ ਵਾਲਾ ਘਰ ਚਾਹੁਣ 'ਤੇ ਵੀ ਮੇਰੇ ਸੁਪਨਿਆਂ ਦੇ ਵਿਚ ਵੀ ਨਹੀਂ ਆਉਂਦਾ ਕਦੇ। ਪੁਰਾਣੇ ਘਰ ਨੂੰ ਤਾਂ ਮੈਂ ਆਪਣੀਆਂ ਜਾਗਦੀਆਂ ਅੱਖਾਂ ਨਾਲ ਹੀ ਸੋਚ ਸਕਦੀ ਆਂ, ਕਿਉਂਕਿ ਉਹ ਘਰ ਹੁਣ ਬਹੁਤ ਬਦਲ ਚੁੱਕਾ ਹੈ। ਮੈਂ ਓਸ ਘਰ ਦਾ ਅਹਿਸਾਸ ਲੈਣਾ ਚਾਹੁੰਦੀ ਆਂ, ਜਿਸ ਵਿਚ ਮੇਰੀ ਨਾਨੀ ਸਾਡੇ ਨਾਲ ਰਹਿੰਦੀ ਸੀ ਤੇ ਮੇਰੀ ਦਾਦੀ ਜਦੋਂ ਜੀਅ ਕਰਦਾ ਸੀ, ਖੇਤਾਂ ਵਿਚਲੀ ਬਹਿਕ ਤੋਂ ਸਾਨੂੰ ਪਿੰਡ ਮਿਲਣ ਆਇਆ-ਜਾਇਆ ਕਰਦੀ ਸੀ। ਇਹ ਨਹੀਂ ਸੀ ਕਿ ਦਾਦੀ-ਨਾਨੀ ਜਲੰਧਰ ਵਾਲੇ ਘਰ ਨਹੀਂ ਰਹਿੰਦੀਆਂ ਰਹੀਆਂ। ਨਾਨੀ ਤਾਂ ਸਾਡੇ ਨਾਲ ਹੀ ਰਹਿੰਦੀ ਸੀ ਪਰ ਦਾਦੀ ਦਾ ਪਿੰਡ ਤੋਂ ਜਲੰਧਰ ਆਉਣਾ ਔਖਾ ਹੋ ਗਿਆ ਸੀ। ਕਿੱਥੇ ਮੇਰੀ ਦਾਦੀ ਖੇਤਾਂ ਤੋਂ ਸੁਰ ਸਿੰਘ ਵਾਲੇ ਘਰ ਸਾਨੂੰ ਨਿਆਣਿਆਂ ਨੂੰ ਆ ਕੇ ਮਿਲਣ ਵਿਚ ਘੌਲ ਨਹੀਂ ਸੀ ਕਰਦੀ ਤੇ ਕਿੱਥੇ ਉਹਨੂੰ ਹੁਣ ਜਲੰਧਰ ਬੱਸ 'ਚ ਸਫ਼ਰ ਤੈਅ ਕਰ ਕੇ ਆਪਣੇ ਬੱਚਿਆਂ ਨੂੰ







ਮਿਲਣ ਆਉਣਾ ਔਖਾ ਹੋ ਗਿਆ ਸੀ! ਆਈ ਹੋਈ ਦਾਦੀ ਦੀ ਚਿੱਟੀ ਚੁੰਨੀ ਦਾ ਝਲਕਾਰਾ ਜਲੰਧਰ ਵਾਲੇ ਘਰ ਦੇ ਗੇਟ ਉੱਤੋਂ ਪੈਣਾ ਤਾਂ ਮੈਨੂੰ ਚਾਅ ਚੜ੍ਹ ਜਾਣਾ। ਬੂਹਾ ਖੁੱਲ੍ਹਦਿਆਂ ਦਾਦੀ-ਪੋਤਰੀ ਨੇ ਘੁੱਟ ਕੇ ਜੱਫੀ ਪਾ ਲੈਣੀ। (ਦਾਦੀ ਦੀ ਸਾਡੇ ਕੋਲ ਹੋਣ ਦੀ ਖ਼ੁਸ਼ੀ ਨੂੰ ਮੈਂ ਓਸ ਖ਼ੁਸ਼ੀ ਨਾਲ ਤੁਲਨਾ ਸਕਦੀ ਆਂ, ਜਿਹੜੀ ਕਿ ਮੇਰੀ 'ਏਧਰਲੀ' ਮੰਮੀ ਨੂੰ ਆਪਣੇ ਦੋਹਾਂ ਬੇਟਿਆਂ ਦੇ ਘਰ ਆਂਢ-ਗੁਆਂਢ ਹੋਣ ਨਾਲ ਮਿਲਦੀ ਐ। ਜਦੋਂ ਜੀ ਕਰਦਾ ਉਹ ਭੱਜ ਕੇ ਆਪਣੇ ਬੱਚਿਆਂ ਨੂੰ ਮਿਲ ਲੈਂਦੀ ਏ। ਉਹਨੂੰ ਆਪਣੇ ਬੱਚਿਆਂ ਨੂੰ ਮਿਲਣ ਲਿਜਾਣ ਲਈ ਕਿਸੇ ਦੇ ਮੂੰਹ ਵੱਲ ਨਹੀਂ ਤੱਕਣਾ ਪੈਂਦਾ)।

ਪਿੰਡ ਵਾਲੇ ਘਰ ਅਤੇ ਦਾਦੀ ਨਾਲ ਜੁੜੀ ਆਖ਼ਰੀ ਗੱਲ ਮੈਨੂੰ ਉਹ ਯਾਦ ਆਉਂਦੀ ਏ, ਜਦੋਂ ਜਲੰਧਰ ਮੂਵ ਹੋਣ ਤੋਂ ਲਗਭਗ ਸਾਲ ਬਾਅਦ ਅਸੀਂ ਸੁਰ ਸਿੰਘ ਵਾਲੇ ਘਰ ਦੁਬਾਰਾ ਗਏ ਸਾਂ। (ਉਹ ਘਰ ਜਿਸ ਦੇ ਮੱਥੇ ਉੱਤੇ ਵੱਡਾ-ਵੱਡਾ 'ਵਰਿਆਮ ਸਿੰਘ ਸੰਧੂ' ਲਿਖਿਆ ਹੁੰਦਾ ਸੀ ਤੇ ਜਿਸ ਘਰ ਦੀ ਕੰਧ 'ਤੇ ਮੇਰੇ ਵੀਰ ਸੁਪਨ ਦੇ ਨਿੱਕੇ ਨਿੱਕੇ ਹੱਥ ਗਿੱਲੇ ਸੀਮਿੰਟ 'ਤੇ ਛਾਪੇ ਹੋਏ ਸਨ। ਮੈਂ ਉਹ ਨਾਮ ਬਹੁਤ ਮਿੱਸ ਕਰਦੀ ਹਾਂ, ਸੋਚਦੀ ਹੁੰਦੀ ਆਂ ਕਿ ਡੈਡੀ ਦੇ ਓਸ ਘਰ ਦੀ ਸਾਂਭ ਹੋਣੀ ਚਾਹੀਦੀ ਸੀ। ਪਰ ਕੁਝ ਮਜਬੂਰੀਆਂ ਕਰਕੇ ਉਹ ਘਰ ਵੇਚਣਾ ਪਿਆ ਸੀ। ਖ਼ੈਰ! ਬਾਅਦ ਵਿਚ ਰਹਿਣ ਵਾਲਿਆਂ ਨੇ ਤਾਂ ਘਰ ਨੂੰ ਆਪਣੇ ਹਿਸਾਬ ਨਾਲ ਤਬਦੀਲ ਕਰਨਾ ਹੀ ਸੀ।) ਸੋ, ਜਦੋਂ ਅਸੀਂ ਸੁਰ ਸਿੰਘ ਪਹੁੰਚੇ ਤਾਂ ਅਸੀਂ ਬੱਚੇ ਵਿਹੜੇ ਦੇ ਆਸੇ ਪਾਸੇ ਲੱਗੀਆਂ ਸੁੱਕ ਚੁੱਕੀਆਂ ਕਿਆਰੀਆਂ ਕੋਲ ਭੁੰਜੇ ਹੀ ਬੈਠੇ ਹੋਏ ਸੀ। ਇਨ੍ਹਾਂ ਕਿਆਰੀਆਂ ਵਿਚ ਮੇਰੀ ਮਾਂ ਆਪਣੀ 'ਫ਼ਸਲ' ਬੀਜਦੀ। ਬਤਾਊਂ, ਟਮਾਟਰ, ਕਰੇਲੇ, ਹਲਵਾ ਕੱਦੂ ਤੇ ਹੋਰ ਪਤਾ ਨਹੀਂ ਕੀ ਕੀ। ਅਸੀਂ ਉਹਦੇ ਨਾਲ ਰਲ ਕੇ ਪਾਣੀ ਦਿੰਦੇ। ਇੱਕ ਸਾਲ ਏਨੇ ਹਲਵੇ ਕੱਦੂ ਹੋਏ ਕਿ ਦਾਦੀ ਪਿੰਡੋਂ ਸਿਰ 'ਤੇ ਚੁੱਕ ਕੇ ਖੇਤਾਂ ਨੂੰ ਲੈ ਜਾਂਦੀ ਤੇ ਆਂਢ-ਗਵਾਂਢ ਦੀਆਂ ਬਹਿਕਾਂ ਵਿਚ ਵਰਤਾਉਂਦੀ।

ਅੱਜ ਦਾਦੀ ਖੇਤੋਂ ਸਾਡੇ ਲਈ ਵੱਡਾ ਡੋਲੂ ਸਾਗ ਦਾ ਅਤੇ ਵੱਡੇ ਵੱਡੇ ਗੋਂਦਵੇਂ ਲੱਡੂ ਲੈ ਕੇ ਆਈ ਸੀ। ਇਹ ਉਹਦਾ ਸਾਡੇ ਲਈ ਪਿਆਰ ਜਤਾਉਣ ਦਾ ਤਰੀਕਾ ਸੀ। ਸੁਰ ਸਿੰਘ ਰਹਿੰਦਿਆਂ ਵੀ ਉਹ ਸਾਡੇ ਲਈ ਕੁਝ ਨਾ ਕੁਝ ਖੇਤਾਂ ਵਿਚੋਂ ਲਈ ਆਉਂਦੀ। ਗੰਨੇ, ਸਾਗ, ਦੁੱਧ। ਹੁਣ ਮੈਂ ਓਸ ਪਲ ਬਾਰੇ ਸੋਚਦੀ ਆਂ ਤਾਂ ਮੇਰਾ ਮਨ ਬੜਾ ਉਦਾਸ ਹੁੰਦਾ ਏ। ਮੇਰਾ ਦਿਲ ਫ਼ਿਰ ਸੁਰ ਸਿੰਘ ਦੀਆਂ ਉਨ੍ਹਾਂ ਗਲੀਆਂ 'ਚ ਫ਼ਿਰਨ ਨੂੰ ਕਰਦਾ ਹੈ ਜਿੱਥੇ ਮੈਂ ਸਾਰੇ ਬਾਜ਼ਾਰ 'ਚ ਹਰ ਦੁਕਾਨ 'ਚ ਇਹ ਸੋਚ ਕੇ ਵੜ ਜਾਂਦੀ ਸੀ ਕਿ ਜਿਵੇਂ ਸਾਰਾ ਬਾਜ਼ਾਰ ਮੇਰੇ 'ਬਾਪੂ' ਦਾ ਹੀ ਹੋਵੇ। ਪਿੰਡ ਸੁਰ ਸਿੰਘ ਜਿੱਥੇ ਮੇਰੇ ਭਰਾ ਨੇ ਮੈਨੂੰ ਮੋਢਿਆਂ 'ਤੇ ਚੁੱਕ ਕੇ ਖਿਡਾਇਆ, ਜਿੱਥੇ ਮੇਰੀ ਭੈਣ ਮੇਰੇ ਲਈ ਨਿੰਮ ਦੀਆਂ 'ਘਟੋਨੀਆਂ' ਦੇ ਹਾਰ ਬਣਾਉਂਦੀ ਸੀ। ਸਭ ਤੋਂ ਵੱਡੀ ਗੱਲ- ਇਹੀ ਉਹ ਘਰ ਸੀ ਜਿੱਥੇ ਮੈਨੂੰ ਮੇਰੀ ਦਾਦੀ ਦੱਸਦੀ ਹੁੰਦੀ ਸੀ, "ਵਰਿਆਮ ਨਿੱਕਾ ਹੁੰਦਾ ਬੜਾ ਹੀ ਸੋਹਣਾ ਹੁੰਦਾ ਸੀ। ਨਿੱਕੇ ਨਿੱਕੇ ਕੁੰਡਲਾਂ ਵਾਲੇ ਵਾਲ, ਲਾਲ ਸੂਹੀਆਂ ਗੱਲ੍ਹਾਂ, ਠੁਮ ਠੁਮ ਕਰਦਾ ਭੱਜਾ ਫ਼ਿਰਦਾ ਬਾਹਲਾ ਈ ਸੋਹਣਾ ਲੱਗਦਾ ਸੀ।" ਮੈਂ ਸੋਚਣ ਲੱਗ ਪੈਣਾ ਕਿ ਮੇਰਾ ਡੈਡੀ ਕਿੰਨਾ ਸੋਹਣਾ ਹੋਊ ਨਿੱਕਾ ਹੁੰਦਾ! ਇਹੀ ਉਹ ਘਰ ਸੀ, ਜਿੱਥੇ ਸਾਡਾ ਸਾਰੇ ਭੈਣਾਂ ਭਰਾਵਾਂ ਦਾ ਜਨਮ ਹੋਇਆ ਸੀ।


ਉਹ ਘਰ ਜਿੱਥੇ ਹਰ ਵੇਲੇ ਮੇਰੀ ਨਾਨੀ ਮੈਨੂੰ ਹਰ ਪਾਸੇ ਬੈਠੀ ਆਪਣੀਆਂ ਉਂਗਲਾਂ ਦੇ ਪੋਟਿਆਂ 'ਤੇ ਗਿਣ ਕੇ ਪਾਠ ਕਰਦੀ ਦਿਸਦੀ- " ਜਿੰਨ੍ਹੀਂ ਨਾਮ ਧਿਆਇਆ, ਗਏ ਮਸੱਕਤ ਘਾਲਿ- ਜਿੰਨ੍ਹੀਂ ਨਾਮ ਧਿਆਇਆ, ਗਏ ਮਸੱਕਤ ਘਾਲਿ, ਨਾਨਕ ਤੇ ਮੁਖ ਊਜਲੇ ਕੇਤੀ ਛੁੱਟੀ ਨਾਲਿ- ਨਾਨਕ ਤੇ ਮੁਖ ਊਜਲੇ ਕੇਤੀ ਛੁੱਟੀ ਨਾਲਿ।" ਨਾਨੀ ਨੇ ਹਰ ਸ਼ਬਦ, ਹਰ ਪੌੜੀ ਦੀ ਤੁੱਕ ਦੋ ਵਾਰ ਬੋਲਣੀ। ਨਾਨੀ ਸਾਰਾ ਦਿਨ ਕੱਲ੍ਹੀ ਬੈਠੀ ਰਹਿੰਦੀ, ਪਾਠ ਕਰਦੀ ਰਹਿੰਦੀ, ਘਰ ਦੇ ਕੰਮ ਧੰਦੇ 'ਚ ਮਦਦ ਕਰ ਦਿੰਦੀ। ਹੁਣ ਸੋਚਦੀ ਆਂ ਬਈ ਉਹ ਸਾਰਾ ਦਿਨ ਕੱਲ੍ਹੀ ਬੈਠੀ ਰਹਿੰਦੀ ਸੀ, ਅਸੀਂ ਸਾਰੇ ਜਾਣੇ ਆਪਣੇ ਕੰਮਾਂ ਕਾਰਾਂ 'ਚ ਰੁੱਝੇ ਰਹਿੰਦੇ ਸਾਂ। ਤੁਸੀਂ ਵੀ ਨੋਟ ਕੀਤਾ ਹੋਣਾ ਏਂ ਕਿ ਅਸੀਂ ਸਭ ਲੋਕ ਆਪਣੇ ਘਰਾਂ ਅਤੇ ਬੱਚਿਆਂ 'ਚ ਇੰਨੇ ਰੁੱਝ ਜਾਂਦੇ ਆਂ ਕਿ ਬਜ਼ੁਰਗਾਂ ਨੂੰ ਦੇਣ ਲਈ ਸਾਡੇ ਕੋਲ ਟਾਈਮ ਈ ਨਹੀਂ ਹੈ। ਖ਼ੈਰ! ਜਦ ਕਦੇ ਨਾਨੀ ਨਾਲ ਗੱਲ ਕਰਨੀ ਤਾਂ ਉਹਨੇ ਆਪਣੀਆਂ ਪੁਰਾਣੀਆਂ ਗੱਲਾਂ ਸੁਣਾਉਣੀਆਂ ਸ਼ੁਰੂ ਕਰ ਦੇਣੀਆਂ। ਕਿਵੇਂ ਉਹ ਲਾਹੌਰ ਕਿਲ੍ਹਾ ਗੁੱਜਰ ਸਿੰਘ ਥਾਣੇ ਦੇ ਕਵਾਟਰਾਂ 'ਚ ਰਹਿੰਦੀ ਰਹੀ ਸੀ ਤੇ ਕਿਵੇਂ ਸਾਰੇ ਉਹਨੂੰ ਓਥੇ 'ਥਾਣੇਦਾਰਨੀ' ਕਹਿ ਕੇ ਬੁਲਾਉਂਦੇ ਹੁੰਦੇ ਸੀ। ਕਦੇ ਕਦੇ ਬੀਬੀ ਨੂੰ ਕੋਈ ਗੀਤ ਸੁਣਾਉਣ ਨੂੰ ਕਹਿਣਾ ਤਾਂ ਹਮੇਸ਼ਾਂ ਉਹ ਇਹੀ ਗੀਤ ਸੁਣਾਉਂਦੀ ਹੁੰਦੀ ਸੀ:

ਤੇਰਾ ਕੁੜਤਾ ਤੇ ਦਾਣਾ ਦਾਣਾ ਵੇ,<br>
ਤਾਹੀਓਂ ਲੜਦਾ ਸਵੇਰੇ ਉੱਠ ਜਾਣਾ ਵੇ।<br>
ਤੇਰਾ ਕੁੜਤਾ ਤੇ ਫ਼ੁੱਟੀਆਂ ਫ਼ੁੱਟੀਆਂ ਵੇ,<br>
ਤੈਨੂੰ ਸਾਹਬ ਨਾ ਦੇਂਦਾ ਛੁੱਟੀਆਂ ਵੇ।

ਸਾਡੇ ਨਾਨੇ ਨੇ ਪੁਲਿਸ ਵਿਚ ਭਰਤੀ ਹੋਣ ਤੋਂ ਪਹਿਲਾਂ ਫੌਜ ਵਿਚ ਵੀ ਨੌਕਰੀ ਕੀਤੀ ਸੀ। ਨਾਨੀ ਦੇ ਗੀਤ ਵਿਛੋੜੇ ਵਿਚ ਦਿਨ ਕੱਟ ਰਹੀ ਫੌਜੀ ਦੀ ਪਤਨੀ ਦੀਆਂ ਭਾਵਨਾਵਾਂ ਨੂੰ ਬਿਆਨ ਕਰਦੇ।

ਪੁਲਿਸ ਵਿਚ ਭਰਤੀ ਹੋਣ ਤੋਂ ਬਾਅਦ ਤਾਂ ਸਦਾ ਨਾਨਾ ਜੀ ਨੇ ਨਾਨੀ ਨੂੰ ਆਪਣੇ ਨਾਲ ਰੱਖਿਆ। ਕਦੀ ਵੱਖ ਹੀ ਨਾ ਹੋਣ ਦਿੱਤਾ। ਪਰ ਹੋਣੀ ਨੂੰ ਕੁਝ ਹੋਰ ਮਨਜ਼ੂਰ ਸੀ। ਉਹ ਭਰ ਜਵਾਨੀ ਵਿਚ ਹੀ ਤੁਰ ਗਏ। 'ਛੁੱਟੀ' ਦੇਣ ਵਾਲੇ 'ਸਾਹਿਬ' ਨੇ ਉਨ੍ਹਾਂ ਨੂੰ ਵਾਪਸ ਬੁਲਾ ਲਿਆ ਸੀ। ਨਾਨੀ ਦੀਆਂ ਬਹੁਤੀਆਂ ਗੱਲਾਂ ਵਿਚ ਨਾਨਾ ਜੀ ਦੇ ਜਵਾਨੀ ਵਿਚ ਤੁਰ ਜਾਣ ਦਾ ਹੇਰਵਾ ਤੇ ਦੁੱਖ ਹੀ ਹੁੰਦਾ ਸੀ।

ਮੇਰਾ ਘਰ ਜਿਸ ਦੀ ਪਿਛਲੀ ਹਵੇਲੀ 'ਚ ਮੈਂ ਤੇ ਮੇਰੇ ਭਰਾ ਨੇ ਮੰਦਰ-ਗੁਰਦੁਆਰਾ ਬਣਾਏ ਹੁੰਦੇ ਸੀ। ਆਲਿਆਂ ਦੇ ਵਿਚ ਅਸੀਂ ਗੁਰੂਆਂ, ਪੀਰਾਂ ਅਤੇ ਦੇਵੀ ਦੇਵਤਿਆਂ ਦੀਆਂ ਤਸਵੀਰਾਂ ਲਾਈਆਂ ਹੁੰਦੀਆਂ। ਪਾਠ ਕਰਦੇ ਤੇ ਸਾਰੇ ਘਰ ਦੇ ਮੈਂਬਰਾਂ ਨੂੰ ਖੰਡ ਦਾ 'ਪਰਸ਼ਾਦ' ਵਰਤਾਉਣ ਵਾਲਾ 'ਬਾਬਾ' ਮੈਂ ਹੁੰਦੀ। ਓਸੇ ਹਵੇਲੀ 'ਚ ਅਸੀਂ ਭੈਣ-ਭਰਾ ਹਿਰਨ ਵਾਂਗ ਚੁੰਗੀਆਂ ਭਰਦੇ ਭੱਜੇ ਫ਼ਿਰਦੇ, ਖੇਡਦੇ ਤੇ ਪੀਂਘਾਂ ਝੂਟਦੇ। ਏਥੇ ਵੀ ਮੰਮੀ ਨੇ ਕਦੀ ਗੰਨੇ ਬੀਜੇ ਹੁੰਦੇ, ਕਦੀ ਖ਼ਰਬੂਜੇ ਤੇ ਕਦੀ ਫੁੱਟਾਂ।




**ਵਰਿਆਮ ਸਿੰਘ ਸੰਧੂ ਆਪਣੀ ਪਤਨੀ ਅਤੇ ਹੋਰਨਾਂ ਨਾਲ ਆਪਣੇ ਪਾਕਿਸਤਾਨ ਵਿਚਲੇ ਘਰ ਦੇ ਗੇਟ ਅੱਗੇ ਬੈਠ ਕੇ ਤਸਵੀਰ ਖਿਚਵਾਉਂਦੇ ਹੋਏ।**

ਏਥੇ ਹੀ ਮੇਰਾ ਭਰਾ ਮੈਨੂੰ ਮੋਢਿਆਂ 'ਤੇ ਬਿਠਾ ਕੇ ਝੂਟੇ ਦਿੰਦਾ। ਕੰਧ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਨੂੰ ਰੀਲ ਦਾ ਧਾਗਾ ਬੰਨ੍ਹ ਕੇ ਉਹਨੂੰ ਭੱਜ ਕੇ ਟੱਪਦੇ, ਫ਼ਿਰ ਓਸੇ ਧਾਗੇ ਨੂੰ ਹੋਰ ਉੱਚਾ ਬੰਨ੍ਹ ਕੇ ਟੱਪਦੇ। ਮੇਰਾ ਬੇਲੀ ਵੀਰ ਤੇ ਮੈਂ ਨਿੱਕੇ ਹੁੰਦੇ ਓਸ ਘਰ ਵਿਚ ਬਹੁਤ ਖੇਡੇ। ਮੇਰੀ ਵੱਡੀ ਭੈਣ ਨੇ ਮੈਨੂੰ ਬਹੁਤ ਲਾਡ ਲਡਾਇਆ। ਸ਼ਹਿਰ ਦਾ ਪਿੰਡ ਨਾਲੋਂ ਕਾਫ਼ੀ ਫ਼ਰਕ ਸੀ। ਸੁਰ ਸਿੰਘ ਹੁਣ ਪਿੱਛੇ ਰਹਿ ਗਿਆ ਸੀ, ਘਰ ਪਿੱਛੇ ਰਹਿ ਗਿਆ ਸੀ। ਪਰ ਘਰ ਨਾਲ ਜੁੜੀਆਂ ਯਾਦਾਂ ਤਾਂ ਕਿਤੇ ਨਹੀਂ ਸਨ ਗਈਆਂ। ਨਾ ਹੀ ਦਿਮਾਗ਼ ਦੇ ਵਿਚੋਂ ਬਾਬਾ ਬਿਧੀ ਚੰਦ ਤੇ ਭਾਈ ਪਦਾਰਥ ਦੇ ਗੁਰਦੁਆਰੇ ਲੱਗਣ ਵਾਲੇ ਮੇਲੇ ਗਏ, ਜਿੱਥੇ ਅਸੀਂ ਪਾਪੜ ਖ਼ਰੀਦ ਕੇ ਖਾਂਦੇ ਹੁੰਦੇ ਸੀ, ਜਿਹਦੇ 'ਤੇ ਪਈ ਚਟਨੀ ਕਈ ਵਾਰ ਵਗਦੀ ਹਵਾ ਨਾਲ ਸਾਰੇ ਪਾਪੜ 'ਤੇ ਫ਼ੈਲ ਜਾਂਦੀ ਸੀ। ਇੱਕ ਵਾਰ ਭਾਈ ਪਦਾਰਥ ਦੇ ਮੇਲੇ ਤੋਂ ਪਾਪੜ ਲੈ ਕੇ ਘਰ ਨੂੰ ਆ ਰਹੇ ਸਾਂ ਕਿ ਵਾਰੀ ਤੇਜ਼ ਵਗਦੀ ਹਵਾ ਨਾਲ ਹੱਥਾਂ ਵਿਚ ਫੜੇ ਉਹ ਪਾਪੜ ਉੱਡ ਗਏ ਤੇ ਘਰੇ ਖ਼ਾਲੀ ਹੱਥ ਵਾਪਸ ਆਏ।

ਵਧੀਆ ਸੀ ਉਹ ਦਿਨ! ਜਿਨ੍ਹਾਂ ਵਿਚ ਨਾਨੀ ਸੀ, ਦਾਦੀ ਸੀ, ਬਚਪਨ ਸੀ, ਖੇਡਾਂ ਸੀ ਤੇ ਕਿਲਕਾਰੀਆਂ ਸਨ। ਪਿੰਡ ਸੁਰ ਸਿੰਘ ਦਾ ਪੀਲੀ 'ਕਲੀ' ਵਾਲਾ ਘਰ ਸੀ। ਮੇਰਾ ਘਰਵਾਲਾ ਕਈ ਵਾਰ ਪੇਂਟ ਨੂੰ 'ਕਲੀ' ਕਹਿਣ 'ਤੇ ਖਿਝ ਜਾਂਦਾ ਏ, ਪਰ ਕੀ ਕਰਾਂ ਆਦਤ ਤੋਂ ਮਜਬੂਰ ਆਂ। ਅੰਦਰਲੀ ਮਝੈਲਣ ਨੇ ਕਦੇ ਨਹੀਂ ਮਰਨਾ। ਬਿਲਕੁਲ ਓਸੇ ਤਰ੍ਹਾਂ ਜਿਵੇਂ ਮੇਰੇ ਡੈਡੀ ਦੇ ਅੰਦਰੋਂ ਲਾਹੌਰ ਕਦੇ ਨਹੀਂ ਜਾਣਾ।

ਡੈਡੀ (ਵਰਿਆਮ ਸਿੰਘ ਸੰਧੂ) ਦੇ ਇਸ ਵਾਰ ਪਿੰਡ ਭਡਾਣੇ ਜਾਣ ਦੀਆਂ ਭਾਵਨਾਵਾਂ ਨੇ ਮੈਨੂੰ ਆਪਣੀਆਂ ਬਚਪਨ ਦੀਆਂ ਯਾਦਾਂ ਨਾਲ ਫ਼ੇਰ ਜਾ ਜੋੜਿਆ। ਮੇਰੀ ਤਾਂਘ ਸਿਰਫ਼ ਆਪਣੇ ਬਚਪਨ ਵਾਲਾ ਘਰ ਵੇਖਣ ਨਾਲੋਂ ਵਧ ਕੇ ਓਸ ਘਰ ਨੂੰ ਵੇਖਣ ਦੀ ਹੋ ਗਈ ਜਿਸ ਵਿਚ ਕਦੇ ਮੇਰੇ ਡੈਡੀ ਨੇ ਕਿਲਕਾਰੀਆਂ ਮਾਰੀਆਂ ਹੋਣਗੀਆਂ। ਅੰਜੁਮ ਗਿੱਲ ਦੀਆਂ ਪਾਈਆਂ ਪੋਸਟਾਂ ਜਦ ਮੈਂ ਟਿੱਕਟਾਕ 'ਤੇ ਵੇਖੀਆਂ ਜਿਸ ਵਿਚ ਉਹ ਡੈਡੀ ਦੇ ਘਰ ਨੂੰ ਅੰਦਰੋਂ ਬਾਹਰ ਤੱਕ ਦਿਖਾ ਰਿਹਾ ਸੀ ਤਾਂ ਮੈਂ ਸੋਫੇ 'ਤੇ ਬੈਠੀ ਰੋਣ ਲੱਗ ਪਈ- ਇਹ ਸੋਚ ਕੇ ਕਿ ਇਹ ਉਹ ਘਰ ਜਿੱਥੇ ਕਦੇ ਮੇਰੀ ਦਾਦੀ ਦੇ ਕਹਿਣ ਮੁਤਾਬਕ ਨਿੱਕਾ ਜਿਹਾ ਘੁੰਗਰਾਲੇ ਵਾਲਾਂ ਵਾਲਾ ਵਰਿਆਮ ਠੁੰਮ-ਠੁੰਮ ਕਰਦਾ ਭੱਜਾ ਫ਼ਿਰਦਾ ਹੁੰਦਾ ਸੀ। ਮੇਰੀਆਂ ਅੱਖਾਂ



(ਬਾਕੀ ਸਫਾ 19 'ਤੇ)

# ਟਕਰਾਅ ਸਮੇਂ ਔਰਤਾਂ ਖਿਲਾਫ਼ ਹਿੰਸਾ ਇੱਕ ਹਥਿਆਰ

8 ਮਾਰਚ ਦਾ ਦਿਨ ਯੂ ਐਨ ਓ ਵੱਲੋਂ ਸਮੁੱਚੀ ਔਰਤ ਜ਼ਾਤ ਦੇ ਹੱਕਾਂ ਅਤੇ ਸਤਿਕਾਰ ਲਈ ਚੇਤੰਨਤਾ ਦੀ ਨਿਸ਼ਾਨਦੇਹੀ ਕਰਦਾ 'ਔਰਤ ਦਿਵਸ" ਵਜੋਂ ਮਖ਼ਸੂਸ ਕੀਤਾ ਹੋਇਆ ਹੈ ਜਿਸ ਨੂੰ ਕੁਲ ਜਹਾਨ ਵਿਚ 'ਔਰਤ ਦਿਵਸ' ਵਜੋਂ ਮਨਾਇਆ ਜਾਂਦਾ ਹੈ। ਦੁਨੀਆ ਭਰ ਵਿਚ ਔਰਤਾਂ ਵੱਲੋਂ ਔਰਤਾਂ ਦੇ ਹੱਕਾਂ ਲਈ ਆਵਾਜ਼ ਉਠਾਉਣ ਲਈ ਅਨੇਕਾਂ ਸੰਸਥਾਵਾਂ ਜਾਂ ਜਥੇਬੰਦੀਆਂ ਬਣੀਆਂ ਹੋਈਆਂ ਹਨ ਜੋ ਇਸ ਦਿਨ 'ਤੇ ਜਲਸੇ-ਜਲੂਸ, ਵਿਚਾਰ-ਚਰਚਾ ਕਰਦੀਆਂ ਹਨ। ਅੱਜ ਤੋਂ ਕਰੀਬ ਸਾਢੇ ਪੰਜ ਸੌ ਸਾਲ ਪਹਿਲਾਂ ਸਿੱਖ ਧਰਮ ਦੇ ਬਾਨੀ



**ਡਾ. ਗੁਰਨਾਮ ਕੌਰ, ਕੈਨੇਡਾ**

ਗੁਰੂ ਨਾਨਕ ਸਹਿਬ ਨੇ ਔਰਤ ਨੂੰ ਪੁਰਸ਼ ਦੇ ਬਰਾਬਰ ਦੀ ਮਨੁੱਖੀ ਹਸਤੀ ਮੰਨਦਿਆਂ ਉਸ ਦੇ ਸਤਿਕਾਰ ਵਿਚ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" ਕਹਿ ਕੇ ਉਸ ਲਈ ਆਵਾਜ਼ ਬੁਲੰਦ ਕੀਤੀ ਅਤੇ ਭਾਈ ਗੁਰਦਾਸ ਨੇ ਉਸੇ ਸਤਿਕਾਰ ਦੇ ਸੰਦਰਭ ਵਿਚ "ਦੇਖ ਪਰਾਈਆਂ ਚੰਗੀਆਂ ਮਾਵਾਂ ਧੀਆਂ ਭੈਣਾਂ ਜਾਣੈ" ਦਾ ਉਪਦੇਸ਼ ਦੁਹਰਾਇਆ। ਅੱਜ ਭਾਵੇਂ ਔਰਤ ਨੇ ਸੰਸਾਰ ਪੱਧਰ 'ਤੇ ਬਹੁਤ ਵੱਡਾ ਮੁਕਾਮ ਹਾਸਲ ਕਰ ਲਿਆ ਹੈ ਅਤੇ ਉਹ ਹਰ ਖੇਤਰ ਵਿਚ ਪ੍ਰਾਪਤੀਆਂ ਦੇ ਸਿਖਰ ਨੂੰ ਛੂਹਣ ਲਈ ਪੁਰਸ਼ ਦੇ ਬਰਾਬਰ ਹੀ ਮੁਕਾਬਲੇ 'ਤੇ ਖੜ੍ਹੀ ਹੈ ਅਤੇ ਉਚੀਆਂ ਉਡਾਣਾਂ ਭਰ ਰਹੀ ਹੈ; ਪ੍ਰੰਤੂ ਇਸ ਦੇ ਨਾਲ ਹੀ ਜੇ ਗੰਭੀਰਤਾ ਨਾਲ ਦੇਖਿਆ ਜਾਵੇ ਤਾਂ ਅੱਜ ਇੱਕੀਵੀਂ ਸਦੀ ਵਿਚ ਵੀ, ਪ੍ਰਾਪਤੀਆਂ ਦੇ ਖੇਤਰ ਵਾਂਗ ਟਕਰਾਅ ਦਾ ਖੇਤਰ ਭਾਵੇਂ ਕੋਈ ਵੀ ਹੋਵੇ, ਔਰਤ ਦੇ ਖ਼ਿਲਾਫ਼ ਹਿੰਸਾ ਨੂੰ ਹੀ ਹਥਿਆਰ ਵਜੋਂ ਵਰਤਿਆ ਜਾਂਦਾ ਹੈ। ਟਕਰਾਅ ਭਾਵੇਂ ਮੁਲਕਾਂ ਦਾ ਹੋਵੇ, ਭਾਈਚਾਰਿਆਂ ਦਾ ਹੋਵੇ, ਖਾਨਦਾਨਾਂ ਦਾ ਹੋਵੇ ਜਾਂ ਫਿਰ ਭਾਵੇਂ ਦੋ ਪੁਰਸ਼ਾਂ ਵਿਚ ਹੀ ਕਿਉਂ ਨਾ ਹੋਵੇ ਨਿਸ਼ਾਨਾ ਹਮੇਸ਼ਾ ਔਰਤ ਬਣਦੀ ਹੈ।

ਹੁਣੇ-ਹੁਣੇ ਇਸ ਤੋਂ ਪਿਛਲੇ ਐਤਵਾਰ ਨੂੰ ਲਾਹੌਰ ਵਿਚ ਇਕ ਘਟਨਾ ਵਾਪਰੀ ਹੈ। ਹੋਇਆ ਇੰਜ ਕਿ ਇਕ ਔਰਤ ਆਪਣੇ ਖਾਵੰਦ ਸਮੇਤ ਲਾਹੌਰ ਦੇ ਇਛਰਾ ਬਾਜ਼ਾਰ ਵਿਚ ਕੁੱਝ ਖਰੀਦੋ-ਫਰੋਖ਼ਤ ਕਰਨ ਗਈ ਜਿਸ ਨੇ ਇੱਕ ਖਾਸ ਬਰੈਂਡ ਦਾ ਲਿਬਾਸ ਪਾਇਆ ਹੋਇਆ ਸੀ ਜਿਸ 'ਤੇ ਅਰਬੀ ਅੱਖਰਾਂ ਵਿਚ ਕੁੱਝ ਛਪਿਆ ਹੋਇਆ ਸੀ। ਥੋੜੀ ਦੇਰ ਬਾਅਦ ਹੀ ਉਸ ਨੂੰ ਇਕ ਹਜੂਮ ਨੇ ਘੇਰ ਲਿਆ ਅਤੇ ਨਾਹਰੇ ਲੱਗਣੇ ਸ਼ੁਰੂ ਹੋ ਗਏ; ਲੋਕ ਉਸ ਦੇ ਖ਼ੂਨ ਦੇ ਪਿਆਸੇ ਹੋ ਜਾਂਦੇ ਹਨ। ਔਰਤ ਆਪਣੇ ਪਤੀ ਸਮੇਤ ਸ਼ੁਅਰਮੇ ਦੀ ਇੱਕ ਦੁਕਾਨ ਵਿਚ ਵੜ ਕੇ ਸ਼ਰਨ ਲੈ ਲੈਂਦੀ ਹੈ। ਉਸੇ ਵਕਤ ਹਜੂਮ ਵਿਚੋਂ ਕੋਈ ਸ਼ਖਸ ਕਿਸੇ ਮੌਲਵੀ ਨੁਮਾ ਵਿਅਕਤੀ ਨੂੰ ਫੋਨ ਕਰ ਕੇ ਬੁਲਾ ਲੈਂਦਾ ਹੈ ਕਿ ਫ਼ੌਰਨ ਇੱਥੇ ਪਹੁੰਚੋ, ਅਸੀਂ ਬੜੀ ਮੁਸੀਬਤ ਵਿਚ ਫਸ ਗਏ ਹਾਂ। ਉਹ ਮੌਲਵੀ ਕਿਸਮ ਦਾ ਵਿਅਕਤੀ ਆਉਂਦੇ ਸਾਰ ਔਰਤ ਨੂੰ 'ਹੁਕਮ' ਵਾਂਗ ਕਹਿੰਦਾ ਹੈ ਕਿ ਫ਼ੌਰਨ ਇਸ ਲਿਬਾਸ ਨੂੰ ਉਤਾਰੋ ਅਤੇ ਉਤਾਰ ਕੇ 'ਬੁਰਕਾ' ਪਹਿਨੋ। ਔਰਤ ਬਹੁਤ ਡਰੀ ਹੋਈ ਨਜ਼ਰ ਆਉਂਦੀ ਹੈ ਅਤੇ ਉਸ ਨੂੰ ਹੁਕਮ ਸੁਣਾਇਆ ਜਾਂਦਾ ਹੈ ਕਿ ਬੈਠਣਾ ਨਹੀਂ ਖੜ੍ਹੀ ਹੋਵੋ। ਇਹ ਸੋਸ਼ਲ ਮੀਡੀਆ ਦਾ ਜ਼ਮਾਨਾ ਹੈ ਅਤੇ ਝੱਟ ਹੀ ਲੋਕ ਵੀਡੀਓ ਬਣਾਉਣ ਲੱਗ ਜਾਂਦੇ ਹਨ। ਇਸ ਘਟਨਾ 'ਤੇ ਵੀ ਕਈ ਵੀਡੀਓ ਵਾਇਰਲ ਹੋ ਚੁੱਕੀਆਂ ਹਨ। ਇੱਕ ਵੀਡੀਓ ਵਿਚ ਪੁਲਿਸ ਅਫਸਰ ਬੀਬੀ ਸਇਦਾ ਸ਼ੇਹਰਬਾਨੋ ਨਕਵੀ, ਜੋ ਨੇੜੇ ਦੇ ਠਾਣੇ ਵਿਚ ਏ ਐਸ ਪੀ ਹੈ, ਦੱਸਦੀ ਹੈ ਕਿ ਸਾਨੂੰ ਇੱਕ ਬੇਨਾਮੀ ਫੋਨ ਕਾਲ ਪਹੁੰਚਦੀ ਹੈ ਕਿ ਹਾਲਾਤ ਖ਼ਰਾਬ ਹਨ ਜਲਦੀ ਪਹੁੰਚੋ। ਸਇਦਾ ਸ਼ੇਰਬਾਨੋ ਨਕਵੀ ਆਪਣੀ ਪੁਲਿਸ ਟੀਮ ਨਾਲ ਉਥੇ ਪਹੁੰਚਦੀ ਹੈ, ਭੀੜ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੀ ਹੈ ਅਤੇ ਕਿਸੇ ਤਰ੍ਹਾਂ ਔਰਤ ਨੂੰ ਉਸ ਦੇ ਲਿਬਾਸ ਉਤੋਂ ਬੁਰਕਾ ਪੁਆ ਕੇ ਅਤੇ ਉਸ ਦਾ ਚਿਹਰਾ ਢੱਕ ਕੇ ਭੀੜ ਤੋਂ ਬਚਾ ਕੇ ਦੂਰ ਖੜ੍ਹੀ ਪੁਲਿਸ ਵੈਨ ਵਿਚ ਬੈਠਾ ਕੇ ਲੈ ਜਾਣ ਵਿਚ ਸਫ਼ਲ ਹੋ ਜਾਂਦੀ ਹੈ।

ਸਈਦ ਮੁਜ਼ਾਮਿਲ ਪਾਕਿਸਤਾਨੀ ਪੱਤਰਕਾਰੀ ਨਾਲ ਜੁੜਿਆ ਨੌਜੁਆਨ, ਜਿਸ ਦੀਆਂ ਕਿਸੇ ਨਾ ਕਿਸੇ ਮਸਲੇ ਨੂੰ ਲੈ ਕੇ ਬਹੁਤ ਵਧੀਆਂ ਵਿਚਾਰ-ਚਰਚਾ ਦੀਆਂ ਵੀਡੀਓਜ਼ ਤੁਸੀਂ ਅਕਸਰ 'ਸਈਦ ਮੁਜ਼ਾਮਿਲ ਆਫੀਸ਼ੀਅਲ' ਦੇ ਸਿਰਲੇਖ ਹੇਠ ਆਮ ਹੀ ਸੋਸ਼ਲ ਮੀਡੀਆ 'ਤੇ ਦੇਖ ਸਕਦੇ ਹੋ, 27 ਫਰਵਰੀ ਦੀ ਇਕ ਵੀਡੀਓ ਵਿਚ ਇਸ ਸਾਰੇ ਮਾਮਲੇ ਦੀ ਚਰਚਾ ਪਾਕਿਸਤਾਨੀ ਹਾਲਾਤ ਦੇ ਸੰਦਰਭ ਵਿਚ ਕਰਦਾ ਹੈ। ਉਸ ਦਾ ਮੰਨਣਾ ਹੈ ਕਿ ਅਜਿਹੀਆਂ ਘਟਨਾਵਾਂ ਜਿੱਥੇ ਕਿਸੇ ਵੀ ਮਾਮਲੇ 'ਤੇ ਅਗਾਊਂ ਫ਼ੈਸਲਾ ਦੇਣ ਲਈ ਸੜਕਾਂ 'ਤੇ ਭੀੜ-ਤੰਤਰ ਇਕੱਠਾ ਹੋ ਜਾਂਦਾ ਹੈ, ਉਨ੍ਹਾਂ ਮੁਲਕਾਂ ਵਿਚ ਨਹੀਂ ਵਾਪਰਦੀਆਂ ਜਿੱਥੇ ਸਰਕਾਰਾਂ ਫੰਕਸ਼ਨਲ (ਕਾਰਜਸ਼ੀਲ) ਹੁੰਦੀਆਂ ਹਨ, ਜਿੱਥੇ ਸਿਟਿੰਗ ਚੀਫ਼ ਜਸਟਿਸ ਨੂੰ ਕੋਈ ਧਮਕੀਆਂ ਨਹੀਂ ਦੇ ਸਕਦਾ; ਕਿਉਂਕਿ ਉਥੇ ਕੋਈ ਮੋਟਰ-ਵੇਅ ਨੂੰ ਬੰਦ ਕਰ ਕੇ ਅੱਗ ਨਹੀਂ ਲਗਾ ਸਕਦਾ ਜਾਂ ਪੂਰੇ ਦੇ ਪੂਰੇ ਮੁਲਕ ਨੂੰ ਹੋਸਟੇਜ (ਬੰਦੀ ਬਣਾ ਕੇ) ਨਹੀਂ ਰੱਖ ਸਕਦਾ ਜਾਂ ਜਿੱਥੇ ਹਜ਼ਾਰਾਂ-ਹਜ਼ਾਰਾਂ ਦੇ ਨੋਟ ਨਹੀਂ ਵੰਡੇ ਜਾਂਦੇ। ਉਥੇ ਕਿਸੇ ਦੀ ਜੁਅੱਰਤ ਨਹੀਂ ਹੁੰਦੀ ਕਿ ਕਿਸੇ ਨੂੰ ਪੁੱਛੇ ਇਸ ਦਾ ਮਤਲਬ ਦੱਸੋ। ਲੇਕਿਨ ਇੱਥੇ ਤਾਂ ਕਿਸੇ ਤੋਂ ਮਤਲਬ ਵੀ ਨਹੀਂ ਪੁੱਛਿਆ ਗਿਆ ਪਹਿਲਾਂ ਹੀ ਫ਼ੈਸਲਾ ਕਰ ਲਿਆ ਗਿਆ ਹੈ। ਇਸ ਘਟਨਾ ਨਾਲ ਸਬੰਧਤ ਔਰਤ ਨੇ ਜੋ ਲਿਬਾਸ ਪਾਇਆ ਹੋਇਆ ਸੀ ਉਹ ਕੁਵੈਤ ਦਾ ਇੱਕ ਬਰਾਂਡ ਹੈ 'ਸੈਂਪਲਾਸਿਟਾ'। ਲਿਬਾਸ 'ਤੇ ਅਰਬੀ ਬੋਲੀ ਵਿਚ 'ਹਲਵਾ' ਲਿਖਿਆ ਹੋਇਆ ਸੀ ਜਿਸ ਦਾ ਅਰਥ ਹੈ 'ਬਿਊਟੀਫੁਲ' ਜਾਂ 'ਸਵੀਟ' ਭਾਵ ਸੁੰਦਰ। ਇਹ ਇਕ ਮਸ਼ਹੂਰ ਬਰਾਂਡ ਹੈ ਜੋ ਸਾਊਦੀ ਅਰਬ, ਅਰਬ ਅਮੀਰਾਤ ਅਤੇ ਯੂਰਪੀ ਮੁਲਕਾਂ ਵਿਚ ਵੀ ਕਾਫੀ ਪ੍ਰਚੱਲਤ ਹੈ। ਅਰਬੀ ਵਿਚ ਕੁੱਝ ਲਿਖਿਆ ਦੇਖ ਕੇ ਔਰਤ ਦੁਆਲੇ ਭੀੜ ਇਕੱਠੀ ਹੋ ਗਈ ਕਿ ਇਸ ਦੇ ਲਿਬਾਸ 'ਤੇ ਕੁੱਝ ਧਾਰਮਿਕ ਲਿਖਿਆ ਹੋਇਆ ਹੈ ਅਤੇ ਧਰਮ ਦੀ ਬੇਅਦਬੀ ਹੈ (ਪਾਕਿਸਤਾਨੀ ਹੋਈਏ ਜਾਂ ਭਾਰਤੀ ਸਾਨੂੰ ਧਰਮ ਦੇ ਨਾਮ 'ਤੇ ਭੀੜਾਂ ਇਕੱਠੀਆਂ ਕਰਨ ਅਤੇ ਲੋਕਾਂ ਵਿਚ ਭੜਕਾਹਟ ਪੈਦਾ ਕਰਨ ਦੀ ਬਹੁਤ ਮੁਹਾਰਤ ਹੈ ਅਤੇ ਭੀੜ ਵੱਲੋਂ ਕਿਸੇ ਦੀ ਗਲੀ-ਮੁਹੱਲੇ ਸੜਕ ਆਦਿ 'ਤੇ ਲਿਚਿੰਗ ਕਰਨੀ ਬਹੁਤ ਆਮ ਵਰਤਾਰਾ ਹੋ ਗਿਆ ਹੈ)। ਉਹ ਮੌਲਵੀ-ਨੁਮਾ ਵਿਅਕਤੀ ਜਿਸ ਨੂੰ ਆਪ ਵੀ ਅਰਬੀ ਪੜ੍ਹਨੀ ਨਹੀਂ ਸੀ ਆਉਂਦੀ, ਪਹੁੰਚਦਿਆਂ ਹੀ ਔਰਤ ਨੂੰ ਕਹਿੰਦਾ ਹੈ 'ਲਿਬਾਸ ਉਤਾਰੋ ਅਤੇ ਬੁਰਕਾ ਪਹਿਨੋ, ਬੈਠੋ ਨਹੀਂ ਖੜ੍ਹੀ ਹੋ ਜਾਓ।' ਜਦੋਂ ਮੌਲਵੀ ਨੂੰ ਕਿਸੇ ਨੇ ਪੁੱਛਿਆ ਕਿ ਇਸ 'ਹਲਵਾ' ਲਫ਼ਜ਼ ਦਾ ਅਰਥ ਕੀ ਹੈ ਤਾਂ ਮੌਲਵੀ ਕਹਿੰਦਾ "ਜੀ ਮੈਂ ਪੜ੍ਹਾ ਨਹੀਂ ਹੂੰ ਕੈਸੇ ਬਤਾਊਂ?" ਕਿੰਨੀ ਸਿਤਮਜ਼ਰੀਫ਼ੀ ਹੈ ਕਿ ਜਿਸ ਬੰਦੇ ਨੂੰ ਪੜ੍ਹਨਾ ਨਹੀਂ ਆਉਂਦਾ, ਲਫ਼ਜ਼ ਦਾ ਅਰਥ ਨਹੀਂ ਪਤਾ ਉਹ ਉਸ ਔਰਤ ਨੂੰ ਆਪਣਾ ਲਿਬਾਸ ਉਤਾਰ ਕੇ ਬੁਰਕਾ ਪਹਿਨਣ ਦਾ ਹੁਕਮ ਦੇ ਰਿਹਾ ਹੈ ਅਤੇ ਬੈਠਣ ਤੋਂ ਵੀ ਮਨ੍ਹਾਂ ਕਰ ਰਿਹਾ ਹੈ। ਸਈਦ ਮੁਜ਼ਾਮਿਲ ਦਾ ਪੁਲਿਸ ਨੂੰ ਸਵਾਲ ਹੈ ਕਿ ਜਦੋਂ ਭੀੜ ਇਕੱਠੀ ਕਰਨ ਵਾਲੇ ਬੰਦੇ ਦੀ ਸ਼ਨਾਖਤ ਹੋ ਗਈ ਸੀ ਤਾਂ ਕੋਈ ਐਫ ਆਈ ਆਰ ਕਿਉਂ ਦਰਜ ਨਹੀਂ ਕੀਤੀ ਗਈ ਅਤੇ ਠਾਣੇ ਵਿਚ ਲਿਜਾ ਕੇ ਉਸ ਔਰਤ ਕੋਲੋਂ ਮਾਜ਼ਰਤ (ਮੁਆਫ਼ੀ) ਕਿਉਂ ਮੰਗਵਾਈ ਗਈ? ਉਸ ਦਾ ਮੰਨਣਾ ਹੈ ਕਿ ਰਿਆਸਤ ਲੋਕਾਂ ਨੂੰ ਬਚਾਉਣ ਦਾ ਕੰਮ ਨਹੀਂ ਕਰਦੀ।

ਉਸ ਪੁਲਿਸ ਅਫ਼ਸਰ ਬੀਬੀ ਦੀ ਬਹਾਦਰੀ ਦੀਆਂ ਬਹੁਤ ਸਿਫ਼ਤਾਂ ਹੋ ਰਹੀਆਂ ਸੀ ਅਤੇ ਬੀ ਬੀ ਸੀ ਉਰਦੂ ਦੀ ਪੱਤਰਕਾਰ ਨੇ ਉਸ ਦੀ ਇੰਟਰਵਿਊ ਕੀਤੀ ਹੈ ਜਿਸ ਵਿਚ ਉਹ ਦੱਸ ਰਹੀ ਸੀ ਕਿ ਅਜਿਹੇ ਮਾਮਲਿਆਂ ਵਿਚ ਸਾਡਾ ਖਾਸ ਪਰੋਟੋਕੋਲ ਹੁੰਦਾ ਹੈ। ਜਦੋਂ ਕੋਈ ਇਸ ਕਿਸਮ ਦੀ ਕਾਲ ਆ ਜਾਵੇ ਤਾਂ ਅਸੀਂ ਭਾਵੇਂ ਕਿਸੇ ਬਹੁਤ ਜ਼ਰੂਰੀ ਮੀਟਿੰਗ ਵਿਚ ਵੀ ਹੋਈਏ, ਅਸੀਂ ਸਭ ਕੁੱਝ ਵਿਚੇ ਛੱਡ ਕੇ ਘਟਨਾ ਸਥਾਨ 'ਤੇ ਪਹੁੰਚਦੇ ਹਾਂ। ਪਰੋਟੋਕੋਲ ਦਾ ਪਹਿਲਾ ਨਿਯਮ ਹੈ ਉਸ ਵਿਅਕਤੀ ਦੀ ਸੁਰੱਖਿਆ ਜ਼ਰੂਰੀ ਬਣਾਉਣੀ; ਦੂਸਰਾ ਭੀੜ-ਤੰਤਰ ਨੂੰ ਕਾਬੂ ਕਰਨਾ; ਤੀਸਰਾ ਸਭ ਤੋਂ ਨੇੜੇ ਦੇ ਠਾਣੇ ਦੀਆਂ ਗੱਡੀਆਂ ਤੱਕ ਪਹੁੰਚ ਕੀਤੀ ਜਾਵੇ; ਚੌਥਾ ਹੈ 'ਕੰਨਫਿਊਜ਼ਨ' (ਉਲਝਣ) ਨਹੀਂ ਪੈਦਾ ਹੋਣ ਦੇਣੀ। ਫਿਰ ਉਸ ਇਲਾਕੇ ਦੇ ਮੋਹਤਬਰ ਬੰਦਿਆਂ ਨੂੰ ਬੁਲਾਇਆ ਜਾਂਦਾ ਹੈ ਅਤੇ ਅਮਨ ਕਮੇਟੀ ਦੇ ਮੈਂਬਰਾਂ ਤੱਕ ਪਹੁੰਚ ਕੀਤੀ ਜਾਂਦੀ ਹੈ। ਉਸ ਪੁਲਿਸ ਅਫ਼ਸਰ ਅਨੁਸਾਰ ਜਿਸ ਬੰਦੇ ਨੇ ਭੀੜ ਇਕੱਠੀ ਕੀਤੀ ਸੀ ਉਸ ਦੀ ਸ਼ਨਾਖਤ ਹੋ ਗਈ ਸੀ ਅਤੇ ਉਸ ਨੇ ਪਿਸਤੌਲ ਵੀ ਪਾ ਰੱਖਿਆ ਸੀ। ਮੁਆਫ਼ੀ ਮੰਗਵਾਉਣ ਬਾਰੇ ਉਸ ਨੇ ਦੱਸਿਆ ਕਿ ਇਹ ਔਰਤ ਦੀ ਸੁਰੱਖਿਆ ਲਈ, ਉਸ ਨੂੰ ਪੁੱਛ ਕੇ ਕੀਤਾ ਗਿਆ ਤਾਂ ਕਿ ਉਸ ਨੂੰ ਬਾਅਦ ਵਿਚ ਕੋਈ ਤੰਗ ਨਾ ਕਰੇ।

ਸਾਡੇ ਭਾਰਤ ਮਹਾਨ ਦੇ ਲੋਕਰਾਜ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਲੋਕਰਾਜ ਕਿਹਾ ਜਾਂਦਾ ਹੈ ਪਰ ਇਥੇ ਤਾਂ ਅਜਿਹੇ ਵਰਤਾਰੇ ਸਮੇਂ ਕੁੱਤੀ ਹੀ ਚੋਰਾਂ ਨਾਲ ਰਲ ਜਾਂਦੀ ਹੈ। ਦਿੱਲੀ ਵਿਚ ਚੁਰਾਸੀ ਦੇ ਸਿੱਖ ਕਤਲੇਆਮ ਵੇਲੇ ਸਰਕਾਰੀ ਸ਼ਹਿ 'ਤੇ, ਜਿਸ ਵਿਚ ਔਰਤਾਂ ਦੇ ਬਲਾਤਕਾਰ ਦੀਆਂ ਵੀ ਅਨੇਕ ਘਟਨਾਵਾਂ ਸ਼ਾਮਲ ਹਨ, ਦਿੱਲੀ ਪੁਲਿਸ ਮੂਕ ਦਰਸ਼ਕ ਬਣੀ ਸਭ ਕੁੱਝ ਦੇਖ ਰਹੀ ਸੀ ਜਾਂ ਦੰਗਈਆਂ ਦਾ ਸਾਥ ਦੇ ਰਹੀ ਸੀ। ਇਸੇ ਤਰ੍ਹਾਂ 2002 ਦੇ ਗੁਜਰਾਤ ਦੰਗਿਆਂ ਵੇਲੇ ਰਾਜਨੀਤਕ ਸਰਪ੍ਰਸਤੀ ਕਾਰਨ ਹਿੰਦੂ-ਮੁਸਲਿਮ ਦੰਗਿਆਂ ਵੇਲੇ ਪੁਲਿਸ ਹਿੰਦੂ ਦੰਗਈਆਂ ਦਾ ਸਾਥ ਦੇ ਰਹੀ ਸੀ ਜਦ ਕਿ ਪੁਲਿਸ ਦਾ ਕੰਮ ਪੀੜਤਾਂ ਦੀ ਜਾਨ-ਮਾਲ ਦੀ ਰਾਖੀ ਕਰਨਾ ਅਤੇ ਮਾਹੌਲ 'ਤੇ ਕਾਬੂ ਪਾਉਣਾ ਹੁੰਦਾ ਹੈ। ਅੰਮ੍ਰਿਤ-ਉਤਸਵ ਦੀ ਆੜ ਵਿਚ ਸਭ ਨੇ ਦੇਖਿਆ ਹੈ ਕਿ ਕਿਸ ਤਰ੍ਹਾਂ ਗੁਜਰਾਤ ਹਾਈਕੋਰਟ ਨੇ ਬਿਲਕੀਸ ਬਾਨੋ ਦੇ ਪਰਿਵਾਰ ਦੇ ਜੀਆਂ ਦੇ ਕਾਤਲਾਂ ਅਤੇ ਉਸ ਦੇ ਬਲਾਤਕਾਰੀਆਂ ਨੂੰ ਰਿਹਾ ਕਰ ਦਿੱਤਾ ਗਿਆ; ਜਿਨ੍ਹਾਂ ਨੂੰ ਦੁਬਾਰਾ ਸੁਪਰੀਮ ਕੋਰਟ ਦੇ ਹੁਕਮਾਂ 'ਤੇ ਜੇਲ੍ਹ ਭੇਜਿਆ ਹੈ। ਦੇਸ਼ ਲਈ ਅਨੇਕਾਂ ਗੋਲਡ ਮੈਡਲ ਜਿੱਤ ਕੇ ਲਿਆਉਣ ਵਾਲੀਆਂ ਭਲਵਾਨ ਕੁੜੀਆਂ ਨੇ ਪਿਛਲੇ ਵਰ੍ਹੇ ਬੀ ਜੇ ਪੀ ਦੇ ਐਮ ਪੀ ਅਤੇ 'ਰੈਸਲਰ ਫੈਡਰੇਸ਼ਨ ਆਫ ਇੰਡੀਆ' ਦੇ ਪ੍ਰਧਾਨ ਬ੍ਰਿਜ ਭੂਸ਼ਨ ਸ਼ਰਨ ਸਿੰਘ ਦੇ ਖਿਲਾਫ਼ ਪਹਿਲਾਂ ਜਨਵਰੀ ਤੋਂ ਅਪ੍ਰੈਲ ਤੱਕ, ਫਿਰ ਅਪ੍ਰੈਲ ਤੋਂ ਜੂਨ 2023 ਤੱਕ ਦੇਸ਼ ਦੀ ਰਾਜਧਾਨੀ ਦਿੱਲੀ ਦੇ ਜੰਤਰ-ਮੰਤਰ ਵਿਚ ਧਰਨੇ ਦਿੱਤੇ। ਬ੍ਰਿਜ ਭੂਸ਼ਨ ਦੇ ਖਿਲਾਫ਼ ਭਲਵਾਨ ਕੁੜੀਆਂ ਦੀ ਸੈਕਸੁਅਲ ਹਰਾਸਮੈਂਟ ਅਤੇ ਸਰੀਰਕ ਸ਼ੋਸ਼ਣ ਦੇ ਇਲਜ਼ਾਮ ਸਨ। ਧਰਨਿਆਂ ਸਮੇਂ ਸਭ ਨੇ ਦੇਖਿਆ-ਪੜ੍ਹਿਆ ਹੈ ਕਿ ਕਿਸ ਤਰ੍ਹਾਂ ਸਰਕਾਰ ਨੇ ਦੋਸ਼ੀ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਅਤੇ ਦਿੱਲੀ ਪੁਲਿਸ ਨੇ ਭਲਵਾਨ ਕੁੜੀਆਂ ਦੀ ਖਿੱਚ-ਧੂਹ ਕੀਤੀ ਜਿਸ ਦੀ ਅੰਤਰਰਾਸ਼ਟਰੀ ਪੱਧਰ 'ਤੇ ਨਿਖੇਧੀ ਹੋਈ।



ਮਨੀਪੁਰ, ਜਿੱਥੇ ਕੇਂਦਰ ਵਿਚ ਰਾਜ ਸੱਤਾ 'ਤੇ ਕਾਬਜ਼ ਬੀ ਜੇ ਪੀ ਦੀ ਸਰਕਾਰ ਹੈ, ਮਈ ਤੋਂ ਲੈ ਕੇ ਹੁਣ ਤੱਕ ਦੋ ਭਾਈਚਾਰਿਆਂ ਕੁੱਕੀ ਅਤੇ ਮੈਤਈ ਵਿਚਲੇ ਵਿਰੋਧ ਕਾਰਨ ਅੱਗ ਵਿਚ ਝੁਲਸ ਰਿਹਾ ਹੈ ਅਤੇ ਸਭ ਤੋਂ ਵੱਧ ਜ਼ੁਲਮ ਦਾ ਸ਼ਿਕਾਰ ਔਰਤਾਂ ਹੋ ਰਹੀਆਂ ਹਨ। ਬੀਤੇ ਵਰ੍ਹੇ ਦੀ 4 ਮਈ ਨੂੰ ਤਿੰਨ ਔਰਤਾਂ ਏਰੂਪ ਕਾਂਗ ਪਿੰਡ ਵਿਚ ਆਪਣੇ ਅੱਗ ਵਿਚ ਮੱਚ ਰਹੇ ਘਰਾਂ ਤੋਂ ਭੱਜ ਨਿਕਲੀਆਂ। ਉਨ੍ਹਾਂ ਦੀ ਕਹਾਣੀ 70 ਦਿਨਾਂ ਤੋਂ ਵੀ ਬਾਅਦ ਸਾਹਮਣੇ ਆਈ, ਜਿਸ ਵਿਚ ਨਵੇਂ ਨਵੇਂ ਖੁਲਾਸੇ ਸਾਹਮਣੇ ਆਏ। ਇਹ ਖ਼ਬਰ ਵੀ ਨਸ਼ਰ ਹੋਈ ਕਿ ਕੁੱਝ ਔਰਤਾਂ ਆਪਣੇ ਬਚਾਓ ਲਈ ਪੁਲਿਸ ਤੱਕ ਪਹੁੰਚੀਆਂ ਅਤੇ ਪੁਲਿਸ ਨੇ ਅੱਗੇ ਜਾ ਕੇ ਉਨ੍ਹਾਂ ਨੂੰ ਭੀੜ ਤੰਤਰ ਦੇ ਹਵਾਲੇ ਕਰ ਦਿੱਤਾ। ਇੱਕ ਖੁਲਾਸਾ ਬਿਲਕੁਲ ਸਾਂਝਾ ਹੈ ਕਿ ਸੈਂਕੜੇ ਬੰਦਿਆਂ ਦੇ ਹਜੂਮ ਵੱਲੋਂ ਉਨ੍ਹਾਂ ਨੂੰ ਨਿਰਵਸਤਰ ਕਰ ਕੇ ਸ਼ਰੇਆਮ ਘੁਮਾਇਆ ਗਿਆ, ਅਤੇ ਫਿਰ ਜਾਣ-ਬੁੱਝ ਕੇ ਸਮੂਹਕ ਬਲਾਤਕਾਰ ਕੀਤਾ ਗਿਆ। ਮੁਸੀਬਤਾਂ ਵਿਚ ਫਸੇ ਉੱਤਰੀ-ਪੂਰਬੀ ਸੂਬੇ ਵਿਚ ਇਹ ਕੋਈ ਇਕੱਲਾ-ਕਹਿਰਾ ਵਾਕਿਆ ਨਹੀਂ ਹੈ ਜਿਸ ਨੂੰ ਸੂਬੇ ਦੇ ਮੁੱਖ ਮੰਤਰੀ ਐਨ ਬਿਰੇਨ ਸਿੰਘ ਨੇ ਸੁਭਾਵਕ ਲਿਆ ਹੈ, ਜਿਸ ਨੇ ਦੋਸ਼ੀਆਂ ਖ਼ਿਲਾਫ਼ ਦੇਰ ਨਾਲ ਕੀਤੀ ਗਈ ਕਾਰਵਾਈ ਦਾ ਬਚਾਓ ਕਰਦਿਆਂ ਦਾਅਵਾ ਕੀਤਾ ਕਿ ਅਜਿਹੇ 'ਸੈਂਕੜੇ' ਕੇਸ ਵਾਪਰਦੇ ਹਨ। ਇਨ੍ਹਾਂ ਕੇਸਾਂ ਦੀਆਂ ਭੀੜ-ਤੰਤਰਾਂ ਵੱਲੋਂ ਔਰਤਾਂ 'ਤੇ ਕੀਤੇ ਜਾ ਰਹੇ ਹਮਲਿਆਂ ਦੀਆਂ ਨਸ਼ਰ ਹੋਈਆਂ ਵੀਡੀਓ ਦੇਖ ਕੇ ਪ੍ਰਧਾਨ ਮੰਤਰੀ ਬੋਲਿਆ ਪਰ ਉਸ ਨੇ ਵੀ ਆਪਣਾ ਗੁੱਸਾ ਵਿਰੋਧੀ ਪਾਰਟੀਆਂ 'ਤੇ ਹੀ ਝਾੜਿਆ ਕਿ ਉਹ ਆਪਣੇ ਸੂਬਿਆਂ ਵਿਚ ਔਰਤਾਂ ਖ਼ਿਲਾਫ ਹੁੰਦੀ ਹਿੰਸਾ ਨੂੰ ਰੋਕਣ ਵਿਚ ਅਸਫ਼ਲ ਹੋਈ ਹੈ। ਉਸ ਨੇ ਮਨੀਪੁਰ ਵਿਚ ਵਾਪਰੇ ਇਨ੍ਹਾਂ ਹਾਦਸਿਆਂ ਨੂੰ 'ਸ਼ਰਮਨਾਕ' ਕਹਿ ਕੇ ਅਤੇ ਪੀੜਤ ਔਰਤਾਂ ਨੂੰ 'ਸਾਡੀਆਂ ਧੀਆਂ' ਸੰਬੋਧਨ ਕਰ ਕੇ ਪੱਲਾ ਝਾੜ ਲਿਆ। ਮਈ ਮਹੀਨੇ ਮਨੀਪੁਰ ਵਿਚ ਹੋਈਆਂ ਘਟਨਾਵਾਂ ਵਿਚ ਇਕ ਭਾਈਚਾਰੇ ਵੱਲੋਂ ਦੂਜੇ ਭਾਈਚਾਰੇ ਤੋਂ ਬਦਲਾ 'ਦੂਸਰੇ' ਭਾਈਚਾਰੇ ਦੀਆਂ ਔਰਤਾਂ ਤੋਂ ਉਨ੍ਹਾਂ ਦਾ ਨਿਰਾਦਰ ਕਰਕੇ ਲਿਆ ਗਿਆ। ਮਨੀਪੁਰ ਦੀ ਵੀਹ ਸਾਲ ਪਹਿਲਾਂ ਦੀ ਘਟਨਾ ਹੈ ਜਦੋਂ 2004 ਵਿਚ ਮਨੀਪੁਰ ਦੀ ਇਕ 32 ਸਾਲਾ ਔਰਤ ਨੂੰ 17ਵੀਂ ਅਸਾਮ ਰਾਈਫਲ ਵੱਲੋਂ ਉਸ ਦੇ ਘਰੋਂ ਚੁੱਕ ਲਿਆ ਗਿਆ ਸੀ। ਅਗਲੀ ਸਵੇਰ ਉਸ ਦਾ ਨਗਨ ਸਰੀਰ ਧਾਨ ਦੇ ਖੇਤਾਂ ਵਿਚੋਂ ਮਿਲਿਆ ਸੀ ਜਿਸ ਤੇ 16 ਗੋਲੀਆਂ ਵੱਜੀਆਂ ਹੋਈਆਂ ਸੀ। ਉਸ ਨੂੰ ਨਿਰਵਸਤਰ ਕਰਕੇ ਬਲਾਤਕਾਰ ਕੀਤਾ ਗਿਆ ਅਤੇ ਫਿਰ ਮਾਰ ਦਿੱਤਾ ਗਿਆ। ਅਸਾਮ ਰਾਈਫ਼ਲਜ਼ ਨੇ ਦਾਅਵਾ ਕੀਤਾ ਕਿ ਉਸ ਨੂੰ ਇਸ ਲਈ ਚੁੱਕਿਆ ਗਿਆ ਕਿਉਂਕਿ ਉਹ ਇਕ ਅਤਿਵਾਦੀ ਸਮੂਹ ਪੀਪਲਜ਼ ਲਿਬਰੇਸ਼ਨ ਆਰਮੀ ਦੀ 1995 ਤੋਂ ਮੈਂਬਰ ਸੀ। ਇਹ ਵਾਕਿਆ ਸ਼ੋਸ਼ਲ ਮੀਡੀਆ ਦੇ ਜ਼ਮਾਨੇ ਤੋਂ ਪਹਿਲਾਂ ਦਾ ਹੈ ਇਸ ਲਈ ਬਹੁਤ ਦੇਰ ਤੱਕ ਬਾਹਰ ਨਹੀਂ ਆਇਆ। ਇਸੇ ਤਰ੍ਹਾਂ ਬੀ ਐਸ ਐਫ ਦੇ ਇੱਕ ਸੁਰੱਖਿਆ ਮੁਲਾਜ਼ਮ ਨੂੰ ਕਰਿਆਨੇ ਦੀ ਇੱਕ ਦੁਕਾਨ ਦੇ ਕੈਮਰੇ ਵਿਚ ਇੱਕ ਔਰਤ ਨਾਲ ਛੇੜ-ਛਾੜ ਕਰਦਿਆਂ ਪਾਇਆ ਗਿਆ।

ਇੱਕ ਰੋਸ ਮੁਜ਼ਾਹਰੇ ਦੀ ਸ਼ਕਲ ਵਿਚ ਅਧੇੜ ਉਮਰ (ਅੰਮਾਂ, ਮੈਤੇਈ ਬੋਲੀ ਵਿਚ ਜਿਸ ਦਾ ਅਰਥ ਮਾਂ ਹੈ) ਦੀਆਂ 12 ਔਰਤਾਂ ਨੇ ਨਿਰਵਸਤਰ ਹੋ ਕੇ ਇੰਫਾਲ ਦੇ ਕਾਂਗਲਾ ਫੋਰਟ ਕੈਂਟੋਨਮੈਂਟ ਦੇ ਗੇਟ ਅੱਗੇ ਰੋਸ-ਦਿਖਾਵਾ ਕੀਤਾ, ਜਿੱਥੇ ਉਦੋਂ ਅਸਾਮ ਰਾਈਫ਼ਲਜ਼ ਦਾ ਟਿਕਾਣਾ ਸੀ। ਉਨ੍ਹਾਂ ਨੇ ਰੋਸ ਵੱਜੋਂ ਹੱਥਾਂ ਵਿਚ ਤਖਤੀਆਂ ਲਿਖ ਕੇ ਫੜੀਆਂ ਹੋਈਆਂ ਸੀ ਕਿ 'ਇੰਡੀਅਨ ਆਰਮੀ ਰੇਪ ਅੱਸ', 'ਇੰਡੀਅਨ ਆਰਮੀ ਟੇਕ ਅਵਰ ਫਲੈਸ਼" ਅਤੇ ਉਹ ਆਪਣੀਆਂ ਛਾਤੀਆਂ ਪਿੱਟ ਰਹੀਆਂ ਸੀ। ਸੰਨ 2014 ਵਿਚ ਜਾ ਕੇ ਇੱਕ ਸੇਵਾਮੁਕਤ ਜੱਜ, ਜਿਸ ਨੂੰ ਪੜਤਾਲ ਕਰਨ ਦਾ ਕੰਮ ਸੌਂਪਿਆ ਗਿਆ ਸੀ, ਨੇ ਫ਼ੈਸਲਾ ਦਿੱਤਾ ਕਿ ਔਰਤ ਦਾ ਬਲਾਤਕਾਰ ਕੀਤਾ ਗਿਆ ਸੀ। ਤਕਰੀਬਨ 20 ਸਾਲ ਬਾਅਦ ਵੀ ਅਸੀਂ ਦੇਖ ਰਹੇ ਹਾਂ ਕਿ ਹਿੰਸਾ-ਗ੍ਰਸਤ ਮਨੀਪੁਰ ਵਿਚ ਹਾਲਾਤ ਜ਼ਿਆਦਾ ਨਹੀਂ ਬਦਲੇ। ਪਹਿਲੀ ਵੀਡੀਓ ਨਸ਼ਰ ਹੋਣ ਤੋਂ ਬਾਅਦ ਇੱਕ ਹੋਰ ਘਟਨਾ ਸਾਹਮਣੇ ਆਈ ਕਿ ਦੋ ਹੋਰ ਕੁੱਕੀ ਭਾਈਚਾਰੇ ਦੀਆਂ ਕਾਂਗਪੋਕੀ ਦੇ ਇਕ ਪਿੰਡ ਦੀਆਂ ਔਰਤਾਂ ਨੂੰ ਇੰਫਾਲ ਵਿਚ ਇਕ ਕਮਰੇ ਅੰਦਰ ਬੰਦ ਕੀਤਾ ਗਿਆ ਅਤੇ ਉਨ੍ਹਾਂ ਦੇ ਪਰਿਵਾਰ ਵੱਲੋਂ ਦਰਜ ਕਰਾਈ ਸ਼ਿਕਾਇਤ ਅਨੁਸਾਰ ਛੇ ਆਦਮੀਆਂ ਨੇ ਉਨ੍ਹਾਂ ਦਾ ਬਲਾਤਕਾਰ ਕੀਤਾ। ਕਈ ਘੰਟਿਆਂ ਬਾਅਦ ਉਨ੍ਹਾਂ ਔਰਤਾਂ ਨੂੰ ਮੁਰਦਾ ਪਾਇਆ ਗਿਆ। ਇਸੇ ਤਰ੍ਹਾਂ ਬਾਰਡਰ ਸਕਿਉਰਟੀ ਫੋਰਸ ਦੇ ਇੱਕ ਵਿਅਕਤੀ ਖ਼ਿਲਾਫ਼ 18 ਮਈ ਨੂੰ ਸ਼ਿਕੱਇਤ ਦਰਜ਼ ਕਰਾਈ ਗਈ ਪ੍ਰੰਤੂ ਮਨੀਪੁਰ ਪੁਲਿਸ ਨੇ 20 ਜੁਲਾਈ ਨੂੰ ਪਹਿਲੀ ਗ੍ਰਿਫ਼ਤਾਰੀ ਕੀਤੀ। ਔਰਤਾਂ ਦੇ ਮਾਮਲੇ ਰਾਜਨੀਤੀ ਦੀ ਭੇਟ ਚੜ੍ਹ ਜਾਂਦੇ ਹਨ ਅਤੇ ਦੋਸ਼ੀਆਂ ਨੂੰ ਸਜ਼ਾ ਦੇ ਕੇ ਇਨਸਾਫ਼ ਦੇਣ ਦੀ ਥਾਂ, ਅਜਿਹੇ ਕੇਸਾਂ ਵਿਚੋਂ ਜਿਉਂਦੀਆਂ ਰਹਿ ਗਈਆਂ ਨੂੰ 'ਦੇਸ਼ ਦੀਆਂ ਧੀਆਂ' ਕਹਿ ਕੇ ਪੱਲਾ ਝਾੜ ਲਿਆ ਜਾਂਦਾ ਹੈ। ਬਿਹਾਰ ਤੋਂ ਬੀ ਜੇ ਪੀ ਦੇ ਬੁਲਾਰੇ ਵਿਨੋਦ ਸ਼ਰਮਾ ਨੇ ਪਾਰਟੀ ਦੀ ਮੈਂਬਰਸ਼ਿਪ ਤੋਂ ਅਸਤੀਫਾ ਇਹ ਕਹਿ ਕੇ ਦੇ ਦਿੱਤਾ ਕਿ ਇਸ ਘਟਨਾ ਨਾਲ ਦੇਸ਼ ਦੀ ਬਦਨਾਮੀ ਹੋਈ ਹੈ; ਜਦ ਕਿ ਮਨੀਪੁਰ ਦੇ ਮੁੱਖ ਮੰਤਰੀ ਬਿਰੇਨ ਸਿੰਘ ਨੇ ਕਿਹਾ ਕਿ ਸੂਬੇ ਭਰ ਵਿਚ ਹੋ ਰਹੇ ਵਿਰੋਧ ਪ੍ਰਦਰਸ਼ਨਾਂ ਦੀਆਂ ਨਸ਼ਰ ਹੁੰਦੀਆਂ ਵੀਡੀਓਜ਼ ਸੂਬੇ ਦਾ ਅਕਸ ਖ਼ਰਾਬ ਕਰ ਰਹੀਆਂ ਹਨ। ਇਸ ਤਰ੍ਹਾਂ ਲੱਗ ਰਿਹਾ ਹੈ ਜਿਵੇਂ ਔਰਤਾਂ ਦੇ ਸਰੀਰਾਂ ਦੀ ਉਲੰਘਣਾ ਨੂੰ ਸੂਬੇ ਦੇ ਅਕਸ ਦੀ ਉਲੰਘਣਾ ਨਾਲ ਤੁਲਨਾ ਕਰਨ ਦੀ ਜ਼ਰੂਰਤ ਹੈ। 'ਮਨੀਪੁਰ ਸਟੇਟ ਕਮਿਸ਼ਨ ਫਾਰ ਵੂਮੈਨ' ਨੇ ਸਤੰਬਰ 2023 ਤੋਂ ਲੈ ਕੇ ਸੂਬੇ ਦੇ ਇਸ ਐਥਨਿਕ ਝਗੜੇ ਵਿਚ ਔਰਤਾਂ ਖਿਲਾਫ਼ ਅਪਰਾਧ ਦੇ ਤਕਰੀਬਨ 59 ਕੇਸ ਦਰਜ਼ ਕੀਤੇ ਅਤੇ ਕੁੱਝ ਕੇਸ ਹੋਰ ਤਫਤੀਸ਼ ਲਈ ਸੀ ਬੀ ਆਈ ਨੂੰ ਸੌਂਪੇ। ਸੋਸ਼ਲ ਮੀਡੀਆ ਰਾਹੀਂ ਕੁੱਝ ਕੁ ਕੇਸ ਹੀ ਸਾਹਮਣੇ ਆਉਂਦੇ ਹਨ, ਬਹੁਤ ਸਾਰੇ ਅਣਗੌਲੇ ਲੰਘ ਜਾਂਦੇ ਹਨ।

4 ਮਈ ਤੋਂ ਮਨੀਪੁਰ ਕੁੱਕੀ ਅਤੇ ਮੈਤਈ ਭਾਈਚਾਰਿਆਂ ਦੇ ਟਕਰਾਅ ਵਿਚ ਜਲ ਰਿਹਾ ਹੈ ਜਿਸ ਵਿਚ ਹਿੰਸਾ ਦਾ ਸਭ ਤੋਂ ਵੱਧ ਸ਼ਿਕਾਰ ਔਰਤਾਂ ਹੋ ਰਹੀਆਂ ਹਨ। ਸਵਾਲ ਫਿਰ ਇਹੀ ਪੈਦਾ ਹੁੰਦਾ ਹੈ ਕਿ ਆਪਸੀ ਟਕਰਾਅ ਸਮੇਂ ਔਰਤਾਂ ਖਿਲਾਫ਼ ਹਿੰਸਾ ਦਾ ਹਥਿਆਰ ਕਿਉਂ ਵਰਤਿਆ ਜਾਂਦਾ ਹੈ?

## *ਯਾਦ ਰੱਖਣ ਯੋਗ ਗੱਲਾਂ*



**ਹਰਦੀਪ ਸਿੰਘ ਸੋਢੀ**

* ਅਸੀ ਫੁੱਲਾਂ ਨੂੰ ਕੱਟ ਸਕਦੇ ਹਾਂ ਬੂਟੇ ਪੁੱਟ ਸਕਦੇ ਹਾਂ ਪਰ ਬਹਾਰ ਨੂੰ ਆਉਣ ਤੋਂ ਨਹੀਂ ਰੋਕ ਸਕਦੇ।

*ਜਿਨ੍ਹਾਂ ਮਸਲਿਆਂ ਦੇ ਹੱਲ ਬੈਠ ਕੇ ਨਾ ਹੋ ਸਕਣ ਉਹ ਖੂਨ ਖ਼ਰਾਬਾ ਕਰਨ ਨਾਲ ਹਰਗਿਜ਼ ਨਹੀਂ ਹੋ ਸਕਦੇ।

* ਹਿੰਮਤ ਨਾ ਹਾਰਨ ਵਾਲੇ ਮੰਜ਼ਿਲ ਪਾ ਹੀ ਲੈਂਦੇ ਹਨ ਜਿਵੇਂ ਪਹਾੜਾਂ ਤੋਂ ਨਿਕਲਣ ਵਾਲੀਆਂ ਨਦੀਆਂ ਕਦੇ ਰਾਹ ਪੁੱਛ ਕੇ ਸਮੁੰਦਰ ਤੱਕ ਨਹੀਂ ਪਹੁੰਚਦੀਆਂ।

* ਦੁਸ਼ਮਣ ਖੰਘੂਰਾ ਮਾਰ ਕੇ ਲੰਘ ਜਾਵੇ ਤਾਂ ਬਰਦਾਸ਼ਤ ਹੋ ਸਕਦਾ ਹੈ ਪਰ ਸੱਜਣ ਚੁੱਪ ਕਰ ਕੇ ਲੰਘ ਜਾਵੇ ਤਾਂ ਹਜ਼ਮ ਨਹੀਂ ਹੁੰਦਾ।

* ਯਤੀਮਾਂ ਦੇ ਸਾਹਮਣੇ ਆਪਣੇ ਜਵਾਕਾਂ ਦੇ ਮੂੰਹ ਨਹੀਂ ਚੁੰਮਣੇ ਚਾਹੀਦੇ। (ਸ਼ੇਖ ਸਾਅਦੀ)

* ਸ਼ਹਿਦ ਚੋਣ ਦੇ ਸ਼ੌਕੀਨ ਸਭ ਤੋਂ ਪਹਿਲਾਂ ਮੱਖੀਆਂ ਦੇ ਡੰਗ ਤੋਂ ਡਰਨਾ ਛੱਡਦੇ ਹਨ।

* ਸੁਖੀ ਰਹਿਣਾ ਹੋਵੇ ਤਾਂ ਆਪਣੇ ਦੁੱਖ ਅਤੇ ਦੂਜਿਆਂ ਦੇ ਸੁਖ ਗਿਣਨੇ ਛੱਡ ਦਿਓ।

* ਵੇਖਦੇ ਵੇਖਦੇ ਕਿੰਨਾ ਬਦਲਾਅ ਆ ਗਿਆ ਹੈ ਪਹਿਲਾਂ ਉਮਰ ਵਿਚ ਵੱਡੇ ਦੀ ਇੱਜ਼ਤ ਕੀਤੀ ਜਾਂਦੀ ਸੀ ਹੁਣ ਪੈਸੇ ਵਿਚ ਵੱਡੇ (ਅਮੀਰ) ਦੀ ਇੱਜ਼ਤ ਕੀਤੀ ਜਾਂਦੀ ਹੈ।

# Punjabi Cultural Society of Chicago

Celebrating 30 Years of Community Service

Enjoy a colorful family style evening full of excitement featuring Bhangra, Gidha, Dances, Bolian, Punjabi Songs, Skits and much more!!

*To Celebrate Vaisakhi PCS Presents...*

## Rangla Punjab 2024!



**Saturday, April 20, 2024**

**6:00 PM Sharp**

**Copernicus Center**
**5216 W Lawrence Ave**
**Chicago, IL 60630**

**$125 (VIP Seats with Dinner)**
**$65 (Preferred Seats), $40 (General Seating)**

- Assigned Seats for all
- Limited Free Parking
- Children Under 5 yr Free (Need to be in Lap)

## SPONSORS & VENDORS ENCOURAGED

Please email: info@PCSChicago.org or call: (847) 359-5PCS

Scan me!

**More Information at:**
**https://www.pcschicago.org**

Punjabi Cultural Society of Chicago
(847) 359-5PCS or (847) 359-5727
P. O. BOX 1244, PALATINE, IL. 60078
E-mail: info@pcschicago.org


PCS is a non-profit 501 (c)(3) organization promoting Punjabi culture, language, Performing Arts, education, good citizenship, healthy life style and sports.

# ਕ੍ਰਿਸ਼ਮਈ ਆਵਾਜ਼ ਵਾਲਾ ਅਮੀਨ ਸਯਾਨੀ

ਕਲਾ ਪਰਿਕਰਮਾ



*ਜਵਾਨੀ ਵੇਲੇ ਕੰਮ-ਕਾਰ ‘ਤੇ ਅਮੀਨ ਸਯਾਨੀ।*



**ਕ੍ਰਿਸ਼ਨ ਕੁਮਾਰ ਰੱਤੂ**
**ਫੋਨ: +91-94787-30156**

ਅਮੀਨ ਸਯਾਨੀ ਸਰੋਤਿਆਂ ਨੂੰ ਆਪਣੀ ਆਵਾਜ਼ ਨਾਲ ਕੀਲਣ ਵਾਲਾ ਅਜਿਹਾ ਰੇਡੀਓ ਪੇਸ਼ਕਾਰ ਸੀ ਜਿਸ ਨੂੰ ‘ਭਾਰਤ ਦਾ ਲੈਰੀ ਕਿੰਗ’ (ਲੈਰੀ ਕਿੰਗ ਅਮਰੀਕੀ ਲੇਖਕ ਅਤੇ ਰੇਡੀਓ ਤੇ ਟੀ.ਵੀ. ਪੇਸ਼ਕਾਰ ਸੀ) ਕਿਹਾ ਜਾਂਦਾ ਹੈ। ਰੇਡੀਓ ਦੀ ਦੁਨੀਆ ਦੀ ਇਹ ਦਮਦਾਰ ਤੇ ਕ੍ਰਿਸ਼ਮਈ ਆਵਾਜ਼ 21 ਫਰਵਰੀ ਨੂੰ ਸਦਾ ਲਈ ਖ਼ਾਮੋਸ਼ ਹੋ ਗਈ। ਅਮੀਨ ਸਯਾਨੀ ਨੇ 91 ਵਰ੍ਹਿਆਂ ਦੀ ਉਮਰ ਵਿਚ ਦੁਨੀਆ ਨੂੰ ਅਲਵਿਦਾ ਆਖ ਦਿੱਤੀ। ਉਸ ਦੇ ਚਲਾਣੇ ਨਾਲ ਭਾਰਤੀ ਰੇਡੀਓ ਬ੍ਰਾਡਕਾਸਟਿੰਗ ਸੇਵਾ ਦਾ ਸੁਨਹਿਰੀ ਯੁੱਗ ਖ਼ਤਮ ਹੋ ਗਿਆ ਹੈ। ਵਾਕਿਆ ਹੀ, ਰੇਡੀਓ ਸੁਣਨ ਦੇ ਸ਼ੌਕੀਨ ਲੋਕਾਂ ਦੇ ਕੰਨਾਂ ’ਚ ਅੱਜ ਵੀ ਉਸ ਦੀ ਆਵਾਜ਼ ‘ਨਮਸਕਾਰ ਬਹਿਨੋ ਔਰ ਭਾਈਓ, ਮੈਂ ਆਪਕਾ ਦੋਸਤ ਅਮੀਨ ਸਯਾਨੀ ਬੋਲ ਰਹਾ ਹੂੰ’ ਗੂੰਜਦੀ ਹੈ।

ਅਮੀਨ ਸਯਾਨੀ 21 ਦਸੰਬਰ 1932 ਨੂੰ ਮੁੰਬਈ ਵਿਚ ਜਨਮਿਆ। ਉਸ ਦੇ ਭਰਾ ਹਾਮਿਦ ਸਯਾਨੀ ਨੇ ਆਲ ਇੰਡੀਆ ਰੇਡੀਓ, ਮੁੰਬਈ ਵਿਚ ਰੇਡੀਓ ਪੇਸ਼ਕਾਰ ਵਜੋਂ ਜੀਵਨ ਸ਼ੁਰੂ ਕਰਨ ਲਈ ਉਸ ਦੀ ਸਿਫ਼ਾਰਿਸ਼ ਕੀਤੀ ਸੀ। ਇਓਂ ਉਸ ਨੇ ਆਪਣੇ ਪੇਸ਼ੇਵਾਰ ਜੀਵਨ ਦੀ ਸ਼ੁਰੂਆਤ ਰੇਡੀਓ ਦੀ ਅੰਗਰੇਜ਼ੀ ਬਾਲ ਸੇਵਾ ’ਚ ਪੇਸ਼ਕਾਰ ਵਜੋਂ ਕੀਤੀ। 1947 ਵਿਚ ਦੇਸ਼ ਨੂੰ ਅੰਗਰੇਜ਼ਾਂ ਦੇ ਰਾਜ ਤੋਂ ਆਜ਼ਾਦੀ ਮਿਲਣ ਮਗਰੋਂ ਸਯਾਨੀ ਨੇ ਹਿੰਦੀ ਭਾਸ਼ਾ ਵਿਚ ਰੇਡੀਓ ਪੇਸ਼ਕਾਰੀ ਸ਼ੁਰੂ ਕੀਤੀ। 1952 ਵਿਚ ਉਹ ਰੇਡੀਓ ਸੀਲੋਨ (ਸ੍ਰੀਲੰਕਾ)ਦਾ ਹਿੱਸਾ ਬਣਿਆ ਅਤੇ ਉਸ ਦਾ ਸ਼ੋਅ ‘ਬਿਨਾਕਾ ਗੀਤਮਾਲਾ’ ਰੇਡੀਓ ਦੇ ਇਤਿਹਾਸ ਦਾ ਮੀਲ ਪੱਥਰ ਬਣ ਗਿਆ। ਇਸ ਸ਼ੋਅ ਵਿਚ ਗੀਤਕਾਰ, ਸੰਗੀਤਕਾਰ ਅਤੇ ਉਨ੍ਹਾਂ ਦੀਆਂ ਗੱਲਾਂ-ਬਾਤਾਂ ਤੇ ਯਾਦਾਂ ਦਾ ਜ਼ਿਕਰ ਹੁੰਦਾ ਸੀ। ਉਹ 1952 ਤੋਂ 1988 ਤੱਕ ਰੇਡੀਓ ਸੀਲੋਨ ਨਾਲ ਜੁੜਿਆ ਰਿਹਾ। ਉਸ ਨੇ ਆਪਣੀ ਸਾਰੀ ਉਮਰ ਰੇਡੀਓ ਨੂੰ ਸਮਰਪਿਤ ਕਰ ਦਿੱਤੀ।



*ਅਮੀਨ ਸਯਾਨੀ*

ਮੈਨੂੰ ਆਪਣੇ 45 ਸਾਲ ਦੀ ਬਰਾਡਕਾਸਟਿੰਗ ਸੇਵਾ ਦੇ ਸਫ਼ਰ ਵਿਚ ਉਸ ਤੋਂ ਕਈ ਅਦਭੁੱਤ ਗੱਲਾਂ ਸਿੱਖਣ ਦਾ ਮੌਕਾ ਮਿਲਿਆ। ਉਹ ਰੇਡੀਓ ਦੀ ਚਲਦੀ ਫਿਰਦੀ ਡਿਕਸ਼ਨਰੀ ਅਤੇ ਲਾਇਬਰੇਰੀ ਸੀ। ਰੇਡੀਓ ਰਾਹੀਂ ਪੇਸ਼ਕਾਰੀ ਤੇ ਸਰੋਤਿਆਂ ਨਾਲ ਸਿੱਧਾ ਸੰਵਾਦ ਕਰਨ ਦੀ ਕਲਾ ਦਾ ਉਹ ਮਾਹਿਰ ਸੀ। ਕਦੇ ਉਹ ਗਾਇਕ ਬਣਨਾ ਚਾਹੁੰਦਾ ਸੀ ਪਰ ਰੇਡੀਓ ਪੇਸ਼ਕਾਰ ਬਣ ਗਿਆ। ਉਸ ਦਾ ਮੰਨਣਾ ਸੀ ਕਿ ਚੰਗੀ ਹਿੰਦੀ ਬੋਲਣ ਲਈ ਉਰਦੂ ਦਾ ਕੁਝ ਗਿਆਨ ਹੋਣਾ ਜ਼ਰੂਰੀ ਹੈ। ਉਸ ਦਾ ਰੇਡੀਓ ਸ਼ੋਅ ‘ਕੁਮਾਰ ਕਾ ਫਿਲਮੀ ਮੁਕੱਦਮਾ’ ਵੀ ਵਿਵਿਧ ਭਾਰਤੀ ’ਤੇ ਖ਼ੂਬ ਚੱਲਿਆ ਜੋ ਵਿਵਿਧ ਭਾਰਤੀ ਰੇਡੀਓ ਦਾ ਪਹਿਲਾ ਪ੍ਰਯੋਜਿਤ ਪ੍ਰੋਗਰਾਮ ਸੀ।

ਅਮੀਨ ਸਯਾਨੀ ਨੂੰ ਪੇਸ਼ਕਾਰੀ ਲਈ ਢੁੱਕਵੀਂ ਆਵਾਜ਼ ਦਾ ਉਤਰਾਅ ਚੜ੍ਹਾਅ ਆਪਣੀ ਮਾਂ ਕੁਲਸੁਮ ਸਯਾਨੀ ਤੋਂ ਮਿਲਿਆ। ਉਸ ਦੇ ਘਰ ਦਾ ਮਾਹੌਲ ਸਾਹਿਤਕ ਅਤੇ ਰਚਨਾਤਮਿਕ ਕਾਰਜਾਂ ਲਈ ਸਾਜ਼ਗਾਰ ਸੀ। ਉਸ ਦੀ ਮਾਂ ‘ਰਹਿਬਰ’ ਰਸਾਲੇ ਦੀ ਸੰਪਾਦਕ ਸੀ। ਅਮੀਨ ਸਯਾਨੀ ਨੇ 13 ਸਾਲ ਦੀ ਉਮਰ ’ਚ ‘ਰਹਿਬਰ’ ਲਈ ਲਿਖਣਾ ਸ਼ੁਰੂ ਕਰ ਦਿੱਤਾ। ਉਸ ਦਾ ਭਰਾ ਹਮੀਦ ਸਯਾਨੀ ਰੇਡੀਓ ਪ੍ਰਸਾਰਨਕਾਰਾਂ ’ਚ ਵੱਡਾ ਨਾਮ ਸੀ।

ਅਮੀਨ ਸਯਾਨੀ ਨੇ ਆਪਣੇ ਜੀਵਨ ਵਿਚ 55 ਹਜ਼ਾਰ ਤੋਂ ਜ਼ਿਆਦਾ ਪ੍ਰੋਗਰਾਮ ਰਿਕਾਰਡ ਕੀਤੇ ਅਤੇ 46,000 ਤੋਂ ਜ਼ਿਆਦਾ ਰੇਡੀਓ ਜਿੰਗਲ ਪੇਸ਼ ਕੀਤੇ। ਉਸ ਦੇ ਰੇਡੀਓ ਪ੍ਰੋਗਰਾਮ ਰਿਕਾਰਡ ਕਰ ਕੇ ਬਾਅਦ ਵਿਚ ਖਾੜੀ ਦੇ ਦੇਸ਼ਾਂ, ਅਮਰੀਕਾ ਅਤੇ ਦੁਨੀਆ ਦੇ ਹੋਰ ਦੇਸ਼ਾਂ ਵਿਚ ਵੀ ਜਾਣ ਲੱਗੇ ਸਨ। ਬੀ.ਬੀ.ਸੀ. ਹਿੰਦੀ ਲਈ ਉਸ ਦਾ ਫਿਲਮੀ ਸਿਤਾਰਿਆਂ ਦੀ ਇੰਟਰਵਿਊ ਦਾ ਰੇਡੀਓ ਪ੍ਰੋਗਰਾਮ ਵੀ ਬੇਹੱਦ ਮਕਬੂਲ ਰਿਹਾ। ਉਹ ਕੰਮ ਲਈ ਉਤਾਵਲਾ ਰਹਿੰਦਾ। ਉਸ ਨੇ ਆਪਣੇ ਅੰਤਲੇ ਦਿਨਾਂ ਦੌਰਾਨ ਫੋਨ ’ਤੇ ਗੱਲ ਕਰਦਿਆਂ ਇੱਕ ਵਾਰ ਕਿਹਾ ਸੀ: “ਮੈਨੂੰ ਇੱਕ ਹੀ ਗਿਲਾ ਹੈ ਕਿ ਮੈਂ ਆਪਣੀ ਜ਼ਿੰਦਗੀ ਵਿਚ ਆਪਣੀ ਆਤਮਕਥਾ ਨਹੀਂ ਲਿਖ ਸਕਿਆ ਤਾਂ ਜੋ ਮੈਂ ਦੱਸ ਸਕਦਾ ਕਿ ਰੇਡੀਓ ਦੀ ਆਵਾਜ਼ ਦਾ ਜਾਦੂ ਹੁੰਦਾ ਕੀ ਹੈ।”

ਭਾਰਤ ਸਰਕਾਰ ਦੇ ਪਦਮਸ੍ਰੀ ਦੇ ਨਾਲ ਨਾਲ ਉਸ ਨੂੰ ਦੁਨੀਆ ਭਰ ਦੇ ਮਾਣ ਸਨਮਾਨ ਮਿਲੇ। ਉਸ ਨੇ ਕਈ ਫਿਲਮਾਂ ਵਿਚ ਵੀ ਅਨਾਊਂਸਰ ਦੀ ਭੂਮਿਕਾ ਨਿਭਾਈ। ਉਸ ਦੀ ਬੁਲੰਦ ਆਵਾਜ਼ ਦੀਆਂ ਯਾਦਾਂ ਸਾਡੀਆਂ ਰੂਹਾਂ ਨੂੰ ਸਦਾ ਸਰਸ਼ਾਰ ਕਰਦੀਆਂ ਰਹਿਣਗੀਆਂ।





*ਅਮੀਨ ਸਯਾਨੀ ਆਪਣੀ ਪਤਨੀ ਰਮਾ ਮੱਟੂ ਸਯਾਨੀ ਨਾਲ ਅਤੇ (ਸੱਜੇ) ਕੰਮ-ਕਾਰ ਵੇਲੇ।*

# ਆਖ ਤਸਵੀਰਾਂ ਬੋਲਦੀਆਂ


*ਕਾਲਮ ‘ਆਖ ਤਸਵੀਰਾਂ ਬੋਲਦੀਆਂ’ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ ’ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ ’ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਮਾਰਚ 2024 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-629



**ਪੱਤ-ਗੋਭੀ ਦੀ ਪਨੀਰੀ ਵਾਂਗੂੰ, ਨਿਆਣਿਆਂ ਦੀ ਢੰਬੀ ਲਾਈ,
ਹਰੇ ਸਾਵੇ ਹੈ ਪੱਤਿਆਂ ਵਰਗੀ, ਸਭਨੂੰ ਉੱਤੇ ਪੁਸ਼ਾਕ ਪੁਆਈ।
ਏ-ਆਈ ਦਾ ਯੁੱਗ ਹੈ ਚੱਲਦਾ, ਕੰਪਿਊਟਰ ਦਾ ਹੈ ਕਮਾਲ,
ਅੱਖਾਂ ਨੂੰ ਝੱਟ ਦਿੰਦੇ ਭੁਆਟਣੀ, ਮਨਾਂ ਵਿਚ ਉੱਠਣ ਸਵਾਲ।**

## ਕੈਪਸ਼ਨ ਮੁਕਾਬਲਾ-627



ਖੂਹ, ਲੱਜ, ਡੋਲ ਘਿਰਲੀਆਂ ਗਈਆਂ,
ਵਿਰਸੇ ਦੀਆਂ ਨਿਸ਼ਾਨੀਆਂ ਗਈਆਂ,
ਮੌਣਾਂ, ਵਿੱਡਾਂ, ਘੜੇ ਗਾਗਰਾਂ ਗਈਆਂ,
ਸਣੇ ਵਿਸਰ ਸੁਆਣੀਆਂ ਗਈਆਂ।
ਚੌਂਕੇ ਚੁੱਲ੍ਹੇ ਵਿਚ ਗੈਸਾਂ ਨੇ ਆਈਆਂ,
ਪਾਣੀ ਲਈ ਨੇ ਟੂਟੀਆਂ ਲਾਈਆਂ,
ਦੁੱਖ-ਸੁੱਖ ਹਾਸੇ-ਠੱਠੇ ਫ਼ੋਨ ‘ਤੇ ਹੋਵਣ,
ਭੁੱਲਿਆ ਵਿਰਸਾ ਦੇਵੇ ਦੁਹਾਈਆਂ।
**-ਸੇਵਾ ਸਿੰਘ “ਨੂਰਪੁਰੀ”**

---

ਚੁੱਕ ਸਿਰ ‘ਤੇ ਗਾਗਰ ਮੋਢੇ ‘ਤੇ ਲੱਜ
ਖੂਹ ਵੱਲ ਤੁਰੀਆਂ, ਪਾਣੀ ਦੇ ਪੱਜ
ਸ਼ਕੀਰੀ ਕੋਈ ਗੂੜ੍ਹੀ ਜਾਂ ਫਿਰ ਲਿਹਾਜਣਾ
ਪਤਾ ਨਹੀਂ ਕਿਹੜੇ ਪਿੰਡੋਂ ਨੇ ਮਜਾਜਣਾਂ
ਬੁੱਲੀਆਂ ਦੇ ਹਾਸੇ ਤੇ ਅੱਖਾਂ ‘ਚ ਸੰਗ
ਕਾਲੀ ਚਿੱਟੀ ਫੋਟੋ ‘ਚ ਭਰਦੇ ਨੇ ਰੰਗ।
**-ਹਰਜੋਤ ਕੌਰ ਮਹੇਸ਼ਪੁਰਾ**

---

ਚੁੰਨੀ ਸੀ ਸਿਰ ਦੇ ਉੱਤੇ,
ਇੱਜ਼ਤ ਦੀ ਨਿਸ਼ਾਨੀ
ਤਿੜਕੇ ਘੜੇ ਵਿਚੋਂ ਵੀ ਧੀ ਰਾਣੀ
ਛਲਕਣ ਨਾਂ ਦਿੰਦੀ ਸੀ ਪਾਣੀ।
ਚੁੰਨੀ ਭੁੱਲ ਕੇ
ਟੌਪ ਜੀਨਾਂ ਵਿਚ
ਰੁਲੀ ਅੱਜ ਪੰਜਾਬਣ
ਵਿਚ ਚੌਰਾਹੇ ਮਾਪੇ ਸੋਚਣ,
ਉਹ ਕਿੱਧਰ ਨੂੰ ਜਾਵਣ
‘ਵਿਨੋਦ’ ਵੀ ਬੈਠਾ ਸੋਚੀ ਜਾਵੇ
ਕਿਸ ਰਾਹ ਪੈ ਗਈ ਜੁਆਨੀ
ਨਿਰੰਤਰ ਉੱਜੜ ਰਹੀ ਏ ਧਰਤੀ,
ਪੰਜ ਦਰਿਆਵਾਂ ਦੀ ਰਾਣੀ।
**-ਵਿਨੋਦ ਗਰਗ**
**ਫੋਨ: 98763-71788**

---

ਦੁੱਖ ਤਾਂ ਬਹੁਤ ਹੁੰਦਾ ਯਾਦ ਕਰ ਕਰ
ਖੂਹ, ਮੌਣਾਂ, ਲੱਜਾਂ, ਅਤੇ ਗਾਗਰਾਂ
ਆਉਣ ਜਾਣ ਲਾਈਨਾਂ ‘ਚ ਵਾਰੀ ਸਿਰ
ਹੁਣ ਤਾਂ ਪਾਣੀ ਹੀ ਨਹੀਂ ਰਿਹਾ ਸੁਰੱਖਿਅਤ
ਪੂਰ ਹੀ ਦਿੱਤੇ ਉਹ ਸਭ ਖੂਹ
ਜਿੱਥੇ ਆਂਢੀ-ਗੁਆਂਢੀ ਸਾਡੀਆਂ ਮਾਵਾਂ
ਵੰਡਦੀਆਂ ਸੀ ਦਲੀਆ
ਕਿਸੇ ਨਾ ਕਿਸੇ ਕਾਰਨ
ਜਾ ਰਿਹਾ ਕੋਈ ਯਾਤਰਾ
ਜਾਂ ਕੁਝ ਹੋਰ ਵਿਸ਼ਵਾਸ ਹੁੰਦਾ
ਇਕ ਸਮਾਜਿਕ ਭਾਈਚਾਰਾ ਸੀ
ਖੂਹ ਦੀ ਮੌਣ ਤੇ
ਇਕ ਦੂਜੇ ਨਾਲ ਮੇਲ ਹੁੰਦਾ।
**-ਦਰਸ਼ਨ ਪਾਲ ਦੋਸਾਂਝ।**

---

ਦੋ ਸਹੇਲੀਆਂ ਘੜੇ ਤੇ ਲੱਜ ਲੈ ਕੇ
ਬਿਨਾਂ ਬਿੱਡ ਦੇ
ਖੇਹ ਤੋਂ ਪਾਣੀ ਲੈਣ ਚੱਲੀਆਂ।
ਅਜੂਬਾ ਲੱਗਦਾ
ਅੱਜ ਕੱਲ੍ਹ ਦੀ ਪੀੜ੍ਹੀ ਨੂੰ
ਪਹਿਰਾਵੇ ਤੋਂ ਲੱਗਦੀਆਂ ਸਾਦੀਆਂ
ਪਰ ਮਚਲੀਆਂ।
ਜੱਦੋ ਜਹਿਦ ਵਾਲੀ ਜ਼ਿੰਦਗੀ ਸੀ ਬੀਤਦੀ
ਹੱਸਦੀਆਂ ਖੇਡਦੀਆਂ ਇਕੱਲੀਆਂ
ਘਰ ਦੇ ਬਹੁਤਾ ਬਾਹਰ ਨਹੀਂ ਸੀ ਜਾਣ ਦਿੰਦੇ
ਲਾਡ ਪਿਆਰ ਨਾਲ ਘੂਰ ਕੇ
ਕਹਿੰਦੇ ਸੀ ਝੱਲੀਆਂ।
**-ਅਮਰਜੀਤ ਸਿੰਘ ਤੂਰ**
**ਕੂਲਬ੍ਰੁਰਛਾਂ ਪਟਿਆਲਾ**
**ਫੋਨ: 98784-69639**

# ਦਾਰੇ ਦੂਲਚੀਪੁਰੀਏ ਦੀ ਦਰਦਨਾਕ ਦਾਸਤਾਨ

## ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਦਾਰਾ ਸਿੰਘ ਨਾਂ ਦੇ ਦੋ ਭਲਵਾਨ ਹੋਏ ਹਨ। ਦੋਹਾਂ 'ਚੋਂ ਨਕਲੀ ਕੋਈ ਨਹੀਂ, ਦੋਵੇਂ ਅਸਲੀ ਸਨ। ਵੱਡਾ ਦਾਰਾ 1918 'ਚ ਜੰਮਿਆ ਸੀ, ਛੋਟਾ 1928 ਵਿਚ। ਵੱਡਾ ਦੂਲਚੀਪੁਰ ਦਾ ਸੀ, ਛੋਟਾ ਧਰਮੂਚੱਕ ਦਾ। ਅੱਜ ਦਾਰੇ ਦੂਲਚੀਪੁਰੀਏ ਦੀ ਗੱਲ ਕਰਦੇ ਹਾਂ ਜਿਸ ਨੂੰ ਦਾਰਾ ਕਿੱਲਰ ਵੀ ਕਿਹਾ ਜਾਂਦਾ ਸੀ। ਦਾਰੇ ਧਰਮੂਚੱਕੀਏ ਦੀ ਗੱਲ ਕਦੇ ਫੇਰ ਕਰਾਂਗੇ ਜਿਸ ਨੇ ਟੀਵੀ ਸੀਰੀਅਲ ਰਾਮਾਇਣ ਵਿਚ ਹਨੂੰਮਾਨ ਦਾ ਰੋਲ ਕੀਤਾ ਸੀ। ਦੋਹੇਂ ਦਾਰੇ ਵਰਲਡ ਚੈਂਪੀਅਨ ਕਿੰਗਕਾਂਗ ਨੂੰ ਢਾਹ ਕੇ ਰੁਸਤਮੇ ਜ਼ਮਾਂ ਬਣੇ ਸਨ। ਉਦੋਂ ਦਾਰੇ ਦਾ ਭਾਰ 135 ਕਿਲੋ ਸੀ, ਕਿੰਗਕਾਂਗ ਦਾ 200 ਕਿਲੋ।

ਵੱਡਾ ਦਾਰਾ 1918 'ਚ ਖਡੂਰ ਸਾਹਿਬ ਦੇ ਨੇੜਲੇ ਪਿੰਡ ਦੂਲਚੀਪੁਰ 'ਚ ਕਿਸਾਨ ਪਿਆਰਾ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੀ ਕੁੱਖੋਂ ਪੈਦਾ ਹੋਇਆ ਸੀ। ਉਹ ਛੇ ਭੈਣ ਭਰਾ ਸਨ। ਦਾਰਾ ਦਸ ਸਾਲ ਦਾ ਸੀ ਕਿ ਪਿਆਰਾ ਸਿੰਘ ਪਲੇਗ ਨਾਲ ਪਰਲੋਕ ਸਿਧਾਰ ਗਿਆ। ਪਰਿਵਾਰ ਪਾਲਣ ਦੀ ਜ਼ਿੰਮੇਵਾਰੀ ਵੱਡੇ ਭਰਾ ਇੰਦਰ ਸਿੰਘ ਦੇ ਸਿਰ ਆਣ ਪਈ। ਇੰਦਰ ਭਲਵਾਨ ਬਣਨਾ ਚਾਹੁੰਦਾ ਸੀ ਪਰ ਉਸ ਦੀਆਂ ਰੀਝਾਂ ਮਨ ਵਿਚ ਹੀ ਦੱਬੀਆਂ ਰਹਿ ਗਈਆਂ।

ਦੂਲਚੀਪੁਰ ਉਸ ਇਲਾਕੇ ਦਾ ਪਿੰਡ ਹੈ ਜਿਥੇ ਪਹਿਲਵਾਨੀ ਦੀ ਪਰੰਪਰਾ ਬੜੀ ਪੁਰਾਣੀ ਹੈ। ਲਾਗੇ ਖਡੂਰ ਸਾਹਿਬ ਹੈ ਜਿਥੇ ਗੁਰੂ ਅੰਗਦ ਦੇਵ ਜੀ ਮੱਲਾਂ ਦੇ ਘੋਲ ਕਰਵਾਇਆ ਕਰਦੇ ਸਨ। ਉਥੇ ਅੱਜ ਵੀ ਗੁਰਦਵਾਰਾ ਮੱਲ ਅਖਾੜਾ ਸਾਹਿਬ ਸੁਭਾਇਮਾਨ ਹੈ। ਖਡੂਰ ਸਾਹਿਬ ਦੇ ਮੇਲੇ ਵਿਚ ਕੁਸ਼ਤੀਆਂ ਹੁੰਦੀਆਂ ਸਨ ਜਿਥੋਂ ਗਭਰੂਆਂ ਨੂੰ ਘੁਲਣ ਦੀ ਚੇਟਕ ਲੱਗਦੀ ਸੀ। ਦਾਰਾ ਸਿੰਘ ਨੂੰ ਵੀ ਉਥੋਂ ਹੀ ਘੁਲਣ ਦੀ ਚੇਟਕ ਲੱਗੀ ਸੀ।

ਦਾਰਾ ਚੌਦਾਂ ਪੰਦਰਾਂ ਸਾਲ ਦੀ ਉਮਰੇ ਹੀ ਆਪਣੇ ਨਾਲੋਂ ਵਡੇਰੇ ਜੁਆਨਾਂ ਨੂੰ ਢਾਹੁਣ ਲੱਗ ਪਿਆ ਸੀ। ਇੰਦਰ ਨੇ ਦਾਰੇ ਦੀ ਖੁਰਾਕ ਦਾ ਪ੍ਰਬੰਧ ਕਰ ਕੇ ਉਸ ਨੂੰ ਹੋਰ ਤਕੜਾ ਪਹਿਲਵਾਨ ਬਣਾਉਣ ਦਾ ਚਾਰਾ ਕੀਤਾ। ਪਿੰਡ ਦੇ ਸਿਆਣੇ ਬੰਦਿਆਂ ਨੇ ਉਸ ਨੂੰ ਸਲਾਹ ਦਿੱਤੀ, ਇਸ ਨੂੰ ਕਿਸੇ ਚੰਗੇ ਪਹਿਲਵਾਨ ਦੇ ਅਖਾੜੇ ਵਿਚ ਛੱਡ ਜਿਥੇ ਇਹ ਵੱਡਾ ਪਹਿਲਵਾਨ ਬਣ ਸਕੇ। ਕਿਸੇ ਨੇ ਦੱਸ ਪਾ ਦਿੱਤੀ ਕਿ ਇਹਨੂੰ ਲਾਹੌਰ ਦੇ ਪਹਿਲਵਾਨ ਸੱਜਣ ਸਿੰਘ ਦਾ ਪੱਠਾ ਬਣਾਓ।

ਇੰਦਰ ਸਿੰਘ ਘਿਓ ਦਾ ਪੀਪਾ, ਸਵਾ ਰੁਪਿਆ ਤੇ ਪੱਗ ਲੈ ਕੇ ਦਾਰੇ ਨੂੰ ਲਾਹੌਰ ਲੈ ਗਿਆ। ਉਸਤਾਦ ਸੱਜਣ ਸਿੰਘ ਨੂੰ ਪੱਗ ਤੇ ਸਵਾ ਰੁਪਿਆ ਮੱਥਾ ਟੇਕ ਕੇ ਗੁਰੂ ਧਾਰਨ ਕਰ ਲਿਆ। ਉਥੇ ਤਿੰਨ ਸਾਲ ਦਾਰੇ ਨੇ ਕੁਸ਼ਤੀਆਂ ਦੇ ਦਾਅ ਪੇਚ ਸਿੱਖੇ ਤੇ ਰਵਾਂ ਕੀਤੇ। ਲਾਹੌਰ ਉਹ ਅਮਾਮ ਬਖਸ਼ ਵਰਗੇ ਪਹਿਲਵਾਨਾਂ ਨੂੰ ਮਿਲਿਆ ਜਿਥੇ ਉਹਦੀ ਕੁਸ਼ਤੀ ਦੀਆਂ ਵੀ ਧੁੰਮਾਂ ਪੈਣ ਲੱਗ ਪਈਆਂ।

ਖੇਤੀਬਾੜੀ 'ਚ ਪਰਿਵਾਰ ਦਾ ਗੁਜ਼ਾਰਾ ਔਖਾ ਹੋਣ ਕਰਕੇ ਦਾਰੇ ਦੇ ਵੱਡੇ ਭਰਾ ਦਲੀਪ ਸਿੰਘ ਨੂੰ ਸਿੰਘਾਪੁਰ ਜਾਣਾ ਪੈ ਗਿਆ। ਉਥੇ ਉਸ ਨੇ ਡੇਅਰੀ ਫਾਰਮ ਚਲਾਇਆ ਤੇ ਦਾਰੇ ਨੂੰ ਵੀ ਆਪਣੇ ਕੋਲ ਬੁਲਾ ਲਿਆ। ਉਦੋਂ ਉਹਦੀ ਉਮਰ ਅਠਾਰਾਂ ਕੁ ਸਾਲਾਂ ਦੀ ਸੀ। ਉਨ੍ਹੀਂ ਦਿਨੀਂ ਮਲਾਇਆ ਸਿੰਗਾਪੁਰ ਵਿਚ ਫਰੀ ਸਟਾਈਲ ਕੁਸ਼ਤੀਆਂ ਦੇ ਦੰਗਲ ਹੁੰਦੇ ਸਨ ਜਿਨ੍ਹਾਂ 'ਚ ਦਾਰਾ ਵੀ ਭਾਗ ਲੈਣ ਲੱਗਾ। ਦੁੱਧ ਘਿਓ ਘਰ ਦੀ ਡੇਅਰੀ ਦਾ ਖੁੱਲ੍ਹਾ-ਡੁੱਲ੍ਹਾ ਹੋਣ ਕਰਕੇ ਉਹਦਾ ਜੁੱਸਾ ਪੂਰਾ ਭਰ ਗਿਆ ਤੇ ਉਹਦਾ ਕੱਦ ਛੇ ਫੁੱਟ ਗਿਆਰਾਂ ਇੰਚ ਉੱਚਾ ਹੋ ਗਿਆ। ਉਥੇ ਉਹ ਫਰੀ ਸਟਾਈਲ ਕੁਸ਼ਤੀਆਂ ਲੜਨੀਆਂ ਵੀ ਸਿੱਖ ਗਿਆ ਤੇ ਮਲਾਇਆ ਸਿੰਗਾਪੁਰ ਦਾ ਚੈਂਪੀਅਨ ਬਣ ਗਿਆ।

1936 'ਚ ਮਲਾਇਆ ਪੁਲਿਸ ਵਿਚ ਭਰਤੀ ਹੋਣ ਲੱਗੀ ਤਾਂ ਨੌਕਰੀ ਲਈ ਲੋਕਾਂ ਨੂੰ 'ਕੱਠੇ ਹੋਏ ਵੇਖ ਕੇ ਉਹ ਵੀ ਲਾਈਨ 'ਚ ਜਾ ਲੱਗਾ। ਅੰਗਰੇਜ਼ ਅਫਸਰ ਉਹਦਾ ਕੱਦ ਮਿਣ ਕੇ ਹੈਰਾਨ ਰਹਿ ਗਿਆ। ਦਾਰਾ ਅਨਪੜ੍ਹ ਹੋਣ ਕਰਕੇ ਭਰਤੀ ਕਰਨ ਦੇ ਯੋਗ ਨਹੀਂ ਸੀ ਪਰ ਸੀ ਤਕੜਾ ਪਹਿਲਵਾਨ। ਅਫਸਰ ਨੇ ਸ਼ਰਤ ਰੱਖੀ ਪਈ ਪਹਿਲਾਂ ਭਰਤੀ ਕੀਤੇ ਛੇ ਪਹਿਲਵਾਨਾਂ ਨਾਲ ਉਸ ਨੂੰ ਘੁਲਣਾ ਪਵੇਗਾ। ਦਾਰੇ ਨੇ ਉਨ੍ਹਾਂ ਨੂੰ ਵੇਖੇ ਬਿਨਾਂ ਹੀ ਹਾਂ ਕਰ ਦਿੱਤੀ। ਜਦੋਂ ਕੁਸ਼ਤੀਆਂ ਹੋਈਆਂ ਤਾਂ ਉਸ ਨੇ ਸਾਰੇ ਪਹਿਲਵਾਨ ਚਿੱਤ ਕਰ ਦਿੱਤੇ। ਅਫਸਰ ਨੇ ਉਸ ਨੂੰ ਸਿਪਾਹੀ ਭਰਤੀ ਕਰਨ ਦੀ ਥਾਂ ਇਕ ਦਰਜਾ ਤਰੱਕੀ ਦੇ ਕੇ ਲਾਂਸ ਕਾਰਪੋਰਲ ਭਰਤੀ ਕਰ ਲਿਆ। ਫਿਰ ਉਹ ਤਰੱਕੀ ਕਰ ਕੇ ਸਬ ਇੰਸਪੈਕਟਰ ਬਣ ਗਿਆ ਪਰ ਪੁਲਿਸ ਵਿਚ ਵੀ ਉਸ ਦਾ ਮੁੱਖ ਕੰਮ ਕੁਸ਼ਤੀਆਂ ਲੜਨਾ ਹੀ ਰਿਹਾ। ਲੋਕ ਟਿਕਟਾਂ ਲੈ ਕੇ ਕੁਸ਼ਤੀਆਂ ਵੇਖਦੇ ਜਿਸ ਨਾਲ ਉਸ ਨੂੰ ਕਮਾਈ ਵੀ ਚੋਖੀ ਹੁੰਦੀ। ਉਥੇ ਉਹ ਵਿਆਹਿਆ ਵੀ ਗਿਆ।

1939 'ਚ ਦੂਜੀ ਵਿਸ਼ਵ ਜੰਗ ਲੱਗ ਗਈ। ਜਪਾਨੀ ਮਲਾਇਆ ਵੱਲ ਵਧਣ ਲੱਗੇ। ਮਲਾਇਆ ਦੀ ਪੁਲਿਸ ਨੂੰ ਵੀ ਅੰਗਰੇਜ਼ਾਂ ਨੇ ਜਪਾਨੀਆਂ ਵਿਰੁੱਧ ਲੜਨ ਦਾ ਹੁਕਮ ਦੇ ਦਿੱਤਾ। ਦਾਰਾ ਲੜਨਾ ਨਹੀਂ ਸੀ ਚਾਹੁੰਦਾ ਪਰ ਬੱਧੇ-ਰੁਧੇ ਨੂੰ ਮੋਰਚੇ 'ਚ ਜਾਣਾ ਪਿਆ। ਦੋ ਗੋਲੀਆਂ ਉਹਦੇ ਕੰਨ ਨੂੰ ਛੂੰਹਦੀਆਂ ਲੰਘੀਆਂ ਪਰ ਉਹ ਬਚ ਗਿਆ। 25 ਫਰਵਰੀ 1942 ਨੂੰ ਜਪਾਨੀਆਂ ਨੇ ਮਲਾਇਆ 'ਤੇ ਕਬਜ਼ਾ ਕਰ ਲਿਆ। ਉਹ ਜਪਾਨੀਆਂ ਦੇ ਕਾਬੂ ਆ ਗਿਆ। ਉਸ ਨੂੰ ਪਹਿਲਾਂ ਤਾਂ ਜਪਾਨੀ ਸਜ਼ਾ ਦੇਣ ਲੱਗੇ ਪਰ ਉਹਦਾ ਦਿਓ-ਕੱਦ ਜੁੱਸਾ ਵੇਖ ਕੇ ਤੇ ਤਕੜਾ ਪਹਿਲਵਾਨ ਜਾਣ ਕੇ ਬਰੀ ਕਰ ਦਿੱਤਾ ਅਤੇ ਆਪਣੀ ਫੌਜ ਵਿਚ ਨੌਕਰੀ ਦੇ ਦਿੱਤੀ। ਜਦੋਂ ਅੰਗਰੇਜ਼ ਮੁੜ ਮਲਾਇਆ 'ਤੇ ਕਾਬਜ਼ ਹੋਏ ਤਾਂ ਦਾਰਾ ਸਿੰਘ 'ਤੇ ਜਪਾਨੀਆਂ ਦੀ ਮਦਦ ਕਰਨ ਦਾ ਮੁਕੱਦਮਾ ਚਲਾਇਆ ਗਿਆ। ਦਾਰੇ ਨੇ ਜਪਾਨੀਆਂ ਦੀ ਕੋਈ ਮਦਦ ਨਹੀਂ ਸੀ ਕੀਤੀ ਜਿਸ ਕਰਕੇ ਉਹ ਮੁਕੱਦਮੇ 'ਚੋਂ ਬਰੀ ਹੋ ਗਿਆ।

ਜਦੋਂ ਕੁਸ਼ਤੀਆਂ ਵਿਚ ਦਾਰੇ ਦੀ ਗੁੱਡੀ ਸਿਖਰ 'ਤੇ ਸੀ ਤਾਂ ਸਿੰਗਾਪੁਰੋਂ ਪਿੰਡ ਪਰਤੇ ਉਹਦੇ ਭਰਾ ਦਲੀਪ ਸਿੰਘ ਦਾ ਕਤਲ ਹੋ ਗਿਆ ਤੇ ਇੰਦਰ ਸਿੰਘ ਦਾ ਹੱਥ ਵੱਢਿਆ ਗਿਆ। ਕਤਲ ਦਾ ਕਾਰਨ ਮਾਮੂਲੀ ਸੀ। ਲਾਗਲੇ ਪਿੰਡ ਘਸੀਟਪੁਰੇ ਕਿਸੇ ਕਿਸਾਨ ਦੇ ਖੇਤੋਂ ਤੋਰੀਏ ਦੀ ਭਰੀ ਚੋਰੀਓਂ ਵੱਢੀ ਗਈ ਸੀ। ਉਹ ਕਿਸਾਨ ਦੂਲਚੀਪੁਰੇ ਆਇਆ ਤਾਂ ਇੰਦਰ ਤੇ ਦਲੀਪ ਪਰ੍ਹੇ 'ਚ ਬੈਠੇ ਮਿਲ ਪਏ। ਉਨ੍ਹਾਂ ਨੂੰ ਲਾਂਭੇ ਲਿਜਾ ਕੇ ਗੱਲ ਕਰਨ ਦੀ ਥਾਂ ਕਿਸਾਨ ਉਨ੍ਹਾਂ ਨੂੰ ਪੁੱਛ ਬੈਠਾ, "ਤੁਹਾਂ ਮੇਰਾ ਤੋਰੀਆ ਤਾਂ ਨ੍ਹੀ ਵੱਢਿਆ?" ਪਰ੍ਹੇ 'ਚ ਚੋਰੀ ਦਾ ਇਲਜ਼ਾਮ ਸੁਣ ਕੇ ਇੰਦਰ ਤੇ ਦਲੀਪ ਨੂੰ ਅੱਗ ਲੱਗ ਗਈ ਤੇ ਉਨ੍ਹਾਂ ਆਖਿਆ, "ਮੂੰਹ ਸੰਭਾਲ ਕੇ ਬੋਲ ਓਏ। ਤੈਨੂੰ ਕੀਹਨੇ ਕਿਹਾ ਪਈ ਅਹੀਂ ਤੇਰਾ ਤੋਰੀਆ ਵੱਢਿਆ?"

ਕਿਸਾਨ ਦੇ ਮੂੰਹੋਂ ਨਿਕਲ ਗਿਆ, "ਧਾਡੇ ਸਰਦਾਰੇ ਨੇ ਦੱਸਿਐ।"

ਸਰਦਾਰੇ ਨੇ ਇਹ ਬਿਲਕੁਲ ਨਹੀਂ ਸੀ ਕਿਹਾ। ਜੇਕਰ ਪੁੱਛ ਪੜਤਾਲ ਕਰਦੇ ਤਾਂ ਗੁੱਸਾ ਘਸੀਟਪੁਰੇ ਦੇ ਕਿਸਾਨ 'ਤੇ ਨਿਕਲਦਾ। ਪਰ ਕਹਾਣੀ ਉਲਟ




ਪਾਸੇ ਤੁਰ ਪਈ ਜਿਸ ਨਾਲ ਕਤਲਾਂ ਦਾ ਮੁੱਢ ਬੱਝ ਗਿਆ। ਇੰਦਰ ਤੇ ਦਲੀਪ ਨੇ ਸਰਦਾਰਾ ਬੀਹੀ ਵਿਚ ਜਾ ਘੇਰਿਆ ਤੇ ਬਿਨਾਂ ਪੁੱਛੇ ਸੋਟੀਆਂ ਮਾਰ ਦਿੱਤੀਆਂ। ਇਥੋਂ ਉਨ੍ਹਾਂ ਦਾ ਆਪਸ ਵਿਚ ਵੈਰ ਪੈ ਗਿਆ। ਇੰਦਰ ਹੋਰਾਂ ਦਾ ਬਾਪ ਪਿਆਰਾ ਸਿੰਘ ਤੇ ਸਰਦਾਰੇ ਹੋਰਾਂ ਦਾ ਬਾਪ ਸਾਉਣ ਸਿੰਘ ਚਾਚੇ ਤਾਏ ਦੇ ਪੁੱਤਰ ਸਨ। ਇਕੋ ਬਾਬੇ ਦੀ ਔਲਾਦ। ਗੁਆਂਢੀ ਪਿੰਡ ਦੇ ਤੋਰੀਏ ਦੀ ਭਰੀ ਨੇ ਉਨ੍ਹਾਂ ਵਿਚ ਕਲੇਸ਼ ਖੜ੍ਹਾ ਕਰ ਦਿੱਤਾ। ਇੰਦਰ ਹੋਰਾਂ ਨੂੰ ਦਾਰੇ ਦੀ ਤਾਕਤ ਦਾ ਗੁਮਾਨ ਸੀ ਜਿਸ ਦਾ ਦੁਨੀਆਂ 'ਚ ਨਾਂ ਸੀ। ਅੱਗੋਂ ਸ਼ਰੀਕ ਵੀ ਤਿੰਨ ਭਰਾ ਸਨ, ਸਰਦਾਰਾ, ਗੁਰਮੁਖ ਤੇ ਬਾਵਾ। ਇਕ ਉਨ੍ਹਾਂ ਦਾ ਚਾਚਾ ਸੀ ਨਰੈਣ ਸਿੰਘ। ਨਰੈਣ ਸਿੰਘ ਨੇ ਇਕ ਦਿਨ ਕਿਹਾ ਕਿ ਇਨ੍ਹਾਂ ਨਾਲ ਹੁਣ ਸਿਝਣਾ ਈ ਪਊ। ਅਖ਼ੀਰ ਉਨ੍ਹਾਂ ਨੇ ਮਨ 'ਚ ਧਾਰ ਲਿਆ ਕਿ ਇੰਦਰ ਹੋਰਾਂ ਦਾ ਕੰਡਾ ਕੱਢ ਹੀ ਦੇਣਾ ਚਾਹੀਦੈ। ਉਨ੍ਹਾਂ ਦਲੀਪ ਦਾ ਕਤਲ ਕਰ ਦਿੱਤਾ ਤੇ ਇੰਦਰ ਦਾ ਗੁੱਟ ਵੱਢਿਆ ਗਿਆ।

ਤੋਰੀਆ ਘਸੀਟਪੁਰੇ ਦਾ, ਵੱਢਣ ਵਾਲਾ ਪਤਾ ਨਹੀਂ ਕੌਣ ਸੀ? ਪਰ ਉਹਦੇ 'ਚ ਘਸੀਟਿਆ ਗਿਆ ਦੂਲਚੀਪੁਰੇ ਦਾ ਸਕਾ ਸਧਰਾ ਪਰਿਵਾਰ। ਇਹਨੂੰ ਕਹਿੰਦੀ ਆ ਹੋਣੀ!

ਦਾਰੇ ਨੂੰ ਭਰਾ ਦੇ ਕਤਲ ਦਾ ਪਤਾ ਲੱਗਾ ਤਾਂ ਉਹਦੇ ਅੰਦਰ ਬਦਲੇ ਦੀ ਅੱਗ ਭੜਕ ਉਠੀ। ਉਹ ਪਤਨੀ ਤੇ ਪੁੱਤਰ ਨੂੰ ਪਿੱਛੇ ਛੱਡ ਕਤਲ ਦਾ ਬਦਲਾ ਲੈਣ ਪਿੰਡ ਪਰਤ ਆਇਆ। 19 ਅਕਤੂਬਰ 1950 ਦਸਹਿਰੇ ਦਾ ਦਿਨ ਸੀ। ਦਾਰੇ ਧਰਮੂਚੱਕੀਏ ਦਾ ਚਾਚਾ ਨਿਰੰਜਣ ਸਿੰਘ ਦਾਰੇ ਦੂਲਚੀਪੁਰੀਏ ਦਾ ਸਿੰਗਾਪੁਰ ਤੋਂ ਹੀ ਬੇਲੀ ਸੀ। ਅਨੋਖ ਸਿੰਘ ਉਹਦੇ ਨਾਲ ਸੀ। ਉਨ੍ਹਾਂ ਸ਼ਰਾਬ ਪੀਤੀ ਤੇ ਹਥਿਆਰ ਲੈ ਕੇ ਘਰੋਂ ਨਿਕਲੇ। ਖੇਤੋਂ ਸਰਦਾਰਾ ਮੱਝਾਂ ਲੈ ਕੇ ਆ ਰਿਹਾ ਸੀ। ਪੱਠਿਆਂ ਦੀ ਭਰੀ ਉਹਦੇ ਸਿਰ 'ਤੇ ਸੀ। ਮੱਝਾਂ ਉਸ ਨੇ ਛੱਪੜ 'ਚ ਵਾੜ ਦਿੱਤੀਆਂ ਤੇ ਆਪ ਭਰੀ ਸੁੱਟਣ ਘਰ ਚਲਾ ਗਿਆ। ਮੱਝਾਂ ਛੱਪੜ 'ਚ ਵਾੜਨ ਤੋਂ ਦਾਰੇ ਹੋਰਾਂ ਲੱਖਣ ਲਾਇਆ ਕਿ ਉਹ ਮੱਝਾਂ ਕੱਢਣ ਵੀ ਆਵੇਗਾ। ਇਹੋ ਢੁੱਕਵਾਂ ਮੌਕਾ ਹੋਵੇਗਾ ਉਸ ਨੂੰ ਬੰਨੇ ਲਾਉਣ ਦਾ।

ਦਾਰੇ ਕੋਲ ਕੁਹਾੜੀ ਸੀ, ਇੰਦਰ ਕੋਲ ਕਿਰਪਾਨ ਅਤੇ ਨਿਰੰਜਣ ਤੇ ਅਨੋਖ ਸਿੰਘ ਕੋਲ ਬਰਛੀਆਂ ਸਨ। ਸਰਦਾਰਾ ਮੱਝਾਂ ਕੱਢਣ ਲਈ ਛੱਪੜ ਵਿਚ ਵੜਿਆ ਤਾਂ ਚਾਰਾਂ ਜਣਿਆਂ ਨੇ ਚਾਰੇ ਬਾਹੀਆਂ ਮੱਲ ਲਈਆਂ। ਲੋਕ ਛੱਤਾਂ 'ਤੇ ਚੜ੍ਹੇ ਖੜ੍ਹੇ ਸਨ। ਸੱਤ ਫੁੱਟੇ ਕੱਦ ਦਾ ਦਾਰਾ ਛੱਪੜ 'ਚ ਵੜਿਆ ਤੇ ਉਹਨੇ ਸਰਦਾਰੇ ਨੂੰ ਧੌਣੋਂ ਜਾ ਫੜਿਆ। ਭਾਊ ਦਲੀਪ ਦੇ ਬਦਲੇ ਦੀ ਗੱਲ ਜਿਤਾ ਕੇ ਦਾਰੇ ਨੇ ਕੁਹਾੜੀ ਨਾਲ ਉਹਦੇ ਸਿਰ 'ਤੇ ਵਾਰ ਕੀਤੇ। ਸਿਰ 'ਚੋਂ ਲਹੂ ਦੀਆਂ ਧਾਰਾਂ ਫੁੱਟ ਤੁਰੀਆਂ ਜਿਨ੍ਹਾਂ ਨਾਲ ਛੱਪੜ ਦਾ ਪਾਣੀ ਲਾਲ ਹੋ ਗਿਆ। ਆਖ਼ਰ ਸਰਦਾਰਾ ਤੜਫ ਕੇ ਸਾਹ ਛੱਡ ਗਿਆ। ਫਿਰ ਦਾਰੇ ਨੇ ਆਪਣੇ ਪੈਰਾਂ ਨਾਲ ਹੀ ਸਰਦਾਰੇ ਨੂੰ ਛੱਪੜ ਦੀ ਗਾਰ ਵਿਚ ਦੱਬ ਦਿੱਤਾ।

19 ਅਕਤੂਬਰ 1950 ਨੂੰ ਹੋਏ ਕਤਲ ਦੀ ਸਜ਼ਾ 26 ਮਾਰਚ 1951 ਨੂੰ ਸੁਣਾਈ ਗਈ। ਦਾਰੇ ਨੂੰ ਫਾਂਸੀ ਤੇ ਇੰਦਰ ਸਿੰਘ ਨੂੰ ਉਮਰ ਕੈਦ ਬੋਲੀ। ਨਿਰੰਜਣ ਸਿੰਘ ਤੇ ਅਨੋਖ ਸਿੰਘ ਸ਼ੱਕ ਦੀ ਬਿਨਾ 'ਤੇ ਬਰੀ ਕਰ ਦਿੱਤੇ। ਹਾਈ ਕੋਰਟ ਵਿਚ ਅਪੀਲ ਹੋਈ ਤਾਂ ਫੈਸਲਾ ਹੋਣ ਤਕ ਫਾਂਸੀ ਰੁਕੀ ਰਹੀ। ਅਪੀਲ ਮਗਰੋਂ ਵੀ ਫਾਂਸੀ ਦੀ ਸਜ਼ਾ ਬਰਕਰਾਰ ਰਹੀ। ਫਿਰ ਅਪੀਲ ਸੁਪਰੀਮ ਕੋਰਟ ਵਿਚ ਕੀਤੀ ਗਈ ਜਿਸ ਨਾਲ ਫਾਂਸੀ ਟੁੱਟ ਕੇ ਦਾਰੇ ਦੀ ਸਜ਼ਾ ਵੀਹ ਸਾਲ ਦੀ ਕੈਦ ਵਿਚ ਬਦਲ ਗਈ।

ਉਹ ਫਿਰੋਜ਼ਪੁਰ ਜੇਲ੍ਹ ਵਿਚ ਕੈਦ ਕੱਟਣ ਲੱਗਾ ਜਿਥੇ ਰਿਲੀਫ਼ ਫੰਡ 'ਕੱਠਾ ਕਰਨ ਲਈ ਉਸ ਨੂੰ ਨੁਮਾਇਸ਼ੀ ਕੁਸ਼ਤੀਆਂ ਵਿਖਾਉਣ ਲਿਜਾਇਆ ਜਾਣ ਲੱਗਾ। 1957 'ਚ ਮੈਂ ਖ਼ੁਦ ਫਾਜ਼ਿਲਕਾ ਵਿਖੇ ਉਸ ਦੀ ਕੁਸ਼ਤੀ ਵੇਖੀ। ਰਿੰਗ ਕੋਲ ਉਸ ਦੀ ਹੱਥਕੜੀ ਖੋਲ੍ਹੀ ਗਈ ਤੇ ਕੁਸ਼ਤੀ ਪਿਛੋਂ ਮੁੜ ਜੜ ਲਈ ਗਈ ਸੀ। ਚਿੱਟੇ ਕੁੜਤੇ ਚਾਦਰੇ ਨਾਲ ਉਹ ਖਲਕਤ ਤੋਂ ਗਿੱਠ ਉੱਚਾ ਦਿਸਦਾ ਸੀ।

ਸੋਨੀਪਤ ਨੇੜਲੇ ਪਿੰਡ ਭੱਟਗਾਓਂ 'ਚ ਹੋਏ ਦੰਗਲ ਨਾਲ ਉਹਦੀ ਤਕਦੀਰ ਹੀ ਬਦਲ ਗਈ। ਉਥੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਆਪਣੇ ਵਿਸ਼ੇਸ਼ ਮਹਿਮਾਨਾਂ ਨੂੰ ਦਾਰੇ ਦੀ ਕੁਸ਼ਤੀ ਵਿਖਾਉਣ ਲੈ ਕੇ ਗਏ। ਵਿਸ਼ੇਸ਼ ਮਹਿਮਾਨ ਸਨ ਸੋਵੀਅਤ ਰੂਸ ਦੇ ਮਾਰਸ਼ਲ ਬੁਲਗਾਨਿਨ ਤੇ ਨਿਕੀਤਾ ਖਰੋਸ਼ਚੇਵ। ਜਿਉਂ ਹੀ ਕੁਸ਼ਤੀ ਪਿੱਛੋਂ ਦਾਰੇ ਦੇ ਹੱਥਕੜੀ ਲਾਈ ਜਾਣ ਲੱਗੀ ਤਾਂ ਦਰਸ਼ਕਾਂ ਨੇ ਨਾਹਰੇ ਲਾ ਦਿੱਤੇ, "ਦਾਰੇ ਨੂੰ ਰਿਹਾਅ ਕਰੋ।"

ਰੂਸੀ ਮਹਿਮਾਨਾਂ ਨੇ ਦੁਭਾਸ਼ੀਏ ਨੂੰ ਪੁੱਛਿਆ ਕਿ ਲੋਕ ਕੀ ਕਹਿੰਦੇ ਹਨ? ਜਦੋਂ ਦੱਸਿਆ ਕਿ ਲੋਕ ਦਾਰੇ ਦੀ ਜੇਲ੍ਹ 'ਚੋਂ ਰਿਹਾਈ ਮੰਗਦੇ ਹਨ ਤਾਂ ਉਨ੍ਹਾਂ ਨੇ ਪੰਡਤ ਨਹਿਰੂ ਨਾਲ ਗੱਲ ਕੀਤੀ। ਪੰਡਤ ਜੀ ਨੇ ਪੰਜਾਬ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਨੂੰ ਕਹਿ ਕੇ ਮਹਿਮਾਨਾਂ ਲਈ ਦਾਰੇ ਦੀ ਕੁਸ਼ਤੀ ਦਾ ਪ੍ਰਬੰਧ ਕਰਵਾਇਆ ਸੀ। ਮਹਿਮਾਨਾਂ ਦੀ ਇੱਛਾ ਤੇ ਕੁਸ਼ਤੀਆਂ ਰਾਹੀਂ ਹਾਸਲ ਕੀਤੇ ਜਾ ਰਹੇ ਰਿਲੀਫ਼ ਫੰਡ ਨੂੰ ਮੁੱਖ ਰੱਖਦਿਆਂ ਦਾਰੇ ਕਿੱਲਰ ਨੂੰ ਇਕ ਮਹੀਨੇ ਦੀ ਪੈਰੋਲ 'ਤੇ ਛੱਡ ਦਿੱਤਾ ਗਿਆ। ਫਿਰ ਉਹਤੋਂ ਰਹਿਮ ਦੀ ਅਪੀਲ ਕਰਵਾਈ ਗਈ ਜੋ ਰਾਸ਼ਟਰਪਤੀ ਡਾ. ਰਾਜਿੰਦਰ ਪ੍ਰਸਾਦ ਨੇ ਲੋੜੀਂਦੀ ਕਾਰਵਾਈ ਪਿੱਛੋਂ ਪਰਵਾਨ ਕਰ ਕੇ ਦਾਰਾ ਸਿੰਘ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਰਿਹਾਅ ਹੋ ਕੇ ਦਾਰਾ ਸਿੰਘ ਨੇ ਰਿਲੀਫ਼ ਫੰਡ 'ਚੋਂ ਆਪਣਾ ਦੋ ਲੱਖ ਰੁਪਏ ਦਾ ਕੁਸ਼ਤੀ ਕਮਿਸ਼ਨ ਲੋੜਵੰਦ ਗਰੀਬਾਂ ਨੂੰ ਵੰਡ ਦਿੱਤਾ ਜਿਨ੍ਹਾਂ ਦੀਆਂ ਦੁਆਵਾਂ ਨਾਲ ਉਹ ਰਿਹਾਅ ਹੋਇਆ ਸੀ।

ਜੇਲ੍ਹ 'ਚੋਂ ਰਿਹਾਅ ਹੋ ਕੇ ਦਾਰੇ ਨੇ ਫਿਰ ਕੁਝ ਸਮਾਂ ਕੁਸ਼ਤੀਆਂ ਲੜੀਆਂ ਅਤੇ ਫਿਲਮਾਂ 'ਸੈਮਸਨ' ਤੇ 'ਖ਼ੂਨ ਕਾ ਬਦਲਾ ਖ਼ੂਨ' ਵਿਚ ਫਿਲਮੀ ਰੋਲ ਨਿਭਾਇਆ ਜੋ ਨਾ ਉਸ ਨੂੰ ਪਸੰਦ ਆਇਆ ਤੇ ਨਾ ਦਰਸ਼ਕਾਂ ਨੂੰ। ਪਹਿਲੀ ਫਿਲਮ ਵਿਚ ਉਸ ਨੂੰ ਜਿੰਨ ਬਣ ਕੇ ਬੋਤਲ 'ਚ ਬੰਦ ਹੋਣਾ ਪਿਆ ਤੇ ਦੂਜੀ ਫਿਲਮ ਵਿਚ ਟਾਂਗੇ ਵਾਲਾ ਬਣਨਾ ਪਿਆ ਸੀ। ਉਹਦੇ ਸਾਥੀ ਭਲਵਾਨਾਂ ਨੂੰ ਇਹ ਰੋਲ ਚੰਗੇ ਨਹੀਂ ਲੱਗੇ ਜਿਸ ਕਰਕੇ ਉਨ੍ਹਾਂ ਨੇ ਕਿਹਾ, "ਏਡੇ ਵੱਡੇ ਭਲਵਾਨ ਨੂੰ ਇਹ ਕੁਝ ਕਰਨਾ ਨੀ ਸ਼ੋਭਦਾ। ਛੱਡ ਪਰ੍ਹਾਂ ਫਿਲਮਾਂ ਦਾ ਕੰਜਰਕਾਨਾ!" ਤੇ ਉਹ ਫਿਲਮਾਂ ਛੱਡ ਕੇ ਪਿੰਡ ਪਰਤ ਗਿਆ ਜਿਥੇ ਉਸ ਨੇ ਦੋ ਵਾਰ ਪਿੰਡ ਦੀ ਸਰਪੰਚੀ ਕੀਤੀ। ਚੰਗੇ ਕੰਮ ਵੀ ਕੀਤੇ, ਧੜੇਬੰਦੀ 'ਚ ਮਾੜੇ ਵੀ ਤੇ ਨਸ਼ੇ ਪੱਤੇ ਵੀ ਕੀਤੇ।

ਸੱਤਰ ਸਾਲ ਦੀ ਉਮਰ 'ਚ ਉਸ ਨੂੰ ਅਧਰੰਗ ਦੇ ਦੋ ਦੌਰੇ ਪਏ। ਸੱਜੀ ਬਾਂਹ ਸੁੰਨ ਹੋ ਗਈ ਤੇ ਸੱਜੀ ਲੱਤ ਵੀ ਹਿਲਣੋਂ ਰਹਿ ਗਈ। ਉਸ ਨੂੰ ਤਰਨਤਾਰਨ ਲਿਜਾਇਆ ਗਿਆ। ਡਾਕਟਰ ਨੇ ਇਲਾਜ ਤਾਂ ਸ਼ੁਰੂ ਕਰ ਦਿੱਤਾ ਪਰ ਉਹਦੇ ਬਚਣ ਦੀ ਬਹੁਤੀ ਆਸ ਨਹੀਂ ਸੀ। ਉਹ ਬੇਹੋਸ਼ ਸੀ ਜਿਸ ਕਰਕੇ ਕਿਸੇ ਗੱਲ ਦਾ ਹੁੰਗਾਰਾ ਨਹੀਂ ਸੀ ਭਰ ਰਿਹਾ। ਸਿਰਫ ਸਾਹ ਚੱਲ ਰਹੇ ਸਨ। ਉਸ ਦੀ ਪਤਨੀ, ਪੁੱਤਰ ਤੇ ਪੋਤਰੇ ਸਿਰ੍ਹਾਣੇ ਬੈਠੇ ਸਨ।

25 ਜੁਲਾਈ 1988 ਨੂੰ ਅੰਮ੍ਰਿਤ ਵੇਲੇ ਉਸ ਨੇ ਆਖ਼ਰੀ ਸਾਹ ਲਿਆ। ਪਿੱਛੇ ਪਤਨੀ ਬਲਬੀਰ ਕੌਰ, ਪੁੱਤਰ ਹਰਬੰਸ ਸਿੰਘ ਤੇ ਦੋਵੇਂ ਪੋਤਰਿਆਂ ਨੂੰ ਧਾਹਾਂ ਮਾਰਦੇ ਛੱਡ ਗਿਆ। ਉਸ ਦਾ ਸਸਕਾਰ ਦੂਲਚੀਪੁਰ ਦੇ ਸਿਵਿਆਂ 'ਚ ਕੀਤਾ ਗਿਆ। ਸੱਤ ਫੁੱਟੇ ਦਾਰਾ ਸਿੰਘ ਦੀ ਯਾਦ ਵਿਚ ਉਹਦੇ ਖੇਤ 'ਚ ਸੱਤ ਫੁੱਟੀ ਸਮਾਧ ਬਣਾ ਦਿੱਤੀ ਗਈ। ਫਰ ਰੁਸਤਮੇ ਜ਼ਮਾਂ ਪਹਿਲਵਾਨ ਦਾ ਜਹਾਨ ਤੋਂ ਚਲੇ ਜਾਣਾ ਅਖ਼ਬਾਰਾਂ ਦੀ ਖ਼ਬਰ ਨਾ ਬਣ ਸਕਿਆ। 2010 ਵਿਚ ਬਲਵੰਤ ਸਿੰਘ ਸੰਧੂ ਨੇ ਉਹਦੇ ਬਾਰੇ ਨਾਵਲ 'ਗੁੰਮਨਾਮ ਚੈਂਪੀਅਨ' ਲਿਖਿਆ ਜੋ ਪੰਜਾਬੀ ਖੇਡ ਸਾਹਿਤ ਦਾ ਪਹਿਲਾ ਨਾਵਲ ਹੈ।

---

## ਦਰਦ ਵਿਛੋੜੇ ਦਾ ਹਾਲ ਨੀ, ਮੈਂ ਕੈ ਨੂੰ ਆਖਾਂ!

(ਸਫਾ 15 ਦੀ ਬਾਕੀ)

ਅੱਗੇ ਉੱਚੀ ਲੰਮੀ ਸੁਣੱਖੀ ਜੋਗਿੰਦਰ ਕੌਰ (ਮੇਰੀ ਦਾਦੀ) ਤੁਰੀ ਫ਼ਿਰਦੀ ਆ ਗਈ। ਮੇਰੇ ਦਾਦਾ ਜੀ ਰਹਿੰਦੇ ਸਨ ਇੱਥੇ। ਸੋਚਾਂ ਨੇ ਜਿਹੜੇ ਦਾਦੇ ਨੂੰ ਅਸਲ ਵਿਚ ਨਹੀਂ ਵੇਖਿਆ, ਉਹ ਵੀ ਵੇਖ ਲਿਆ। ਹੋਰ ਤੇ ਹੋਰ! ਘਰ ਦੇ ਨਕਸ਼ੇ ਵਿਚ ਕੋਈ ਵੀ ਬਦਲਾਓ ਨਹੀਂ ਸੀ ਹੋਇਆ। ਉਵੇਂ ਈ ਘਰ ਦਾ ਇੰਦਰਾਜ਼, ਓਨੇ ਹੀ ਘਰ ਦੇ ਕਮਰੇ ਤੇ ਓਥੇ ਦੇ ਓਥੇ ਈ ਸੀ ਜਿਵੇਂ ਜਿਵੇਂ ਮੇਰੀ ਦਾਦੀ ਨੇ ਮੇਰੇ ਡੈਡੀ ਨੂੰ ਦੱਸੇ ਹੋਏ ਸੀ। ਵੀਡੀਓ ਵਿਚ ਡੈਡੀ ਮੈਨੂੰ ਬੱਚਿਆਂ ਵਾਂਗ ਰੋਂਦੇ ਹੋਏ ਦਿੱਸੇ। ਮੇਰਾ ਜੀਅ ਕੀਤਾ ਮੈਂ ਘੁੱਟ ਕੇ ਜੱਫ਼ੀ ਪਾ ਲਵਾਂ ਤੇ ਆਪ ਵੀ ਰੱਜ ਕੇ ਰੋਵਾਂ। ਮੈਨੂੰ ਲੱਗਾ ਜਿਵੇਂ 47 ਦੀ ਵੰਡ ਵੇਲੇ ਡੈਡੀ ਹੋਰਾਂ ਨੇ ਨਹੀਂ ਮੈਂ ਵੀ ਇਹ ਘਰ ਛੱਡਿਆ ਸੀ। ਮੈਂ ਵੀ ਜਿਵੇਂ ਕਿਤੇ ਕਦੇ ਇੱਥੇ ਈ ਰਹਿੰਦੀ ਹੁੰਦੀ ਸੀ।

ਅਗਲੇ ਦਿਨ ਉੱਠੀ ਤਾਂ ਇੱਕ ਹੋਰ ਵੀਡੀਓ ਦੇਖੀ। ਉਹ ਸੀ ਮੇਰੀ ਮੰਮੀ ਦੀ। ਮੇਰੀ ਮੰਮੀ ਦੀ ਪੈਦਾਇਸ਼ ਭਾਵੇਂ ਲਾਹੌਰ ਦੀ ਨਹੀਂ ਸੀ, ਪਰ ਸਾਡੇ 'ਭਾਪਾ ਜੀ' ਵੰਡ ਤੋਂ ਪਹਿਲਾਂ ਥਾਣਾ ਕਿਲ੍ਹਾ ਗੁੱਜਰ ਸਿੰਘ ਲਾਹੌਰ ਦੇ ਐੱਸ ਐੱਚ ਓ ਸਨ। ਕਿਲ੍ਹਾ ਗੁੱਜਰ ਸਿੰਘ ਦੇ ਕਵਾਟਰਾਂ ਵਿਚ ਮੰਮੀ ਦੇ ਵੱਡੇ ਭੈਣ ਭਰਾ ਜ਼ਰੂਰ ਰਹੇ ਸਨ ਤੇ ਵੰਡ ਤੋਂ ਬਾਅਦ ਉਨ੍ਹਾਂ ਦੀ ਬਦਲੀ ਏਧਰ ਹੋ ਗਈ ਸੀ। ਮੰਮੀ ਦੀ ਉਮਰ ਕੋਈ ਦੋ ਕੁ ਸਾਲ ਦੀ ਹੀ ਹੋਵੇਗੀ ਜਦੋਂ 26 ਜਨਵਰੀ ਦੀਆਂ ਘੋੜ-ਖੇਡਾਂ 'ਚ ਨਾਨਾ ਜੀ ਦੇ ਘੋੜੇ ਦਾ ਸੰਤੁਲਨ ਵਿਗੜਨ ਕਾਰਨ ਨਾਨਾ ਜੀ ਆਪਣੇ ਘੋੜੇ ਤੋਂ ਡਿੱਗ ਪਏ, ਜਿਸ ਵਜ੍ਹਾ ਨਾਲ ਸੱਟ ਸਿੱਧਾ ਓਨ੍ਹਾਂ ਦੇ ਸਿਰ 'ਤੇ ਲੱਗੀ ਤੇ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ ਸੀ। ਇਹ ਮੇਰੀ ਨਾਨੀ ਤੇ ਉਸ ਦੇ ਬਾਲ ਬੱਚਿਆਂ ਦੇ ਲਈ ਸਾਰੀ ਉਮਰ ਦਾ ਹਉਕਾ ਸੀ। ਮੇਰੀ ਮਾਂ ਮੈਨੂੰ ਅਕਸਰ ਦੱਸਦੀ ਹੁੰਦੀ ਏ ਕਿ ਪਿਓ ਤੋਂ ਬਿਨਾਂ ਉਹ ਕਿੰਨੀ ਉਦਾਸ ਰਹਿੰਦੀ ਹੁੰਦੀ ਸੀ, ਇਕੱਲੀ ਬੈਠੀ ਨੇ ਉੱਚੀ ਉੱਚੀ ਰੋਂਦੀ ਰਹਿਣਾ- "ਭਾਪਾ ਜੀ ਆਜੋ, ਹਾਏ ਭਾਪਾ ਜੀ ਆਜੋ।" ਬਾਪ ਦਾ ਸਾਇਆ ਬਚਪਨ 'ਚ ਸਿਰ 'ਤੇ ਨਾ ਹੋਣ ਦਾ ਹਉਕਾ ਮੇਰੀ ਮਾਂ ਦੇ ਮਨ ਵਿਚ ਹਮੇਸ਼ਾਂ ਰਿਹਾ। ਇਹੀ ਵਜ੍ਹਾ ਸੀ ਕਿ ਜਿੱਥੇ ਇੱਕ ਪਾਸੇ ਡੈਡੀ ਨੂੰ ਆਪਣੇ ਭਡਾਣੇ ਵਿਚਲੇ ਘਰ ਨੂੰ ਵੇਖਣ ਦੀ ਮਿਕਨਾਤੀਸੀ ਖਿੱਚ ਸੀ, ਓਥੇ ਮੇਰੀ ਮਾਂ ਦੀ ਇਹ ਦਿਲੀ ਇੱਛਾ ਸੀ ਕਿ ਉਹ ਉਨ੍ਹਾਂ ਕਵਾਟਰਾਂ ਨੂੰ ਜ਼ਰੂਰ ਵੇਖ ਕੇ ਆਵੇ ਜਿੱਥੇ ਉਹਦੀ ਮਾਂ ਨਾਨੇ ਨਾਲ ਰਹਿੰਦੀ ਸੀ। ਕਿਲ੍ਹਾ ਗੁੱਜਰ ਦਾ ਉਹ ਥਾਣਾ ਵੇਖ ਕੇ ਆਵੇ, ਜਿੱਥੇ ਉਹਦਾ ਟੌਹਰੀ ਬਾਪ ਐੱਸ ਐੱਚ ਓ ਸੀ।

ਥਾਣਾ ਕਿਲ੍ਹਾ ਗੁੱਜਰ ਸਿੰਘ ਪਹੁੰਚ ਕੇ ਜਦ ਮੇਰੀ ਮਾਂ ਨੇ ਐੱਸ ਐੱਚ ਓ ਦੀ ਕੁਰਸੀ ਵੇਖੀ ਤਾਂ ਉਹਦਾ ਇਹ ਸੋਚ ਕੇ ਗੱਚ ਭਰ ਆਇਆ ਕਿ ਕਦੇ ਮੇਰਾ ਸਰਦਾਰ ਪਿਓ ਏਸ ਕਰਸੀ 'ਤੇ ਬੈਠਦਾ ਸੀ। ਭਰੇ ਗੱਚ ਨਾਲ ਮੇਰੀ ਮਾਂ ਨੇ ਐੱਸ ਐੱਚ ਓ ਯੂਨਸ ਭੱਟੀ ਨੂੰ ਕਿਹਾ, "ਕੀ ਮੈਂ ਇਸ ਕੁਰਸੀ ਨੂੰ ਹੱਥ ਲਾ ਸਕਦੀ ਆਂ?" ਯੂਨਸ ਭੱਟੀ ਝੱਟ ਆਪਣੀ ਕੁਰਸੀ ਤੋਂ ਉੱਠ ਖੜ੍ਹਾ ਹੋਇਆ ਤੇ ਕਹਿਣ ਲੱਗਾ, "ਕਿਓਂ ਨਹੀਂ ਇਹ ਕੁਰਸੀ ਪਹਿਲਾਂ ਤੁਹਾਡੇ ਪਿਓ ਦੀ ਸੀ ਤੇ ਹੁਣ ਪੁੱਤ ਦੀ ਏ। ਮਾਂ ਤੂੰ ਇਸ ਕੁਰਸੀ 'ਤੇ ਬਹਿ।" ਮੇਰੀ ਮਾਂ ਨੇ ਕੁਰਸੀ 'ਤੇ ਬਹਿ ਕੇ ਪਹਿਲਾਂ ਤਾਂ ਓਸ ਕੁਰਸੀ ਨੂੰ ਹੱਥ ਲਾ ਕੇ ਮਹਿਸੂਸ ਕੀਤਾ ਤੇ ਫ਼ਿਰ ਫ਼ੋਨ 'ਚੋਂ ਆਪਣੇ ਪਿਤਾ ਜੀ ਦੀ ਤਸਵੀਰ ਕੱਢ ਕੇ ਆਪਣੀ ਹਿੱਕ ਨਾਲ ਲਾ ਕੇ ਰੋਣ ਲੱਗ ਪਈ। ਓਥੇ ਬੈਠੇ ਸਭ ਭਾਵੁਕ ਹੋ ਗਏ। ਮੇਰੀ ਮਾਂ ਨੂੰ ਇੰਝ ਲੱਗਾ ਜਿਵੇਂ ਉਹਨੇ ਆਪਣੇ ਬਾਪ ਨੂੰ ਮਿਲ ਲਿਆ ਹੋਵੇ। ਦੇਖ ਕੇ ਮੇਰੀਆਂ ਅੱਖਾਂ 'ਚ ਵੀ ਹੰਝੂ ਆ ਗਏ। ਓਸ ਪਲ ਮੈਨੂੰ ਵੀ ਲੱਗਾ ਕਿ ਮੈਂ ਆਪਣੇ ਨਾਨੇ ਨੂੰ ਘੁੱਟ ਕੇ ਜੱਫ਼ੀ ਪਾ ਲਈ ਹੈ।

ਤੇ ਹਾਂ! ਹੁਣ ਇਨ੍ਹਾਂ ਅੱਖਾਂ ਨੇ ਭਡਾਣੇ ਵਾਲਾ ਘਰ ਵੀ ਵੇਖ ਲਿਆ ਤੇ ਕਿਲ੍ਹਾ ਗੁੱਜਰ ਸਿੰਘ ਵੀ ਵੇਖ ਲਿਆ।

ਅੰਜੁਮ ਗਿੱਲ ਦੀਆਂ ਡੈਡੀ ਬਾਰੇ ਪਾਈਆਂ ਪੋਸਟਾਂ ਵਿਚ ਆਹ ਸਤਰਾਂ ਨੇ:

ਰਿਸ਼ਤੇਦਾਰੀ ਬਥੇਰੀ ਵੱਡੀ,
ਪਰ ਢੁੱਕਿਆ ਨਾ ਕੋਈ ਪ੍ਰਾਹੁਣਾ
ਜਦ ਏਥੇ ਜੰਮਿਆ ਤੂੰ ਨਹੀਂ ਆਉਂਦਾ,
ਤਾਂ ਹੈਥੇ ਜੰਮਿਆਂ ਨੇ ਕੀ ਆਉਣਾ
ਪਿੰਡ ਭਡਾਣੇ ਘੁੰਮ ਜਾਇਆ ਕਰ, ਜੇ
ਨਹੀਂ ਆਉਣਾ ਰਹਿਣ।

ਘਰ ਕਹਿੰਦਾ ਘਰ ਮੁੜਿਆ ਹੁਣ ਤਾਂ...।

ਇਹ ਸੁਣ ਕੇ ਮੇਰੀ ਸੋਚ ਫ਼ਿਰ ਪਿੰਡ ਸੁਰ ਸਿੰਘ ਵੱਲ ਪਰਤ ਜਾਂਦੀ ਹੈ। ਪਿੰਡ ਸੁਰ ਸਿੰਘ ਵਾਲੇ ਮੇਰੇ ਘਰ! ਤੈਨੂੰ ਵੀ ਮੈਂ ਇਹ ਕਹਿਣਾ ਚਾਹੁੰਦੀ ਆਂ ਕਿ ਕਾਸ਼! ਮੈਂ ਇੱਕ ਵਾਰ ਫ਼ੇਰ ਨਿੱਕੀ ਬੱਚੀ ਬਣ ਜਾਂ ਤੇ ਓਸੇ ਵਿਹੜੇ 'ਚ ਮੇਰੀ ਨਾਨੀ ਮੈਨੂੰ 'ਮੇਰਾ ਮਨ ਲੋਚੈ' ਬੋਲਦੀ ਸੁਣੇ। ਮੈਂ ਇੱਕ ਵਾਰ ਫ਼ੇਰ ਉਨ੍ਹਾਂ ਕਿਆਰੀਆਂ ਕੋਲ ਬੈਠੀ ਹੋਵਾਂ ਤੇ ਦਾਦੀ ਤੂੰ ਫ਼ੇਰ ਲੱਡੂ ਲੈ ਕੇ ਆਵੇਂ ਤੇ ਮੈਂ ਤੁਹਾਨੂੰ ਦੋਹਵਾਂ ਨੂੰ ਲਿਪਟ ਜਾਵਾਂ ਤੇ ਦੱਸਾਂ ਕਿ "ਸੱਚੀਂ! ਬੜੀਆਂ ਯਾਦ ਆਉਂਦੀਆਂ ਤੁਸੀਂ ਮੈਨੂੰ ਦੋਹਵੇਂ ਤੇ ਨਾਲੇ ਸੁਰ ਸਿੰਘ ਵਾਲਾ ਘਰ!"

# ਉੱਤਰ-ਮਾਨਵਵਾਦੀ ਮੋੜ: ਦੇਵ ਇੰਦਰ ਦੀਆਂ ਤਸਵੀਰਾਂ ਬਾਰੇ ਵਿਚਾਰ-ਚਰਚਾ

ਰੀਐਲਿਟੀ (ਯਥਾਰਥ) ਦਾ ਯੁੱਗ ਬੀਤਿਆ ਨਹੀਂ। ਇਸਦਾ ਵਿਸਤਾਰ ਹੋ ਰਿਹਾ ਹੈ। ਵਰਚੂਅਲ ਰੀਐਲਿਟੀ ਨੇ ਰੀਐਲਿਟੀ ਨੂੰ ਰੀਐਲਿਟੀ ਪਲੱਸ (ਰੀਐਲਿਟੀ+) ਬਣਾ ਦਿੱਤਾ ਹੈ। ਪਰ ਦੇਵ ਇੰਦਰ ਵਰਚੂਅਲ ਰੀਐਲਿਟੀ ਵਿਚ ਪ੍ਰਵੇਸ਼ ਕੀਤੇ ਬਿਨਾ ਹੀ, ਰੀਐਲਿਟੀ ਦਾ ਜੋ ਸਰੂਪ ਸਾਨੂੰ ਦਿਖਾਈ ਦਿੰਦਾ ਹੈ, ਉਸ ਦੇ ਅਜਨਬੀਕਰਣ ਰਾਹੀਂ, ਰੀਐਲਿਟੀ ਦੀਆਂ ਸੀਮਾਵਾਂ ਨੂੰ ਪਾਰ ਕਰ ਕੇ, ਰੀਐਲਿਟੀ ਦੀ ਰੀਕੰਸਟਰੱਕਸ਼ਨ ਲਈ, ਉਸ ਅੰਦਰ ਨਵੀਆਂ ਸੰਭਾਵਨਾਵਾਂ ਜਗਾ ਦਿੰਦਾ ਹੈ। ਇਸੇ ਲਈ ਉਸਨੇ ਆਪਣੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਨੂੰ 'ਫਰੇਮ ਤੋਂ ਪਾਰ' ਨਾਮ ਦਿੱਤਾ ਹੈ।

ਕਿਉਂਕਿ ਰੀਐਲਿਟੀ ਅਤੇ ਰੀਐਲਿਟੀ ਦੇ ਸਰੂਪ ਵਿਚ ਅੰਤਰ ਹੁੰਦਾ ਹੈ, ਇਸ ਲਈ ਫੋਟੋ ਇਕੁਇਪਮੈਂਟ ਅਤੇ ਫੋਟੋ ਤਕਨਾਲੋਜੀ ਦੀ ਸਹਾਇਤਾ ਨਾਲ ਰੀਐਲਿਟੀ ਦੇ ਸਰੂਪ ਨੂੰ ਬਦਲਿਆ ਜਾ ਸਕਦਾ ਹੈ। ਇਸ ਨੂੰ ਵੱਖਰੀ ਤਰ੍ਹਾਂ ਦੇਖਿਆ ਅਤੇ ਦਿਖਾਇਆ ਜਾ ਸਕਦਾ ਹੈ। ਚੀਜ਼ਾਂ ਅਤੇ ਵਰਤਿਆਂ ਦਾ ਕੇਵਲ ਉਹੋ ਰੂਪ ਨਹੀਂ ਹੁੰਦਾ



ਅਮਰਜੀਤ ਸਿੰਘ ਗਰੇਵਾਲ

ਜਿਸ ਨੂੰ ਅਸੀਂ ਦੇਖਣ ਦੇ ਆਦੀ ਹੋ ਚੁੱਕੇ ਹੁੰਦੇ ਹਾਂ।

ਫੋਟੋਗਰਾਫੀ ਸਾਡੀ ਦੇਖਣ ਦੀਆਂ ਪ੍ਰਚੱਲਿਤ ਆਦਤਾਂ ਨੂੰ ਬਦਲਣ ਦੀ ਸਮਰੱਥਾ ਰੱਖਦੀ ਹੈ। ਫੋਟੋਗਰਾਫੀ ਸਾਨੂੰ ਸਮਝਾ ਦਿੰਦੀ ਹੈ ਕਿ ਰੀਐਲਿਟੀ ਨੂੰ ਸਥਾਪਤ ਤਰੀਕਿਆਂ ਨਾਲੋਂ ਹਟ ਕੇ ਵੀ ਦੇਖਿਆ, ਸਮਝਿਆ ਅਤੇ ਆਰਗੇਨਾਈਜ਼ ਕੀਤਾ ਜਾ ਸਕਦਾ ਹੈ। ਯਥਾ ਸਥਿਤੀ ਨੂੰ ਕ੍ਰਿਏਟਿਵਲੀ ਡਿਸਰਪਟ ਕੀਤਾ ਜਾ ਸਕਦਾ ਹੈ।

ਕ੍ਰਿਏਟਿਵਿਟੀ ਯਥਾ ਸਥਿਤੀ ਨੂੰ ਦੇਖਣ ਸਮਝਣ ਅਤੇ ਤਬਦੀਲ ਕਰਨ ਦੀ ਕਪੈਸਿਟੀ ਹੁੰਦੀ ਹੈ। ਬਗਾਵਤ ਵੀ ਆਖ ਸਕਦੇ ਹੋ। ਦੇਵ ਇੰਦਰ ਬਾਗੀ ਹੈ ਤੇ ਉਸ ਦੀਆਂ ਤਸਵੀਰਾਂ ਦੀ ਇਸ ਕਲਾ ਪ੍ਰਦਰਸ਼ਨੀ 'ਫਰੇਮ ਤੋਂ ਪਰੇ' ਨੂੰ ਦੇਖਣ ਦਾ ਅਰਥ ਹੈ ਉਨ੍ਹਾਂ ਤਰਕੀਬਾਂ ਨੂੰ ਸਮਝਣਾ ਜਿਨ੍ਹਾਂ ਰਾਹੀਂ ਉਹ ਸਾਨੂੰ ਇਸ ਬਗਾਵਤ ਦੇ ਰਸਤੇ 'ਤੇ ਤੋਰਨਾ ਚਾਹੁੰਦਾ ਹੈ।

ਇਹ ਕਲਾ ਪ੍ਰਦਰਸ਼ਨੀ ਸਾਨੂੰ ਸਮਝਾ ਦੇਵੇਗੀ ਕਿ ਬਗਾਵਤ ਹਥਿਆਰਾਂ ਨਾਲ ਨਹੀਂ ਕੈਮਰੇ, ਕਲਮ, ਬਰੱਸ਼, ਬੰਸਰੀ ਅਤੇ ਮਾਊਸ ਨਾਲ ਕੀਤੀ ਜਾਂਦੀ ਹੈ।

ਮੇਰੀਆਂ ਇਨ੍ਹਾਂ ਗੱਲਾਂ ਦਾ ਮਜ਼ਾਕ ਉਡਾਉਂਦੇ ਹੋਏ ਤੁਸੀਂ ਸਹਿਜੇ ਹੀ ਪੁੱਛ ਸਕਦੇ ਹੋ ਕਿ ਇਸ ਪ੍ਰਦਰਸ਼ਨੀ ਵਿਚ ਲੱਗੀਆਂ ਸੁੱਕਣੇ ਪਾਇਆ ਤੌਲੀਏ, ਬੈਂਚ ਦੇ ਪਰਛਾਵੇਂ, ਕੱਚੀ ਕੰਧ ਨਾਲ ਲੱਗੀ ਪੌੜੀ, ਸੁੱਕੀਆਂ ਟਹਿਣੀਆਂ ਤੇ ਲਟਕਦੀ ਕਮੀਜ਼ ਅਤੇ ਨੰਗੇ ਪੈਰ ਦੀਆਂ ਇਹ ਬਲੈਕ ਐਂਡ ਵ੍ਹਾਈਟ ਤਸਵੀਰਾਂ ਕੀ ਬਗਾਵਤ ਕਰਨਗੀਆਂ? ਜਦੋਂ ਮੈਂ ਜੁਆਬ ਵਿਚ ਆਖਾਂਗਾ ਕਿ ਇਹ ਤਸਵੀਰਾਂ ਸਿੰਪਲ ਬਗਾਵਤ ਨਹੀਂ, ਸਗੋਂ ਯੁੱਗ ਪਲਟਾਊ ਬਗਾਵਤ ਦਾ ਹਿੱਸਾ ਬਣਨਗੀਆਂ, ਤਾਂ ਤੁਸੀਂ ਹੋਰ ਵੀ ਜ਼ੋਰ ਦੀ ਹੱਸੋਗੇ। ਤੁਸੀਂ ਹੱਸੋਗੇ ਕਿਉਂਕਿ ਅਸੀਂ ਅੱਜ ਤੱਕ ਕੇਵਲ ਹਿੰਸਾ ਨੂੰ ਹੀ ਕ੍ਰਾਂਤੀਕਾਰੀ ਤਬਦੀਲੀਆਂ ਦੀ ਏਜੰਸੀ ਮੰਨਦੇ ਆਏ ਹਾਂ, ਸਿਰਜਣਾਤਮਕ ਕਲਾਕਾਰੀ ਨੂੰ ਨਹੀਂ।

ਕ੍ਰਾਂਤੀ ਬੰਦੂਕ ਦੀ ਨਾਲੀ ਵਿਚੋਂ ਨਹੀਂ, ਟੈਰੀਟੋਰੀਲਾਈਜ਼ਡ ਮਾਈਂਡ ਦੀ ਰਪਚਰਿੰਗ ਵਿਚੋਂ ਪੈਦਾ ਹੁੰਦੀ ਹੈ।

ਉਸ ਰਪਚਰਿੰਗ ਵਿਚੋਂ, ਜੋ ਦਰਸ਼ਕਾਂ ਲਈ, ਉਨ੍ਹਾਂ ਦੇ ਮਾਈਂਡ ਦੀ ਰਿਜਿਡ ਫਰੇਮਿੰਗ ਤੋਂ ਪਾਰ ਇੱਕ ਅਜੇਹੀ ਸਪੇਸ ਦਾ ਨਿਰਮਾਣ ਕਰਦੀ ਹੈ, ਜਿੱਥੇ ਉਹ ਇਮੈਜੀਨੇਸ਼ਨ, ਐਬਸਟਰੈਕਸ਼ਨ ਅਤੇ ਕੌਨਸੈਪਚੂਅਲ ਐਕਸਪਲੋਰੇਸ਼ਨ ਰਾਹੀਂ, ਸਮਾਜਕ ਤਬਦੀਲੀ ਦੇ ਅਮਲ ਵਿਚ ਕੇਵਲ ਸ਼ਾਮਲ ਹੀ ਨਹੀਂ ਹੁੰਦੇ, ਉਸਦਾ ਨਿਰਮਾਣ ਵੀ ਕਰਦੇ ਹਨ।

ਕਲਾਕਾਰੀ ਸਿਆਸਤ ਵਾਂਗ ਕ੍ਰਾਂਤੀ ਲਈ ਵਰਕਰ ਅਤੇ ਟੈਕਨੀਸ਼ੀਅਨ ਨਹੀਂ, ਕ੍ਰਾਂਤੀ ਦੇ ਖੋਜੀ ਪੈਦਾ ਕਰਦੀ ਹੈ।

ਅਮੂਰਤ ਫੋਟੋਗ੍ਰਾਫੀ ਦੇ ਰੂਪ ਵਿਚ ਦੇਵ ਇੰਦਰ ਇਕ ਅਜਿਹੀ ਸ਼ੈਲੀ ਦਾ ਨਿਰਮਾਣ ਕਰਦਾ ਹੈ ਜੋ ਵਸਤੂਆਂ ਅਤੇ ਘਟਨਾਵਾਂ ਦੀ ਪੇਸ਼ਕਾਰੀ ਨਹੀਂ ਉਨ੍ਹਾਂ ਦੀ ਨਵ-ਨਿਰਮਾਣਕਾਰੀ ਕਰਦੀ ਹੈ। ਉਦਾਹਰਣ ਵਜੋਂ ਸੁੱਕਣੇ ਪਏ ਤੌਲੀਏ ਵਾਲੀ ਤਸਵੀਰ ਵਿਚ ਉਹ ਤੌਲੀਏ 'ਤੇ ਧਿਆਨ ਕੇਂਦਰਿਤ ਕਰਨ ਦੀ ਬਜਾਏ ਉਸ ਤਸਵੀਰ ਵਿਚਲੇ ਵਿਜ਼ੂਅਲ ਤੱਤਾਂ ਜਿਵੇਂ ਉਨ੍ਹਾਂ ਦੇ ਆਕਾਰ, ਸ਼ੇਡਜ਼, ਪਲੇਸਿੰਗ ਅਤੇ ਉਨ੍ਹਾਂ ਦੇ ਆਪਸੀ ਰਿਸ਼ਤਿਆਂ ਦੀ ਭਾਸ਼ਾ ਰਾਹੀਂ ਦਰਸ਼ਕਾਂ ਨੂੰ ਆਪੋ ਆਪੀਆਂ ਕਹਾਣੀਆਂ ਦੀ ਕਲਪਨਾ ਕਰਨ ਲਈ ਉਤੇਜਿਤ ਕਰਦਾ ਹੈ। ਉਹ ਦਰਸ਼ਕਾਂ ਨੂੰ ਕਹਾਣੀ ਸੁਣਾਉਂਦਾ ਨਹੀਂ, ਉਨ੍ਹਾਂ ਅੰਦਰ ਕਹਾਣੀ ਕਹਿਣ ਦੀ ਉਤਸੁਕਤਾ ਜਗਾਉਂਦਾ ਹੈ। ਉਹ ਯਥਾ ਸਥਿਤੀ ਦੇ ਉਦਾਸੀਨ ਦਰਸ਼ਕ ਨਹੀਂ, ਉਸਦੇ ਨਵ-ਨਿਰਮਾਣ ਲਈ ਸਹਿ-ਕਲਾਕਾਰ ਬਣਾਉਣ ਵਿਚ ਦਿਲਚਸਪੀ ਰੱਖਦਾ ਹੈ। ਉਹ ਡਾਕੂਮੈਂਟੇਸ਼ਨ ਨਹੀਂ ਕਰਦਾ। ਕਵਿਤਾ ਕਹਿੰਦਾ ਹੈ। ਰੇਖਾਵਾਂ, ਰੂਪਾਂ, ਰੰਗਾਂ ਅਤੇ ਸ਼ੇਡਜ਼ ਦੀਆਂ ਅੰਤਰ-ਕਿਰਿਆਵਾਂ ਰਾਹੀਂ ਭਾਵਨਾਵਾਂ, ਸੰਵੇਦਨਾਵਾਂ ਅਤੇ ਸੰਕਲਪਨਾਵਾਂ ਦਾ ਸੰਚਾਰ ਕਰਕੇ। ਸਹਿਜੇ ਹੀ ਪਛਾਣੇ ਜਾ ਸਕਣ ਵਾਲੇ ਵਿਸ਼ਿਆਂ ਦੀ ਗੈਰਹਾਜ਼ਰੀ ਦਰਸ਼ਕਾਂ ਨੂੰ ਇਨ੍ਹਾਂ ਤਸਵੀਰਾਂ ਦੀ ਵਿਆਖਿਆ ਕਰਨ ਅਤੇ ਉਨ੍ਹਾਂ ਨਾਲ ਜੁੜਨ ਲਈ ਉਤਸ਼ਾਹਤ ਕਰਦੀ ਹੈ।

ਤੁਸੀਂ ਸੁੱਕੇ ਰੁੱਖ ਦੀਆਂ ਟਾਹਣੀਆਂ 'ਤੇ ਲਟਕਦੇ ਕਮੀਜ਼ ਅਤੇ ਨੰਗੇ ਪੈਰ ਵਾਲੀਆਂ ਤਸਵੀਰਾਂ ਦੇਖੋ। ਇਹ ਤਸਵੀਰਾਂ ਕੇਵਲ ਤਸਵੀਰਾਂ ਨਹੀਂ, ਪੂਰੇ ਸੂਰੇ ਬਿਰਤਾਂਤ ਹਨ। ਇਹ ਤਸਵੀਰਾਂ ਤੁਹਾਡੇ ਅੰਦਰ ਅਨੇਕਾਂ ਸੁਆਲ ਖੜੇ ਕਰ ਦਿੰਦੀਆਂ ਹਨ। ਉਦਾਹਰਣ ਦੇ ਤੌਰ 'ਤੇ ਇਹ ਕਮੀਜ਼ ਉਜਾੜ ਵਿਚ ਸੁੱਕੀਆਂ ਟਾਹਣੀਆਂ ਤੇ ਕਿਸਨੇ ਕਿਉਂ ਲਟਕਾਈ ਹੈ? ਆਪਣੇ ਹੀ ਸੁਆਲਾਂ ਦੇ ਹੱਲ ਲਈ ਤੁਸੀਂ ਆਪੋ ਆਪਣੀ ਕਹਾਣੀ ਘੜ ਲੈਂਦੇ ਹੋ। ਤਸਵੀਰ ਦੇ ਅਦਿੱਖ ਪਹਿਲੂਆਂ ਦੀ ਪੜਚੋਲ ਕਰਨ ਲਗਦੇ ਓ।

ਨੰਗੇ ਪੈਰ 'ਤੇ ਪਏ ਅੱਟਣ ਤੁਹਾਨੂੰ ਕੇਵਲ ਭਾਵੁਕ ਹੀ ਨਹੀਂ ਕਰਦੇ, ਲੇਬਰ ਅਤੇ ਲੇਬਰ ਦੇ ਸ਼ੋਸ਼ਣ ਨਾਲ ਜੁੜੀਆਂ ਅਨੇਕਾਂ ਕਹਾਣੀਆਂ ਤੁਹਾਡੇ ਦੁਆਲੇ ਝੁਰਮਟ ਪਾ ਲੈਂਦੀਆਂ ਹਨ। ਤੇ ਤੁਸੀਂ ਉਨ੍ਹਾਂ ਦਾ ਮੁਲਾਂਕਣ ਵੀ ਕਰਨ ਲੱਗ ਪੈਂਦੇ ਹੋ।

ਇਹ ਤਸਵੀਰਾਂ ਕੇਵਲ ਵਿਯੂਅਲ ਡੇਟਾ ਨਹੀਂ। ਡੇਟਾ ਵਿਚਲੇ ਪੈਟਰਨ ਵੀ ਨਹੀਂ। ਤਸਵੀਰ ਵਿਚ ਜੋ ਨਹੀਂ ਹੈ, ਤੇ ਤੁਹਾਨੂੰ ਇਮੈਜਿਨ ਕਰਨ ਲਈ ਮਜਬੂਰ ਕਰ ਰਹੀ ਹੈ, ਕੇਵਲ ਉਸਦੀ ਉਹ ਕਹਾਣੀ ਵੀ ਨਹੀਂ। ਉਸ ਕਹਾਣੀ ਤੋਂ ਪਾਰ ਤੁਹਾਨੂੰ ਉਸਦੀ ਕੌਨਸੈਪਚੂਅਲ ਐਕਸਪਲੋਰੇਸ਼ਨ ਤੱਕ ਵੀ ਲੈ ਜਾਂਦੀ ਹੈ। ਇਨ੍ਹਾਂ ਦੋਨਾਂ ਤਸਵੀਰਾਂ ਰਾਹੀਂ ਉਹ ਤੁਹਾਨੂੰ ਦੁਨੀਆਂ ਦੇ ਲੁਕੇ ਹੋਏ ਪਹਿਲੂਆਂ ਅਤੇ ਉਨ੍ਹਾਂ ਦੀ ਪਾਲੇਟਿਕਸ ਦਾ ਪਤਾ ਲਗਾਉਣ ਲਈ ਪ੍ਰੇਰਿਤ ਕਰਦਾ ਹੈ। ਅਸੀਂ ਆਪੋ ਆਪਣੀ ਕਲਪਨਾ ਰਾਹੀਂ ਇਨ੍ਹਾਂ ਰੋਜ਼ਮੱਰਾ ਦੀਆਂ ਘਟਨਾਵਾਂ/ ਤਸਵੀਰਾਂ ਨੂੰ ਆਈਡੀਆਲੋਜੀਕਲ ਰਚਨਾਵਾਂ ਵਿਚ ਤਬਦੀਲ ਕਰ ਲੈਂਦੇ ਹਾਂ।

ਇਸ ਤਰ੍ਹਾਂ ਦੇਵ ਇੰਦਰ ਦੀਆਂ ਇਹ ਤਸਵੀਰਾਂ ਸਾਨੂੰ ਆਪਣੇ ਆਲੇ-ਦੁਆਲੇ ਦੀ ਦੁਨੀਆ ਦੀਆਂ ਅਣਗੌਲੀਆਂ ਪੇਚੀਦਗੀਆਂ ਦੀ ਪਰਖ-ਪੜਚੋਲ ਅਤੇ ਨਵ-ਸਿਰਜਣਾ ਕਰਨ ਲਈ ਚੁਣੌਤੀ ਦਿੰਦੀਆਂ ਹਨ।

ਤੁਸੀਂ ਬੈਂਚ ਦੇ ਪਰਛਾਵੇਂ, ਕੱਚੀ ਕੰਧ ਨਾ ਖੜ੍ਹੀ ਪੌੜੀ, ਸੂਲਾਂ, ਪਰਛਾਵਿਆਂ ਅਤੇ ਕੰਧ ਉੱਪਰਲੇ ਪੈਟਰਨ ਵਾਲੀਆਂ ਤਸਵੀਰਾਂ ਦੇਖੋ। ਦੇਵ ਇੰਦਰ ਐਬਸਟਰੈਕਟ ਅਤੇ ਕੌਨਸੈਪਚੂਅਲ ਫੋਟੋਗਰਾਫੀ ਦੀ ਇੱਕ ਅਜੇਹੀ ਸ਼ੈਲੀ ਦਾ ਨਿਰਮਾਣ ਕਰ ਰਿਹਾ ਹੈ ਜਿੱਥੇ ਉਹ ਫੋਟੋ ਤਕਨੀਕਾਂ ਦੇ ਪ੍ਰਯੋਗ ਰਾਹੀਂ ਪ੍ਰਤੱਖ ਵਿਚ ਅਸਚਰਜਤਾ ਭਰ ਕੇ ਯਥਾਰਥ ਨੂੰ ਅਸਥਿਰ ਅਤੇ ਅਸਥਾਈ ਬਣਾ ਦਿੰਦਾ ਹੈ ਤਾਂ ਜੋ ਦਰਸ਼ਕ ਸਮਝ ਲੈਣ ਕਿ ਜਿਵੇਂ ਉਹ ਫੋਟੋ ਤਕਨਾਲੋਜੀ ਦੀ ਸਹਾਇਤਾ ਨਾਲ ਪ੍ਰਤੱਖ ਨੂੰ ਤਬਦੀਲ ਕਰ ਰਿਹਾ ਹੈ, ਉਸੇ ਤਰ੍ਹਾਂ ਸਮਾਜਕ ਤਬਦੀਲੀ ਦੀਆਂ ਤਕਨੀਕਾਂ ਰਾਹੀਂ ਤੁਸੀਂ ਸਮਾਜ ਨੂੰ ਵੀ ਬਦਲ ਸਕਦੇ ਹੋ।

ਮਿਹਨਤਕਸ਼ ਵਿਅਕਤੀ ਦੇ ਅੱਟਣਾਂ ਵਾਲੇ ਪੈਰ ਦੀ ਤਸਵੀਰ, ਜਦੋਂ ਸਾਡੀ ਆਲੋਚਨਾਤਮਕ ਸੋਚ ਨੂੰ ਉਤਸ਼ਾਹਿਤ ਕਰ ਕੇ ਸਮਾਜ ਦੇ ਡੌਮੀਨੈਂਟ ਬਿਰਤਾਂਤਾਂ ਨੂੰ ਚੁਣੌਤੀ ਦਿੰਦੀ ਹੈ ਤਾਂ ਇਹ ਕੋਈ ਇੱਕ ਫਰੇਮ ਨਹੀਂ ਰਹਿ ਜਾਂਦਾ, ਪੂਰੇ ਬਿਰਤਾਂਤ ਵਿਚ ਤਬਦੀਲ ਹੋ ਜਾਂਦੀ ਹੈ। ਸਕਿੰਟ ਤੋਂ ਵੀ ਘੱਟ ਸਮੇਂ ਵਿਚ ਕੈਪਚਰ ਕੀਤਾ ਇੱਕ ਪਲ ਕਿਵੇਂ ਤੁਹਾਨੂੰ ਘੰਟਿਆਂ/ਸਾਲਾਂ ਬੱਧੀ ਉਸ ਉੱਪਰ ਕੰਟੈਂਪਲੇਟ ਕਰਨ ਲਈ ਮਜਬੂਰ ਕਰ ਦਿੰਦਾ ਹੈ, ਇਹ ਦੇਵ ਇੰਦਰ ਦੀ ਫਟੋਗਰਾਫੀ ਦਾ ਹੀ ਕਮਾਲ ਹੈ।

ਸਿਨੇਮਾ ਵਿਚ ਫਰੇਮਜ਼ ਦਾ ਸੀਕੁਇੰਸ ਤੁਹਾਨੂੰ ਕਿਸੇ ਇੱਕ ਪਲ (ਇੱਕ ਫਰੇਮ) ਨੂੰ ਐਕਸਪੀਰੀਐਂਸ ਅਤੇ ਕੌਂਟੈਂਪਲੇਟ ਕਰਕੇ ਉਸ ਦੁਆਲੇ ਆਪਣਾ ਬਿਰਤਾਂਤ ਉਸਾਰਨ ਦੀ ਇਜਾਜ਼ਤ ਨਹੀਂ ਦਿੰਦਾ। ਸਗੋਂ ਸਿਨੇਮਾ ਅਤੇ ਨਾਵਲ ਤੁਹਾਨੂੰ ਆਪਣੇ ਬਿਰਤਾਂਤ ਵਿਚ ਬੰਨ੍ਹ ਕੇ ਟੈਰੀਟੈਰੀਓਲਾਈਜ਼ ਕਰ ਲੈਂਦੇ ਹਨ। ਪਰ ਏਥੇ ਤੁਸੀਂ ਟੈਂਪੋਰਲ ਔਰਡਰ ਦਾ ਖੁਦ ਨਿਰਮਾਣ ਕਰ ਰਹੇ ਹੁੰਦੇ ਹੋ।

ਪੇਂਟਿੰਗ ਭਾਵੇਂ ਬਿਰਤਾਂਤ ਵਿਚ ਬੱਝੀ ਤਾਂ ਨਹੀਂ ਹੁੰਦੀ, ਪਰ ਆਪਣੇ ਨਿਰਮਾਣ ਲਈ ਜੋ ਸਮਾਂ ਲੈਂਦੀ ਹੈ, ਉਹ ਸਮਾਂ ਅਕਸਰ ਹੀ ਬਿਰਤਾਂਤ ਵਿਚ ਢਲ ਜਾਂਦਾ ਹੈ। ਮਲਟੀ ਪਰਸਪੈਕਟਿਵ ਪਹਾੜੀ ਪੇਂਟਿੰਗ ਇਸ ਦੀ ਵਧੀਆ ਉਦਾਹਰਣ ਹੈ। ਇਸ ਲਈ ਪੇਂਟਿੰਗ, ਸਿਨੇਮਾ, ਨਾਵਲ, ਇਹ ਸਭ ਕਿਸੇ ਹੱਦ ਤੱਕ ਤੁਹਾਨੂੰ ਕਿਸੇ ਪੂਰਵ ਨਿਸ਼ਚਿਤ ਬਿਰਤਾਂਤ ਵਿਚ ਬੰਨ੍ਹਣ ਦਾ ਕੰਮ ਕਰਦੇ ਹਨ। ਐਬਸਟਰੈਕਟ ਫੋਟੋਗਰਾਫੀ ਵਿਚ ਤੁਸੀਂ ਫੋਟੋਗਰਾਫਰ ਦੇ ਮਨ ਵਿਚ ਸਥਾਪਤ ਆਈਡੀਆਲੋਜੀਕਲ ਬਿਰਤਾਂਤ ਦੀ ਵਿਸਥਾਪਨਾ ਰਾਹੀਂ ਉਸਦੇ ਨਵ-ਨਿਰਮਾਣ ਲਈ ਵਧੇਰੇ ਆਜ਼ਾਦ ਹੁੰਦੇ ਹੋ। ਦੇਵ ਇੰਦਰ ਦੀ ਐਬਸਟਰੈਕਟ ਫੋਟੋਗਰਾਫੀ, ਇਸ ਲਈ, ਪੇਂਟਿੰਗ, ਸਿਨੇਮਾ ਅਤੇ ਨਾਵਲ ਵਰਗੇ ਕਲਾ ਰੂਪਾਂ ਲਈ ਚੁਣੌਤੀ ਬਣ ਕੇ ਆਈ ਹੈ।

ਭਾਵੇਂ ਮਾਨਵ-ਕੇਂਦ੍ਰਿਤ ਮਾਡਰੈਨਿਟੀ ਦੇ ਵਿਕਾਸ ਵਿਚ ਇਨ੍ਹਾਂ ਕਲਾ ਰੂਪਾਂ ਦਾ ਬੜਾ ਯੋਗਦਾਨ ਰਿਹਾ ਹੈ। ਹੁਣ ਇਨ੍ਹਾਂ ਨੇ ਆਪਣੇ ਆਪ ਨੂੰ ਉੱਤਰ-ਮਾਨਵਵਾਦੀ ਲੋੜਾਂ ਅਨੁਸਾਰ ਰੀਡਿਸਕਵਰ ਕਰਨਾ ਹੈ।

ਐਨਲਾਈਟਨਮੈਂਟ (ਮਾਡਰੈਨਿਟੀ) ਦੇ ਪ੍ਰਾਜੈਕਟ ਨੇ ਦੋ ਕਿਸਮ ਦੀਆਂ ਕਲਾ ਲਹਿਰਾਂ ਨੂੰ ਜਨਮ ਦਿੱਤੈ। ਮਾਡਰਨਿਜ਼ਮ ਅਤੇ ਪੋਸਟ-ਮਾਡਰਨਿਜ਼ਮ। ਮਾਨਵ-ਕੇਂਦ੍ਰਿਤ ਮਾਡਰਨਿਜ਼ਮ, ਜਦੋਂ ਕਿ ਐਕਸਪਰੈਸ਼ਨਿਜ਼ਮ, ਕਿਊਬਿਜ਼ਮ, ਸੁਰਰੀਲਿਜ਼ਮ, ਆਦਿ ਦੇ ਰੂਪ ਵਿਚ, ਮਾਡਰੈਨਿਟੀ ਪ੍ਰਤੀ ਹਾਂ-ਮੁਖੀ ਹੁੰਗਾਰਾ ਭਰਦਾ ਹੈ, ਓਥੇ ਪੋਸਟਮਾਡਰਨਿਜ਼ਮ ਮਾਡਰੈਨਿਟੀ ਦੇ ਮਹਾਂਬਿਰਤਾਂਤਾਂ ਨੂੰ ਰੱਦ ਕਰਦਾ ਹੋਇਆ ਆਪਣੇ ਆਪ ਨੂੰ ਲਗਭਗ ਵਿਅੰਗ ਅਤੇ ਅੰਤਰਪਾਠਾਂ ਤੱਕ ਹੀ ਸੀਮਤ ਕਰ ਲੈਂਦਾ ਹੈ। ਹਿਊਮਨ ਕੰਡੀਸ਼ਨ ਉਹੋ ਰਹਿੰਦੀ ਹੈ। ਇਸਦੇ ਮੁਕਾਬਲੇ ਪੋਸਟ-ਹਿਊਮਨਿਜ਼ਮ ਹਿਊਮਨ ਕੰਡੀਸ਼ਨ ਦੇ ਬਦਲਾਵ ਦੀ ਕਹਾਣੀ ਹੈ। ਸੰਖੇਪ ਵਿਚ ਗੱਲ ਕਰਨੀ ਹੋਵੇ ਤਾਂ ਆਖਿਆ ਜਾ ਸਕਦਾ ਹੈ ਕਿ ਉੱਤਰ-ਮਾਨਵੀ ਕਲਾ ਲਹਿਰ ਆਪਣੇ ਆਪ ਨੂੰ ਆਧੁਨਿਕਤਾਵਾਦੀ ਲਹਿਰਾਂ ਅਤੇ ਉੱਤਰ-ਆਧੁਨਿਕਤਾਵਾਦੀ ਲਹਿਰਾਂ ਤੋਂ ਵੱਖ ਕਰਦੀ ਹੋਈ ਤਕਨਾਲੋਜੀ ਅਤੇ ਵਿਗਿਆਨ ਦੁਆਰਾ ਮਨੁੱਖੀ ਸਥਿਤੀ ਵਿਚ ਲਿਆਂਦੀਆਂ ਗਈਆਂ ਡੂੰਘੀਆਂ



ਤਬਦੀਲੀਆਂ 'ਤੇ ਧਿਆਨ ਕੇਂਦਰਿਤ ਕਰਦੀ ਹੈ। ਇਨ੍ਹਾਂ ਤਬਦੀਲੀਆਂ ਦੇ ਸਮਾਜ-ਆਰਥਿਕ, ਨੈਤਿਕ, ਰਾਜਨੀਤਕ, ਅਤੇ ਖਾਸ ਕਰਕੇ ਦਾਰਸ਼ਨਿਕ ਅਤੇ ਹੋਂਦ ਦੇ ਪ੍ਰਸ਼ਨਾਂ ਨਾਲ ਜੁੜੇ ਸੁਆਲਾਂ ਨੂੰ ਸੰਬੋਧਿਤ ਹੁੰਦੀ ਹੈ।

ਦੇਵ ਇੰਦਰ ਦੀ ਇਸ ਪ੍ਰਦਰਸ਼ਨੀ ਦੀਆਂ ਵਧੇਰੇ ਤਸਵੀਰਾਂ ਬਲੈਕ ਐਂਡ ਵ੍ਹਾਈਟ ਵਿਚ ਹਨ। ਕਿਸੇ ਇਕ ਰੰਗ ਦੇ ਸ਼ੇਡਜ਼ ਦੀ ਰੇਂਜ ਨੂੰ ਆਰਗੇਨਾਈਜ਼ ਕਰਨਾ ਸੌਖਾ ਵੀ ਹੁੰਦੈ। ਪਰ ਕਸ਼ਮੀਰ ਵਰਗੇ ਮੁੱਦੇ ਦੀ ਅਨਿਸ਼ਚਿਤ, ਜਟਿਲਤਾ ਅਤੇ ਵਿਸਫੋਟਕ ਘੜਮੱਸ ਨੂੰ ਬਲੈਕ ਐਂਡ ਵਾਈਟ ਦੇ ਸ਼ੇਡਜ਼ ਰਾਹੀਂ ਨਹੀਂ, ਹਨੇਰੇ ਦੇ ਗੂੜ੍ਹੇ ਰੰਗਾਂ ਦੇ ਵਿਸਫੋਟ ਰਾਹੀਂ ਉਲਟ ਦਿਸ਼ਾ ਸੰਭਾਲੀ ਬੈਠੀਆਂ ਖਾਲੀ ਕਿਸ਼ਤੀਆਂ ਦੀ ਮੌਨ ਅਵਸਥਾ ਦੇ ਰੂਪ ਵਿਚ ਹੀ ਰਿਸਪੌਂਡ ਕੀਤਾ ਜਾ ਸਕਦਾ ਸੀ। ਇੰਝ ਲਗਦੈ ਜਿਵੇਂ ਬਲੈਕ ਐਂਡ ਵ੍ਹਾਈਟ ਤਸਵੀਰਾਂ ਕਾਵਿ ਭਾਸ਼ਾ ਦੀ ਸਿਰਜਣਾ ਕਰਦੀਆਂ ਹੋਣ ਤੇ ਇਹ ਰੰਗਾਂ ਦਾ ਵਿਸਫੋਟ ਡਰਾਮੈਟਿਕ ਟਕਰਾਵਾਂ ਦੀ।

ਪਤਾ ਨਹੀਂ ਇਹ ਕੀ ਐ ਕਿ ਅਸੀਂ ਸਮੇਂ ਦੇ ਵਹਾਅ ਨੂੰ ਦੇਖਣਾ ਚਾਹੁੰਦੇ ਹਾਂ ਤੇ ਸਪੇਸ ਦੀ ਸਟਿੱਲਨੈਸ ਨੂੰ ਸੁਣਨਾ। ਸ਼ਾਇਦ ਇਸੇ ਲਈ ਦੇਵ ਇੰਦਰ ਦੀਆਂ ਤਸਵੀਰਾਂ ਨੂੰ ਦੇਖਣ ਤੋਂ ਵੀ ਵੱਧ ਇਨ੍ਹਾਂ ਅੰਦਰ ਜਾਮ ਹੋਈਆਂ ਪਈਆਂ ਕਹਾਣੀਆਂ ਨੂੰ ਸੁਣਨ ਅਤੇ ਇਨ੍ਹਾਂ ਦੇ ਸੰਗੀਤ ਨੂੰ ਮਾਨਣ ਦੇ ਇੱਛੁਕ ਬਣੇ ਰਹਿੰਦੇ ਹਾਂ। ਅਸੀਂ ਤਸਵੀਰਾਂ ਨੂੰ ਕੇਵਲ ਦੇਖਦੇ ਨਹੀਂ, ਹੋਂਦ ਦੀ ਸਮੁੱਚਤਾ ਵਿਚ ਪੂਰੇ ਤਨ-ਮਨ ਨਾਲ ਕਰੀਏਟਿਵਲੀ ਰਿਸਪੌਂਡ ਕਰਦੇ ਹਾਂ। ਤਨ/ ਮਨ, ਦੇਖਣ/ ਸੁਣਨ ਅਤੇ ਕੰਸਟਰੱਕਸ਼ਨ/ ਕੰਜ਼ੰਪਸ਼ਨ ਦੀਆਂ ਪਤਾ ਨਹੀਂ ਕਿਉਂ ਵੰਡੀਆਂ ਪਾਈ ਜਾਦੇ ਹਾਂ।

ਦੇਵ ਇੰਦਰ ਦੀ ਨਾਨ-ਰੀਪਰੈਜ਼ੈਂਟੇਸ਼ਨਲ ਫੋਟੋਗਰਾਫੀ ਹੇਠ ਲਿਖੀਆਂ ਤਰਕੀਬਾਂ ਨਾਲ ਯਥਾ-ਸਥਿਤੀ ਦੀ ਸਿਰਜਣਾਤਮਕ ਡਿਸਰਪਸ਼ਨ ਰਾਹੀਂ ਨਵੀਆਂ ਸੰਭਾਵਨਾਵਾਂ ਜਗਾਉਂਦੀ ਹੋਈ ਆਪਣੀ ਉੱਤਰ-ਮਾਨਵਵਾਦੀ ਸਮਾਜਿਕ, ਰਾਜਨੀਤਕ ਅਤੇ ਦਾਰਸ਼ਨਿਕ ਪ੍ਰਸੰਗਿਕਤਾ ਸਥਾਪਤ ਕਰ ਲੈਂਦੀ ਹੈ। ਫੋਟੋਗਰਾਫੀ ਦੀ, ਜੋ ਦਿਖਾਈ ਦਿੰਦਾ ਹੈ ਉਸ ਨੂੰ ਰੀਪਰਿਡਿਊਸ ਕਰਨ ਦੀ ਰਵਾਇਤੀ ਭੂਮਿਕਾ ਨੂੰ ਚੁਣੌਤੀ ਦੇ ਕੇ।

1. ਦਰਸ਼ਕਾਂ ਦੀ ਸਰਗਰਮ ਪਾਰਟੀਸੀਪੇਸ਼ਨ ਰਾਹੀਂ ਉਨ੍ਹਾਂ ਨੂੰ ਯਥਾਰਥ ਦੀ ਨਵ-ਨਿਰਮਾਣਕਾਰੀ ਲਈ ਭਾਗੀਦਾਰ ਬਣਾਉਣਾ।

2. ਭਾਵਨਾਤਮਕ ਅਤੇ ਬੌਧਿਕ ਪ੍ਰਕਿਰਿਆਵਾਂ ਨੂੰ ਉਤਸ਼ਾਹਿਤ ਕਰਕੇ।

3. ਯਥਾਰਥ ਦੇ ਅਨੁਭਵ ਦੀਆਂ ਨਵੀਆਂ ਸੰਭਾਵਨਾਵਾਂ ਜਗਾ ਕੇ ਪ੍ਰਚੱਲਿਤ ਧਾਰਨਾਵਾਂ ਨੂੰ ਚੁਣੌਤੀ ਦੇਣਾ।

4. ਡੌਮੀਨੇਟਿੰਗ ਬਿਰਤਾਂਤਾਂ ਨੂੰ ਚੁਣੌਤੀ ਦੇਣ ਲਈ ਆਲੋਚਤਾਮਕ ਸਪੇਸ ਦੀ ਸਿਰਜਣਾ ਰਾਹੀਂ।

5. ਯਥਾ ਸਥਿਤੀ ਦੀ ਸਿਰਜਣਾਤਮਕ ਡਿਸਰਪਸ਼ਨ ਰਾਹੀਂ।

6. ਵਿਯੂਅਲ ਭਾਸ਼ਾ, ਪ੍ਰੰਪਰਾਵਾਂ ਅਤੇ ਤਰਕ ਦੀ ਵਿਸਥਾਪਨਾ ਰਾਹੀਂ।

7. ਨਵੀਆਂ ਸੰਭਾਵਨਾਵਾਂ ਦੇ ਵਿਸਤਾਰ ਰਾਹੀਂ।

8. ਇਨੋਵੇਸ਼ਨ ਅਤੇ ਸਿਰਜਣਾ ਰਾਹੀਂ।

ਕੁੱਲ ਮਿਲਾ ਕੇ ਇਹ ਤਸਵੀਰਾਂ ਵਿਜ਼ੂਅਲ ਭਾਸ਼ਾ ਦੀ ਡਿਸਰਪਸ਼ਨ ਰਾਹੀਂ ਪੇਸ਼ਕਾਰੀ ਦੇ ਰਵਾਇਤੀ ਢੰਗਾਂ ਨੂੰ ਰੱਦ ਕਰ ਕੇ ਆਲੋਚਨਾਤਮਕ ਸੋਚ ਨੂੰ ਉਤਸ਼ਾਹਤ ਕਰਨ ਅਤੇ ਗੁੰਝਲਦਾਰ ਵਿਚਾਰਾਂ ਅਤੇ ਭਾਵਨਾਵਾਂ ਨੂੰ ਪ੍ਰਗਟ ਕਰਨ ਲਈ ਇਕ ਸ਼ਕਤੀਸ਼ਾਲੀ ਸਾਧਨ ਦੀ ਭੂਮਿਕਾ ਨਿਭਾਉਂਦੀਆਂ ਹਨ। ਇਹ ਦਰਸ਼ਕਾਂ ਨੂੰ ਤਸਵੀਰਾਂ ਦੀ ਵਿਆਖਿਆ ਵਿਚ ਸਰਗਰਮੀ ਨਾਲ ਭਾਗ ਲੈਣ ਲਈ ਉਤਸ਼ਾਹਿਤ ਕਰ ਕੇ ਫੋਟੋਗ੍ਰਾਫੀ ਨੂੰ ਇਕ ਕ੍ਰਾਂਤੀਕਾਰੀ ਮਾਧਿਅਮ ਬਣਾ ਦਿੰਦੀਆਂ ਹਨ।

ਦੇਵ ਇੰਦਰ ਦੀਆਂ ਇਨ੍ਹਾਂ ਤਸਵੀਰਾਂ ਬਾਰੇ ਉਪ੍ਰੋਕਤ ਵਿਚਾਰ ਚਰਚਾ ਦੇ ਆਧਾਰ 'ਤੇ ਇਹ ਗੱਲ ਸਹਿਜੇ ਹੀ ਆਖੀ ਜਾ ਸਕਦੀ ਹੈ ਉਸਦੀ ਇਹ ਐਬਸਟਰੈਕਟ ਅਤੇ ਕੌਨਸੈਪਚੂਅਲ ਕਲਾ ਫੋਟੋਗ੍ਰਾਫੀ ਐਂਥਰੋਪੋਸੈਂਟਰਿਜ਼ਮ (ਮਾਨਵੀ-ਕੇਂਦਰਵਾਦ) ਦੀ ਡਿਸਰਪਸ਼ਨ (ਵਿਸਥਾਪਨਾ) ਰਾਹੀਂ ਉੱਤਰ-ਮਾਨਵਵਾਦ ਨੂੰ ਉਭਾਰ ਰਹੀ ਹੈ।

ਮਾਨਵੀ-ਕੇਂਦਰਵਾਦ (ਐਂਥਰੋਪੋਸੈਂਟਰਿਜ਼ਮ), ਮਨੁੱਖ-ਕੇਂਦਰਿਤ (ਹਿਊਮਨ ਸੈਂਟਰਿਕ) ਵਿਸ਼ਵ-ਦ੍ਰਿਸ਼ਟੀਕੋਣ ਹੈ ਜੋ ਸਦੀਆਂ ਤੋਂ ਮਨੁੱਖੀ ਵਿਚਾਰਾਂ 'ਤੇ ਹਾਵੀ ਰਿਹਾ ਹੈ। ਇਹ ਸਾਰੇ ਗੈਰ-ਮਾਨਵੀ ਜੀਵ ਰੂਪਾ ਅਤੇ ਤਮਾਮ ਕੁਦਰਤੀ ਇਕਾਈਆਂ ਨੂੰ ਮਾਨਵੀ ਹਿੱਤਾਂ ਦੇ ਨਜ਼ਰੀਏ ਤੋਂ ਦੇਖਦਾ ਹੈ। ਇਸੇ ਕਰਕੇ ਇਸ ਨੂੰ ਪਿਛਲੇ ਸਾਲਾਂ ਦੌਰਾਨ ਵੱਖ-ਵੱਖ ਬੌਧਿਕ ਅੰਦੋਲਨਾਂ ਦੁਆਰਾ ਪੇਸ਼ ਅਨੇਕਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉੱਤਰ-ਮਾਨਵਵਾਦ ਇਕ ਦਾਰਸ਼ਨਿਕ ਅਤੇ ਸੱਭਿਆਚਾਰਕ ਲਹਿਰ ਹੈ ਜੋ ਮਾਨਵੀ ਐਕਸੈਪਸ਼ਨਲਿਜ਼ਮ ਨੂੰ ਰੱਦ ਕਰ ਕੇ ਮਨੁੱਖ, ਮਸ਼ੀਨ ਅਤੇ ਕੁਦਰਤੀ ਇਕਾਈਆਂ ਦੇ ਵਿਚਕਾਰ ਦੀਆਂ ਸੀਮਾਵਾਂ ਨੂੰ ਧੁੰਦਲਾ ਕਰਦੀ ਹੈ। ਐਬਸਟਰੈਕਟ ਅਤੇ ਕੌਨਸੈਪਚੂਅਲ ਫੋਟੋਗ੍ਰਾਫੀ ਕਲਾ ਜਗਤ ਅੰਦਰ ਮਾਨਵੀ-ਕੇਂਦਰਵਾਦ ਨੂੰ ਰੱਦ ਕਰਕੇ ਉੱਤਰ-ਮਾਨਵਵਾਦੀ ਵਿਚਾਰਾਂ ਦੀ ਵਕਾਲਤ ਕਿੰਝ ਕਰਦੀ ਹੈ, ਇਹ ਸਮਝਣ ਦੀ ਕੋਸ਼ਿਸ਼ ਕਰਦੇ ਹਾਂ।

ਐਂਥਰੋਪੋਸੈਂਟਰਿਜ਼ਮ ਸੰਸਾਰ ਨੂੰ ਪ੍ਰਮੁੱਖ ਤੌਰ 'ਤੇ ਮਾਨਵੀ ਲੋੜਾਂ, ਇੱਛਾਵਾਂ ਅਤੇ ਕਦਰਾਂ-ਕੀਮਤਾਂ ਦੇ ਲੈਂਜ਼ ਰਾਹੀਂ ਵੇਖਦਾ ਹੈ। ਇਹ ਮਨੁੱਖ ਨੂੰ ਬ੍ਰਹਿਮੰਡ ਦੇ ਕੇਂਦਰ ਵਿਚ ਰੱਖਦਾ ਹੈ ਅਤੇ ਅਕਸਰ ਕੁਦਰਤ, ਗੈਰ-ਮਾਨਵੀ ਜੀਵਾਂ ਅਤੇ ਤਕਨਾਲੋਜੀ ਨੂੰ ਮੁਨਾਫੇ ਲਈ ਸਰੋਤਾਂ ਦੇ ਰੂਪ ਵਿਚ ਹੀ ਦੇਖਦਾ ਹੈ। ਇਸ ਦ੍ਰਿਸ਼ਟੀਕੋਣ ਨੇ ਵਾਤਾਵਰਣ ਦੇ ਵਿਨਾਸ਼, ਗੈਰ-ਮਾਨਵੀ ਜੀਵਾਂ ਦੇ ਅਲੋਪ ਹੋਣ ਅਤੇ ਸਮਾਜਿਕ ਅਸਮਾਨਤਾਵਾਂ ਵਿਚ ਵਾਧੇ ਨੂੰ ਉਤਸ਼ਾਹਿਤ ਕੀਤਾ ਹੈ। ਇਸੇ ਲਈ ਅੱਜ ਮਾਨਵੀ-ਕੇਂਦਰਵਾਦ ਨੂੰ ਰੱਦ ਕਰ ਕੇ ਉੱਤਰ-ਮਾਨਵਵਾਦੀ ਤਰੀਕਿਆਂ ਨਾਲ ਸੋਚਣ ਦੀ ਲੋੜ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ।

ਉੱਤਰ-ਮਾਨਵਵਾਦ ਮਾਨਵੀ ਵਿਲੱਖਣਤਾ (ਹਿਊਮਨ ਐਕਸੈਪਸ਼ਨਲਿਜ਼ਮ) ਦਾ ਮੁੜ ਮੁਲਾਂਕਣ ਕਰ ਕੇ ਅਤੇ ਵਧੇਰੇ ਇਨਕਲੂਸਿਵ ਅਤੇ ਇੰਟਰਕੁਨੈਕਟਿਡ ਸੰਸਾਰ ਦੇ ਵਿਸ਼ਵ-ਦ੍ਰਿਸ਼ਟੀਕੋਣ ਦੀ ਵਕਾਲਤ ਕਰਕੇ ਮਾਨਵੀ-ਕੇਂਦਰਵਾਦ ਨੂੰ ਚੁਣੌਤੀ ਦਿੰਦਾ ਹੈ। ਉੱਤਰ-ਮਾਨਵਵਾਦ ਦੀਆਂ ਕੁਝ ਕੁ ਮੁੱਖ ਧਾਰਨਾਵਾਂ ਇਸ ਪ੍ਰਕਾਰ ਹਨ:

1. ਇਹ ਮੰਨਦੇ ਹੋਏ ਕਿ ਸਾਰੇ ਜੀਵਨ ਰੂਪ ਅਤੇ ਵਸਤੂਆਂ ਆਪਸ ਵਿਚ ਜੁੜੇ ਹੋਏ ਹਨ. ਉੱਤਰ-ਮਾਨਵਵਾਦ ਮਨੁੱਖਾਂ ਨੂੰ ਗੈਰ-ਮਨੁੱਖੀ ਇਕਾਈਆਂ ਤੋਂ ਵੱਖ ਕਰਨ ਵਾਲੀਆਂ ਸਖ਼ਤ ਸੀਮਾਵਾਂ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰਦਾ ਹੈ।

2. ਉੱਤਰ-ਮਾਨਵਵਾਦ ਸਵੀਕਾਰ ਕਰਦਾ ਹੈ ਕਿ ਗੈਰ-ਮਨੁੱਖੀ ਇਕਾਈਆਂ, ਜਿਸ ਵਿਚ ਜੀਵ, ਵਾਤਾਵਰਣ ਪ੍ਰਣਾਲੀ ਅਤੇ ਇੱਥੋਂ ਤੱਕ ਕਿ ਨਕਲੀ ਬੁੱਧੀ ਵੀ ਸ਼ਾਮਲ ਹੈ, ਕੋਲ ਏਜੰਸੀ ਅਤੇ ਚੇਤਨਾ ਦੇ ਆਪਣੇ ਰੂਪ ਹਨ।

3. ਉੱਤਰ-ਮਾਨਵਵਾਦੀ ਨੈਤਿਕਤਾ ਵਾਤਾਵਰਣ, ਗੈਰ-ਮਨੁੱਖੀ ਪ੍ਰਜਾਤੀਆਂ ਅਤੇ ਤਕਨੀਕੀ ਸੰਸਥਾਵਾਂ ਨਾਲ ਜ਼ਿੰਮੇਵਾਰ ਅਤੇ ਆਦਰਯੋਗ ਸੰਵਾਦ ਦੀ ਜ਼ਰੂਰਤ ਦੇ ਨਾਲ ਨਾਲ ਉਨ੍ਹਾਂ ਦੇ ਸ਼ੋਸ਼ਣ ਅਭਿਆਸਾਂ ਨੂੰ ਚੁਣੌਤੀ ਦਿੰਦਾ ਹੈ.

4. ਉੱਤਰ-ਮਾਨਵਵਾਦ ਆਪਣੇ ਸਾਰੇ ਰੂਪਾਂ ਵਿਚ

(ਬਾਕੀ ਅਗਲੇ ਸਫੇ 'ਤੇ)

# ਬਹੁਤ ਚੇਤੇ ਆਉਂਦੀ ਹੈ ਆਕਾਸ਼ਵਾਣੀ ਦੀ ਪੁਰਾਣੀ ਉਰਦੂ ਸਰਵਿਸ

## ਗੱਲਾਂ 'ਚੋਂ ਗੱਲ

ਗੁਰਪ੍ਰੀਤ ਸਿੰਘ ਬਿਲਿੰਗ
ਫੋਨ: 75086-98066

ਆਲ ਇੰਡੀਆ ਰੇਡੀਓ ਯਾਨਿ AIR ਨੂੰ ਹੁਣ ਪੂਰੀ ਤਰ੍ਹਾਂ ਦਫਤਰੀ ਤੌਰ 'ਤੇ ਆਕਾਸ਼ਵਾਣੀ ਕਿਹਾ ਜਾਣ ਲੱਗ ਪਿਆ ਹੈ। ਆਕਾਸ਼ਵਾਣੀ ਸਰਕਾਰੀ ਦਖਲ ਹੇਠ ਚੱਲਣ ਵਾਲੀ ਸੰਸਥਾ ਹੈ, ਭਾਵੇਂ ਆਕਾਸ਼ਵਾਣੀ ਅਤੇ ਦੂਰਦਰਸ਼ਨ ਨੂੰ ਚਲਾਉਣ ਲਈ ਪ੍ਰਸਾਰ ਭਾਰਤੀ ਨਾਂ ਦੀ ਇਕ ਆਜ਼ਾਦ ਬਾਡੀ ਬਣਾਈ ਗਈ ਹੈ। ਇਹ ਵੀ ਜੱਗ ਜ਼ਾਹਰ ਹੈ ਕਿ ਭਾਰਤ 'ਚ ਆਕਾਸ਼ਵਾਣੀ ਤੇ ਦੂਰਦਰਸ਼ਨ ਕਦੇ ਵੀ ਸਰਕਾਰੀ ਦਖਲ ਤੋਂ ਆਜ਼ਾਦ ਨਹੀਂ ਰਹੇ ਅਤੇ ਨਾ ਸਨ। ਪਰ 2014 ਤੋਂ ਬਾਅਦ ਦਖਲਅੰਦਾਜ਼ੀ ਜ਼ਿਆਦਾ ਵਧ ਗਈ। ਫਿਰ ਆਇਆ ਕਰੋਨਾ ਕਾਲ। ਫਿਰ ਤਾਂ ਸਰਕਾਰ ਨੂੰ ਮੌਕਾ ਮਿਲ ਗਿਆ ਆਕਾਸ਼ਵਾਣੀ ਦੇ ਮੀਡੀਅਮ ਵੇਵ, ਸ਼ਾਰਟਵੇਵ ਚੈਨਲ ਬੰਦ ਕਰਨ ਦਾ। ਕਰੋਨਾ ਕਾਲ ਕਾਰਨ ਜਿੱਥੇ ਸ਼ਾਰਟਵੇਵ ਤੋਂ ਵਿਵਿਧ ਭਾਰਤੀ, ਰਾਤਰੀ ਰਾਸ਼ਟਰੀਆ ਸੇਵਾ ਤੇ ਉਰਦੂ ਸਰਵਿਸ ਖਤਮ ਕਰ ਦਿੱਤੀ ਗਈ, ਉਥੇ ਹੀ ਸਦਾ ਲਈ ਰਾਤਰੀ ਰਾਸ਼ਟਰੀਆ ਸੇਵਾ ਮੁਕੰਮਲ ਤੌਰ 'ਤੇ ਬੰਦ ਕਰ ਦਿੱਤੀ ਗਈ। ਪੰਜਾਬ 'ਚ ਆਕਾਸ਼ਵਾਣੀ ਜਲੰਧਰ ਬੀ ਦਾ ਦੇਸ਼ ਪੰਜਾਬ ਦੇ ਪ੍ਰੋਗਰਾਮ 702 ਟ੍ਰਾਂਸਮੀਟਰ ਤੋਂ ਬੰਦ ਕਰ ਦਿੱਤੇ ਗਏ ਅਤੇ ਐਪ 'ਤੇ ਚਲਾ ਦਿੱਤੇ ਗਏ। ਲੱਗਦਾ ਹੈ ਭਾਰਤ 'ਚ ਆਕਾਸ਼ਵਾਣੀ 'ਤੇ ਭਿਆਨਕ ਕਾਲ ਮੰਡਰਾ ਰਿਹਾ ਹੈ। ਸਭ ਤੋਂ ਵੱਡੀ ਫਿਕਰ ਐ ਕਿ ਕਿਧਰੇ ਸਾਰੇ ਟ੍ਰਾਂਸਮੀਟਰ ਹੀ ਬੰਦ ਨਾ ਕਰ ਦੇਣ ਅਤੇ ਐਪ ਦਾ ਪ੍ਰਚਾਰ ਕਰਕੇ ਸੁਰਖਰੂ ਹੋ ਜਾਣ। ਫਿਕਰ ਤਾਂ ਕਰਨੀ ਬਣਦੀ ਹੈ। ਆਖਰ ਨੂੰ ਆਕਾਸ਼ਵਾਣੀ ਤੇ ਦੂਰਦਰਸ਼ਨ ਲੋਕ ਪ੍ਰਸਾਰਕ ਹੈ ਭਾਰਤ ਦਾ ਬੀਬੀਸੀ ਵਾਂਗ।

ਗੱਲ ਚੱਲ ਰਹੀ ਹੈ ਆਕਾਸ਼ਵਾਣੀ ਦੇ ਉਰਦੂ ਚੈਨਲ ਦੀ। ਇਹ ਚੈਨਲ ਹੁਣ 1071 ਮੀਡੀਮਵੇਵ 'ਤੇ ਚੱਲਦਾ ਹੈ, ਜਿਸ ਦਾ ਪ੍ਰਸਾਰਣ ਦਿੱਲੀ, ਹਰਿਆਣਾ, ਯੂ ਪੀ, ਪੰਜਾਬ, ਪਾਕਿਸਤਾਨੀ ਪੰਜਾਬ ਅਤੇ ਜੰਮੂ ਕਸ਼ਮੀਰ ਚ ਰੇਡੀਓ 'ਤੇ ਨਹੀਂ ਆਉਂਦਾ, ਕਿਉਂ ਦੂਰ ਗੁਜਰਾਤ ਦੇ ਰਾਜਕੋਟ 'ਚ ਇਸ ਲਈ ਟ੍ਰਾਂਸਮੀਟਰ ਲਾਇਆ ਹੋਇਆ। ਨਾ ਹੀ ਬਾਕੀ ਉਤਰੀ ਭਾਰਤ 'ਚ ਕੋਈ ਟ੍ਰਾਂਸਮੀਟਰ ਹੈ। ਗੁਜਰਾਤ 'ਚ ਟ੍ਰਾਂਸਮੀਟਰ ਲਗਾਉਣਾ ਸਮਝ ਨਹੀਂ ਆਉਂਦਾ। ਕਿਉਂਕਿ ਉਰਦੂ ਤੇ ਪੰਜਾਬੀ ਨੂੰ ਨਾ ਕੋਈ ਗੁਜਰਾਤ 'ਚ ਪਸੰਦ ਕਰਦਾ ਹੈ ਤੇ ਪਰਲੇ ਪਾਸੇ ਸਿੰਧ 'ਚ। ਜੇ ਆਕਾਸ਼ਵਾਣੀ ਦੇ ਅਧਿਕਾਰੀਆਂ ਨੂੰ ਇਸ ਬਾਬਤ ਕਿਹਾ ਜਾਵੇ ਤਾਂ ਉਹ ਅੱਗੋਂ ਸਰੋਤੇ 'ਤੇ ਹੱਸ ਕੇ ਕਹਿੰਦੇ ਹਨ ਕਿ ਅੱਜ ਕੱਲ੍ਹ ਰੇਡੀਓ ਕੌਣ ਸੁਣਦਾ ਹੈ! ਐਪ ਤੇ ਨੈੱਟ ਨਾਲ ਸੁਣੋ। ਐਪ 'ਤੇ ਸੁਣਨ ਲਈ ਇਕ ਆਮ ਭਾਰਤੀ ਨੂੰ ਖਾਸੀ ਮੋਟੀ ਰਕਮ ਲਗਾਉਣੀ ਪੈਣੀ ਹੈ ਤੇ ਮਹੀਨੇ ਦਾ ਇੰਟਰਨੈੱਟ ਅਲੱਗ।

ਹੁਣ ਗੱਲ ਕਰਦੇ ਹਾਂ ਐਪ ਜਾਂ ਡੀ ਟੀ ਐਚ 'ਤੇ ਆ ਰਹੀ ਉਰਦੂ ਸਰਵਿਸ ਦੀ। ਸਵੇਰ, ਦੁਪਹਿਰ, ਸ਼ਾਮ ਦੇ ਤਿੰਨ ਟੋਟਿਆਂ 'ਚ ਆਉਂਦੀ ਹੈ, ਜਦੋਂ ਕਿ ਭਾਰਤੀ ਭਾਸ਼ਾ ਹੋਣ ਦੇ ਨਾਤੇ ਇਸ ਦੀ ਬਰਾਡਕਾਸਟਿੰਗ ਵਿਵਿਧ ਭਾਰਤੀ ਵਾਂਗ 24 ਦੀ ਹੋਣੀ ਚਾਹੀਦੀ ਹੈ।

ਚਲੋ ਜੋ ਹੈ, ਉਹ ਵੀ ਕੁਝ ਖਾਸ ਨਹੀਂ। ਪਹਿਲਾਂ ਸਵੇਰੇ 'ਸੂਰਜ ਕੇ ਸਾਥ ਸਾਥ' ਆਉਂਦਾ ਸੀ ਤੇ ਹੁਣ ਕੇਂਦਰ ਦੀਆਂ ਹਿੰਦੀ ਅੰਗਰੇਜ਼ੀ ਦੀਆਂ




ਖਬਰਾਂ। ਨਾ ਹੀ ਕੋਈ ਨਵਾਂ ਪ੍ਰੋਗਰਾਮ ਸੁਣਾਇਆ ਜਾਂਦਾ ਹੈ। ਉਹੀ ਰਿਪੀਟ ਉਰਦੂ ਨਾਟਕ, ਦਿੱਲੀ ਕੇਂਦਰ ਦਾ ਮਨੀ ਮੰਤਰਾ ਜਾਂ ਫਿਰ ਹਿੰਦੀ ਸਪਾਂਸਰ ਪ੍ਰੋਗਰਾਮ। ਹੋਣਾ ਤਾਂ ਇਹ ਚਾਹੀਦਾ ਸੀ ਕਿ ਨਿੱਤ ਨਵੇਂ ਪ੍ਰੋਗਰਾਮ ਪਹਿਲਾਂ ਵਾਂਗ ਸੁਣਾਏ ਜਾਂਦੇ, ਪਰ ਅਫਸੋਸ। ਮੀਡੀਆ ਰਿਪੋਰਟਾਂ ਦੀਆਂ ਮੰਨੀਏ ਤਾਂ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਉਰਦੂ ਸਰਵਿਸ ਕੋਲ ਨਵੇਂ ਪ੍ਰੋਗਰਾਮ ਬਣਾਉਣ ਲਈ ਫੰਡ ਨਹੀਂ। ਫੰਡ ਕਿਸ ਨੇ ਦੇਣੇ ਹਨ ਇਹ ਹਰ ਨੌਜਵਾਨ ਜਾਣਦਾ ਹੈ। ਪ੍ਰੋਗਰਾਮਾਂ ਦੀ ਕਮੀ 'ਚ ਗੈਰ ਉਰਦੂ ਪ੍ਰੋਗਰਾਮ ਚਲਾਏ ਜਾ ਰਹੇ ਹਨ ਜਾਂ ਗੀਤ। ਲੱਗਦਾ ਹੈ ਕਿ ਉਰਦੂ ਸਰਵਿਸ ਬੰਦ ਹੋਣ ਕਿਨਾਰੇ ਹੈ। ਅਜਿਹਾ ਹੋਣਾ ਉਰਦੂ ਭਾਸ਼ਾ ਅਤੇ ਸਰੋਤਿਆਂ ਲਈ ਖਤਰਨਾਕ ਸਿੱਧ ਹੋ ਸਕਦਾ ਹੈ।

ਪਹਿਲਾਂ ਦੁਪਹਿਰ ਦੀ ਉਰਦੂ ਸੇਵਾ 'ਚ ਵੀ ਵੰਨ-ਸੁਵੰਨੇ ਪ੍ਰੋਗਰਾਮ ਹੁੰਦੇ ਸੀ। ਅੱਜ ਉਨ੍ਹਾਂ ਦੀ ਥਾਂ ਹਿੰਦੀ ਰਿਕਾਰਡ ਪ੍ਰੋਗਰਾਮ, ਗੀਤ-ਸੰਗੀਤ ਤੇ ਅੰਤ 'ਚ ਉਰਦੂ ਖਬਰਾਂ ਬਸ। ਉਹ ਪੁਰਾਣੇ ਦਿਨ ਵੀ ਬਹੁਤ ਯਾਦ ਆਉਂਦੇ ਹਨ, ਜਦੋਂ ਟਿਕੀ ਗਰਮ ਦੁਪਹਿਰ 'ਚ ਡੇਕ ਹੇਠ ਬਹਿ ਕੇ ਉਰਦੂ ਸਰਵਿਸ ਸੁਣਦੇ ਸੀ। ਇਕ ਰੇਡੀਓ ਦਾ ਪ੍ਰੋਗਰਾਮ ਮੇਰੀ ਪਸੰਦ ਹੋਇਆ ਕਰਦਾ ਸੀ।

ਜੇ ਸ਼ਾਮ ਦੀ ਗੱਲ ਕਰੀਏ। ਇਸ ਸਮੇਂ ਕੋਈ ਉਰਦੂ ਸਰਵਿਸ ਨਹੀਂ ਚਲਦੀ। ਸਰਕਾਰੀ ਬਾਬੂ ਸ਼ਾਮ 5 ਵਜੇ ਛੁੱਟੀ ਕਰ ਜਾਂਦੇ ਹਨ। ਫਿਰ ਆਉਂਦੇ ਹਨ ਰਾਤ 9 ਵਜੇ। ਸ਼ੁਰੂ 'ਚ ਖਬਰਾਂ ਲੈ ਕੇ। ਫਿਰ ਘਸੇ ਪਿਟੇ ਪ੍ਰੋਗਰਾਮ ਪੇਸ਼ ਹੁੰਦੇ ਹਨ। ਹਿੰਦੀ ਵਾਲੇ। ਰਾਤ ਨੂੰ ਜੋ ਕਦੇ ਕਦੇ ਰੇਡੀਓ ਫੀਚਰ ਜਾਂ ਨਾਟਕ ਸੁਣਾਉਂਦੇ ਹਨ, ਉਸ ਦੀ ਆਵਾਜ਼ ਦੀ ਗੁਣਵਤਾ ਸਹੀ ਨਹੀਂ ਹੁੰਦੀ। ਰਾਤ ਦਾ ਈਮੇਲ 'ਤੇ ਆਧਾਰਿਤ ਤਾਮਿਲ ਏ ਅਰਸ਼ਾਦ ਪ੍ਰੋਗਰਾਮ ਭਾਵੇਂ ਥੋੜਾ ਬਹੁਤਾ ਸਹੀ ਹੈ, ਪਰ ਇਕ ਪ੍ਰੋਗਰਾਮ ਤੇ ਇਕ ਰੇਡੀਓ ਚੈਨਲ ਕਦੋਂ ਤੱਕ ਜਿਊਂਦਾ ਰਹਿ ਪਾਵੇਗਾ। ਗੀਤਾਂ ਦੀ ਚੋਣ ਵੀ ਸਹੀ ਨਹੀਂ ਰਹੀ। ਜੋ ਹੋਣੀ ਚਾਹੀਦੀ ਹੈ।

ਕਰੋਨਾ ਕਾਲ ਤੋਂ ਪਹਿਲਾਂ ਡੀ ਟੀ ਐਚ 'ਤੇ ਲਗਾਤਾਰ 18+ ਘੰਟੇ ਦੀ ਉਰਦੂ ਸਰਵਿਸ ਕਰ ਦਿੱਤੀ ਗਈ ਸੀ। ਹੁਣ ਤਾਂ ਫੰਡਾਂ ਦੀ ਕਮੀ ਅਤੇ ਉੱਡਦੀਆਂ ਖਬਰਾਂ ਤੋਂ ਲੱਗਦਾ ਹੈ ਕਿ ਆਕਾਸ਼ਵਾਣੀ ਉਰਦੂ ਸਰਵਿਸ ਚੈਨਲ ਕਿੱਧਰੇ ਬੰਦ ਹੀ ਨਾ ਹੋ ਜਾਵੇ। ਆਕਾਸ਼ਵਾਣੀ ਦਿੱਲੀ ਬੀ ਰਾਜਧਾਨੀ ਪਹਿਲਾਂ ਹੀ ਬੰਦ ਕਰ ਦਿੱਤਾ ਗਿਆ ਹੈ। ਭਾਜਪਾ ਮੋਦੀ ਸਰਕਾਰ ਰੇਡੀਓ ਨੂੰ ਐਨਾਲਾਗ ਟ੍ਰਾਂਸਮੀਟਰਾਂ ਤੋਂ ਖਤਮ ਕਰਨ ਲਈ ਕਾਹਲੀ ਹੈ। ਐਫ ਐਮ ਚੈਨਲ 70 ਕਿਲੋਮੀਟਰ ਤੱਕ ਹੀ ਜਾ ਪਾਉਂਦੇ ਹਨ। ਬਿਨਾਂ ਮੀਡੀਅਮਵੇਵ ਤੇ ਸ਼ਾਰਟਵੇਵ ਬੈਂਡ ਸਿਗਨਲ ਤੋਂ ਬਿਹਾਰ, ਝਾਰਖੰਡ, ਉੜੀਸਾ, ਮੱਧ ਪ੍ਰਦੇਸ਼ ਦੇ ਦੂਰ ਦੁਰਾਡੇ ਦੇ ਲੋਕ ਰੇਡੀਓ ਦੇ ਮਨੋਰੰਜਨ ਤੋਂ ਸੱਖਣੇ ਹੋ ਜਾਣਗੇ। ਅਸਲ ਹੋ ਹੀ ਗਏ ਹਨ। ਉਨ੍ਹਾਂ ਦੀ ਕੋਈ ਸਾਰ ਨਹੀਂ ਲੈ ਰਿਹਾ। ਅਜਿਹੇ ਇਲਾਕਿਆਂ 'ਚ ਹਾਲੇ ਤਾਂ ਮੋਬਾਈਲ ਰੇਂਜ ਹੀ ਸਹੀ ਤਰੀਕੇ ਨਾਲ ਨਹੀਂ ਪਹੁੰਚ ਪਾਈ। ਉਨ੍ਹਾਂ ਮੋਬਾਈਲ 'ਤੇ ਐਪ ਕਿੱਥੋਂ ਚਲਾਉਣੀ। ਇਸੇ ਲਈ ਭਾਰਤ 'ਚ ਰੇਡੀਓ, ਟ੍ਰਾਂਸਮੀਟਰ ਪ੍ਰਸਾਰਣ ਅਤੇ ਉਰਦੂ ਸਰਵਿਸ ਵਰਗੇ ਚੈਨਲ ਬਚਾਉਣ ਦੀ ਸਖ਼ਤ ਲੋੜ ਹੈ। ਸਰਕਾਰ ਦੀਆਂ ਅੱਖਾਂ ਖੋਲ੍ਹਣ ਦੀ ਜ਼ਰੂਰਤ ਹੈ। ਇਸ ਲਈ ਲੋਕ ਕਹਿੰਦੇ ਹਨ ਕਿ ਮੀਡੀਅਮਵੇਵ ਬੈਂਡ ਰੇਡੀਓ ਦੀ ਮਿਆਰੀ ਉਰਦੂ ਸਰਵਿਸ ਬਹੁਤ ਯਾਦ ਆਉਂਦੀ ਹੈ। ਭਾਰਤ ਸਰਕਾਰ ਰੇਡੀਓ 'ਤੇ ਉਰਦੂ ਸਰਵਿਸ ਨੂੰ ਬਚਾਉਣ ਲਈ ਫੰਡ ਜਾਰੀ ਕਰੇ ਤੇ ਗੰਭੀਰ ਹੋ ਕੇ ਕੰਮ ਕਰੇ। ਬਹੁਤ ਯਾਦ ਆਉਂਦੀ ਹੈ ਪੁਰਾਣੀ ਉਰਦੂ ਸਰਵਿਸ

# ਛਪੀਆਂ ਤੇ ਅਣਛਪੀਆਂ ਗੱਲਾਂ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com


ਮੈਂ ਚੰਗਾ ਪਾੜ੍ਹਾ ਨਹੀਂ। ਜਿੰਨਾ ਵੀ ਹਾਂ ਮੇਰੇ ਪੜ੍ਹਨ ਲਈ ਸਮੱਗਰੀ ਡਾਕ ਰਾਹੀਂ ਆ ਜਾਂਦੀ ਹੈ। ਪੁਸਤਕਾਂ ਤੇ ਰਸਾਲੇ ਆਉਂਦੇ ਰਹਿੰਦੇ ਹਨ। ਪੁਸਤਕਾਂ ਘੱਟ ਤੇ ਰਸਾਲੇ ਵੱਧ। ਮੇਰੀ ਜਵਾਨੀ ਸਮੇਂ ਵੀ ਪੁਸਤਕਾਂ ਦੀ ਘਾਟ ਸੀ। ਲੇਖਕ ਵੀ ਗਿਣੇ ਚੁਣੇ ਸਨ। ਪਰ ਰਸਾਲਿਆਂ ਦੀ ਮੰਗ ਕਾਇਮ ਸੀ। ਗੁਰਬਖਸ਼ ਸਿੰਘ ਦੀ 'ਪ੍ਰੀਤ ਲੜੀ', ਨਾਨਕ ਸਿੰਘ ਦਾ 'ਲੋਕ ਸਾਹਿਤ', ਮੋਹਨ ਸਿੰਘ ਦਾ 'ਪੰਜ ਦਰਿਆ' ਤੇ ਹੀਰਾ ਸਿੰਘ ਦਰਦ ਦੀ 'ਫੁਲਵਾੜੀ', ਇਨ੍ਹਾਂ ਦੇ ਪਾਠਕ ਘਰਾਂ ਦੀਆਂ ਛੱਤਾਂ ਉੱਤੇ ਚੜ੍ਹ ਕੇ ਆਪੋ ਆਪਣੇ ਡਾਕੀਏ ਨੂੰ ਉਡੀਕਦੇ ਸਨ। ਅਖ਼ਬਾਰਾਂ ਵੇਚਣ ਵਾਲੇ ਹੋਕੇ ਦਿੰਦੇ, 'ਮਿਲਾਪ, ਪ੍ਰਤਾਪ, ਪ੍ਰਭਾਤ, ਅਜੀਤ, ਅਖ਼ਬਾਰ ਏ।' ਜੋ ਕੁੱਝ ਵੀ ਛਪਦਾ ਪੜ੍ਹਿਆ ਜਾਂਦਾ।

ਹੁਣ ਮੈਂ ਨੱਬੇ ਸਾਲ ਦਾ ਹੋ ਗਿਆ ਹਾਂ। ਬੜੇ ਬਦਲਾਓ ਵੇਖੇ ਹਨ। ਛਪੇ ਹੋਏ ਸ਼ਬਦ ਪੜ੍ਹਨ ਵਾਲੇ ਤੁਰ ਗਏ ਹਨ ਜਾਂ ਅੰਤਲੀ ਮੰਜ਼ਿਲ ਢੁੱਕਣ ਵਾਲੇ ਹਨ। ਮੇਰੀ ਉਮਰ ਦੇ ਲੋਕਾਂ ਦੀ ਸੁਣਨ ਸ਼ਕਤੀ ਘਟ ਰਹੀ ਹੈ ਤੇ ਨਿਗਾਹ ਵੀ। ਨਿਗਾਹ ਠੀਕ ਹੈ ਤੇ ਕੰਨ ਵੀ ਸੁਣਦੇ ਹਨ; ਪਰ ਨਵੇਂ ਮੰਤਰ ਵਰਤਣੇ ਨਹੀਂ ਆਉਂਦੇ ਬੱਚਿਆਂ ਨੂੰ ਹਾਕਾਂ ਮਾਰਦੇ ਥੱਕ ਜਾਂਦੇ ਹਾਂ। ਉਹ ਸਕੂਲ ਤੋਂ ਮਿਲੇ ਕੰਮ ਵਿਚ ਰੁੱਝੇ ਹੁੰਦੇ ਹਨ। ਜੋ ਕੁਝ ਟੀਵੀ ਰੇਡੀਓ ਅਤੇ ਟੀ ਵੀ ਉੱਚੇ ਸੁਣਦੇ ਤੇ ਵੇਖਦੇ ਹਾਂ। ਉਸਦੀ ਤਸਦੀਕ ਲਈ ਸਵੇਰ ਦੀ ਅਖ਼ਬਾਰ ਉਡੀਕਦੇ ਹਾਂ। ਅਖ਼ਬਾਰ ਬਿਨਾ ਤਸੱਲੀ ਨਹੀਂ ਹੁੰਦੀ।

ਪੱਤਰਕਾਰਤਾ ਦਾ ਪਾਂਧੀ ਰਿਹਾ ਹੋਣ ਕਾਰਨ ਅਖ਼ਬਾਰਾਂ ਹੀ ਵਿਹੜੇ ਦਾ ਸ਼ਿੰਗਾਰ ਹਨ। ਮੋਟੇ ਤੇ ਮੋਟੇ ਤੋਂ ਮੋਟੇ ਅੱਖ਼ਰਾਂ ਦੇ ਸਿਰਲੇਖ ਪੜ੍ਹਿਆਂ ਅੰਦਰਲੀ ਗੱਲ ਦਾ ਗਿਆਨ ਹੋ ਜਾਂਦਾ ਹੈ। ਸਮੁੱਚੇ ਗਿਆਨ ਦੀ ਲੋੜ ਵੀ ਘਟ ਗਈ ਹੈ। ਉਂਞ ਵੀ ਰਸਾਲੇ ਵਧੇਰੇ ਰਾਸ ਆਉਂਦੇ ਹਨ। ਮਾਸਕ, ਤ੍ਰੈਮਾਸਕ ਤੇ ਵਾਰਸ਼ਕ। ਅਜੋਕੇ ਛਾਪਕਾਂ ਤੇ ਸੰਪਾਦਕਾਂ ਨੇ ਸਿੱਧਾ ਰਾਹ ਕੱਢ ਲਿਆ ਹੈ। ਉਹ ਲਗਾਤਾਰਤਾ ਦੇ ਬੰਧਨ ਵਿਚ ਨਹੀਂ ਬੱਝਣਾ ਚਾਹੁੰਦੇ। ਲੋੜੀਂਦੀ ਸਮੱਗਰੀ ਮਿਲਣ ਉਪ੍ਰੰਤ ਇਸਨੂੰ 'ਪੁਸਤਕ ਲੜੀ' ਨਾਂ ਦੇ ਕੇ ਜਾਰੀ ਕਰ ਦਿੰਦੇ ਹਨ।

ਨਵੇਂ ਰਸਾਲਿਆਂ ਵਿਚੋਂ 'ਲਕੀਰ' ਤੇ 'ਪ੍ਰਵਚਨ' ਵਿਚ ਸਾਹਿਤਕ ਦਮ ਸੀ ਪਰ ਉਹ ਬੰਦ ਹੋ ਚੁੱਕੇ ਹਨ। 'ਏਕਮ' ਵਿਚ ਦਮ ਤੇ ਖਮ ਹੈ ਪਰ ਅਜੋਕੇ ਮਾਲਕਾਂ ਤੇ ਸੰਪਾਦਕਾਂ ਦੇ ਬਿਖਰ ਜਾਣ ਪਿੱਛੋਂ ਕੀ ਬਣੇਗਾ ਸਮੇਂ ਨੇ ਦੱਸਣਾ ਹੈ। ਇਹੀਓ ਗੱਲ ਚੰਡੀਗੜ੍ਹ ਤੋਂ ਛਪਣ ਵਾਲੇ 'ਸਿਰਜਣਾ' ਤ੍ਰੈ-ਮਾਸਕ ਉੱਤੇ ਢੁਕਦੀ ਹੈ ਜਿਹੜਾ 1965 ਤੋਂ ਲਗਾਤਾਰ ਛਪ ਰਿਹਾ ਹੈ। ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਪ੍ਰਕਾਸ਼ਤ 'ਸਮਕਾਲੀ ਸਾਹਿਤ' ਵੀ 'ਸਿਰਜਣਾ' ਦੀ ਪੈੜ ਨੱਪ ਰਿਹਾ ਹੈ। ਜੇ ਫਰਕ ਹੈ ਤਾਂ ਕੇਵਲ ਏਨਾ ਕਿ 'ਏਕਮ' ਦੀ ਰੂਹੇ-ਰਵਾਂ ਅਰਵਿੰਦਰ ਸੰਧੂ ਤੇ ਉਸਦੀ ਟੀਮ ਹੈ, ਤੇ 'ਸਮਕਾਲੀ ਸਾਹਿਤ' ਦੀ ਇੱਕ ਸੰਸਥਾ। ਹਾਂ, 'ਸਿਰਜਣਾ' ਜ਼ਰੂਰ ਸੰਪਾਦਕ ਦੀ ਦ੍ਰਿੜਤਾ ਉੱਤੇ ਨਿਰਭਰ ਹੈ। ਇਸਦਾ ਸੰਪਾਦਕ ਰਘਬੀਰ ਸਿੰਘ ਹੈ ਕਿ ਜਿਸਦੇ ਨਾਂ ਨਾਲ ਰਸਾਲੇ ਏਦਾਂ ਹੀ ਜੁੜ ਗਿਆ ਹੈ ਜਿਵੇਂ ਪਿਛਲੀ ਸਦੀ ਵਿਚ ਗੁਰਬਖਸ਼ ਸਿੰਘ ਦੇ ਨਾਂ ਨਾਲ 'ਪ੍ਰੀਤ ਲੜੀ' ਜੁੜ ਗਿਆ ਸੀ।

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਅਜੋਕੇ ਰਸਾਲਿਆਂ ਵਿਚਲੀ ਸਾਹਿਤਕ ਤੇ ਸਭਿਆਚਾਰਕ ਸਮੱਗਰੀ ਏਨੀ ਹੁੰਦੀ ਹੈ ਕਿ ਇਕ ਇਕੱਲੇ ਅੰਕ ਵਿਚ 3-4 ਪੁਸਤਕਾਂ ਜਿੰਨਾ ਮਸਾਲਾ




ਮਿਲ ਜਾਂਦਾ ਹੈ। ਸੁਸ਼ੀਲ ਦੁਸਾਂਝ ਦਾ 'ਹੁਣ', ਕਰਾਂਤੀਪਾਲ ਦਾ 'ਕਹਾਣੀ ਪੰਜਾਬ', ਦਿਉਲ-ਪੂਰੇਵਾਲ ਜੋੜੀ ਦਾ ਚੌ-ਮਾਸਕ 'ਰਾਗ' ਦੋ-ਚਾਰ ਸੌ ਰੁਪਏ ਵਿਚ ਛੇ-ਸੱਤ ਸੌ ਰੁਪਏ ਦੀਆਂ ਪੁਸਤਕਾਂ ਜਿੰਨੀ ਪੜ੍ਹਨ ਸਮੱਗਰੀ ਲੈ ਕੇ ਆਉਂਦੇ ਹਨ। ਵੰਨ-ਸੁਵੰਨਾ ਆਪੋ ਆਪਣੀ ਉਂਞ ਖਟਕੜ ਕਲਾਂ ਵਾਲੇ ਵਿਸ਼ਨੂੰ ਦੱਤ ਸ਼ਰਮਾ ਤੇ ਉਸਦੇ ਸਾਥੀ ਹਰਦੀਪ ਦਹਾੜੇ ਦਾ 'ਚਰਚਾ' ਤ੍ਰੈ-ਮਾਸਕ ਵੀ ਚਰਚਾ ਵਿਚ ਹੈ। ਬਲਜਿੰਦਰ ਮਾਨ ਦੇ ਬਾਲ ਰਸਾਲੇ 'ਨਿੱਕੀਆਂ ਕਰੂੰਬਲਾਂ' ਵਾਂਗ। ਏਸੇ ਤਰ੍ਹਾਂ 'ਮੇਲਾ' 'ਵਰਿਆਮ', 'ਸ਼ਬਦ' 'ਰਾਗ' ਤੇ 'ਆਪਣੀ ਆਵਾਜ਼' ਵੀ ਖੂਬ ਮਕਬੂਲ ਹਨ। ਸਮੱਗਰੀ ਦੀ ਵੰਨ-ਸੁਵੰਨਤਾ ਸਦਕਾ। ਹਾਸ ਵਿਅੰਗ ਰਸਾਲਿਆਂ ਦਾ ਆਪਣਾ ਰੰਗ ਹੈ। 'ਸ਼ਬਦ ਤ੍ਰਿੰਜਣ' ਤੇ 'ਮੀਰਜ਼ਾਦਾ' ਦਾ। ਰੰਗਾਰੰਗ ਸਮੱਗਰੀ ਦੀ ਬਹੁਲਤਾ ਕਾਰਨ ਇਹ ਸਾਰੇ ਰਸਾਲੇ ਮਕਬੂਲ ਵੀ ਹਨ ਤੇ ਪ੍ਰਭਾਵੀ ਵੀ।

ਜਿੱਥੋਂ ਤੱਕ ਲਿਖੇ ਤੇ ਛਾਪੇ ਸ਼ਬਦ ਦੀ ਕਦਰ ਤੇ ਕੀਮਤ ਦਾ ਸਬੰਧ ਹੈ ਮੈਨੂੰ ਆਪਣੀ ਜਵਾਨੀ ਵੇਲੇ ਦੀ ਇੱਕ ਗੱਲ ਚੇਤੇ ਆ ਗਈ ਹੈ। ਆਪਣੇ ਬਚਪਨ ਵਿਚ ਮੈਂ ਆਪਣੀ ਮਾਂ ਨੂੰ ਧਰਤੀ ਗੋਲ ਹੈ ਜਾਂ ਚੰਨ ਤਾਰੇ ਘੁੰਮਦੇ ਦੱਸਣਾ ਤਾਂ ਉਸਦੇ ਮਸਤਕ ਦੀ ਸੋਚ ਦੀਆਂ ਤਿਊੜੀਆਂ ਡੂੰਘੀਆਂ ਹੋ ਜਾਂਦੀਆਂ। ਮੇਰੀ ਮਾਂ ਇਹ ਵਾਲਾ ਸੱਚ ਮੰਨਣ ਲਈ ਤਿਆਰ ਨਾ ਹੁੰਦੀ। ਮਾਂ ਨੂੰ ਸਮਝਾਉਣ ਲਈ ਮੇਰੇ ਕੋਲ ਇੱਕੋ ਇੱਕ ਰੰਗ ਦਾ ਪੱਤਾ ਸੀ: 'ਪੁਸਤਕ ਵਿਚ ਲਿਖਿਐ। ਵਿਖਾਵਾਂ!' ਇਹ ਸੁਣ ਕੇ ਉਹ ਫੱਟ ਮੰਨ ਜਾਂਦੀ। ਹੋਇਆ ਇਹ ਕਿ ਵਿਦਿਆ ਪੂਰੀ ਕਰ ਕੇ ਮੈਂ ਖ਼ੁਦ ਵੀ ਲੇਖਕ ਬਣ ਗਿਆ। ਇੱਕ ਵਾਰ ਮੈਂ ਛੁੱਟੀ ਕੱਟਣ ਆਪਣੇ ਘਰ ਗਿਆ ਤਾਂ ਫੇਰ ਕੋਈ ਅਜਿਹੀ ਗੱਲ ਹੋਈ ਜਿਹੜੀ ਮੇਰੀ ਮਾਂ ਦੇ ਪੱਲੇ ਨਾ ਪਵੇ। ਅੰਤ ਮੈਂ ਪਹਿਲਾਂ ਵਾਂਗ ਹੀ 'ਪੁਸਤਕ ਵਿਚ ਲਿਖਿਆ' ਕਿਹਾ ਤਾਂ ਮੇਰੀ ਮਾਂ ਨੇ ਮੈਨੂੰ ਅੱਧੇ ਵਾਕ ਨਾਲ ਨਿਰੁੱਤਰ ਕਰ ਦਿੱਤਾ: 'ਕਿਸੇ ਤੇਰੇ ਵਰਗੇ ਨੇ ਲਿਖ ਦਿੱਤਾ ਹੋਣੈ।'

ਹੁਣ ਜਦ ਮੇਰੀ ਮਾਂ ਨਹੀਂ ਰਹੀ ਮੈਂ ਆਪਣੇ ਵਰਗਿਆਂ ਦਾ ਧੰਨਵਾਦੀ ਹਾਂ ਜਿਹੜੇ ਮਸ਼ੀਨੀ ਯੰਤਰਾਂ ਦੇ ਝੂਠ ਸੱਚ ਦਾ ਨਿਤਾਰਾ ਕਰਦੇ ਹਨ। ਰਸਾਲੇ ਖਾਸ ਕਰਕੇ। ਉਨ੍ਹਾਂ ਦੇ ਸੰਪਾਦਕਾਂ ਦੇ ਸਿਰੜ ਤੇ ਸਿਦਕ ਦਾ ਸਵਾਗਤ ਕਰਨਾ ਬਣਦਾ ਹੈ! ਸਵਾਗਤ ਹੈ!!

**ਅੰਤਿਕਾ**

-ਸੱਸੀ/ਹਾਸ਼ਮ-

ਨਾਜ਼ੁਕ ਪੈਰ ਮਲੂਕ ਸੱਸੀ ਦੇ, ਮਹਿੰਦੀ ਨਾਲ ਸ਼ਿੰਗਾਰੇ
ਬਾਲੂ ਰੇਤ ਤਪੇ ਵਿਚ ਥਲ ਦੇ, ਜਿਓਂ ਜੌਂ ਭੁੰਨਣ ਭਠਿਆਰੇ
ਸੂਰਜ ਭੱਜ ਵੜਿਆ ਵਿਚ ਬੱਦਲੀ, ਡਰਦਾ ਲਿਸ਼ਕ ਨਾ ਮਾਰੇ
ਹਾਸ਼ਮ ਵੇਖ ਯਕੀਨ ਸੱਸੀ ਦਾ, ਸਿਦਕੋਂ ਮੂਲ ਨਾ ਹਾਕੇ।

## ਉੱਤਰ-ਮਾਨਵਵਾਦੀ ਮੋੜ: ਦੇਵ ਇੰਦਰ ਦੀਆਂ ਤਸਵੀਰਾਂ ਬਾਰੇ ਵਿਚਾਰ ਚਰਚਾ

*(ਪਿਛਲੇ ਸਫੇ ਦੀ ਬਾਕੀ)*

ਵਿਭਿੰਨਤਾ ਨੂੰ ਅਪਣਾਉਂਦਾ ਹੋਇਆ ਵਿਸ਼ਵ ਵਿਚ ਹੋਣ ਦੇ ਕਈ ਦ੍ਰਿਸ਼ਟੀਕੋਣਾਂ ਅਤੇ ਤਰੀਕਿਆਂ ਦੀ ਕਦਰ ਕਰਦਿਆਂ ਇਨਕਲੂਯਨ ਨੂੰ ਉਤਸ਼ਾਹਤ ਕਰਦਾ ਹੈ।

5. ਉੱਤਰ-ਮਾਨਵਵਾਦ ਦੀਆਂ ਟਰਾਂਸ-ਹਿਊਮਨਿਜ਼ਮ ਵਰਗੀਆਂ ਕੁਝ ਸ਼ਾਖਾਵਾਂ ਤਕਨਾਲੋਜੀ ਰਾਹੀਂ ਰਵਾਇਤੀ ਮਨੁੱਖੀ ਸੀਮਾਵਾਂ ਨੂੰ ਪਾਰ ਕਰਨ ਦੀਆਂ ਸੰਭਾਵਨਾਵਾਂ ਦੀ ਪੜਚੋਲ ਕਰਦੀਆਂ ਹਨ, ਜਿਵੇਂ ਕਿ ਜੈਨੇਟਿਕ ਸੋਧ, ਸਾਈਬੋਰਜੀਜ਼ੇਸ਼ਨ, ਅਤੇ ਮਨ-ਮਸ਼ੀਨ ਇੰਟਰਫੇਸ, ਆਦਿ।

ਦੇਵ ਇੰਦਰ ਦੀ ਇਹ ਅਮੂਰਤ ਫੋਟੋਗ੍ਰਾਫੀ, ਜੋ ਯਥਾਰਥ ਦੀ ਪੇਸ਼ਕਾਰੀ ਦੀ ਥਾਂ ਰੂਪ, ਰੰਗ, ਬਣਤਰ ਅਤੇ ਰਚਨਾ ਆਦਿ 'ਤੇ ਧਿਆਨ ਕੇਂਦਰਿਤ ਕਰਦੀ ਹੈ, ਮਾਨਵੀ-ਕੇਂਦਰਵਾਦ ਨੂੰ ਚੁਣੌਤੀ ਦੇਣ ਲਈ ਇੱਕ ਵਿਲੱਖਣ ਪਲੇਟਫਾਰਮ ਪ੍ਰਦਾਨ ਕਰਦੀ ਹੈ।

ਐਬਸਟਰੈਕਟ ਫੋਟੋਗ੍ਰਾਫੀ ਵਿਚ ਅਕਸਰ ਸਪੱਸ਼ਟ ਮਨੁੱਖੀ ਵਿਸ਼ਿਆਂ ਜਾਂ ਬਿਰਤਾਂਤਾਂ ਦੀ ਘਾਟ ਹੁੰਦੀ ਹੈ। ਇਸ ਨਾਲ ਦਰਸ਼ਕਾਂ ਨੂੰ ਉਨ੍ਹਾਂ ਦੀਆਂ ਆਪਣੀਆਂ ਸ਼ਰਤਾਂ 'ਤੇ ਚਿੱਤਰ ਨਾਲ ਜੁੜਨ ਦੀ ਆਗਿਆ ਮਿਲਦੀ ਹੈ। ਇਹ ਖੁੱਲ੍ਹਾਪਨ ਦਰਸ਼ਕਾਂ ਨੂੰ ਮਨੁੱਖ-ਕੇਂਦਰਿਤ ਕਹਾਣੀਆਂ ਦੀਆਂ ਸੀਮਾਵਾਂ ਤੋਂ ਬਾਹਰ ਜਾਣ ਲਈ ਉਤਸ਼ਾਹਿਤ ਕਰਦਾ ਹੈ।

ਐਬਸਟਰੈਕਟ ਫੋਟੋਗ੍ਰਾਫੀ ਭਾਵਨਾਵਾਂ ਨੂੰ ਪੈਦਾ ਕਰ ਸਕਦੀ ਹੈ ਅਤੇ ਪਛਾਣਨਯੋਗ ਮਨੁੱਖੀ ਤੱਤਾਂ 'ਤੇ ਨਿਰਭਰ ਕੀਤੇ ਬਿਨਾਂ ਸੁਹਜਾਤਮਕ ਪ੍ਰਤੀਕਿਰਿਆਵਾਂ ਨੂੰ ਹੁਲਾਰਾ ਦੇ ਸਕਦੀ ਹੈ। ਇਹ ਦਰਸ਼ਕਾਂ ਨੂੰ ਮਨੁੱਖ-ਕੇਂਦਰਿਤ ਵਿਆਖਿਆਵਾਂ ਤੋਂ ਪਰੇ ਪੂਰੀ ਤਰ੍ਹਾਂ ਸੰਵੇਦਨਸ਼ੀਲ ਜਾਂ ਭਾਵਨਾਤਮਕ ਪੱਧਰ 'ਤੇ ਚਿੱਤਰ ਨਾਲ ਜੁੜਨ ਦਾ ਮੌਕਾ ਪ੍ਰਦਾਨ ਕਰਦੀ ਹੈ।

ਅਮੂਰਤ ਫੋਟੋਗ੍ਰਾਫਰ ਅਕਸਰ ਆਪਣੇ ਲੈਂਜ਼ ਕੁਦਰਤੀ ਤੱਤਾਂ ਵੱਲ ਮੋੜਦੇ ਹਨ, ਜਿਵੇਂ ਕਿ ਵਾਤਾਵਰਣ ਵਿਚ ਪੈਟਰਨ, ਜੈਵਿਕ ਅਤੇ ਗੈਰ-ਜੈਵਿਕ ਪਦਾਰਥਾਂ ਦੀ ਬਣਤਰ, ਜਾਂ ਰੌਸ਼ਨੀ ਦਾ ਵਸਤੂਆਂ ਨਾਲ ਸੰਵਾਦ। ਇਹ ਖੋਜ ਸੰਸਾਰ ਦੇ ਗੈਰ-ਮਨੁੱਖੀ ਪਹਿਲੂਆਂ ਦੀ ਸੁੰਦਰਤਾ ਅਤੇ ਮਹੱਤਤਾ ਨੂੰ ਉਜਾਗਰ ਕਰਦੀ ਹੈ।

ਦੇਵ ਇੰਦਰ ਦੀਆਂ ਇਹ ਤਸਵੀਰਾਂ ਆਈਡੈਂਟਿਟੀ ਅਤੇ ਸਬਜੈਕਟ-ਔਬਜੈਕਟ ਦੀਆਂ ਪੈਟਰੀਆਰਕਲ ਸਥਾਪਨਾਵਾਂ ਤੋਂ ਮੁਕਤ ਹੋਣ ਕਾਰਨ ਨਾਰੀਵਾਦੀ ਸਿਆਸਤ ਨਾਲ ਵੀ ਜਾ ਜੁੜਦੀਆਂ ਹਨ।

ਦੇਵ ਇੰਦਰ ਦੀ ਐਬਸਟਰੈਕਟ ਫੋਟੋਗ੍ਰਾਫੀ ਦੀ ਇਹ ਕਲਾ ਪ੍ਰਦਰਸ਼ਨੀ ਮਾਨਵੀ-ਕੇਂਦਰਵਾਦ ਨੂੰ ਰੱਦ ਕਰ ਕੇ ਉੱਤਰ-ਮਾਨਵਵਾਦ ਦੀ ਵਕਾਲਤ ਕਰਨ ਲਈ ਸ਼ਕਤੀਸ਼ਾਲੀ ਸਾਧਨ ਬਣ ਜਾਂਦੀ ਹੈ। ਦਰਸ਼ਕਾਂ ਨੂੰ ਭਾਵਨਾਤਮਕ, ਸੰਵੇਦਨਸ਼ੀਲ ਅਤੇ ਧਾਰਨਾਤਮਕ ਪੱਧਰਾਂ 'ਤੇ ਸ਼ਾਮਲ ਕਰ ਕੇ, ਉਸਦੀ ਇਹ ਫੋਟੋਗ੍ਰਾਫਿਕ ਸ਼ੈਲੀ ਰਵਾਇਤੀ ਮਨੁੱਖ-ਕੇਂਦਰਿਤ ਦ੍ਰਿਸ਼ਟੀਕੋਣਾਂ ਨੂੰ ਚੁਣੌਤੀ ਦਿੰਦੀ ਹੈ। ਅਤੇ ਨਾਲ ਹੀ ਸਾਨੂੰ ਇੱਕ ਗੁੰਝਲਦਾਰ ਅਤੇ ਇੰਟਰਕੁਨੈਕਟਿਡ ਸੰਸਾਰ ਵਿਚ ਆਪਣੀ ਜਗ੍ਹਾ 'ਤੇ ਮੁੜ ਵਿਚਾਰ ਕਰਨ ਲਈ ਸੱਦਾ ਦਿੰਦੀ ਹੈ। ਆਪਣੀ ਵਿਜ਼ੂਅਲ ਭਾਸ਼ਾ ਅਤੇ ਬਿਰਤਾਂਤ ਸਮਰੱਥਾ ਦੁਆਰਾ, ਉਸਦੀ ਇਹ ਐਬਸਟਰੈਕਟ ਅਤੇ ਕੌਨਸੈਪਚੂਅਲ ਫੋਟੋਗ੍ਰਾਫੀ ਇਕ ਵਧੇਰੇ ਇਨਕਲੂਸਿਵ ਅਤੇ ਉੱਤਰ-ਮਾਨਵਵਾਦੀ ਵਿਸ਼ਵ-ਦ੍ਰਿਸ਼ਟੀਕੋਣ ਵੱਲ ਇੱਕ ਵਿਆਪਕ ਸੱਭਿਆਚਾਰਕ ਤਬਦੀਲੀ ਵਿਚ ਯੋਗਦਾਨ ਪਾਉਂਦੀ ਹੈ।

(ਭਾਵੇਂ ਇਹ ਆਰਟੀਕਲ ਤਾਂ ਮੈਂ ਦੇਵ ਇੰਦਰ ਦੀ ਫੋਟੋਗਰਾਫੀ ਨੂੰ ਆਧਾਰ ਬਣਾ ਕੇ ਲਿਖਿਆ ਹੈ। ਪਰ ਚੰਡੀਗੜ੍ਹ ਦੇ ਹੀ ਵਿਜੈ ਓਜ਼ੋ, ਭੁਪਿੰਦਰ ਬਰਾੜ, ਜਸਪਾਲ ਕਮਾਣਾ ਅਤੇ ਗੁਰਦੀਪ ਧੀਮਾਨ ਵਰਗੇ ਫੋਟੋਗਰਾਫਰਾਂ ਦੀਆਂ ਕਲਾ ਕ੍ਰਿਤਾਂ ਤੋਂ ਪ੍ਰਾਪਤ ਹੋਣ ਵਾਲੀਆਂ ਅੰਤਰ ਦ੍ਰਿਸ਼ਟੀਆਂ ਨੇ ਇਸ ਲੇਖ ਉੱਪਰ ਗਹਿਰਾ ਪ੍ਰਭਾਵ ਪਾਇਆ ਹੈ, ਇਸ ਗੱਲ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ।)

# ਨਰੀਮਨ ਦਾ ਵਿਛੋੜਾ: ਇਕ ਯੁਗ ਦਾ ਅੰਤ

# 70 ਸਾਲ ਕਾਨੂੰਨ ਦੀ ਦੁਨੀਆ ਵਿਚ ਕੀਤਾ ਰਾਜ

ਕੁਝ ਦਿਨ ਪਹਿਲਾਂ ਇੱਕ ਬਹੁਤ ਹੀ ਵੱਡਾ ਬੰਦਾ ਧਰਤੀ ਤੋਂ ਵਿਦਾ ਹੋਇਆ, ਜਿਸ ਨੂੰ ਕਿਸੇ 'ਧਿਆਨ ਦੀ ਅੱਖ' ਨਾਲ ਵੇਖਣ ਲਈ ਸਮਾਂ ਨਹੀਂ ਕੱਢਿਆ। ਫਲੀ ਸੈਮ ਨਰੀਮਨ(10 ਜਨਵਰੀ 1929-21ਫਰਵਰੀ 2024) ਭਾਰਤ ਦੇ ਉਂਗਲਾਂ 'ਤੇ ਗਿਣੇ ਜਾਣ ਵਾਲੇ ਵਿਅਕਤੀਆਂ ਵਿਚੋਂ ਇਕ ਸਨ, ਜਿਨ੍ਹਾਂ ਨੇ 70 ਸਾਲ ਤੋਂ ਵੀ ਵੱਧ ਕਾਨੂੰਨ ਦੀ ਦੁਨੀਆ ਉੱਤੇ ਹਕੂਮਤ ਕੀਤੀ ਅਤੇ ਕਿਹਾ ਜਾਂਦਾ ਹੈ ਕਿ ਕਾਨੂੰਨ ਉਨ੍ਹਾਂ ਲਈ ਤੇ ਉਹ ਕਾਨੂੰਨ ਲਈ ਹੀ ਬਣੇ ਹੋਏ ਸਨ। ਭਾਰਤੀ ਸੰਵਿਧਾਨ ਦੀ ਇੰਨੀ ਗਹਿਰੀ ਗੰਭੀਰ, ਸੁਘੜ ਸਿਆਣੀ, ਅਤੀ ਬਰੀਕ ਤੇ ਸੂਖਮ ਸਮਝ ਦੀ ਸੌਗਾਤ ਉਨ੍ਹਾਂ ਨੂੰ ਹੀ ਮਿਲੀ ਸੀ। ਇੱਕ ਬੜੇ ਵੱਡੇ ਵਕੀਲ ਨੇ ਤਾਂ ਇਥੋਂ ਤੱਕ ਵੀ ਕਿਹਾ ਕਿ ਉਹ ਸੰਵਿਧਾਨ ਦਾ ਮਹਾਬਲੀ, ਭੀਸ਼ਮ ਪਿਤਾਮਾ ਅਤੇ ਕਾਂਸਟੀਟਿਊਸ਼ਨਲ czar ਸੀ। ਕਿਸੇ ਸਮੇਂ ਰੂਸ ਵਿਚ ਇਹ ਅਹਿਮ ਰੁਤਬਾ ਸੀ ਅਤੇ ਜਿਸ ਨੂੰ ਇਹ ਰੁਤਬਾ ਮਿਲਦਾ ਸੀ, ਰੂਸੀ ਲੋਕਾਂ ਦੀ ਕਿਸਮਤ ਉਸੇ ਦੇ ਹੀ ਹੱਥ ਵਿਚ ਹੁੰਦੀ ਸੀ।



ਕਰਮਜੀਤ ਸਿੰਘ ਚੰਡੀਗੜ੍ਹ
ਸੀਨੀਅਰ ਪੱਤਰਕਾਰ
ਫੋਨ: +91-99150-91063

ਪਰ ਦੋਸਤੋ, ਉਹ ਜਿਸ ਦਿਲਕਸ਼ ਤੇ ਬੇਬਾਕ ਅੰਦਾਜ਼ ਵਿਚ ਦਲੀਲਾਂ ਅਤੇ ਕਾਨੂੰਨੀ ਦਲੀਲਾਂ ਦੇ ਵੱਡੇ ਖਜ਼ਾਨੇ ਨਾਲ ਲੈਸ ਹੋ ਕੇ ਜਿਸ ਸਪਸ਼ਟਤਾ ਅਤੇ ਵਿਸ਼ਵਾਸ ਨਾਲ ਅਦਾਲਤਾਂ ਅੰਦਰ ਸੰਵਿਧਾਨ ਅਤੇ ਕਾਨੂੰਨ ਦੀ ਵਿਆਖਿਆ ਕਰਦੇ ਸਨ, ਉਸ ਦਾ ਆਨੰਦ ਇਕੋ ਸਮੇਂ ਵੱਡੇ ਵੱਡੇ ਸਿਆਣੇ ਅਤੇ ਦਾਨੇ-ਬੀਨੇ ਵੀ ਮਾਣ ਸਕਦੇ ਸਨ ਅਤੇ ਨਾਲ ਹੀ ਕਾਨੂੰਨ ਦੇ ਦਾਇਰੇ ਤੋਂ ਬਾਹਰ ਰਹਿਣ ਵਾਲੇ ਸਧਾਰਨ ਲੋਕਾਂ ਦੀ ਵੀ ਕਾਨੂੰਨ ਵਿਚ ਦਿਲਚਸਪੀ ਪੈਦਾ ਹੋ ਜਾਂਦੀ ਸੀ। ਇਸੇ ਲਈ ਉਨ੍ਹਾਂ ਨੂੰ ਜਨਤਕ ਬੁੱਧੀਜੀਵੀ ਵੀ ਕਿਹਾ ਜਾਂਦਾ ਹੈ।

ਉਨ੍ਹਾਂ ਦੇ ਤੁਰ ਜਾਣ 'ਤੇ ਜਿਤਨੇ ਲੋਕ ਉਦਾਸ ਹੋਏ, ਸੱਚੀ-ਮੁੱਚੀ ਉਨ੍ਹਾਂ ਵਿਚ ਵਿਰੋਧੀ ਤੇ ਹਮਾਇਤੀ ਦੋਵੇਂ ਸ਼ਾਮਿਲ ਹਨ। ਦਰਅਸਲ ਉਹ ਜਿੰਨਾ ਚਿਰ ਇਸ ਦੁਨੀਆ ਵਿਚ ਜੀਵੇ, ਉਹ ਹਰ ਇੱਕ ਦੀਆਂ ਨਜ਼ਰਾਂ ਵਿਚ ਨਿਰਭਉ ਤੇ ਨਿਰਵੈਰ ਹੀ ਬਣੇ ਰਹੇ। ਇਹੋ ਜਿਹਾ ਮਾਣ-ਸਨਮਾਨ ਵਿਰਲਿਆਂ ਵਿਚੋਂ ਵਿਰਲਿਆਂ ਨੂੰ ਹੀ ਨਸੀਬ ਹੁੰਦਾ ਹੈ। ਨਰੀਮਨ ਨੇ ਬਹੁਤ ਸਾਰੇ ਕੇਸਾਂ ਵਿਚ ਸ਼ਮੂਲੀਅਤ ਕੀਤੀ ਜਾਂ ਅਗਵਾਈ ਕੀਤੀ, ਪਰ ਜਦੋਂ ਉਹ ਅਦਾਲਤ ਵਿਚ ਖੜੇ ਜਾਂਦੇ ਸਨ ਤਾਂ ਹਰ ਇੱਕ ਨੂੰ ਇਉਂ ਲੱਗਦਾ ਸੀ ਜਿਵੇਂ ਜਿੱਤ ਦਾ ਫੈਸਲਾ ਨਰੀਮਨ ਦੇ ਹੱਕ ਵਿਚ ਹੋ ਹੀ ਚੁੱਕਾ ਹੈ ਸ਼ਾਇਦ ਸੁਣ ਰਹੇ ਜੱਜਾਂ ਨੂੰ ਵੀ ਇਹੋ ਹੀ ਲੱਗਦਾ ਸੀ।

ਗੋਲਕ ਨਾਥ ਕੇਸ 1967, ਕੇਸ਼ਵਨੰਦ ਭਾਰਤੀ ਕੇਸ 1973 ਵਿਚ,ਉਹ ਮਸ਼ਹੂਰ ਵਕੀਲ ਪਾਲਕੀਵਾਲਾ ਦੇ ਨਾਲ ਖਲੋਤੇ ਜਦੋਂ ਵੱਡੇ ਫੈਸਲਿਆਂ ਨੇ ਕਾਨੂੰਨ ਅਤੇ ਰਾਜਨੀਤਿਕ ਦੁਨੀਆ ਦੀਆਂ ਮਹਿਫਲਾਂ ਵਿਚ ਤਹਿਲਕਾ ਮਚਾ ਦਿਤਾ ਕਿ ਪਾਰਲੀਮੈਂਟ ਭਾਵੇਂ ਕਿੰਨੀ ਵੀ ਸੁਪਰੀਮ ਕਿਉਂ ਨਾ ਹੋਵੇ, ਪਰ ਉਹ ਸੰਵਿਧਾਨ ਦੇ ਉਸ ਬੁਨਿਆਦੀ ਢਾਂਚੇ ਨੂੰ ਨਹੀਂ ਬਦਲ ਸਕਦੀ, ਜਿਸ ਦਾ ਗੂੜਾ ਰਿਸ਼ਤਾ ਬੁਨਿਆਦੀ ਅਧਿਕਾਰਾਂ ਨਾਲ ਜੁੜਿਆ ਹੋਇਆ ਹੈ। ਵੈਸੇ ਅੱਜ ਕੱਲ ਜਿਵੇਂ ਦੇਸ਼ ਦੇ ਹਾਲਾਤ ਹਨ, ਉਸ ਨਾਲ ਨਰੀਮਨ ਨੂੰ ਇੱਕ ਅਣਦਿਸਦਾ ਡਰ ਤਾਂ ਜ਼ਰੂਰ ਹੀ ਲੱਗਦਾ ਸੀ ਕਿ ਕਿਤੇ ਕਿਸੇ ਕਾਨੂੰਨ ਰਾਹੀਂ ਬੁਨਿਆਦੀ ਢਾਂਚੇ ਨੂੰ ਉਖੇੜ ਹੀ ਨਾ ਦਿੱਤਾ ਜਾਵੇ। ਪਰ ਫਿਰ ਵੀ ਇੱਕ ਮੁਲਾਕਾਤ ਵਿਚ ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਕੀ ਉਹ ਦਿਨ ਆ ਸਕਦਾ ਹੈ ਜਦੋਂ ਬੁਨਿਆਦੀ ਢਾਂਚੇ ਵਿਚ ਤਰਮੀਮ ਕਰ ਦਿੱਤੀ ਜਾਵੇਗੀ ਤਾਂ ਜਵਾਬ ਆਇਆ ਕਿ 'ਨਹੀਂ, ਕੋਈ ਵੀ ਦਾਨਿਸ਼ਵਰ ਜੱਜ ਉਸ ਉੱਤੇ ਪਹਿਰਾ ਦੇਵੇਗਾ। ਚੰਗੀ ਕਿਸਮਤ ਹੈ ਕਿ ਸਾਡੇ ਕੋਲ ਇਹੋ ਜਿਹੇ ਦਾਨਸ਼ਵਰ ਜੱਜ ਅਜੇ ਹੈਗੇ ਨੇ।'

ਬਹੁਤ ਸਾਰੀਆਂ ਕੀਮਤੀ, ਨਾਯਾਬ ਤੇ ਜ਼ਿੰਦਗੀ ਭਰ ਯਾਦ ਕਰਨ ਤੇ ਸਾਂਭ ਸਾਂਭ ਕੇ ਰੱਖਣ ਵਾਲੀਆਂ ਬਹੁਤ ਗੱਲਾਂ ਹਨ- ਇਸ ਵੱਡੀ ਸ਼ਖ਼ਸੀਅਤ ਬਾਰੇ, ਪਰ ਤੁਹਾਡੇ ਕੋਲ ਵੀ ਸਮਾਂ ਤੇ ਸਬਰ ਨਹੀਂ ਕਿ ਤੁਸੀਂ ਉਹ ਸਭ ਕੁਝ ਸੁਣ ਸਕੋ।

ਕੁਝ ਰਸਮੀ ਤੇ ਮੁਢਲੀਆਂ ਗੱਲਾਂ ਜੋ ਹਰ ਇਨਸਾਨ ਬਾਰੇ ਦੱਸਣੀਆਂ ਬਣਦੀਆਂ ਹਨ ਜੋ ਇਸ ਦੁਨੀਆ ਵਿਚ ਆਉਂਦਾ ਹੈ। ਨਰੀਮਨ ਰੰਗੂਨ (ਬਰਮਾ) ਵਿਚ ਪੈਦਾ ਹੋਏ। ਦੂਜੀ ਸੰਸਾਰ ਜੰਗ ਸਮੇਂ ਜਦੋਂ ਜਪਾਨ ਨੇ ਬਰਮਾ ਉੱਤੇ ਹਮਲਾ ਕੀਤਾ ਤਾਂ ਪਰਿਵਾਰ ਭੱਜ ਕੇ ਭਾਰਤ ਆ ਗਿਆ। ਬਿਸ਼ਪ ਕਾਟਨ ਸਕੂਲ ਸ਼ਿਮਲਾ ਵਿਚ ਪੜ੍ਹਾਈ ਕੀਤੀ। ਫਿਰ ਬੰਬਈ (ਹੁਣ ਮੁੰਬਈ) ਵਿਚ ਬੀ ਏ ਪਰ ਸੈਕੰਡ ਕਲਾਸ ਵਿਚ ਹੀ। ਪਿਤਾ ਆਈ ਏ ਐਸ ਵਿਚ ਭੇਜਣਾ ਚਾਹੁੰਦਾ ਸੀ ਪਰ ਮੁੰਡਾ ਉਧਰ ਜਾ ਨਹੀਂ ਸੀ ਸਕਦਾ। ਇਸ ਲਈ ਕਾਨੂੰਨ ਦੀ ਚੋਣ ਹੀ ਕਰਨੀ ਪਈ। ਵੈਸੇ ਦਿਲਚਸਪ ਗੱਲ ਹੈ ਕਿ ਨਰੀਮਨ 'ਕਰਮਾਂ ਦੀ ਥਿਊਰੀ' ਵਿਚ ਵੀ ਯਕੀਨ ਰੱਖਦੇ ਸਨ। ਇੱਕ ਮੁਲਾਕਾਤ ਵਿਚ ਸ਼ੈਕਸਪੀਅਰ ਦੇ ਹਵਾਲੇ ਨਾਲ ਫਰਮਾਉਂਦੇ ਹਨ ਕਿ ਸਭ ਕੁਝ ਬੰਦੇ ਦੇ ਵੱਸ ਵਿਚ ਨਹੀਂ ਹੁੰਦਾ।

ਕਿਸੇ ਸਮੇਂ ਮੁੰਬਈ ਦਾ ਗੌਰਮਿੰਟ ਲਾਅ ਕਾਲਜ ਬੜਾ ਮਸ਼ਹੂਰ ਸੀ, ਜਿੱਥੋਂ ਨਰੀਮਨ ਨੇ ਕਾਨੂੰਨ ਦੀ ਪੜ੍ਹਾਈ ਕੀਤੀ। ਇਸ ਕਾਲਜ ਵਿਚ ਪੜ੍ਹਨ ਵਾਲੇ ਅਤੇ ਪੜ੍ਹ ਕੇ ਆਏ ਵਕੀਲ ਦੱਸਦੇ ਹਨ ਕਿ ਇਹ ਉਹ ਕਾਲਜ ਸੀ ਜਿੱਥੇ ਪੜ੍ਹਦਿਆਂ ਪੜ੍ਹਦਿਆਂ ਕਾਨੂੰਨ ਅਤੇ ਜ਼ਿੰਦਗੀ ਦਾ ਗਿਆਨ ਤੇ ਖਜ਼ਾਨਾ ਕਾਲਜ ਦੇ ਅੰਦਰੋਂ ਤਾਂ ਮਿਲਦਾ ਹੀ ਸੀ ਪਰ ਬਾਹਰੋਂ ਕਿਤੇ ਹੋਰ ਜ਼ਿਆਦਾ ਹਾਸਲ ਹੁੰਦਾ ਸੀ। ਪਰ ਹੁਣ ਤਾਂ ਬਹੁਤੇ ਕਾਲਜ ਵਪਾਰ ਦੇ ਹੀ ਅੱਡੇ ਬਣੇ ਹੋਏ ਹਨ। ਕਿਤੇ ਕਿਤੇ ਹੀ 'ਹਰਿਓ ਬੂਟ' ਦੇ ਸੰਕਲਪ ਨਾਲ ਜੁੜੀਆਂ ਸਿਆਣਪਾਂ ਤੇ ਹਕੀਕਤਾਂ ਦੇ ਦੀਦਾਰ ਹੋਣਗੇ।

ਇੱਕ ਹੋਰ ਗੱਲ ਜੋ ਸਾਡੀ ਕੌਮ ਲਈ ਵੀ ਹੈ। ਜਨਾਬ ਨਰੀਮਨ ਘੱਟ ਗਿਣਤੀਆਂ ਅਤੇ ਹਾਸ਼ੀਏ ਉੱਤੇ ਰਹਿਣ ਵਾਲੀਆਂ ਬਰਾਦਰੀਆਂ ਦੇ ਵੀ ਨਾਲ ਖਲੋਇਆ ਕਰਦੇ ਸਨ। ਖੁਦ ਪਾਰਸੀ ਸਨ ਪਰ ਆਪਣੀ ਕੌਮ ਨੂੰ ਬਹੁਤ ਪਿਆਰ ਕਰਦੇ ਸਨ। ਇੱਕ ਥਾਂ ਕਹਿੰਦੇ ਹਨ ਕਿ ਸਾਡੀ ਕੌਮ ਨਗੂਣੀ ਜਿਹੀ ਛੋਟੀ ਕੌਮ (70 ਹਜ਼ਾਰ ਤੋਂ ਵੀ ਘੱਟ) ਹੈ ਪਰ ਅਸੀਂ ਕਾਨੂੰਨ, ਮੈਡੀਕਲ ਤੇ ਵਪਾਰ ਦੀ ਦੁਨੀਆ ਵਿਚ ਵੱਡੀ ਅਤੇ ਸਤਿਕਾਰਯੋਗ ਥਾਂ ਬਣਾਈ ਹੋਈ ਹੈ। ਕੀ ਤੁਹਾਨੂੰ ਪਤਾ ਹੈ ਕਿ ਅੰਤਰਰਾਸ਼ਟਰੀ ਪੱਧਰ ਦੇ ਵੱਡੇ ਵਕੀਲ ਨਾਨੀ ਪਾਲਕੀ ਵਾਲਾ, ਸੋਲੀ ਸਰਾਬ ਜੀ, ਐਚ ਐਮ ਸੀਰਵਾਈ ਵੀ ਪਾਰਸੀ ਸਨ। ਨਰੀਮਨ ਸਮੇਤ ਇਹ ਚਾਰੋਂ ਕਾਨੂੰਨ ਦੇ ਵੱਡੇ ਥੰਮ ਸਨ ਅਤੇ ਸ਼ਾਇਦ ਹੀ ਇਹੋ ਜਿਹੇ ਚਾਰੇ ਇਕੱਠੇ ਫਿਰ ਕਦੇ ਕਿਸੇ ਦੌਰ ਦੀ ਤਕਦੀਰ ਵਿਚ ਲਿਖੇ ਹੋਣ।

ਨਰੀਮਨ ਦੀ ਇੱਕ ਹੋਰ ਟਿੱਪਣੀ ਆਪਣੀ ਕੌਮ ਬਾਰੇ ਇਹ ਹੈ ਕਿ ਭਾਵੇਂ ਅਸੀਂ ਥੋੜੇ ਹਾਂ,ਪਰ ਸਾਡਾ ਧਰਮ ਸਾਨੂੰ ਇਹ ਸਿਖਾਉਂਦਾ ਹੈ ਕਿ ਇਖਲਾਕ ਵਾਲੇ ਇਨਸਾਨ ਕਿਵੇਂ ਬਣਨਾ ਹੈ। ਉਨ੍ਹਾਂ ਕਿਹਾ ਕਿ ਪਾਰਸੀ ਇਸ ਅਦੁਤੀ ਬਖ਼ਸ਼ਿਸ਼ ਨੂੰ ਸ਼ਬਦਾਂ ਵਿਚ ਦੱਸ ਨਹੀਂ ਸਕਦੇ ਪਰ ਇਸ ਬਖ਼ਸ਼ਿਸ਼ ਵਿਚ ਜਿਉਂਦੇ ਜ਼ਰੂਰ ਹਨ। ਸ਼ਾਇਦ ਘੱਟ ਗਿਣਤੀ ਹੋਣ ਦਾ ਦਰਦ ਹੀ ਸੀ ਕਿ ਇੱਕ ਪਾਰਸੀ ਸੈਮ ਮਾਣਕ ਸ਼ਾਹ ਫੌਜ ਦਾ ਮੁਖੀ ਬਣਿਆ, ਰਤਨ ਟਾਟਾ ਮਿਸਤਰੀ, ਅਤੇ ਵਾਦੀਆ ਪਰਿਵਾਰ ਨੇ ਵਪਾਰ ਵਿਚ ਬੁਲੰਦੀਆਂ ਛੂਹੀਆਂ। ਇਹ ਜਾਣਕਾਰੀ ਤਾਂ ਤੁਹਾਨੂੰ ਸਾਰਿਆਂ ਨੂੰ ਹੀ ਹੋਵੇਗੀ ਕਿ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਪਤੀ ਫਿਰੋਜ਼ ਗਾਂਧੀ ਵੀ ਪਾਰਸੀ ਹੀ ਸੀ। ਫਾਰੁਕ ਸ਼ੇਖ, ਫਰਹਾਨ ਅਖਤਰ, ਜੌਹਨ ਅਬਰਾਹਮ, ਡੇਜ਼ੀ ਇਰਾਨੀ, ਫਰਾਹ ਖਾਨ ਅਤੇ ਕਿੰਨੇ ਹੋਰ ਵੱਡੇ ਕਾਰ ਕਲਾਕਾਰ ਇਸੇ ਹੀ ਕੌਮ ਨੇ ਪੈਦਾ ਕੀਤੇ ਹਨ। ਭਰਪੂਰ ਜਾਣਕਾਰੀ ਲਈ ਜ਼ਰਾਸਟਰੀਅਨ, ਨੈਟ ਨਾਲ ਰਿਸ਼ਤਾ ਜੋੜੋ। 70 ਹਜ਼ਾਰ ਦੀ ਕੌਮ ਨੇ ਜੇ ਕਾਨੂੰਨ ਦੇ ਖੇਤਰ ਵਿਚ ਇਨੇ ਵੱਡੇ ਬੰਦੇ ਪੈਦਾ ਕੀਤੇ ਹਨ ਤਾਂ ਕੀ ਕਾਰਨ ਹੈ ਕਿ ਦੋ ਕਰੋੜ ਦੀ ਸਿੱਖ ਕੌਮ ਅੰਤਰਰਾਸ਼ਟਰੀ ਪੱਧਰ ਦੇ ਚਾਰ ਪੰਜ ਵੱਡੇ ਵਕੀਲ ਵੀ ਕਿਉਂ ਪੈਦਾ ਨਹੀਂ ਕਰ ਸਕੀ? ਇਸ ਸਵਾਲ ਦਾ ਜਵਾਬ ਕਿਸ ਕੋਲੋਂ ਮੰਗੀਏ?

ਕਿਸੇ ਵੀ ਪਟੀਸ਼ਨ ਜਾਂ ਕਿਸੇ ਮੁੱਦੇ ਦੀ ਇਬਾਰਤ ਤਿਆਰ ਕਰਨੀ ਹੁਨਰ ਨਹੀਂ ਪਰ ਕਲਾ ਹੈ। ਇਹ ਬੜਾ ਮੁਸ਼ਕਲ ਕੰਮ ਹੈ ਜਦੋਂ ਬਾਰੀਕੀਆਂ ਅਤੇ ਗੁੰਝਲਦਾਰ ਤੱਥਾਂ ਤੇ ਵਿਚਾਰਾਂ ਨੂੰ ਸਾਦਗੀ ਅਤੇ ਸਪਸ਼ਟਤਾ ਵਿਚ ਰੰਗਣਾ ਹੁੰਦਾ ਹੈ ਤਾਂ ਜੋ ਇਹ ਪਟੀਸ਼ਨ ਤੱਥ-ਅਧਾਰਤ ਕਵਿਤਾ ਵਾਂਗ ਲੱਗੇ ਅਤੇ ਇੰਜ ਲੱਗੇ ਕਿ ਤੁਸੀਂ ਜੱਜ ਨੂੰ ਆਪਣੀ ਗੱਲ ਮੁਕਦਮਾ ਸ਼ੁਰੂ ਹੋਣ ਤੋਂ ਪਹਿਲਾਂ ਹੀ ਮਨਾ ਲਈ ਹੈ। ਨਰੀਮਨ ਇਸ ਕਲਾ ਵਿਚ ਪੂਰੀ ਤਰ੍ਹਾਂ ਨਿਪੁੰਨ ਸਨ ਅਤੇ ਕਈ ਵਾਰ 'ਸ਼ੁੱਧਤਾ' ਦੀ ਅਵਸਥਾ ਤੱਕ ਪਹੁੰਚਣ ਲਈ ਕਿਸੇ ਪਟੀਸ਼ਨ ਦਾ ਖਰੜਾ ਪੰਜ ਵਾਰ ਕੱਟ-ਵੱਢ ਦੇ ਦੌਰ ਵਿਚੋਂ ਵੀ ਨਿਕਲਦਾ ਸੀ। ਇਹੋ ਗੱਲ ਸੀ ਕਿ ਗਵਾਂਢੀ ਮੁਲਕ ਬੰਗਲਾ ਦੇਸ਼ ਦੇ ਵਿਦੇਸ਼ ਮੰਤਰੀ ਨੇ ਆਪਣੇ ਮੁਲਕ ਦੇ ਸੰਵਿਧਾਨ ਦਾ ਖਰੜਾ ਤਿਆਰ ਕਰਨ ਲਈ ਨਰੀਮਨ ਦੇ ਬੂਹੇ ਉੱਤੇ ਹੀ ਦਸਤਕ ਦਿੱਤੀ।

ਘੱਟ ਗਿਣਤੀਆਂ ਨਾਲ ਜੁੜੀਆਂ ਵਿਦਿਅਕ ਸੰਸਥਾਵਾਂ ਦੇ ਮਾਮਲੇ ਵਿਚ 'ਟੀਐਮਏ ਪਾਈ ਫਾਊਂਡੇਸ਼ਨ ਕੇਸ' ਵਿਚ ਨਰੀਮਨ ਜਿੱਤਿਆ ਅਤੇ ਸਿੱਧ ਕੀਤਾ ਕਿ ਘੱਟ ਗਿਣਤੀਆਂ ਨੂੰ ਆਪਣੀਆਂ ਵਿਦਿਅਕ ਸੰਸਥਾਵਾਂ ਸਥਾਪਤ ਕਰਨ ਅਤੇ ਇਨ੍ਹਾਂ ਦਾ ਪ੍ਰਬੰਧ ਕਰਨ ਦਾ ਪੂਰਾ ਪੂਰਾ ਹੱਕ ਹੈ। ਨਰੀਮਨ ਅਹੁਦਿਆਂ ਦੇ ਲਾਲਚ ਤੋਂ ਪੂਰੀ ਤਰ੍ਹਾਂ ਮੁਕਤ ਸਨ। ਜਦੋਂ ਜੂਨ 1975 ਵਿਚ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਸਰਕਾਰ ਨੇ ਐਮਰਜੈਂਸੀ ਦਾ ਐਲਾਨ ਕੀਤਾ ਤਾਂ ਐਲਾਨ ਦੇ ਕੁਝ ਹੀ ਘੰਟਿਆਂ ਪਿੱਛੋਂ ਉਨ੍ਹਾਂ ਨੇ ਅਡੀਸ਼ਨਲ ਸੋਲਸਟਰ ਜਨਰਲ ਦੇ ਉੱਚੇ ਪਦ ਤੋਂ ਅਸਤੀਫ਼ਾ ਦੇ ਦਿੱਤਾ। ਪਰ ਇਹ ਉਹ ਸਮਾਂ ਸੀ ਜਦੋਂ ਇੰਦਰਾ ਗਾਂਧੀ ਦੇ ਵਿਰੁੱਧ ਜਾਣ ਅਤੇ ਬੋਲਣ ਦੇ ਅੰਜਾਮ ਭੁਗਤਣੇ ਪੈਂਦੇ ਸਨ। ਵਾਜਪਾਈ ਦੀ ਸਰਕਾਰ ਨੇ ਹੀ ਵੱਡੀ ਖੁਲ੍ਹਦਿਲੀ ਵਿਖਾ ਕੇ ਉਨ੍ਹਾਂ ਨੂੰ ਰਾਜ ਸਭਾ ਦਾ ਮੈਂਬਰ ਬਣਾਇਆ, ਹਾਲਾਂਕਿ ਵਾਜਪਾਈ ਜਾਣਦੇ ਸਨ ਕਿ ਨਰੀਮਨ ਖਤਰਨਾਕ ਹੱਦ ਤੱਕ ਸੁਤੰਤਰ ਹੈ ਅਤੇ ਕਿਸੇ ਸਮੇਂ ਸਾਡੀ ਸਰਕਾਰ ਦੇ ਵਿਰੁੱਧ ਵੀ ਬੋਲ ਸਕਦਾ ਹੈ। ਦੁਨੀਆ ਅੰਦਰ ਕਾਨੂੰਨ, ਰਾਜਨੀਤੀ ਅਤੇ ਸਾਹਿਤ ਦੇ ਪਿੜ ਵਿਚ ਕੀ ਹੋ ਰਿਹਾ ਹੈ, ਨਰੀਮਨ ਪੂਰੀ ਤਰ੍ਹਾਂ ਉਨ੍ਹਾਂ ਵਰਤਾਰਿਆਂ ਨਾਲ ਜੁੜੇ ਹੁੰਦੇ ਸਨ, 'ਨਿਊਯਾਰਕ ਰਿਵਿਊ ਆਫ ਬੁਕਸ' ਅਤੇ 'ਲੰਡਨ ਰਿਵਿਊ ਆਫ ਬੁਕਸ' ਮੈਗਜ਼ੀਨਾਂ ਨੂੰ ਉਹ ਲਗਾਤਾਰ ਵੇਖਦੇ ਰਹਿੰਦੇ ਸਨ ਜਿੱਥੇ ਦੁਨੀਆ ਭਰ ਦੀਆਂ ਤਾਜ਼ਾ ਕਿਤਾਬਾਂ ਬਾਰੇ ਜਾਣਕਾਰੀ ਹਾਸਲ ਹੁੰਦੀ ਹੈ।

ਨਰੀਮਨ ਦੀ ਵਕੀਲਾਂ ਨੂੰ ਸਲਾਹ ਹੈ ਕਿ ਇੱਕੋ ਵਕੀਲ ਬਹੁਤ ਸਾਰੇ ਕੇਸਾਂ ਨੂੰ ਆਪਣੇ ਹੱਥ ਵਿਚ ਨਾ ਲਵੇ, ਕਿਉਂਕਿ ਇਸ ਨਾਲ ਕਲਾਇੰਟਸ ਨੂੰ ਨੁਕਸਾਨ ਪਹੁੰਚਦਾ ਹੈ।ਉਨ੍ਹਾਂ ਦੇ ਨਾਲ ਕੰਮ ਕਰਦੇ ਇੱਕ ਵਕੀਲ ਨੇ ਉਨ੍ਹਾਂ ਨੂੰ ਦਿੱਤੀ ਆਪਣੀ ਸ਼ਰਧਾਂਜਲੀ ਵਿਚ ਯਾਦ ਕਰਵਾਇਆ ਕਿ 'ਐਨ ਜੇ ਏ ਸੀ' ਵਾਲੇ ਅਹਿਮ ਕੇਸ ਵਿਚ ਨਰੀਮਨ ਨੇ ਛੇ ਮਹੀਨੇ ਕੋਈ ਵੀ ਕੇਸ ਨਹੀਂ ਸੀ ਲਿਆ ਅਤੇ ਉਹ ਰਾਤ ਢਾਈ ਵਜੇ ਤੱਕ ਕੇਸ ਦੀ ਤਿਆਰੀ ਵਿਚ ਲੱਗੇ ਰਹਿੰਦੇ ਸਨ ਅਤੇ ਇਸ ਤਿਆਰੀ ਵਿਚ ਪੂਰੇ ਛੇ ਮਹੀਨੇ ਲੱਗ ਗਏ। ਇਸ ਤੋਂ ਪਤਾ ਲੱਗਦਾ ਹੈ ਕਿ ਗੰਭੀਰ ਕੇਸਾਂ ਦੀ ਤਿਆਰੀ ਵਿਚ ਤੱਥ, ਜਜ਼ਬੇ, ਤਰਕ, ਗਿਆਨ, ਮੁਹਾਵਰੇ, ਹਕਾਇਤਾਂ, ਮਿਹਨਤ, ਤਿਆਗ ਅਤੇ ਲਗਨ ਦੀਆਂ ਬਰਕਤਾਂ ਸਭ ਦੀਆਂ ਸਭ ਕਿਵੇਂ ਉਨ੍ਹਾਂ ਨੂੰ ਆਪਣੇ-ਆਪ ਰਾਹ ਦੇ ਦਿੰਦੀਆਂ ਸਨ। ਨਰੀਮਨ ਦੀ ਯਾਦਦਾਸ਼ਤ ਵੀ ਬਹੁਤ ਤਿੱਖੀ ਅਤੇ ਤੇਜ਼ ਸੀ। ਅਤੀਤ ਵਿਚ ਹੋਏ ਕਈ ਮਹੱਤਵਪੂਰਨ ਕੇਸਾਂ ਵਿਚ ਦਿੱਤੀਆਂ ਦਲੀਲਾਂ ਨੂੰ ਯਾਦ ਕਰਨ ਅਤੇ ਯਾਦ ਵਿਚ ਰੱਖਣ ਦੀ ਵੀ ਉਨ੍ਹਾਂ ਵਿਚ ਅਥਾਹ ਸਮਰਥਾ ਹੁੰਦੀ ਸੀ। ਉਨ੍ਹਾਂ ਕੇਸਾਂ ਦੇ ਫੈਸਲਿਆਂ ਨੂੰ ਸ਼ਬਦਾਂ ਅਤੇ ਵਾਕਾਂ ਸਮੇਤ ਉਹ ਇਨ-ਬਿਨ ਯਾਦ ਰੱਖਦੇ ਸਨ।



ਨਰੀਮਨ ਦੇ ਜੀਵਨ ਸਫਰ ਬਾਰੇ ਕਈ ਅਖਬਾਰਾਂ ਪੜ੍ਹਨ ਤੋਂ ਪਿੱਛੋਂ ਖੁੱਲੇ ਰੂਪ ਵਿਚ ਪੇਸ਼ ਹੈ: ਨਰੀਮਨ-ਚੇਤਨਾ ਦਾ ਨਿਚੋੜ ਸਵਾਲਾਂ-ਜਵਾਬਾਂ ਦੀ ਸ਼ਕਲ ਵਿਚ:

ਪ੍ਰਸ਼ਨ: ਕਿਤਾਬਾਂ ਤੋਂ ਬਾਹਰ ਜਾ ਕੇ ਦੱਸੋ ਕਿ ਕਾਨੂੰਨ ਕੀ ਹੁੰਦਾ ਹੈ?

ਉਤਰ: ਕਾਨੂੰਨ ਦਿਲ ਦਾ ਮਾਮਲਾ ਹੈ ਅਤੇ ਦਿਮਾਗ ਦਾ ਵੀ। ਦੋਵੇਂ ਨਾਲ ਨਾਲ ਰਹਿਣੇ ਚਾਹੀਦੇ ਹਨ।

ਪ੍ਰਸ਼ਨ: ਜੱਜ ਕਿਸ ਤਰ੍ਹਾਂ ਦਾ ਹੋਵੇ?

ਉਤਰ: ਦਇਆਵਾਨ ਤਾਂ ਜ਼ਰੂਰ ਹੀ ਹੋਵੇ। ਲਾਰਡ ਡੈਨਿੰਗ (1899-1999) ਦਾ ਹਵਾਲਾ ਦਿੰਦਿਆਂ ਕਿ ਜੱਜ ਦਾ ਫਰਜ਼ ਹੈ, ਉਹ ਕਾਨੂੰਨ ਨੂੰ ਜ਼ਿੰਦਾ ਦਿਲ ਬਣਾ ਦੇਵੇ। ਭਾਵੇਂ ਜੱਜ ਕਿੰਨਾ ਵੀ ਉੱਚਾ ਹੋਵੇ ਪਰ ਕਾਨੂੰਨ ਉਸ ਤੋਂ ਉੱਚਾ ਹੁੰਦਾ ਹੈ। ਲਾਅ ਦਾ ਫਰਜ਼ ਕਮਜ਼ੋਰ ਦੀ ਤਾਕਤਵਰ ਤੋਂ ਰੱਖਿਆ ਕਰਨਾ ਹੈ।

ਪ੍ਰਸ਼ਨ: ਕਿਸ ਤਰਾਂ ਦੀ ਲੱਗਦੀ ਹੈ ਸਾਡੀ ਕਾਨੂੰਨੀ ਬਰਾਦਰੀ ਤੁਹਾਨੂੰ?

ਉਤਰ: ਬੌਧਿਕ ਤੌਰ ਤੇ ਗਰੀਬ ਹੀ ਹੈ?

ਪ੍ਰਸ਼ਨ: ਵਕੀਲ ਕਿਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ?

ਉਤਰ: Beyond lawyer ਵੀ ਹੋਵੇ। ਦਾਇਰੇ ਤੋਂ ਬਾਹਰ ਰਹਿ ਕੇ ਵੀ ਸੋਚੇ। ਰਾਜਨੀਤਿਕ ਦਬਾਵਾਂ ਤੋਂ ਆਜ਼ਾਦ ਹੋਵੇ। ਇਖਲਾਕੀ ਰਹਿਬਰ ਬਣੇ। ਬਹਿਸ ਦੌਰਾਨ ਆਪਾ ਨਾ ਖੋਏ। ਵਕੀਲ ਕਦੇ ਵੀ ਰਿਟਾਇਰ ਨਹੀਂ ਹੁੰਦਾ ਆਖਰ ਤੱਕ। (ਇੱਥੇ ਇਹ ਚੇਤੇ ਕਰਾਇਆ ਜਾਂਦਾ ਹੈ ਕਿ 20 ਫਰਵਰੀ ਦੀ ਰਾਤ ਨੂੰ ਨਰੀਮਨ ਇੱਕ ਪਟੀਸ਼ਨ ਤਿਆਰ ਕਰ ਰਹੇ ਸਨ ਅਤੇ ਫਿਰ 21 ਫਰਵਰੀ ਨੂੰ ਤੜਕਸਾਰ ਉਹ ਇਸ ਸੰਸਾਰ ਤੋਂ ਵਿਛੜ ਗਏ। ਉਹ ਉਸ ਸਮੇਂ ਪੰਜ ਘੱਟ 100 ਵਰ੍ਹਿਆਂ ਦੇ ਸਨ।)

ਪ੍ਰਸ਼ਨ: ਵਕਾਲਤ ਦੇ ਵਿਸ਼ੇ ਨਾਲ ਸਬੰਧਤ ਰਚਨਾਵਾਂ ਕਿਹੋ ਜਿਹੀਆਂ ਹੋਣ?

ਉੱਤਰ: ਇਹੋ ਜਿਹੀਆਂ ਹੋਣ ਕਿ ਆਮ ਬੰਦੇ ਦੀ ਵੀ ਕਾਨੂੰਨ ਵਿਚ ਦਿਲਚਸਪੀ ਪੈਦਾ ਹੋ ਜਾਏ। (ਚੇਤੇ ਰਹੇ ਕਿ ਨਰੀਮਨ ਦੀ ਕਿਤਾਬ 'ਇਸ ਤੋਂ ਪਹਿਲਾਂ ਕਿ ਯਾਦ ਧੁੰਦਲੀ' (before memory fades) ਪੈ ਜਾਏ, ਹਜ਼ਾਰਾਂ ਦੀ ਗਿਣਤੀ ਵਿਚ ਪੜੀ ਗਈ ਹੈ।

ਪ੍ਰਸ਼ਨ: ਹੁਣ ਵਾਲਾ ਭਾਰਤੀ ਸਮਾਜ ਤੁਹਾਨੂੰ ਕਿਵੇਂ ਜਾਪਦਾ ਹੈ?

ਉੱਤਰ: ਸਹਿਣਸ਼ੀਲਤਾ ਗੁੰਮ ਹੁੰਦੀ ਜਾ ਰਹੀ ਹੈ।

ਪ੍ਰਸ਼ਨ: ਨਿਆਪਾਲਿਕਾ ਨੂੰ ਕਿਸ ਤਰ੍ਹਾਂ ਵੇਖਦੇ ਹੋ?

ਉੱਤਰ: ਸੁਤੰਤਰ ਵੀ ਹੋਵੇ ਅਤੇ ਜਵਾਬ ਦੇਹ ਵੀ।

ਪ੍ਰਸ਼ਨ: ਨਵੇਂ ਨਵੇਂ ਬਣੇ ਵਕੀਲਾਂ ਨੂੰ ਕੋਈ ਸੰਦੇਸ਼?

ਉੱਤਰ: ਫੁਕਰੇ ਨਾ ਬਣੋ। ਇਹ ਦਾਅਵਾ ਕਦੇ ਨਾ ਕਰੋ ਕਿ ਮੈਨੂੰ ਸਭ ਕੁਝ ਪਤਾ ਹੈ, ਮੈਂ ਹਰ ਗੱਲ ਜਾਣਦਾ ਹਾਂ। ਜਿਸ ਪਲ ਤੁਸੀਂ ਇਹ ਗੱਲ ਆਖ ਦਿੱਤੀ ਤਾਂ ਸਮਝੋ ਕਿ ਤੁਸੀਂ ਆਖਰੀ ਪੌੜੀ ਤੋਂ ਹੇਠਾਂ ਡਿੱਗ ਪਏ ਹੋ।

ਪ੍ਰਸ਼ਨ: ਆਖਰੀ ਤਮੰਨਾ?

ਉੱਤਰ: 'ਧਰਮ ਨਿਰਪੱਖ ਭਾਰਤ' ਵਿਚ ਹੀ ਮੈਂ ਆਖਰੀ ਸਾਹ ਲਵਾਂ।

ਪ੍ਰਸ਼ਨ: ਜਦੋਂ ਸਰਕਾਰ ਨੇ ਕਸ਼ਮੀਰ ਵਿਚ ਧਾਰਾ 370 ਖਤਮ ਕੀਤੀ ਤਾਂ ਤੁਹਾਡੀ ਟਿੱਪਣੀ?

ਉੱਤਰ: ਰਾਜਨੀਤਕ ਤੌਰ 'ਤੇ ਭਾਵੇਂ ਇਸ ਨੂੰ ਪ੍ਰਵਾਨ ਕਰ ਲਿਆ ਜਾਵੇ, ਪਰ ਸੰਵਿਧਾਨਕ ਤੌਰ 'ਤੇ ਪੂਰੀ ਤਰ੍ਹਾਂ ਗਲਤ।

ਪ੍ਰਸ਼ਨ: ਜਦੋਂ ਪੰਜ ਜੱਜਾਂ ਦੇ ਬੈਂਚ ਨੇ ਫੈਸਲਾ ਦਿੱਤਾ ਕਿ ਧਾਰਾ 370 ਖਤਮ ਕਰਨ ਦਾ ਫੈਸਲਾ ਠੀਕ ਹੈ ਤਾਂ ਤੁਹਾਡੀ ਟਿੱਪਣੀ?

ਉੱਤਰ: ਸਾਰੇ ਜੱਜ ਇੱਕੋ ਪਾਸੇ ਹੀ ਖਲੋ ਗਏ। ਕੋਈ ਇੱਕ ਜੱਜ ਤਾਂ ਡਾਈਸੈਂਟ ਦਿੰਦਾ। ਡਾਈਸੈਂਟ ਕੰਪਲਸਰੀ ਹੋਣੀ ਚਾਹੀਦੀ ਹੈ।

ਪ੍ਰਸ਼ਨ: ਜਦੋਂ national judicial appointments commission ਵਾਲੇ ਪ੍ਰਸਿੱਧ ਕੇਸ ਸ਼ੁਰੂ ਹੋਣ ਸਮੇਂ ਸੁਪਰੀਮ ਕੋਰਟ ਦੇ ਮਾਨਯੋਗ ਜੱਜਾਂ ਨੇ ਸਵਾਲ ਕੀਤਾ ਕਿ ਤੁਹਾਡਾ ਮਵੱਕਲ (ਕਲਾਇੰਟ) ਕੌਣ ਹੈ ਤਾਂ ਤੁਸੀਂ ਕੀ ਜਵਾਬ ਦਿੱਤਾ?

ਉੱਤਰ: ਮੇਰਾ ਕਲਾਇੰਟ 'ਨਿਆਂ ਪਾਲਿਕਾ ਦੀ ਸੁਤੰਤਰਤਾ' ਹੈ?

ਪ੍ਰਸ਼ਨ: ਜਦੋਂ ਕੋਈ ਹੱਦ ਟੱਪਣ ਲੱਗੇ ਤਾਂ?

ਉੱਤਰ: ਜਦੋਂ ਕੋਈ ਇਸ ਤਰਾਂ ਕਰੇ ਤਾਂ ਬੋਲੋ, ਬੋਲੋ, ਭਾਵੇਂ ਸਰਕਾਰ ਹੋਵੇ ਤੇ ਭਾਵੇਂ ਸੁਪਰੀਮ ਕੋਰਟ।

ਪ੍ਰਸ਼ਨ: ਭਾਰਤੀ ਸੰਵਿਧਾਨ ਬਾਰੇ ਦੱਸੋ?

ਉੱਤਰ: ਹਰ ਕਿਸੇ ਨੂੰ ਸੰਵਿਧਾਨ ਬਾਰੇ ਜਾਣਕਾਰੀ ਹੋਣੀ ਚਾਹੀਦੀ ਹੈ। ਮੈਂ ਇੱਕ ਕਿਤਾਬ ਵੀ ਲਿਖੀ ਹੈ: 'ਯੂ ਮਸਟ ਨੋ ਯੋਅਰ ਕਨਸਟੀਚਿਊਸ਼ਨ'

ਇਸ ਮਸ਼ਹੂਰ ਹਸਤੀ ਦਾ ਵਿਛੋੜਾ ਇੱਕ ਯੁਗ ਦਾ ਅੰਤ ਹੈ-ਇੱਕ ਇਹੋ ਜਿਹਾ ਯੁਗ ਜਿਸ ਵਿਚ ਕਾਨੂੰਨ ਅਤੇ ਸਦਾਚਾਰ ਨਾਲ ਨਾਲ ਤੁਰਦੇ ਸਨ। ਪਰ ਹੁਣ? ਉਹ ਉਸ ਸਮੇਂ ਸਾਡੇ ਤੋਂ ਵਿਛੜੇ ਹਨ, ਜਦੋਂ ਇਸ ਮੁਲਕ ਦੀਆਂ ਉਨ੍ਹਾਂ ਵੱਡੀਆਂ ਹਸਤੀਆਂ ਅਤੇ ਸੰਸਥਾਵਾਂ ਦੇ ਉਨ੍ਹਾਂ ਵਿਚਾਰਾਂ ਲਈ ਸੁਤੰਤਰ ਥਾਂ ਤੇਜ਼ੀ ਨਾਲ ਸੁੰਗੜਦੀ ਜਾ ਰਹੀ ਹੈ ਜੋ ਇੱਕ ਪਾਸੜ ਵਗ ਰਹੀਆਂ ਹਨੇਰੀਆਂ ਦੇ ਖਿਲਾਫ ਹਿਕ ਡਾਹ ਕੇ ਖੜੇ ਹੁੰਦੇ ਹਨ।

ਫਲਸਤੀਨੀ ਕਹਾਣੀ

# ਬੂਟ

***ਇਜ਼ਰਾਈਲ ਜਿਸ ਤਰ੍ਹਾਂ ਫਲਸਤੀਨੀਆਂ ਨੂੰ ਦਰੜ ਰਿਹਾ ਹੈ ਅਤੇ ਜਿਸ ਤਰ੍ਹਾਂ ਫਲਸਤੀਨੀ ਇਨ੍ਹਾਂ ਵਧੀਕੀਆਂ ਦਾ ਟਾਕਰਾ ਕਰ ਰਹੇ ਹਨ, ਉਸ ਤੋਂ ਹਰ ਕੋਈ ਹੈਰਾਨ ਹੈ। ਫਲਸਤੀਨੀ ਕਿਹੜੀ ਮਿੱਟੀ ਦੇ ਬਣੇ ਹੋਏ ਹਨ, ਇਸ ਬਾਰੇ ਖੁਲਾਸਾ ਫਲਸਤੀਨੀ ਲਿਖਾਰੀ ਨਾਸਿਰ ਇਬਰਾਹਿਮ ਦੀ ਕਹਾਣੀ 'ਬੂਟ' ਤੋਂ ਹੁੰਦਾ ਹੈ। ਇਹ ਔਖੇ ਵੇਲਿਆਂ ਵਿਚ ਵੀ ਲੜਦੇ ਰਹਿਣ ਦੀ ਕਹਾਣੀ ਹੈ ਪਰ ਲਿਖਾਰੀ ਨੇ ਜਿਸ ਤਰ੍ਹਾਂ ਇਸ ਕਹਾਣੀ ਦਾ ਅੰਤ ਕੀਤਾ ਹੈ, ਉਸ ਨਾਲ ਪਾਠਕ ਦੇ ਦੰਦਾਂ ਹੇਠ ਉਂਗਲਾਂ ਆ ਜਾਂਦੀਆਂ ਹਨ।***

**ਨਾਸਿਰ ਇਬਰਾਹਿਮ**
**ਪੰਜਾਬੀ ਰੂਪ: ਪਰਮਜੀਤ ਢੀਂਗਰਾ**

ਕਿਸੇ ਨੂੰ ਪਤਾ ਨਹੀਂ ਸੀ ਕਿ ਨਿਸਾਰ ਰਮਾਲਾਹ ਜਾਣ ਦੀ ਜ਼ਿੱਦ ਕਿਉਂ ਕਰ ਰਿਹਾ ਹੈ। ਫ਼ੌਜੀ ਚੈੱਕਪੁਆਇੰਟਾਂ ਦੀਆਂ ਬਦਸਲੂਕੀਆਂ, ਪਹਾੜਾਂ ਵਿਚਲੀ ਕਠਿਨ ਪੈਦਲ ਚੜ੍ਹਾਈ ਤੇ ਮਿੱਟੀ ਘੱਟੇ ਨਾਲ ਅੱਟੀਆਂ ਪਹਾੜੀ ਪਗਡੰਡੀਆਂ ਤੇ ਹੋਰ ਕਈ ਰੁਕਾਵਟਾਂ ਕਰਕੇ ਇਹ ਕੰਮ ਸੌਖਾ ਨਹੀਂ ਸੀ ਪਰ ਕਿਸੇ ਬਹਾਦਰ ਕਾਮੇ ਵਾਂਗ ਪੱਕੇ ਤੇ ਦ੍ਰਿੜ੍ਹ ਇਰਾਦੇ ਨੂੰ ਪ੍ਰਗਟਾਉਂਦਿਆਂ ਉਹਨੇ ਹੌਸਲੇ ਨਾਲ ਕਿਹਾ ਸੀ ਕਿ ਬਹੁਤ ਜ਼ਰੂਰੀ ਮਸਲਾ ਹੈ ਜਿਸ ਦਾ ਫ਼ੈਸਲਾ ਰਮਾਲਾਹ ਜਾ ਕੇ ਹੀ ਹੋ ਸਕਦਾ ਹੈ, ਇਸ ਲਈ ਮੈਂ ਹਰ ਹਾਲ ਵਿਚ ਉਥੇ ਜਾਵਾਂਗਾ ਹੀ ਜਾਵਾਂਗਾ...।

"ਮੈਂ ਰਾਹ ਦੀਆਂ ਸਾਰੀਆਂ ਤਕਲੀਫ਼ਾਂ ਝੱਲ ਲਵਾਂਗਾ।...ਇਹੋ ਜਿਹੀਆਂ ਮਾਮੂਲੀ ਪ੍ਰੇਸ਼ਾਨੀਆਂ ਦੇ ਤਾਂ ਅਸੀਂ ਆਦੀ ਹੋ ਚੁੱਕੇ ਹਾਂ।...ਇਨ੍ਹਾਂ ਇਜ਼ਰਾਇਲੀਆਂ ਨੂੰ ਕੀ ਪਤਾ, ਜ਼ਿੰਦਗੀ ਦੇ ਸਾਰੇ ਗ਼ੈਰ-ਮਾਮੂਲੀ ਹਾਲਾਤ ਸਾਡੀ ਰੋਜ਼ਾਨਾ ਦੀ ਹੋਣੀ ਬਣ ਚੁੱਕੇ ਹਨ।...ਤੂੰ ਹੀ ਦੱਸ, ਕੀ ਮੌਤ ਦੀ ਉਡੀਕ ਤੱਕ ਅਸੀਂ ਹੱਥ 'ਤੇ ਹੱਥ ਧਰੀ ਇੰਜ ਹੀ ਬੈਠੇ ਰਹਾਂਗੇ?"

ਕਾਰ ਵਿਚ ਬਹਿੰਦਿਆਂ ਹੀ ਉਹ ਚੱਲ ਪਿਆ। ਕਿਸੇ ਵੀ ਹਾਲ ਵਿਚ ਰਮਾਲਾਹ ਪਹੁੰਚ ਕੇ ਹੀ ਹੁਣ ਉਹ ਦਮ ਲਵੇਗਾ, ਇਹ ਉਹਦਾ ਆਖਰੀ ਫ਼ੈਸਲਾ ਸੀ।

ਪਹਾੜਾਂ ਵਿਚ ਗੱਡੀਆਂ ਕੁਝ ਦੂਰੀ 'ਤੇ ਡਾਮਰ ਰੋਡ ਤੱਕ ਹੀ ਜਾਂਦੀਆਂ ਸਨ। ਅੱਗੇ ਕੁਝ ਕਿਲੋਮੀਟਰ ਕੱਚਾ ਰਾਹ ਹੈ। ਲੋਕ ਚੈੱਕਪੁਆਇੰਟਾਂ ਨੂੰ ਝਕਾਨੀ ਦੇਣ ਦਾ ਕੋਈ ਨਾ ਕੋਈ ਰਾਹ ਲੱਭ ਹੀ ਲੈਂਦੇ ਹਨ। ਘੁੰਮਣਘੇਰੀਆਂ ਵਾਲੇ ਰਾਹਾਂ 'ਤੇ ਚਲਦਿਆਂ ਉਹ ਤਲਾਸ਼ੀ, ਜ਼ਲਾਲਤ, ਥਕਾਵਟ ਤੇ ਵਾਹੀਆਤ ਹੁਕਮਾਂ ਦੀ ਮਨਹੂਸੀਅਤ ਤੋਂ ਬਚਣ ਦੇ ਮਾਹਿਰ ਹੋ ਚੁੱਕੇ ਹਨ। ਬੜੇ ਹੌਸਲੇ ਨਾਲ ਹਾਲਾਤ ਮੁਤਾਬਿਕ ਆਪਣੇ ਆਪ ਨੂੰ ਢਾਲਣ ਅਤੇ ਸਾਹਮਣੇ ਵਾਲੇ ਨੂੰ ਚਕਮਾ ਦੇ ਕੇ ਭੱਜ ਨਿਕਲਣ ਦਾ ਹੁਨਰ ਹੁਣ ਉਨ੍ਹਾਂ ਨੇ ਸਿੱਖ ਲਿਆ ਹੈ। ਕੀੜੀਆਂ ਦੇ ਬਹਾਦਰ ਦਸਤਿਆਂ ਵਾਂਗ ਆਪਣੇ ਘਰਾਂ ਅਤੇ ਗਲਿਆਰਿਆਂ ਦੇ ਢਹਿ ਢੇਰੀ ਹੋ ਜਾਣ ਤੋਂ ਬਾਅਦ ਵੀ ਕਿਸੇ ਨਾ ਕਿਸੇ ਤਰ੍ਹਾਂ ਉਹ ਰਸਤਾ ਤੇ ਹੱਲ ਦੋਵੇਂ ਲੱਭ ਲੈਂਦੇ ਹਨ। ਕੀੜੀਆਂ ਦੇ ਇਹ ਦਸਤੇ ਕਈ ਕਈ ਦਿਨਾਂ ਤੱਕ ਲਗਾਤਾਰ ਆਪਣੇ ਮੂੰਹਾਂ ਨਾਲ ਮਿੱਟੀ ਖੁਰਚਦੇ ਛੇਕ ਕਰਦੇ ਜਾਂਦੇ ਨੇ ਤੇ ਅੰਨ ਦੇ ਦਾਣੇ ਢੋਅ-ਢੋਅ ਕੇ ਢੇਰ ਲਾ ਦਿੰਦੇ ਨੇ ਤੇ ਆਪਣੇ ਨਿੱਕੇ ਨਿੱਕੇ ਪੈਰਾਂ ਨੂੰ ਪਤਾ ਤੱਕ ਨਹੀਂ ਲੱਗਣ ਦਿੰਦੇ ਕਿ ਉਨ੍ਹਾਂ ਨੇ ਕਿੰਨਾ ਪੈਂਡਾ ਤੈਅ ਕਰ ਲਿਆ ਹੈ। ਛੋਟਾ ਜਿਹਾ ਸੁਰਾਖ ਕਰ ਕੇ ਉਹ ਬਿਨਾ ਕਿਸੇ ਰੁਕਾਵਟ ਅਤੇ ਡਰ-ਭੈਅ ਦੇ ਉਸ ਵਿਚ ਵੜਦੇ ਜਾਂਦੇ ਹਨ। ਫਿਰ ਜਦੋਂ ਦੂਸਰੇ ਹੀ ਪਲ ਕੋਈ ਜਾਣ ਬੁੱਝ ਕੇ ਜਾਂ ਅਣਜਾਣਪੁਣੇ ਵਿਚ ਉਸ ਸੁਰਾਖ ਨੂੰ ਬੰਦ ਕਰ ਦੇਵੇ ਤਾਂ ਉਹ ਆਪਣੀਆਂ ਸੁੰਡਾਂ ਨਾਲ ਝੱਟ ਉਸ ਰੁਕਾਵਟ ਦਾ ਪਤਾ ਲਾ ਲੈਂਦੇ ਹਨ। ਕੀੜੀਆਂ ਦੇ ਦਸਤੇ ਹਾਲਤਦਾ ਜਾਇਜ਼ਾ ਲੈ ਕੇ ਘਟਨਾ ਸਥਾਨ ਦੇ ਚਾਰੇ ਪਾਸੇ ਜਮਘਟਾ ਲਾ ਲੈਂਦੇ ਹਨ। ਉਸ ਤੋਂ ਬਾਅਦ ਫਿਰ ਅੱਗੇ ਵੱਲ ਵਧਦੇ ਹਨ ਤੇ ਆਪਣੇ ਕੰਮ ਵਿਚ ਜੁਟ ਜਾਂਦੇ ਹਨ, ਜਿਵੇਂ ਕੁਝ ਵਾਪਰਿਆ ਹੀ ਨਾ ਹੋਵੇ।

ਘੱਟੇ ਮਿੱਟੀ ਨਾਲ ਭਰੇ ਰਸਤਿਆਂ 'ਤੇ ਜਾ ਰਹੇ ਲੋਕਾਂ ਦੇ ਜਥੇ ਕਿਸੇ ਧਾਗੇ ਵਿਚ ਪਰੋਏ ਕਾਲੇ ਢੇਰਾਂ ਵਾਂਗ ਲੱਗ ਰਹੇ ਹਨ। ਇਨਸਾਨਾਂ ਦੇ ਇਹ ਕਾਲੇ ਢੇਰ ਲੰਗੜਾਉਂਦੇ, ਘਿਸਰਦੇ ਹੋਏ ਅੱਗੇ ਵਧਦੇ ਹਨ ਤੇ ਫਿਰ ਪਿਛੇ ਵੱਲ ਧੱਕ ਦਿੱਤੇ ਜਾਂਦੇ ਹਨ। ਆਪਣੀ ਮੰਜ਼ਿਲ ਤੱਕ ਪਹੁੰਚਣ ਲਈ ਉਹ ਕਿਸੇ ਵੀ ਰੁਕਾਵਟ ਨੂੰ ਪਾਰ ਕਰਨ ਲਈ ਬਜ਼ਿੱਦ ਹਨ। ਸਿੱਧੇ ਰਸਤਿਆਂ 'ਤੇ ਉਹ ਇਕ ਦੂਜੇ ਨਾਲ ਦੁਬਕ ਕੇ ਚਲਦੇ, ਚੜ੍ਹਾਈਆਂ ਚੜ੍ਹਦੇ ਤੇ ਕੱਚੇ ਰਸਤਿਆਂ 'ਤੇ ਲਾਈਆਂ ਵਾੜਾਂ ਟੱਪ ਕੇ ਦੂਸਰੇ ਪਾਸੇ ਨਿਕਲੀ ਜਾਂਦੇ ਹਨ। ਸੰਭਵ ਹੈ ਕਿ ਘੰਟੇ ਦੋ ਘੰਟਿਆਂ ਵਿਚ ਹੀ ਬੁਲਡੋਜ਼ਰ ਇਨ੍ਹਾਂ ਰਾਹਾਂ ਨੂੰ ਲਤਾੜਦਾ ਹੋਇਆ, ਉਨ੍ਹਾਂ ਨੂੰ ਬੰਜਰੀ, ਵੱਡੇ ਵੱਡੇ ਪੱਥਰਾਂ ਤੇ ਕੰਕਰੀਟ ਦੀਆਂ ਸਿੱਲਾਂ ਵਿਚ ਬਦਲ ਦੇਵੇ। ਉਦੋਂ ਇਹ ਕਾਲੇ ਢੇਰ ਅਚਾਨਕ ਰੁਕ ਕੇ ਆਪਣੇ ਚਾਰੇ ਪਾਸਿਆਂ, ਆਪਣੇ ਹੰਝੂਆਂ ਤੇ ਮੁੜ੍ਹਕੇ ਦੇ ਅੰਜਾਮ ਦਾ ਜਾਇਜ਼ਾ ਲੈਣਗੇ ਤੇ ਫਿਰ ਉਸੇ ਪੱਕੀ ਜ਼ਿਦ ਵਿਚ ਕੋਈ ਨਵਾਂ ਰਾਹ ਤਲਾਸ਼ ਕਰਨ ਵਿਚ ਰੁੱਝ ਜਾਣਗੇ।

ਨਿਸਾਰ ਵੀ ਹੋਰਨਾਂ ਵਾਂਗ ਹੌਲੀ ਹੌਲੀ ਅੱਗੇ ਵਧਦਾ ਗਿਆ। ਜਨੂਨੀ ਕਦਮਾਂ ਨਾਲ ਕੱਚੇ ਰਾਹਾਂ ਨੂੰ ਕੱਛਦਿਆਂ ਉਹਦੇ ਮੂੰਹੋਂ ਆਪਣੇ ਆਪ ਗਾਲ੍ਹਾਂ ਨਿਕਲ ਰਹੀਆਂ ਸਨ। ਉਹਨੂੰ ਲੱਗ ਰਿਹਾ ਹੈ ਪੀੜ ਪਰੁੰਨੇ ਪੈਰ ਜਿਵੇਂ ਜਵਾਬ ਦੇ ਰਹੇ ਹਨ। ਇਕ ਵਾਰ ਉਹ ਲੜਖੜਾ ਕੇ ਡਿੱਗਿਆ ਵੀ, ਤਦੋਂ ਉਹਨੂੰ ਇਕ ਬੁੱਢੇ ਹੱਥ ਨੇ ਸੰਭਾਲ ਲਿਆ ਤੇ ਉਸ ਤੋਂ ਬਾਅਦ ਉਹ ਦੋਵੇਂ ਨਾਲੋ-ਨਾਲ ਉਪਰ ਚੜ੍ਹਨ ਲੱਗੇ। ਉਹ ਕਿਸੇ ਵੀ ਤਰ੍ਹਾਂ, ਕਿਸੇ ਵੀ ਹਾਲ ਵਿਚ ਰਮਾਲਾਹ ਪਹੁੰਚਣਾ ਚਾਹੁੰਦਾ ਹੈ। ਉਥੇ ਪਹੁੰਚ ਕੇ ਕੀਤਾ ਜਾਣ ਵਾਲਾ ਕਾਰੋਬਾਰ ਵੀ ਹੁਣ ਗ਼ੈਰ-ਜ਼ਰੂਰੀ ਹੋ ਗਿਆ ਹੈ। ਜ਼ਰੂਰੀ ਹੈ ਸਾਰੀਆਂ ਰੁਕਾਵਟਾਂ ਪਾਰ ਕਰਕੇ ਉਥੇ ਪਹੁੰਚਣਾ ਤੇ ਆਪਣੀ ਜਿੱਤ ਦਾ ਝੰਡਾ ਗੱਡਣਾ। ਉਥੇ ਪਹੁੰਚਣਾ ਹੀ ਇਕ ਤਰ੍ਹਾਂ ਨਾਲ ਉਹਦਾ ਸਭ ਤੋਂ ਵੱਡਾ ਨਿਸ਼ਾਨਾ ਹੈ ਜੋ ਉਹਦੀ ਜਿੱਤ ਦਾ ਸਮਾਨਾਰਥਕ ਬਣ ਗਿਆ ਹੈ।

ਮਿੱਟੀ ਘੱਟੇ ਤੇ ਹੁੰਮਸ ਨਾਲ ਭਰਿਆ ਦਿਨ ਹੌਲੀ ਹੌਲੀ ਅੱਗੇ ਸਰਕ ਰਿਹਾ ਹੈ। ਉਪਰੋਂ ਰੁਕਾਵਟਾਂ, ਬੰਦੂਕਾਂ, ਸਿਪਾਹੀ, ਆਈ.ਡੀ. ਕਾਰਡਾਂ ਜਾਂ ਪਛਾਣ ਪੱਤਰਾਂ ਦਾ ਮੁਆਇਨਾ, ਉਡੀਕ ਦੀਆਂ ਲੰਮੀਆਂ ਘੜੀਆਂ, ਗਾਲ੍ਹਾਂ, ਬਦ-ਦੁਆਵਾਂ ਤੇ ਅਪਮਾਨ, ਸਭ ਕੁਝ ਇਕ ਦੂਜੇ ਵਿਚ ਰਲਗੱਡ ਹੋ ਰਹੇ ਹਨ। ਅੱਗੇ ਵਧਣਾ ਜਾਂ ਪਿੱਛੇ ਮੁੜਨਾ, ਦੋਵੇਂ ਇਕੋ ਜਿੰਨੇ ਕਸ਼ਟਦਾਇਕ ਤੇ ਮੁਸੀਬਤਾਂ ਭਰੇ ਹਨ।

ਬਚਦੇ ਬਚਾਉਂਦਿਆਂ, ਪੈਂਤਰੇ ਬਦਲਦਿਆਂ ਤੇ ਚਕਮੇ ਦਿੰਦਿਆਂ ਨਿਸਾਰ ਅੱਗੇ ਵਧਦਾ ਗਿਆ। ਇਕ ਕਾਰ ਤੋਂ ਦੂਸਰੀ ਕਾਰ, ਇਕ ਪਹਾੜੀ ਤੋਂ ਦੂਸਰੀ ਪਹਾੜੀ, ਇਕ ਚੈੱਕਪੁਆਇੰਟ ਤੋਂ ਦੂਸਰੇ ਚੈੱਕਪੁਆਇੰਟ, ਉਹ ਉਨ੍ਹਾਂ ਬਿਖੜੇ ਰਾਹਾਂ ਨੂੰ ਇਕ ਤੋਂ ਬਾਅਦ ਇਕ ਪਾਰ ਕਰਦਾ ਅੱਗੇ ਵਧਦਾ ਗਿਆ। ਸਵੇਰੇ ਸਵੇਰੇ ਤੜਕਸਾਰ ਤੋਂ ਲੈ ਕੇ ਛੇ ਘੰਟਿਆਂ ਦਾ ਸਮਾਂ ਕੋਈ ਬਹੁਤਾ ਜ਼ਿਆਦਾ ਨਹੀਂ, ਉਹਨੇ ਮਨ ਹੀ ਮਨ ਵਿਚ ਸੋਚਿਆ। ਕਈ ਲੋਕ ਤਾਂ ਇਸ ਵਿਚ ਦਸ ਦਸ ਘੰਟੇ ਤੱਕ ਲਾ ਦਿੰਦੇ ਹਨ; ਤੇ ਅਖੀਰ ਉਹ ਪਹੁੰਚ ਹੀ ਗਿਆ- ਕਲੰਦੀਆ ਸ਼ਰਨਾਰਥੀ ਕੈਂਪ ਦੇ ਆਖਰੀ ਚੈੱਕਪੁਆਇੰਟ 'ਤੇ। ਹੁਣ ਤਾਂ ਕਿਲ੍ਹਾ ਫ਼ਤਹਿ ਹੋਣ ਵਿਚ ਇਕ ਹੀ ਰੁਕਾਵਟ ਬਾਕੀ ਰਹਿ ਗਈ ਲੱਗਦੀ ਸੀ।

ਡਾਮਰ ਰੋਡ 'ਤੇ ਦੂਰ ਦੂਰ ਤੱਕ ਰੋਕੀਆਂ ਗਈਆਂ ਮੋਟਰ ਗੱਡੀਆਂ ਦੀ ਲੰਮੀ ਕਤਾਰ ਲੱਗੀ ਹੋਈ ਸੀ। ਉਸ ਵਿਚ ਮਿੱਟੀ ਘੱਟੇ ਨਾਲ ਭਰੀਆਂ ਪਗਡੰਡੀਆਂ ਗਾਹ ਕੇ ਆਈਆਂ ਔਰਤਾਂ, ਬੱਚਿਆਂ, ਨੌਜਵਾਨਾਂ, ਬੁੱਢਿਆਂ, ਖੋਤਿਆਂ, ਫੇਰੀ ਵਾਲਿਆਂ, ਵਿਦਿਆਰਥੀਆਂ ਤੇ ਪਤਾ ਨਹੀਂ ਹੋਰ ਕਿਹੜਿਆਂ ਕਿਹੜਿਆਂ ਦੇ ਟੋਲੇ ਇਕ ਦੂਜੇ ਨੂੰ ਧੱਕਦੇ, ਧੱਕਮ ਧੱਕਾ ਹੁੰਦੇ ਏਧਰ ਓਧਰ ਭਟਕ ਰਹੇ ਸਨ। ਹਵਾ ਵਿਚ ਆਵਾਜ਼ਾਂ, ਚੀਕਾਂ, ਫਰਿਆਦਾਂ, ਮਿੰਨਤਾਂ ਤਰਲਿਆਂ ਤੇ ਫੁਸਫਸਾਹਟਾਂ ਦੇ ਨਾਲ ਨਾਲ ਮਿੱਟੀ ਘੱਟਾ ਤੇ ਸਿਰ ਚਕਰਾਉਣ ਵਾਲਾ ਤਕਲੀਫ਼ਦੇਹ ਰੌਲਾ ਗੂੰਜ ਰਿਹਾ ਸੀ।

"ਐਵੇਂ ਵਕਤ ਬਰਬਾਦ ਨਾ ਕਰੋ, ਉਹ ਸਿਰਫ਼ ਸ਼ਹਿਰ ਦੇ ਥਾਣੇਦਾਰ ਵੱਲੋਂ ਜਾਰੀ ਕੀਤੇ ਪਰਮਿਟ ਵਾਲਿਆਂ ਨੂੰ ਛੱਡ ਕੇ ਕਿਸੇ ਹੋਰ ਨੂੰ ਅੱਗੇ ਨਹੀਂ ਜਾਣ ਦੇ ਰਹੇ।" ਪਰ ਸੰਗੀਨ ਚਿਤਾਵਨੀਆਂ ਦੇ ਬਾਵਜੂਦ ਉਹ ਦ੍ਰਿੜਤਾ ਨਾਲ ਅੱਗੇ ਵਧਦਾ ਗਿਆ।

"ਪਰਮਿਟ ਜਾਂ ਬਿਨਾ ਪਰਮਿਟ ਤੋਂ, ਮੈਂ ਰਮਾਲਾਹ ਜਾਣਾ ਹੀ ਜਾਣਾ ਹੈ, ਮੈਂ ਕਿਸੇ ਵੀ ਕੀਮਤ 'ਤੇ ਵਾਪਸ ਨਹੀਂ ਮੁੜ ਸਕਦਾ।"

ਚੈੱਕਪੁਆਇੰਟ ਤੱਕ ਪਹੁੰਚ ਕੇ ਉਹ ਸੀਮੇਂਟ ਦੀਆਂ ਚੌਕੀਆਂ ਸਾਹਮਣੇ ਜਾ ਖੜ੍ਹਾ ਹੋਇਆ। ਕੁਝ ਸਿਪਾਹੀ ਏਧਰ ਓਧਰ ਮਟਰਗਸ਼ਤੀ ਕਰ ਰਹੇ ਸਨ। ਉਨ੍ਹਾਂ ਵਿਚੋਂ ਕੁਝ ਸਿਪਾਹੀਜਿਨ੍ਹਾਂ ਦੀਆਂ ਅਜੇ ਮੱਸ ਵੀ ਨਹੀਂ ਸੀ ਫੁੱਟੀ, ਉਮਰੋਂ ਅਠਾਰਾਂ ਵਰ੍ਹਿਆਂ ਤੋਂ ਘੱਟ ਹੀ ਲੱਗਦੇ ਸਨ। ਉਨ੍ਹਾਂ ਅੱਗੇ ਖੜ੍ਹੇ, ਡਿੱਗਦੇ ਢਹਿੰਦੇ ਸੈਂਕੜੇ ਪੁਰਸ਼ ਔਰਤਾਂ ਕਿਸੇ ਅਸੰਭਵ ਆਸ ਉਮੀਦ ਦੀ ਉਡੀਕ ਵਿਚ ਵਕਤ ਕੱਟ ਰਹੇ ਸਨ। ਵਿਚ ਵਿਚ ਉਹ ਇਨ੍ਹਾਂ ਸਿਪਾਹੀਆਂ ਸਾਹਮਣੇ ਗਿੜਗਿੜਾਉਂਦੇ, ਤਰਲੇ ਮਿੰਨਤਾਂ ਕੱਢ ਰਹੇ ਸਨ ਕਿ ਕਿਸੇ ਵੀ ਤਰ੍ਹਾਂ ਉਨ੍ਹਾਂ ਨੂੰ ਉਸ ਪਾਰ ਜਾਣ ਦੀ ਆਗਿਆ ਦੇ ਦਿੱਤੀ ਜਾਵੇ ਪਰ ਉਨ੍ਹਾਂ ਦੀਆਂ ਸਾਰੀਆਂ ਅਰਜੋਈਆਂ, ਹੰਝੂ, ਬੁਢਾਪਾ, ਬਿਮਾਰੀ ਤੇ ਯੂਨੀਵਰਸਿਟੀ ਦੀ ਪੜ੍ਹਾਈ ਦੀਆਂ ਸਾਰੀਆਂ ਦਲੀਲਾਂ ਧਰੀਆਂ ਧਰਾਈਆਂ ਰਹਿ ਰਹੀਆਂ ਸਨ। ਉਥੇ ਉਨ੍ਹਾਂ 'ਤੇ ਗੌਰ ਕਰਨ ਵਾਲਾ ਜਾਂ ਹਮਦਰਦੀ ਦਿਖਾਉਣ ਵਾਲਾ ਕੋਈ ਨਹੀਂ ਸੀ। "ਇਕ ਵਾਰ ਕਹਿ ਦਿੱਤਾ ਨਾ, ਨਹੀਂ, ਤਾਂ ਇਹਦਾ ਮਤਲਬ ਹੈ ਨਹੀਂ। ਫਿਰ ਕਿਉਂ ਸਿਰ ਖਾ ਰਹੇ ਹੋ, ਇਕ ਵਾਰ ਸੁਣਦਾ ਨਹੀਂ?" ਲਾਠੀ 'ਤੇ ਠੋਡੀ ਟਿਕਾਈ ਇਕ ਸਿਪਾਹੀ ਚੀਕ ਰਿਹਾ ਸੀ।

ਪਰ ਭੀੜ ਦਾ ਦਬਾਅ ਤੇ ਬੇਚੈਨੀ ਵਧ ਰਹੀ ਸੀ। ਇਕ ਸਿਪਾਹੀ ਨੇ ਅਚਾਨਕ ਅੱਥਰੂ ਗੈਸ ਦਾ



ਗੋਲਾ ਭੀੜ ਵੱਲ ਸੁੱਟਿਆ। ਫੁਸਫਸਾਹਟਾਂ ਤੇ ਚੀਕਾਂ ਵਿਚ ਗੋਲੇ ਦੇ ਫਟਦਿਆਂ ਹੀ ਧੂੰਏਂ ਨਾਲ ਖੰਘਦੇ ਲੋਕਾਂ ਵਿਚ ਹਫੜਾ ਦਫੜੀ ਮੱਚ ਗਈ ਤੇ ਉਹ ਏਧਰ ਓਧਰ ਭੱਜਣ ਲੱਗੇ। ਕਈ ਤਾਂ ਬੇਹੋਸ਼ ਹੋ ਕੇ ਡਿੱਗ ਪਏ। ਫਿਰ ਵੀ ਲੱਗਦਾ ਸੀ ਕਿ ਉਨ੍ਹਾਂ 'ਤੇ ਕੋਈ ਬਹੁਤਾ ਅਸਰ ਨਹੀਂ ਹੋ ਰਿਹਾ। "ਇਕ ਵਾਰ ਕਹਿ ਦਿੱਤਾ ਨਹੀਂ ਤਾਂ ਇਹਦਾ ਮਤਲਬ ਹੈ ਪੱਕੀ ਨਾਂਹ, ਆਈ ਸਮਝ ਕਿ ਨਹੀਂ?" ਇਕ ਸਿਪਾਹੀ ਗਰਜਿਆ।

ਭੀੜ ਅਜੇ ਵੀ ਓਸ ਪਾਸੇ ਵੱਲ ਰੀਂਗ ਰਹੀ ਸੀ। ਨਿਸਾਰ ਸੱਪ ਵਾਂਗ ਵਿਚੋ-ਵਿਚ ਰਾਹ ਬਣਾਉਂਦਾ ਅੱਗੇ ਨਿਕਲ ਗਿਆ। ਕੁਝ ਦੇਰ ਤੱਕ ਸੀਮੇਂਟ ਦੀਆਂ ਚੌਕੀਆਂ ਕੋਲ ਰੁਕਣ ਤੋਂ ਬਾਅਦ ਉਹ ਹੌਲੀ ਹੌਲੀ ਤੰਗ ਜਿਹੇ ਰਾਹ ਵੱਲ ਖਿਸਕਣ ਲੱਗਾ।

"ਓਏ, ਖਲੋ ਜਾਹ, ਕਿਧਰ ਮੂੰਹ ਚੁੱਕੀ ਤੁਰਿਆ ਜਾ ਰਿਹੈਂ?"

"ਮੈਂ ਉਸ ਪਾਸੇ ਵੱਲ ਜਾਣੈ!"

"ਪਰਮਿਟ ਹੈਗਾ ਤੇਰੇ ਕੋਲ?"

"ਹੈ ਨੀ ਮੇਰੇ ਕੋਲ ਕੋਈ ਪਰਮਿਟ ਪਰਮੁਟ!"

"ਤਾਂ ਜਿਧਰੋਂ ਆਇਆਂ, ਓਧਰ ਹੀ ਮੁੜ ਜਾਹ। ਪਰਮਿਟ ਤੋਂ ਬਿਨਾ ਤੂੰ ਇਕ ਕਦਮ ਵੀ ਅੱਗੇ ਨਹੀਂ ਜਾ ਸਕਦਾ!"

"ਪਰ ਓਧਰ ਤਾਂ ਮੈਂ ਜਾਣਾ ਹੀ ਜਾਣੈ। ਮੈਂ ਬੜੀ ਦੂਰੋਂ ਆਇਆਂ, ਮੈਨੂੰ ਓਧਰ ਬੜਾ ਜ਼ਰੂਰੀ ਕੰਮ ਐ!"

"ਮੈਨੂੰ ਇਹਦੇ ਨਾਲ ਕੋਈ ਮਤਲਬ ਨਹੀਂ, ਬਿਨਾ ਪਰਮਿਟ ਓਧਰ ਜਾਣ ਦੀ ਸਖ਼ਤ ਮਨਾਹੀ ਹੈ, ਤੇਰੀ ਭਲਾਈ ਇਸੇ 'ਚ ਹੈ ਕਿ ਵਾਪਸ ਮੁੜ ਜਾਹ, ਨਹੀਂ ਤਾਂ ਮੈਂ ਗੋਲੀ ਮਾਰ ਦਿਆਂਗਾ।"

"ਗੋਲੀ ਮਾਰਨ ਦੀ ਕੀ ਲੋੜ ਐ, ਤੈਨੂੰ ਦਿਸਦਾ ਨਹੀਂ ਮੈਂ ਨਿਹੱਥਾ ਹਾਂ!"

"ਇਕ ਵਾਰ ਕਹਿ ਦਿੱਤਾ ਕਿ ਤੂੰ ਬਿਨਾ ਪਰਮਿਟ ਓਧਰ ਨਹੀਂ ਜਾ ਸਕਦਾ ਤਾਂ ਮਤਲਬ ਸਾਫ਼ ਨਾਂਹ ਹੈ!"

ਨਿਸਾਰ ਇਕ ਪਲ ਲਈ ਰੁਕਿਆ। ਫਿਰ ਘੱਟੇ ਮਿੱਟੀ ਨਾਲ ਲਿਬੜੀਆਂ ਪੁਤਲੀਆਂ ਸਾਹਮਣੇ ਫੈਲੇ ਲੋਕਾਂ ਦੇ ਹੜ੍ਹ ਨੂੰ ਦੇਖ ਕੇ ਉਹਨੇ ਇਕ ਵਾਰ ਫਿਰ ਕੋਸ਼ਿਸ਼ ਕੀਤੀ।

"ਤੂੰ ਚਾਹੇਂ ਤਾਂ ਮੇਰਾ ਆਈ ਕਾਰਡ ਆਪਣੇ ਕੋਲ ਰੱਖ ਸਕਦੈਂ, ਇਹ ਲੈ ਫੜ ਇਹਨੂੰ ਰੱਖ ਲੈ!"

"ਮੈਨੂੰ ਨਹੀਂ ਚਾਹੀਦਾ ਤੇਰਾ ਇਹ ਕਾਰਡ ਕੂਰਡ, ਪਾਸੇ ਹੋ ਜਾਹ, ਬਸ ਆਖਰੀ ਵਾਰ ਕਹਿ ਰਿਹਾਂ।"

"ਭਰਾਵਾ, ਤੂੰ ਹੀ ਦਸ ਦੇ, ਹੋਰ ਮੈਂ ਕੀ ਕਰਾਂ, ਮੇਰਾ ਰਮਾਲਾਹ ਜਾਣਾ ਬਹੁਤ ਜ਼ਰੂਰੀ ਹੈ।"

ਦੂਰ ਦੇਖਦੀਆਂ ਆਪਣੀਆਂ ਨਜ਼ਰਾਂ ਨੂੰ ਨਿਸਾਰ ਵੱਲ ਮੋੜਦਿਆਂ ਉਹਨੇ ਉਹਦੇ ਚਿਹਰੇ ਨੂੰ ਘੂਰਿਆ। ਇਹ ਚੰਗਾ ਮੌਕਾ, ਥੋੜ੍ਹੇ ਜਿਹੇ ਹਾਸੇ ਠੱਠੇ ਨਾਲ, ਥੋੜ੍ਹੀ ਜਿਹੀ ਖੇਡ ਖੇਡੀ ਜਾਏ। ਉਹਨੇ ਨਿਸਾਰ ਕੋਲੋਂ ਉਹਦਾ ਆਈ ਕਾਰਡ ਲੈ ਲਿਆ।

ਇਕ ਨਜ਼ਰ ਕਾਰਡ 'ਤੇ ਫੇਰਦਿਆਂ ਉਹਨੇ ਫਿਰ ਨਿਸਾਰ ਨੂੰ ਘੂਰਿਆ।

"ਦੇਖ ਤੈਨੂੰ ਮੈਂ ਇਕ ਸ਼ਰਤ 'ਤੇ ਜਾਣ ਦੇ ਸਕਦਾਂ, ਜੇ ਤੂੰ ਆਪਣੀ ਟੋਪੀ ਲਾਹ ਦੇਵੇਂ!"

ਨਿਸਾਰ ਨੇ ਧਿਆਨ ਨਾਲ ਇਕ ਨਜ਼ਰ ਉਸ ਸਿਪਾਹੀ ਵੱਲ ਦੇਖਿਆ। ਫਿਰ ਇਕ ਝਟਕੇ ਨਾਲ ਆਪਣੇ ਸਿਰ ਤੋਂ ਟੋਪੀ ਲਾਹ ਕੇ ਦੂਰ ਹਵਾ ਵਿਚ ਉਛਾਲ ਦਿੱਤੀ।

"ਹੁਣ ਤਾਂ ਜਾ ਸਕਦਾਂ?"

ਸਿਪਾਹੀ ਉੱਚੀ ਉੱਚੀ ਹੱਸਣ ਲੱਗਾ। ਉਹਦੀਆਂ ਨਜ਼ਰਾਂ ਨਿਸਾਰ ਦੀ ਟੋਪੀ ਵੱਲ ਸਨ ਜੋ ਭੀੜ ਵਿਚ ਦੋ ਤਿੰਨ ਵਾਰ ਉਛਲ ਕੇ ਅਚਾਨਕ ਕਿਤੇ ਗੁਆਚ ਗਈ ਸੀ।

"ਮੇਰੀ ਗੱਲ ਅਜੇ ਪੂਰੀ ਕਿੱਥੇ ਹੋਈ ਹੈ, ਜੇ ਤੂੰ ਜ਼ਰੂਰ ਜਾਣਾ ਹੀ ਜਾਣਾ ਹੈ ਤਾਂ ਤੈਨੂੰ ਬਾਕੀ ਸ਼ਰਤਾਂ ਵੀ ਮੰਨਣੀਆਂ ਪੈਣਗੀਆਂ।"

ਨਿਸਾਰ ਤਾੜ ਗਿਆ ਕਿ ਦੋ ਟੁੱਕ ਸਪਸ਼ਟ ਇਨਕਾਰ ਤੋਂ ਪਹਿਲਾਂ, ਸਭ ਤੋਂ ਮੁਸ਼ਕਿਲ ਰੁਕਾਵਟ ਵਿਚ ਸੰਨ੍ਹ ਲੱਗ ਚੁੱਕੀ ਹੈ। ਉਹਨੇ ਥੋੜ੍ਹੀ ਜਿਹੀ ਫੁਸਫੁਸਾਹਟ ਤੇ ਥੋੜ੍ਹੀ ਜਿਹੀ ਸੌਦੇਬਾਜ਼ੀ ਲਈ ਆਪਣੇ ਆਪ ਨੂੰ ਤਿਆਰ ਕਰ ਲਿਆ।

"ਚੱਲ, ਦੱਸ, ਹੋਰ ਕੀ ਕੁਝ ਕਰਨਾ ਪਏਗਾ?" ਉਹਨੇ ਸਿਪਾਹੀ ਨੂੰ ਪੁੱਛਿਆ।

"ਤੈਨੂੰ ਆਪਣੇ ਬੂਟ ਲਾਹ ਕੇ ਇੱਥੇ ਰੱਖ ਕੇ ਜਾਣੇ ਪੈਣਗੇ। ਨੰਗੇ ਪੈਰੀਂ ਜਾ ਕੇ, ਵਾਪਸ ਆ ਕੇ ਤੂੰ ਇਨ੍ਹਾਂ ਨੂੰ ਲੈ ਸਕਦੈਂ!"

ਨਿਸਾਰ ਨੇ ਘੂਰ ਕੇ ਸਿਪਾਹੀ ਵੱਲ ਦੇਖਿਆ। ਕੀ ਇਹ ਕੋਈ ਮਜ਼ਾਕ ਸੀ ਜਾਂ ਸਿਪਾਹੀ ਗੰਭੀਰਤਾ ਨਾਲ ਕਹਿ ਰਿਹਾ ਸੀ?

"ਇਹ ਕਿਵੇਂ ਹੋ ਸਕਦੈ! ਇਸ ਭਿਆਨਕ ਗਰਮੀ ਵਿਚ ਟੁੱਟੇ ਕੱਚ ਦੀਆਂ ਕੰਕਰਾਂ ਤੇ ਉੱਤੋਂ ਤਪਦੀ ਰੇਤ 'ਤੇ ਬਿਨਾ ਬੂਟਾਂ ਦੇ ਕਿਵੇਂ ਜਾਇਆ ਜਾ ਸਕਦੈ...?"

"ਠੀਕ ਹੈ, ਨਹੀਂ ਜਾਇਆ ਸਕਦਾ ਨਾ? ਤਾਂ ਮੁੜ ਜਾਹ ਜਿਧਰੋਂ ਆਇਆਂ!"

ਨਿਸਾਰ ਨੇ ਹਾਰ ਮੰਨਦਿਆਂ ਆਪਣਾ ਸਿਰ ਝੁਕਾ ਲਿਆ। ਝੁਕਿਆਂ ਝੁਕਿਆਂ ਹੀ ਉਹਦੀ ਨਿਗ੍ਹਾ ਤਪਦੀ ਤਿੱਖੀ ਤੇਜ਼ ਧੁੱਪ ਅਤੇ ਲੂ ਨਾਲ ਝੁਲਸ ਰਹੀ ਉਸ ਭੀੜ ਵੱਲ ਚਲੀ ਗਈ। ਪਲ ਭਰ ਵਿਚ ਜ਼ਿੰਦਗੀ ਭਰ ਦੀ ਉਹ ਤਕਲੀਫ ਫਿਰ ਉਭਰ ਆਈ।

"ਠੀਕ ਹੈ, ਮੈਨੂੰ ਮਨਜ਼ੂਰ ਹੈ!" ਉਹਨੇ ਦ੍ਰਿੜਤਾ ਨਾਲ ਕਿਹਾ।

ਝੁਕ ਕੇ ਉਹਨੇ ਆਪਣੇ ਬੂਟ ਲਾਹੇ ਤੇ ਡੌਰ ਭੌਰੇ ਹੋ ਰਹੇ ਸਿਪਾਹੀ ਦੇ ਬਿਲਕੁਲ ਸਾਹਮਣੇ ਉਨ੍ਹਾਂ ਨੂੰ ਸੀਮੇਂਟ ਦੀ ਚੌਕੀ 'ਤੇ ਰੱਖ ਕੇ ਆਗਿਆ ਦੀ ਉਡੀਕ ਕੀਤੇ ਬਿਨਾ ਅੱਗੇ ਵੱਲ ਚੱਲ ਪਿਆ।

"ਓਏ, ਰੁਕ ਜਾਹ, ਕਿਧਰ ਤੁਰਿਆ ਜਾ ਰਿਹਾਂ! ਅਜੇ ਸਾਰੀਆਂ ਸ਼ਰਤਾਂ ਤਾਂ ਪੂਰੀਆਂ ਹੋਈਆਂ ਨਹੀਂ!"

ਨਿਸਾਰ ਨੂੰ ਲੱਗਿਆ ਕਿ ਉਹ ਚੱਕਰ ਖਾ ਕੇ ਡਿੱਗ ਪਏਗਾ। ਉਹਦੇ ਨੰਗੇ ਪੈਰ ਗਰਮ ਰੇਤ 'ਤੇ ਭੁੱਜ ਰਹੇ ਸਨ।

"ਜਾਣ ਤੋਂ ਪਹਿਲਾਂ ਮੈਨੂੰ ਚਾਹ ਦੀ ਗਲਾਸੀ ਲਿਆ ਕੇ ਦੇ।"

ਨਿਸਾਰ ਨੇ ਪਹਿਲਾਂ ਸਿਪਾਹੀ ਵੱਲ ਤੇ ਫਿਰ ਆਪਣੇ ਪੈਰਾਂ ਵੱਲ ਦੇਖਿਆ। ਉਹਦੀ ਕੰਨਪਟੀ ਤੋਂ ਹੇਠਾਂ ਵੱਲ ਮੁੜ੍ਹਕੇ ਦੀਆਂ ਤਤੀਰੀਆਂ ਚੋ ਰਹੀਆਂ ਸਨ ਜੋ ਹੌਲੀ ਹੌਲੀ ਤਪੀ ਹੋਈ ਰੇਤ 'ਤੇ ਬੂੰਦਾਂ ਬਣ ਕੇ ਡਿੱਗ ਰਹੀਆਂ ਸਨ।

ਹੌਲੀ ਹੌਲੀ ਚਲਦਿਆਂ ਉਹ ਅੱਖਾਂ ਤੋਂ ਓਹਲੇ ਹੋ ਗਿਆ। ਪੰਜਾਂ ਮਿੰਟਾਂ ਬਾਅਦ ਜਦੋਂ ਉਹ ਵਾਪਸ ਆਇਆ ਤਾਂ ਉਹਦੇ ਹੱਥ ਵਿਚ ਚਾਹ ਦਾ ਵੱਡਾ ਗਲਾਸ ਸੀ। ਉਹਨੇ ਗਲਾਸ ਸਿਪਾਹੀ ਨੂੰ ਫੜਾਇਆ ਤਾਂ ਉਹ ਦੂਸਰੇ ਸਿਪਾਹੀਆਂ ਨਾਲ ਹਾਸਾ ਠੱਠਾ ਕਰਦਾ ਮਜ਼ੇ ਨਾਲ ਚਾਹ ਦੇ ਘੁੱਟ ਭਰਨ ਲੱਗਾ।

ਨਿਸਾਰ ਨੇ ਚੈੱਕਪੁਆਇੰਟ ਪਾਰ ਕਰ ਲਿਆ।ਹੁਣ ਉਹਦੇ ਸਾਹਮਣੇ ਰਮਾਲਾਹ ਨੂੰ ਜਾਂਦਾ ਰਾਹ ਸੀ ਪਰ ਸਭ ਤੋਂ ਮਹੱਤਵਪੂਰਨ ਇਹ ਸੀ ਕਿ ਉਹ ਚੈੱਕਪੁਆਇੰਟ ਤੋਂ ਨਿਕਲਣ ਵਿਚ ਕਾਮਯਾਬ ਹੋ ਗਿਆ ਸੀ।

ਚਾਰ ਘੰਟਿਆਂ ਬਾਅਦ ਉਹ ਰਮਾਲਾਹ ਤੋਂ ਵਾਪਸ ਮੁੜਿਆ। ਆਪਣੇ ਨਵੇਂ ਬੂਟ ਲਾਹ ਕੇ ਉਹਨੇ ਝੋਲੇ ਵਿਚ ਲੁਕਾ ਲਏ। ਸ਼ਰਤ ਇਹ ਸੀ ਕਿ ਉਹ ਨੰਗੇ ਪੈਰੀਂ ਵਾਪਸ ਆਏਗਾ।

ਚੈੱਕਪੁਆਇੰਟ 'ਤੇ ਪਹੁੰਚ ਕੇ ਉਹ ਸਿਪਾਹੀ ਵੱਲ ਗਿਆ।

"ਦੇਖ ਲੈ, ਮੈਂ ਵਾਪਸ ਆ ਗਿਆਂ, ਮੇਰੇ ਬੂਟ ਕਿੱਥੇ ਨੇ?"

ਉਹਨੂੰ ਦੇਖਦਿਆਂ ਹੀ ਸਿਪਾਹੀ ਹੱਸ ਹੱਸ ਕੇ ਦੂਹਰਾ ਹੋ ਗਿਆ। ਬੜੀ ਮੁਸ਼ਕਿਲ ਨਾਲ ਆਪਣੇ ਹਾਸੇ 'ਤੇ ਕਾਬੂ ਪਾਉਂਦਿਆਂ ਉਹਨੇ ਸੀਮੇਂਟ ਦੀ ਚੌਕੀ ਕੋਲ ਪਏ ਬੂਟਾਂ ਵੱਲ ਇਸ਼ਾਰਾ ਕੀਤਾ।

ਨਿਸਾਰ ਚੁੱਪਚਾਪ ਬੂਟਾਂ ਕੋਲ ਗਿਆ। ਉਹਨੇ ਆਪਣਾ ਖੱਬਾ ਪੈਰ ਜਿਉਂ ਹੀ ਬੂਟ ਵਿਚ ਪਾਇਆ ਤਾਂ ਉਸ ਵਿਚ ਉਹਨੂੰ ਗਾੜ੍ਹਾ, ਗਰਮ, ਚਿਪਚਿਪਾ ਜਿਹਾ ਤਰਲ ਮਹਿਸੂਸ ਹੋਇਆ। ਉਹਨੇ ਘਬਰਾ ਕੇ ਆਪਣਾ ਪੈਰ ਬਾਹਰ ਕੱਢ ਲਿਆ। ਬੂਟ ਹੱਥ ਵਿਚ ਫੜੀ ਉਹਨੇ ਸਿਪਾਹੀ ਵੱਲ ਦੇਖਿਆ ਜੋ ਆਪਣੇ ਤਿੰਨ ਚਾਰ ਸਾਥੀਆਂ ਨਾਲ ਬੇਮਤਲਬ ਠਹਾਕੇ ਲਾਉਂਦਾ ਦੰਦ ਕੱਢ ਰਿਹਾ ਸੀ।

ਨਿਸਾਰ ਨੇ ਬੂਟ ਉਲਟਾਇਆ ਤਾਂ ਉਸ ਵਿਚੋਂ ਮਟਮੈਲਾ, ਗਾੜ੍ਹਾ, ਪੀਲੇ ਰੰਗ ਦਾ ਸਾਰਾ ਤਰਲ ਬਾਹਰ ਡੁੱਲ੍ਹ ਗਿਆ। ਉਹਨੇ ਕਈ ਵਾਰ ਬੂਟ ਉਲਟਾ ਕੇ ਸਾਰਾ ਤਰਲ ਬਾਹਰ ਕੱਢਿਆ ਤੇ ਫਿਰ ਅਖ਼ਬਾਰ ਨਾਲ ਉਨ੍ਹਾਂ ਨੂੰ ਅੰਦਰੋਂ ਸੁਕਾਉਣ ਦੀ ਕੋਸ਼ਿਸ਼ ਕਰਨ ਲੱਗਾ ਜਿਸ 'ਤੇ ਸੰਘਰਸ਼ ਦੀਆਂ ਖ਼ਬਰਾਂ, ਲੀਡਰਾਂ ਦੀਆਂ ਫੋਟੋਆਂ ਤੇ ਸਿਖਰ ਵਾਰਤਾ ਦੇ ਬਿਓਰੇ ਛਪੇ ਹੋਏ ਸਨ। ਉਸ ਤੋਂ ਬਾਅਦ ਬੜੇ ਸਹਿਜ ਭਾਅ ਨਾਲ ਬੂਟ ਪਾ ਕੇ ਉਹ ਇਕ ਵਾਰ ਫਿਰ ਚੈੱਕਪੁਆਇੰਟ ਵੱਲ ਗਿਆ। ਸੀਮੇਂਟ ਦੀਆਂ ਚੌਕੀਆਂ ਤੋਂ ਤਿੰਨ ਚਾਰ ਕਦਮ ਅੱਗੇ ਜਾ ਕੇ ਉਹ ਅਚਾਨਕ ਰੁਕ ਗਿਆ।

"ਹੁਣ ਕੀ ਚਾਹੀਦੈ?" ਸਿਪਾਹੀਆਂ ਨੂੰ ਆਪਣਾ ਹਾਸਾ ਰੋਕਣਾ ਮੁਸ਼ਕਿਲ ਹੋ ਰਿਹਾ ਸੀ।

ਨਿਸਾਰ ਚੁੱਪਚਾਪ ਖੜ੍ਹਾ ਰਿਹਾ। ਉਹਦੀਆਂ ਨਜ਼ਰਾਂ ਸਾਹਮਣੇ ਵੱਡੀ ਭੀੜ ਤੇ ਮੋਟਰ ਗੱਡੀਆਂ ਦੀ ਲੰਮੀ ਲਾਈਨ ਲੱਗੀ ਹੋਈ ਸੀ। ਆਪਣੇ ਬੂਟ ਲਾਹ ਕੇ ਉਹਨੇ ਉਨ੍ਹਾਂ ਨੂੰ ਚੌਕੀ ਦੇ ਆਸਰੇ ਖੜ੍ਹਾ ਕਰ ਦਿੱਤਾ। ਫਿਰ ਸਿਪਾਹੀ ਦੀਆਂ ਅੱਖਾਂ ਵਿਚ ਅੱਖਾਂ ਗੱਡਦਿਆਂ ਕਹਿਣ ਲੱਗਾ, "ਇਕ ਆਖਰੀ ਗੱਲ ਕਰਨੀ ਚਾਹੁੰਦਾ ਹਾਂ। ਸਾਡੇ ਵਿਚਕਾਰ ਲੜਾਈ ਤਦ ਤੱਕ ਖ਼ਤਮ ਨਹੀਂ ਹੋ ਸਕਦੀ ਜਦੋਂ ਤੱਕ ਤੁਸੀਂ ਬੂਟਾਂ ਵਿਚ ਤੇ ਅਸੀਂ ਤੁਹਾਡੀ ਚਾਹ ਵਿਚ ਮੂਤਣਾ ਬੰਦ ਨਹੀਂ ਕਰਦੇ,ਲੱਗੀ ਸਮਝ ਕਿ ਨਹੀਂ?"

ਤੇ ਏਨਾ ਕਹਿ ਕੇ ਉਹ ਤੇਜ਼ੀ ਨਾਲ ਮੁੜਿਆ ਤੇ ਨੰਗੇ ਪੈਰੀਂ ਦੌੜਦਾ ਹੋਇਆ ਸਾਹਮਣੇ ਫੈਲੀ ਭੀੜ ਦੇ ਹੜ੍ਹ ਵਿਚ ਲੁਕ ਗਿਆ।

# ਸਮਰਕੰਦ ਦੀ ਸੈਰ



ਸਮਰਕੰਦ ਦਾ ਮਸ਼ਹੂਰ ਰੇਗਿਸਤਾਨ ਚੌਕ।

***ਉਘੇ ਨਾਵਲਕਾਰ ਪ੍ਰੋ. ਗੁਰਦਿਆਲ ਸਿੰਘ ਦੀ ਇਹ ਲਿਖਤ ਤਕਰੀਬਨ ਦੋ ਦਹਾਕੇ ਪਹਿਲਾਂ ਦੀ ਹੈ। ਇਸ ਵਿਚ ਉਜ਼ਬੇਕਿਸਤਾਨ ਜੋ ਸੋਵੀਅਤ ਸੰਘ ਦਾ ਰਾਜ ਹੁੰਦਾ ਸੀ ਅਤੇ ਸੋਵੀਅਤ ਸੰਘ ਟੁੱਟਣ ਤੋਂ ਬਾਅਦ ਵੱਖਰਾ ਮੁਲਕ ਬਣ ਗਿਆ, ਦੇ ਸ਼ਹਿਰ ਸਮਰਕੰਦ ਬਾਰੇ ਚਰਚਾ ਹੈ। ਇਸ ਸ਼ਹਿਰ ਵਿਚ ਬਾਬਰ ਅਤੇ ਉਸ ਦੇ ਪੁਰਖਿਆਂ ਦੀਆਂ ਮਜ਼ਾਰਾਂ ਹਨ। ਪ੍ਰੋ. ਗੁਰਦਿਆਲ ਸਿੰਘ ਨੇ ਸਮਰਕੰਦ ਦੇ ਉਸ ਵਕਤ ਦੇ ਹਾਲਾਤ ਬਾਰੇ ਚਰਚਾ ਦੇ ਨਾਲ-ਨਾਲ ਭਾਰਤ ਦੇ ਹਾਲਾਤ ਬਾਰੇ ਵੀ ਟਿੱਪਣੀਆਂ ਕੀਤੀਆਂ ਹਨ। ਇਹ ਟਿੱਪਣੀਆਂ ਇਤਿਹਾਸ ਅਤੇ ਵਰਤਮਾਨ ਦੀ ਤੁਲਨਾ ਦੇ ਹਿਸਾਬ ਨਾਲ ਹਨ। ਇਹਨਾਂ ਟਿੱਪਣੀਆਂ ਦਾ ਰੰਗ ਸਿਆਸੀ ਨਹੀਂ ਸਗੋਂ ਸਾਹਿਤਕ ਵਧੇਰੇ ਹੈ।***



**ਗੁਰਦਿਆਲ ਸਿੰਘ**

ਸਮਰਕੰਦ ਛੋਟਾ ਸ਼ਹਿਰ ਹੈ। ਆਬਾਦੀ ਸ਼ਾਇਦ ਹਜ਼ਾਰਾਂ ਜਾਂ ਇੱਕ-ਡੇਢ ਲੱਖ ਦੀ ਹੋਏਗੀ। ਤਾਸ਼ਕੰਦ ਦੇ ਇਸਲਾਮਿਕ ਸਭਿਆਚਾਰ ਨਾਲੋਂ ਵੀ ਪਛੜੇ ਹੋਏ ਲੋਕ ਹਨ। ਜਿਹੜੇ ਹੋਟਲ 'ਚ ਠਹਿਰੇ, ਉਹ ਸਾਡੀ ਮੰਡੀ (ਕਸਬੇ) ਦੀ ਧਰਮਸ਼ਾਲਾ ਵਰਗਾ ਸੀ। ਛੋਟੇ-ਛੋਟੇ ਕਮਰੇ, ਭੀੜੇ ਰਸਤੇ। ਤਾਸ਼ਕੰਦ ਵਰਗੀ ਕੋਈ ਸਹੂਲਤ ਨਹੀਂ ਸੀ ਪਰ ਛੋਟੇ ਹੋਣ ਕਰ ਕੇ ਕਮਰੇ ਸਾਨੂੰ ਤਿੰਨਾਂ ਨੂੰ ਵੱਖੋ-ਵੱਖਰੇ ਮਿਲ ਗਏ। ਮੂੰਹ-ਹੱਥ ਧੋ ਕੇ ਜਦੋਂ ਹੇਠ ਰੋਟੀ ਖਾਣ ਗਏ ਤਾਂ ਤਾਸ਼ਕੰਦ ਨਾਲ਼ੋਂ ਵੀ ਵਧੇਰੇ ਮਿਰਚ-ਮਸਾਲਿਆਂ ਦੀ ਵਰਤੋਂ ਕਰਨ ਕਰ ਕੇ ਵਲਾਦੀਮੀਰ ਦੇ ਕਹੇ-ਕਹਾਏ 'ਚਿਕਨ' ਦੀਆਂ ਤਿੰਨ ਪਲੇਟਾਂ ਮੰਗਵਾ ਲਈਆਂ (ਅਸੀਂ ਸੋਚਿਆ ਸੀ ਥੋੜ੍ਹਾ-ਬਹੁਤ ਹੋਏਗਾ, ਖਾਧਾ ਜਾਏਗਾ) ਪਰ ਬੈਰ੍ਹੇ ਨੇ ਪੂਰੇ ਭੁੰਨੇ ਮੁਰਗਿਆਂ ਦੀਆਂ ਤਿੰਨ ਪਲੇਟਾਂ ਤੇ ਤੰਦੂਰ ਦੀਆਂ ਰੜ੍ਹੀਆਂ ਰੋਟੀਆਂ ਦੀ ਥੱਬੀ ਲਿਆ ਰੱਖੀ। ਅਸੀਂ ਦੇਖ ਕੇ ਘਬਰਾ ਗਏ ਕਿ ਏਨਾ ਕੌਣ ਖਾਏਗਾ? ਇੱਕ ਪਲੇਟ 'ਚੋਂ ਵੀ ਕੁਝ ਛੱਡ ਦਿੱਤਾ ਪਰ ਵਲਾਦੀਮੀਰ ਦੂਜੀਆਂ ਦੋਏ ਪਲੇਟਾਂ ਇਕੱਲਾ ਖਾ ਗਿਆ। ਸੋਚਿਆ, ਜੇ ਇਹ ਲੋਕ ਏਨਾ ਖਾਂਦੇ ਹਨ, ਤਦੇ ਕੰਮ ਕਰਦੇ ਹਨ। ਜੇ ਉਹ ਮੇਰੇ ਜਿਹੇ 56 ਕਿਲੋ ਦੇ ਬੰਦੇ ਵਾਂਗ ਡੂਢ-ਦੋ ਰੋਟੀਆਂ, ਮੂੰਗੀ ਦੀ ਦਾਲ ਜਾਂ ਸਬਜ਼ੀ ਦੀ ਕੌਲੀ ਨਾਲ ਈ ਸਾਰ ਲੈਂਦੇ ਹੋਣ ਤਾਂ ਸਖ਼ਤ ਕੰਮ ਕਿਵੇਂ ਕਰਨ। ਦਰਿਆਵਾਂ ਨੂੰ ਨਹਿਰਾਂ ਵਾਂਗ ਬੰਨ੍ਹ ਕੇ ਤੋਰਨ ਵਾਲ਼ੇ, ਉਹਨਾਂ ਦੇ ਚੱਕਵੇਂ-ਪੁਲ ਬਣਾਉਣ ਤੇ ਦਰਿਆਵਾਂ ਵਿਚੋਂ ਛੋਟੇ ਜਹਾਜ਼ ਲੰਘਾਉਣ ਵਾਲੇ ਲੋਕ, ਜੇ ਸਾਡੇ ਵਾਂਗ ਗੰਢੇ, ਅਚਾਰ ਜਾਂ ਦਾਲ ਦੀ ਕੌਲੀ ਨਾਲ਼ ਰੋਟੀ ਖਾਂਦੇ ਹੋਣ ਤਾਂ ਉਹ ਹਿਟਲਰ ਦੇ ਭਿਆਨਕ ਹੱਲਿਆਂ ਨੂੰ ਕਿੰਝ ਝੱਲ ਸਕਦੇ ਸਨ। ਸਾਡੇ ਬਜ਼ੁਰਗ ਵੀ ਕਹਿੰਦੇ ਹੁੰਦੇ ਸਨ ਕਿ 'ਜਿਹੜਾ ਚਾਰ ਰੋਟੀਆਂ ਨ੍ਹੀਂ ਖਾ ਸਕਦਾ, ਉਹ ਕੰਮ ਕੀ ਕਰੇਗਾ, ਅੰਨ ਨੂੰ ਈ ਬੰਨ੍ਹ ਚੜ੍ਹਦੈ' ਪਰ ਬਚਪਨ 'ਚ ਜੋ ਰੱਜ ਕੇ ਖਾ ਲਿਆ, ਸੋ ਖਾ ਲਿਆ, ਅੱਲੜ੍ਹ ਉਮਰ ਦੀਆਂ ਜ਼ਿੰਮੇਵਾਰੀਆਂ ਤੇ ਫ਼ਿਕਰਾਂ ਨੇ ਭੁੱਖ ਈ ਮਾਰ ਦਿੱਤੀ ਸੀ। ਕਦੇ ਵੀ ਸਾਧਾਰਨ ਦੋ ਰੋਟੀਆਂ ਤੋਂ ਵੱਧ ਕੁਝ ਵੀ ਖਾਧਾ ਨਹੀਂ ਸੀ ਗਿਆ। ਬਹੁਤਾ ਖਾਣ ਵਾਲੇ, ਕਿਸੇ ਬਰਾਤ ਜਾਂ ਸਮਾਰੋਹ ਵਿਚ ਸਬਜ਼ੀਆਂ, ਦਾਲਾਂ ਤੇ ਖੀਰ ਦੇ ਭਰੇ ਡੌਂਗੇ ਖਾਣ ਵਾਲੇ ਤੇ ਭੁੱਖੜਾਂ ਵਾਂਗ ਝਪਟਦੇ ਬੰਦੇ ਕਦੇ ਚੰਗੇ ਨਹੀਂ ਸਨ ਲੱਗੇ ਪਰ ਜਦੋਂ ਗੰਭੀਰਤਾ ਨਾਲ ਸੋਚਦਾ ਤਾਂ ਵਾਰ-ਵਾਰ ਸੁਣਿਆ ਅਖਾਣ ਜ਼ਰੂਰ ਯਾਦ ਆ ਜਾਂਦਾ, 'ਖਾਈਏ ਮਣ-ਭਰ, ਛੱਡੀਏ ਨਾ ਕਣ-ਭਰ।' ਥੋੜ੍ਹਾ ਖਾਏ ਜਾਂ ਬਹੁਤਾ, ਭੁੱਖ ਤਾਂ ਹਰੇਕ ਨੂੰ ਲਗਦੀ ਸੀ। ਸਵੇਰੇ ਉਠ ਕੇ, ਨਾਹ-ਧੋ ਕੇ ਜਾਂ ਸੁੱਤਾ ਉੱਠ ਕੇ ਬਿਨਾਂ ਹੱਥ-ਮੂੰਹ ਧੋਤੇ ਈ ਕੰਮ 'ਤੇ ਜਾਣ ਵਾਲਾ ਕਿਹੜਾ ਬੰਦਾ ਸੀ ਜੋ ਭੁੱਖਾ ਤੁਰ ਜਾਏ। ਮਾਲ ਮੇਲੇ ਵਿਚ ਆਉਣ ਵਾਲ਼ੇ ਤੁੱਕੜ ਕਵੀਆਂ ਤੋਂ ਸੈਂਕੜੇ ਵਾਰ ਅਜਿਹੀਆਂ ਤੁਕਾਂ ਸੁਣੀਆਂ ਸਨ ਜਿਨ੍ਹਾਂ ਵਿਚ ਢਿੱਡ ਬਾਰੇ ਕਿਹਾ ਗਿਆ ਹੁੰਦਾ ਸੀ ਕਿ ਜੇ ਇਹ ਨਾ ਹੁੰਦਾ ਤਾਂ ਸਭ ਦੁੱਖ-ਕਸ਼ਟ ਮਿਟ ਜਾਂਦੇ। ਇੱਕ ਅਜਿਹਾ ਕਵੀਸ਼ਰ ਵਾਰ-ਵਾਰ ਇੱਕ ਤੁਕ ਦੁਹਰਾਉਂਦਾ ਹੁੰਦਾ ਜਿਸ ਦੇ ਅਰਥ ਸਨ ਕਿ 'ਜੇ ਢਿੱਡ ਵੀ ਪਿੱਠ ਵਰਗਾ ਹੁੰਦਾ ਤਾਂ ਬੰਦੇ ਨੂੰ ਕਦੇ ਕਿਸੇ ਦੀ ਗੁਲਾਮੀ ਨਾ ਕਰਨੀ ਪੈਂਦੀ।'

ਅਜਿਹੀ ਸੋਚ ਜਦੋਂ ਵੀ ਆਉਂਦੀ ਤਾਂ ਹੁਣ ਤੱਕ ਸੰਸਾਰ ਵਿਚ 'ਭੁੱਖ ਤੇ ਦੁੱਖ' ਦੋ ਈ ਸ਼ਬਦ ਸਨ ਜਿਨ੍ਹਾਂ ਨੇ ਬੰਦੇ ਦੀ ਪੂਰੀ ਜ਼ਿੰਦਗੀ 'ਲੇਖੇ' ਲਾ ਛੱਡੀ ਸੀ। ਭੁੱਖ ਦਾ ਸਿੱਧਾ ਸਬੰਧ ਦਿਹ ਨਾਲ ਹੈ। ਜੇ ਦਿਹ ਹੀ ਹਾਰ ਜਾਏ ਤਾਂ ਪਿਛੇ ਰਹਿ ਕੀ ਜਾਏਗਾ? ਦੁੱਖ ਭਾਵੇਂ ਮਾਨਸਿਕ ਹੋਵੇ, ਪਰਿਵਾਰਕ ਜਾਂ ਸਮਾਜਿਕ, ਉਸ ਤੋਂ ਕੋਈ ਬਚ ਨਹੀਂ ਸਕਦਾ। ਕੋਈ ਕਿੰਨਾ ਵੀ ਸਿਆਣਾ, ਵਿਦਵਾਨ, ਚਿੰਤਕ ਹੋਵੇ, ਉਹ ਕਿਸੇ ਸਮਾਜ ਵਿਚ ਕੁਝ ਦਿਨਾਂ, ਮਹੀਨਿਆਂ, ਸਾਲਾਂ ਜਾਂ ਅੱਧੀ, ਪੂਰੀ ਸਦੀ ਵਿਚ ਵੀ ਅਜਿਹੀ ਕੋਈ ਤਬਦੀਲੀ ਨਹੀਂ ਸੀ ਲਿਆ ਸਕਦਾ ਕਿ ਨਿੱਜੀ ਜਾਂ ਪਰਿਵਾਰਕ ਦੁੱਖਾਂ ਤੋਂ ਲੋਕਾਂ ਨੂੰ ਬਚਾ ਸਕੇ। ਜਦੋਂ ਤੱਕ ਸਮੁੱਚਾ ਰਾਜ-ਪ੍ਰਬੰਧ ਲੋਕ-ਪੱਖੀ ਨਹੀਂ ਹੁੰਦਾ, ਉਦੋਂ ਤੱਕ ਕਿਸੇ ਵੀ ਦੁੱਖ ਤੋਂ ਛੁਟਕਾਰਾ ਸੰਭਵ ਨਹੀਂ। ਵਰਤਮਾਨ, ਅਖਉਤੀ 'ਲੋਕਤੰਤਰ' ਸਿਵਾਏ ਰਾਜਸੀ ਦਲਾਂ ਦੀ ਪਹਿਲੀ ਦੂਜੀ ਕਤਾਰ ਦੇ ਨੇਤਾਵਾਂ ਦੀਆਂ 'ਕੂਟਨੀਤੀਆਂ' ਨਾਲ, ਲੋਕਾਂ ਨੂੰ ਅਨਪੜ੍ਹ ਰੱਖ ਕੇ, ਸ਼ਰਾਬ, ਪੈਸਾ, ਡਾਂਗ-ਸੋਟਾ ਵਾਹੁਣ ਵਾਲ਼ੇ ਬਦਮਾਸ਼ਾਂ ਰਾਹੀਂ, ਇੱਕ ਜਾਂ ਦੂਜਾ ਦਲ ਜਿੱਤ ਕੇ ਪੰਜ (ਜਾਂ ਵੱਧ-ਘੱਟ) ਸਾਲ ਆਪਣੀਆਂ ਚੰਮ ਦੀਆਂ ਚਲਾਉਂਦਾ ਹੈ ਤਾਂ ਲੋਕਾਂ ਦੇ ਦੁੱਖ ਦੂਰ ਕਿਵੇਂ ਹੋ ਜਾਣਗੇ? ਇੰਝ ਵੀ ਜਾਪਦਾ ਕਿ 'ਲੋਕਤੰਤਰ' ਸੰਸਾਰ ਦੇ ਪਛੜੇ ਲੋਕਾਂ ਲਈ ਸਭ ਤੋਂ ਵੱਡਾ ਛਲਾਵਾ ਹੈ। ਸਾਡੇ ਦੇਸ਼ ਵਿਚ ਕੋਈ ਵੀ ਸਰਕਾਰ 35 ਫ਼ੀਸਦੀ ਵੋਟਾਂ ਤੋਂ ਵੱਧ ਨਾਲ ਨਹੀਂ ਬਣੀ। 35 ਫ਼ੀਸਦੀ ਵਿਚੋਂ ਵੀ ਬਹੁਤੀਆਂ ਵੋਟਾਂ ਖ਼ਰੀਦੀਆਂ ਜਾਂਦੀਆਂ ਹਨ। ਇਹਨਾਂ ਵਿਚੋਂ ਵੀ 80-90 ਫ਼ੀਸਦੀ ਇਹ ਪਤਾ ਨਹੀਂ ਕਿ ਉਹ ਵੋਟ ਕਿਉਂ, ਕਿਸੇ ਖ਼ਾਸ ਪਾਰਟੀ ਜਾਂ ਬੰਦੇ ਨੂੰ ਪਾਉਂਦੇ ਹਨ। ਅਜਿਹੇ 'ਲੋਕਰਾਜ' (ਲੋਕਤੰਤਰ) ਸਿਰਫ਼ ਲੋਕਾਂ ਦੇ ਦੁਖ-ਕਸ਼ਟ ਵਧਾਉਂਦੇ ਤੇ ਚੋਣਾਂ ਲਈ ਧਨ ਦੇਣ ਵਾਲ਼ੇ ਉਤਲੇ ਵਰਗਾਂ ਲਈ ਈ ਸਭ ਸਹੂਲਤਾਂ ਦਿੰਦੇ ਹਨ। ਆਮ ਬੰਦੇ ਨੂੰ ਤਾਂ ਕਦੇ 'ਅਖਾਉਤੀ' ਇਨਸਾਫ਼ ਵੀ ਨਹੀਂ ਦੇ ਸਕੇ। ਲੋਕ ਕਚਹਿਰੀਆਂ 'ਚ ਧੱਕੇ ਖਾਂਦੇ ਈ ਬੁੱਢੇ ਹੋ ਜਾਂਦੇ ਹਨ।

ਅਜਿਹੀਆਂ ਸੋਚਾਂ ਪਤਾ ਨਹੀਂ ਕਦੋਂ, ਕਿੱਥੇ ਦੀਆਂ ਕਿੱਥੇ ਲੈ ਗਈਆਂ ਸਨ। ਜਦੋਂ ਤੱਕ ਵਲਾਦੀਮੀਰ ਨੇ ਦੋ ਮੁਰੱਬੇ ਚੱਬ ਕੇ ਚਾਰ ਰੋਟੀਆਂ ਵੀ ਕਿਸੇ ਸਬਜ਼ੀ, ਸਲਾਦ ਨਾਲ ਨਿਗਲ ਲਈਆਂ ਸਨ, ਉਦੋਂ ਤੱਕ ਮੇਰਾ ਮਨ ਇਹਨਾਂ ਸੋਚਾਂ ਨੇ ਬੁਰੀ ਤਰ੍ਹਾਂ ਬੇਚੈਨ ਕਰ ਦਿੱਤਾ ਸੀ। ਵਲਾਦੀਮੀਰ ਦੀਆਂ 'ਸਮਾਜਿਕ ਇਨਸਾਫ਼' ਦੀਆਂ ਗੱਲਾਂ 'ਤੇ ਬਹੁਤ ਗੁੱਸਾ ਆ ਰਿਹਾ ਸੀ। ਸਭ ਨੂੰ ਬੇਰੁਜ਼ਗਾਰੀ ਤੋਂ ਮੁਕਤ ਕਰਨ ਵਾਲਾ ਤੇ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਵਾਲ਼ਾ ਸਮਾਜ, ਸਾਰੀ ਉਮਰ ਮੁਸ਼ਕਿਲਾਂ-ਮੁਸੀਬਤਾਂ 'ਚ ਬਿਤਾ ਕੇ, ਲੈਨਿਨ ਵਰਗੇ ਨੇਤਾਵਾਂ ਨੇ ਸਿਰਜਿਆ ਸੀ ਜਿਸ ਨੂੰ ਇਹ ਕੁਝ 'ਚਿਟ-ਕਪੜੀਏ', 'ਪੜ੍ਹੇ-ਲਿਖੇ' ਤੇ 'ਪਾਰਟੀ ਮੁਖੀਏ' ਢਹਿ-ਢੇਰੀ ਕਰ ਕੇ, ਪੂਰੇ ਸਮਾਜ ਦੀਆਂ, ਹਰ ਤਰ੍ਹਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਲੇ ਮਜ਼ਦੂਰਾਂ, ਕਿਸਾਨਾਂ ਨੂੰ ਮੁੜ ਉਸ ਯੁੱਗ ਵਿਚ ਧੱਕਣ ਲਈ ਸਾਰਾ ਜ਼ੋਰ ਲਾਈ ਜਾਂਦੇ ਸਨ ਜਿਸ ਸਮਾਜ ਵਿਚ ਪਤਾ ਨਹੀਂ ਮਜ਼ਦੂਰਾਂ-ਕਿਸਾਨਾਂ ਦੀਆਂ ਕਿੰਨੀਆਂ ਪੀੜ੍ਹੀਆਂ ਨੇ, ਕੀ-ਕੀ ਕਸ਼ਟ ਭੋਗੇ ਸਨ।

ਮੈਂ ਰੂਸੀ ਸਾਹਿਤ ਖਾਸਾ ਪੜ੍ਹਿਆ ਸੀ। ਜ਼ਾਰ (ਬਾਦਸ਼ਾਹ) ਦੇ ਸਮੇਂ ਕਿਹੜੇ ਕਸ਼ਟ ਸਨ ਜਿਹੜੇ ਹੇਠਲੇ ਵਰਗਾਂ ਨੇ ਨਹੀਂ ਸਨ ਭੋਗੇ! ਗੋਰਕੀ (ਜੋ ਆਪ ਅਤਿ ਦੀ ਗ਼ਰੀਬੀ ਭੋਗ ਚੁੱਕਿਆ ਸੀ) ਦੇ ਨਾਵਲ, ਕਹਾਣੀਆਂ ਵਿਚ ਈ ਨਹੀਂ, ਤਾਲਸਤਾਇ ਦੇ ਨਾਵਲ 'ਮੋਇਆਂ ਦੀ ਰਾਗ' (ਰੈਜ਼ਰੈੱਕਸ਼ਨ) ਵਿਚ ਜਾਂ ਦਾਸਤੋਵਸਕੀ ਦੇ ਨਾਵਲਾਂ ਵਿਚ ਹੇਠਲੇ ਵਰਗਾਂ ਨੂੰ ਜੋ ਕਸ਼ਟ ਭੋਗਦੇ ਦਿਖਾਇਆ ਗਿਆ ਸੀ, ਉਹ ਅਸਹਿ ਸਨ। ਦਾਸਤੋਵਸਕੀ ਅਜਿਹੇ ਟੋਲੇ ਦਾ ਮੈਂਬਰ ਬਣ ਗਿਆ ਸੀ ਜਿਸ ਨੂੰ ਜ਼ਾਰ ਦਾ ਰਾਜ-ਪ੍ਰਬੰਧ ਦੇਸ਼ ਲਈ 'ਖ਼ਤਰਨਾਕ' ਸਮਝਦਾ ਸੀ। ਆਪਣੇ ਸਾਥੀਆਂ ਸਮੇਤ ਉਹਨੂੰ ਮੌਤ ਦਾ ਦੰਡ ਦਿੱਤਾ ਗਿਆ ਜੋ ਮਗਰੋਂ ਚਾਰ ਸਾਲ 'ਕੈਦ-ਬਾਮੁਸ਼ੱਕਤ' ਵਿਚ ਬਦਲ ਕੇ ਇਸ ਟੋਲੇ ਨੂੰ ਸਾਇਬੇਰੀਆ ਦੇ ਨਰਕ ਵਿਚ ਭੇਜ ਦਿੱਤਾ ਗਿਆ। ਉਸ ਨੇ ਜੋ ਕਸ਼ਟ ਉਥੇ ਭੋਗੇ, ਉਹਨਾਂ ਦਾ ਮਾਰਮਿਕ ਜ਼ਿਕਰ ਆਪਣੀ ਕਿਤਾਬ 'ਨੋਟਸ ਫਰਾਮ ਦਾ ਡੈੱਡ ਹਾਊਸ' (ਮੁਰਦਾਘਰ ਦੀ ਜੂਨ) ਵਿਚ ਜਿਵੇਂ ਕੀਤਾ ਹੈ, ਉਹਨੂੰ ਪੜ੍ਹ ਕੇ ਈ ਪਤਾ ਲਗਦਾ ਹੈ ਕਿ ਜ਼ਾਰ ਤੇ ਲੈਨਿਨ ਦੇ ਰਾਜ-ਪ੍ਰਬੰਧ ਵਿਚ ਕੀ ਫ਼ਰਕ ਸੀ। ਸਟਾਲਿਨ ਨੇ ਕਿੰਨੀਆਂ ਵੀ ਗ਼ਲਤੀਆਂ, ਜ਼ੁਲਮ ਕੀਤੇ ਪਰ ਉਹਨੇ ਆਮ ਲੋਕਾਂ ਦੀ ਜ਼ਿੰਦਗੀ ਵਿਚ ਮੂਲ ਤਬਦੀਲੀਆਂ ਲਿਆ ਕੇ ਯੂਰਪ ਦੇ ਸਭ ਤੋਂ ਪਛੜੇ ਦੇਸ਼ ਨੂੰ ਅਜਿਹੀ ਸ਼ਕਤੀ ਵਿਚ ਬਦਲ ਦਿੱਤਾ ਕਿ ਸੰਸਾਰ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਅਮਰੀਕਾ ਵੀ ਉਸ ਤੋਂ ਡਰਨ ਲੱਗ ਪਿਆ (ਜੇ ਉਹ ਰਾਜ-ਪ੍ਰਬੰਧ ਅੱਜ ਕਾਇਮ ਹੁੰਦਾ ਤਾਂ ਅਮਰੀਕਾ ਇਰਾਕ 'ਚ ਤਬਾਹੀ ਮਚਾਉਣ ਬਾਰੇ ਸੋਚ ਵੀ ਨਹੀਂ ਸੀ ਸਕਦਾ)।

ਇਹ ਤਾਂ ਪਤਾ ਹੈ ਕਿ ਸਮਾਜਵਾਦ ਵਿਰੋਧੀ ਲੋਕ ਇਸ ਸ਼ਬਦ ਤੋਂ ਈ ਘਿਰਣਾ ਕਰਦੇ ਹਨ। ਇਸ ਸ਼ਬਦ ਨੂੰ ਭਾਰਤ ਦੇ 'ਅਛੂਤਾਂ' ਵਰਗਾ ਈ ਸਮਝਦੇ ਹਨ ਪਰ ਜਿਵੇਂ ਨਵ-ਵਿਆਹੇ ਰੂਸੀ ਜੋੜੇ ਲੈਨਿਨਗਰਾਦ ਦੇ ਕਬਰਸਤਾਨ 'ਚ ਆਪਣੇ ਪੁਰਖਿਆਂ ਨੂੰ ਸ਼ਰਧਾ ਭੇਟ ਕਰਨ ਆਉਂਦੇ, ਤੇ ਜਿਹੜੀ ਵਲਾਦੀਮੀਰ ਤੋਂ ਸਫ਼ਾਈ-ਮਜ਼ਦੂਰ ਬੁੱਢੀ ਬਾਰੇ ਟਿੱਪਣੀ ਸੁਣੀ ਸੀ, ਅਜਿਹਾ ਵਰਤਾਰਾ ਸੰਸਾਰ ਦੇ ਕਿਸੇ ਵੀ 'ਅਖਾਉਤੀ ਲੋਕਤੰਤਰ' ਵਿਚ ਸੰਭਵ ਨਹੀਂ ਸੀ। ਕੀ ਉਸ ਦੇ ਮੁਕਾਬਲੇ ਉਹ 'ਲੋਕਤੰਤਰ' ਲੋਕਾਂ ਦੇ ਦੁੱਖ ਕਸ਼ਟ ਮਿਟਾ ਸਕਦਾ ਹੈ ਜਿੱਥੇ 20-20 ਸਾਲ ਪੜ੍ਹਾਈ ਕਰ ਕੇ ਨੌਜਵਾਨ ਦੋ-ਦੋ ਹਜ਼ਾਰ ਦੀਆਂ ਨੌਕਰੀਆਂ ਲਈ ਧੱਕੇ ਖਾਂਦੇ ਫਿਰਦੇ ਹੋਣ? ਚਾਲ਼ੀ ਕਰੋੜ ਬੰਦਿਆਂ ਨੂੰ ਇੱਕ ਡੰਗ ਦੀ ਰੋਟੀ ਵੀ ਨਸੀਬ ਨਾ ਹੋਵੇ? ਬਾਕੀ 60-70 ਕਰੋੜ ਵਿਚੋਂ 90 ਫ਼ੀਸਦੀ ਲੋਕ ਸਾਰੀ ਉਮਰ ਤੋੜੇ ਦੀ ਜ਼ਿੰਦਗੀ ਬਿਤਾਉਂਦੇ ਹੋਣ ਤੇ ਸਭ ਕਿਸਮ ਦੇ ਵਿਕਾਸ ਦਾ ਲਾਭ ਸਿਰਫ਼ 10-15 ਫ਼ੀਸਦੀ ਲੋਕਾਂ ਨੂੰ ਈ ਮਿਲਦਾ ਹੋਵੇ?


ਪ੍ਰੋ. ਰਣਧੀਰ ਸਿੰਘ (ਜੋ ਭਾਰਤ ਦੇ ਸਭ ਤੋਂ ਵਧੇਰੇ ਚੇਤੰਨ ਮਾਰਕਸਵਾਦੀ ਹਨ) ਨੇ ਇਹਨਾਂ ਸਾਰੇ ਮਸਲਿਆਂ ਨੂੰ ਲੈ ਕੇ ਜਿਹੜੀ ਹਜ਼ਾਰ ਸਫ਼ੇ ਦੀ ਕਿਤਾਬ ਲਿਖੀ ਹੈ (ਕਰਾਈਸਿਸ ਆਫ ਸੋਸ਼ਲਿਜ਼ਮ), ਉਹਨੂੰ ਪੜ੍ਹੇ ਤੋਂ ਬਿਨਾਂ, ਅਜਿਹੇ ਰਾਜ-ਪ੍ਰਬੰਧਾਂ ਬਾਰੇ ਕੁਝ ਵੀ ਨਹੀਂ ਸਮਝਿਆ ਜਾ ਸਕਦਾ (ਪਰ ਉਹ ਪੜ੍ਹੀ ਕਿੰਨੇ ਕੁ ਲੋਕਾਂ ਨੇ ਹੈ?)।

... ਕਿੱਥੇ 'ਵਿਆਹ ਵਿਚ ਬੀ ਦਾ ਲੇਖਾ' ਪਾ ਬੈਠਾ। ਰਾਜ-ਪ੍ਰਬੰਧਾਂ ਉੱਤੇ ਟਿੱਪਣੀਆਂ ਕਰਨ ਜੋਗਾ ਨਹੀਂ ਹਾਂ। ਗੱਲ ਸਿਰਫ਼ ਵਲਾਦੀਮੀਰ ਦੇ ਦੋ ਮੁਰਗੇ ਖਾਣ ਤੋਂ ਸ਼ੁਰੂ ਹੋ ਕੇ ਕਿਧਰ ਦੀ ਕਿਧਰ ਚਲੀ ਗਈ ਪਰ ਜੇ ਅਜਿਹੀਆਂ ਉਲਝਣਾਂ ਬਾਰੇ ਸੋਚਿਆ ਈ ਨਾ ਜਾਏ ਤੇ ਕਿਸੇ ਨਿਰਣੇ 'ਤੇ ਈ ਨਾ ਪਹੁੰਚਿਆ ਜਾਏ ਤਾਂ ਜ਼ਿੰਦਗੀ ਦੇ ਅਰਥ ਵੀ ਕੀ ਰਹਿ ਜਾਂਦੇ ਹਨ! ਜੰਗਲੀ ਜੀਵਨ ਤੋਂ ਐਟਮੀ ਸ਼ਕਤੀ ਤੱਕ ਪਹੁੰਚਣ ਦਾ ਮੂਲ ਆਧਾਰ ਈ ਮਨੁੱਖੀ ਸੋਚ ਤੇ ਉਸ ਦੇ ਕੀਤੇ ਕਾਰਜ ਹਨ। ਜੇ ਪੰਛੀਆਂ ਵਾਂਗ ਉਡਣ ਦਾ ਖ਼ਿਆਲ ਈ ਮਨੁੱਖ ਨੂੰ ਨਾ ਆਉਂਦਾ ਤਾਂ ਸਿਰਫ਼ ਇੱਕ ਸਦੀ ਅੰਦਰ ਈ ਅੱਠ ਸੌ ਤੋਂ ਵਧੇਰੇ ਸਵਾਰੀਆਂ ਤੇ ਉਹਨਾਂ ਦਾ ਕਈ ਟਨ ਸਾਮਾਨ ਲੈ ਕੇ ਦਸ-ਦਸ ਘੰਟੇ ਲਗਾਤਾਰ ਉੱਡਣ ਵਾਲੇ ਜਹਾਜ਼ ਕਿਸ ਨੇ ਬਣਾਉਣੇ ਸਨ ਤੇ ਕਿਸ ਨੇ ਚੰਦ 'ਤੇ ਪਹੁੰਚ ਕੇ ਉੱਥੋਂ ਮਿੱਟੀ, ਪੱਥਰ ਲਿਆ ਕੇ ਇਹ ਤਜਰਬੇ ਕਰਨੇ ਸਨ ਕਿ ਉੱਥੇ ਮਨੁੱਖ ਦੇ ਰਹਿਣ ਦੀਆਂ ਸੰਭਾਵਨਾਵਾਂ ਕਿੰਨੀਆਂ ਕੁ ਹਨ।

ਪਰ ਇਹ 'ਦਲੀਲਾਂ ਦਾ ਕੜਾਹ' ਏਥੇ ਈ ਛੱਡ ਕੇ ਸਮਰਕੰਦ ਬਾਰੇ ਕੁਝ ਦੱਸਣਾ ਜ਼ਰੂਰੀ ਹੈ। ਦੁਪਹਿਰ ਤੱਕ ਕਿਤੇ ਨਹੀਂ ਗਏ। ਆਥਣ ਵੇਲੇ ਵਲਾਦੀਮੀਰ ਨੇ ਦੱਸਿਆ ਕਿ ਚਾਰ-ਮੰਜ਼ਲੇ ਹੋਟਲ ਦੀ ਸਿਖ਼ਰਲੀ ਛੱਤ ਉੱਤੇ ਗਾਉਣ-ਵਜਾਉਣ ਦਾ ਪ੍ਰੋਗਰਾਮ ਸੀ ਤੇ ਹੋਟਲ ਵਿਚ ਠਹਿਰੇ ਮਹਿਮਾਨ ਸਿਖ਼ਰਲੀ ਛੱਤ 'ਤੇ ਜਾ ਸਕਦੇ ਸਨ। ਜਦੋਂ ਸਿਖ਼ਰ ਪਹੁੰਚੇ ਤਾਂ ਦੋ ਬਹੁਤ ਸੁਬਕ ਤੇ ਸੁੰਦਰ ਨੈਣ-ਨਕਸ਼ਾਂ ਵਾਲੀਆਂ ਕੁੜੀਆਂ ਆਪਣੀ ਭਾਸ਼ਾ ਵਿਚ ਕੋਈ ਗੀਤ ਗਾ ਰਹੀਆਂ ਸਨ। ਉਹਨਾਂ ਨੇ ਆਪਣੇ ਰਵਾਇਤੀ, ਰੇਸ਼ਮੀ ਕੱਪੜੇ ਪਹਿਨੇ ਹੋਏ ਸਨ- ਸਿਰ 'ਤੇ ਵੱਡੇ ਰੁਮਾਲ, ਰੇਸ਼ਮੀ ਕਢਾਈ ਵਾਲੀਆਂ ਕੁੜਤੀਆਂ ਤੇ ਖੁੱਲ੍ਹੇ ਲਹਿੰਗਿਆਂ ਨੂੰ ਫੜ ਕੇ ਝੂਮਦੀਆਂ ਉਹ ਉੱਚੀਆਂ ਲਿਲ੍ਹਕਾਂ ਨਾਲ ਗਾਉਂਦੀਆਂ ਦੇ ਸਵੇਰ ਦੀ ਤ੍ਰੇਲ ਵਰਗੇ ਸਵੱਛ ਚਿਹਰੇ, ਢਲਦੇ ਸੂਰਜ ਦੀ ਲਾਲੀ ਵਾਂਗ ਦਗ਼ਦੇ ਸਨ। ਗਾਉਂਦੀਆਂ ਕੁੜੀਆਂ ਨਾਲ ਦੋ ਸਾਜ਼ਿੰਦੇ ਵੀ ਸਨ। ਕੁੜੀਆਂ ਅੱਲ੍ਹੜ ਉਮਰ ਦੀਆਂ, ਮਲੂਕ ਜੁੱਸੇ ਵਾਲੀਆਂ ਸਨ ਪਰ ਫੇਰ ਓਹੋ,

*(ਬਾਕੀ ਅਗਲੇ ਸਫੇ 'ਤੇ)*

***ਪ੍ਰੋ. ਰਣਧੀਰ ਸਿੰਘ (ਜੋ ਭਾਰਤ ਦੇ ਸਭ ਤੋਂ ਵਧੇਰੇ ਚੇਤੰਨ ਮਾਰਕਸਵਾਦੀ ਹਨ) ਨੇ ਇਹਨਾਂ ਸਾਰੇ ਮਸਲਿਆਂ ਨੂੰ ਲੈ ਕੇ ਜਿਹੜੀ ਹਜ਼ਾਰ ਸਫ਼ੇ ਦੀ ਕਿਤਾਬ ਲਿਖੀ ਹੈ (ਕਰਾਈਸਿਸ ਆਫ ਸੋਸ਼ਲਿਜ਼ਮ) ਉਹਨੂੰ ਪੜ੍ਹੇ ਤੋਂ ਬਿਨਾਂ, ਅਜਿਹੇ ਰਾਜ-ਪ੍ਰਬੰਧਾਂ ਬਾਰੇ ਕੁੱਝ ਵੀ ਨਹੀਂ ਸਮਝਿਆ ਜਾ ਸਕਦਾ। (ਪਰ ਉਹ ਪੜ੍ਹੀ ਕਿੰਨੇਂ ਕੁ ਲੋਕਾਂ ਨੇ ਹੈ?)***




*ਪ੍ਰੋਫੈਸਰ ਰਣਧੀਰ ਸਿੰਘ ਦੀ ਕਿਤਾਬ 'ਕਰਾਈਸਿਸ ਆਫ ਸੋਸ਼ਲਿਜ਼ਮ'।*

# ਯੂਨਾਨੀ ਵਿਦਿਆਰਥੀਆਂ ਦੇ ਘੋਲ ਦੇ ਸਬਕ

ਨਵੀਆਂ ਆਰਥਿਕ ਨੀਤੀਆਂ ਦੇ ਪ੍ਰਭਾਵ ਹੇਠ ਅਕਾਦਮਿਕ ਸਿੱਖਿਆ ਦਾ ਜਿਣਸੀਕਰਨ ਹੁੰਦਿਆ ਹੀ ਸੰਸਾਰ ਮੰਡੀ ਵਿਚ ਪ੍ਰਾਈਵੇਟ ਯੂਨੀਵਰਸਿਟੀਆਂ ਅਤੇ ਕਾਲਜਾਂ ਦੀ ਭਰਮਾਰ ਹੋ ਗਈ। ਹੁਣ ਵੀ ਜਿੱਥੇ ਕਿਤੇ ਜਨਤਕ ਸਿੱਖਿਆ ਲਈ ਥੋੜ੍ਹੀ-ਬਹੁਤ ਥਾਂ ਬਚੀ ਹੈ, ਉਹ ਵੀ ਤੇਜ਼ੀ ਨਾਲ ਖ਼ਤਮ ਕੀਤੀ ਜਾ ਰਹੀ ਹੈ। ਨਿੱਜੀਕਰਨ-ਸੰਸਾਰੀਕਰਨ ਦੀਆਂ ਇਨ੍ਹਾਂ ਨੀਤੀਆਂ ਤਹਿਤ ਯੂਨਾਨ (ਗ੍ਰੀਸ) ਦੇ ਰੂੜੀਵਾਦੀ ਪ੍ਰਧਾਨ ਮੰਤਰੀ ਕਿਰੀਆਕੋਸ ਮਿਤਸੋਟਾਕਿਸ ਦੁਆਰਾ ਸੰਸਦ ਵਿਚ ਬਿੱਲ ਪੇਸ਼ ਕੀਤਾ ਗਿਆ ਜੋ ਦੇਸ਼ ਵਿਚ

**ਹਰਸ਼ਵਿੰਦਰ ਆਸਟਰੇਲੀਆ**
**ਸੰਪਰਕ: +61-0414-101-993**

ਪ੍ਰਾਈਵੇਟ ਯੂਨੀਵਰਸਿਟੀਆਂ ਖੋਲ੍ਹਣ ਦੀ ਇਜਾਜ਼ਤ ਦੇਵੇਗਾ। ਇਸੇ ਬਿੱਲ ਦੇ ਵਿਰੋਧ ਵਿਚ ਪਿਛਲੇ ਹਫ਼ਤਿਆਂ ਤੋਂ ਪੂਰੇ ਯੂਨਾਨ ਵਿਚ ਵਿਦਿਆਰਥੀਆਂ ਵੱਲੋਂ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਕੀਤੇ ਜਾ ਰਹੇ ਹਨ। ਯੂਨਾਨੀ ਸੰਵਿਧਾਨ ਦੀ ਧਾਰਾ 16 ਮੁਫ਼ਤ ਸਿੱਖਿਆ ਦੀ ਗਾਰੰਟੀ ਦਿੰਦੀ ਹੈ; ਵਿਸ਼ੇਸ਼ ਤੌਰ 'ਤੇ ਉਨ੍ਹਾਂ ਸੰਸਥਾਵਾਂ ਦੁਆਰਾ ਮੁਫ਼ਤ ਸਿੱਖਿਆ ਦਿੱਤੀ ਜਾਂਦੀ ਹੈ ਜਿਨ੍ਹਾਂ ਵਿਚ ਸਵੈ-ਸ਼ਾਸਨ ਵਾਲੀਆਂ ਜਨਤਕ ਸੰਸਥਾਵਾਂ ਸ਼ਾਮਲ ਹੁੰਦੀਆਂ ਹਨ।

ਮਿਤਸੋਟਾਕਿਸ ਦੀ ਦਲੀਲ ਹੈ ਕਿ ਪ੍ਰਾਈਵੇਟ ਯੂਨੀਵਰਸਿਟੀਆਂ ਦੀ ਸ਼ੁਰੂਆਤ ਮੁਕਾਬਲੇ ਨੂੰ ਉਤਸ਼ਾਹਿਤ ਕਰੇਗੀ ਅਤੇ ਜਨਤਕ ਤੇ ਨਿੱਜੀ ਸੰਸਥਾਵਾਂ, ਦੋਵਾਂ ਵਿਚ ਨਵੀਨਤਾ ਲਿਆਏਗੀ ਅਤੇ ਸੁਧਾਰ ਕਰੇਗੀ। ਪ੍ਰਧਾਨ ਮੰਤਰੀ ਦੇ ਡਿਪਟੀ, ਪਾਵਲੋਸ ਮਾਰੀਨਾਕਿਸ ਦਾ ਵੀ ਕਹਿਣਾ ਹੈ ਕਿ ਜਦੋਂ ਸਿੱਖਿਆ ਦੇ 'ਆਧੁਨਿਕੀਕਰਨ' ਦੀ ਗੱਲ ਆਉਂਦੀ ਹੈ ਤਾਂ ਯੂਨਾਨ 'ਬਹੁਤ ਸਾਲਾਂ ਤੋਂ ਪਛੜ ਰਿਹਾ ਹੈ'। ਧਾਰਾ 16 ਨੇ ਦਹਾਕਿਆਂ ਤੋਂ ਜਨਤਕ ਯੂਨੀਵਰਸਿਟੀਆਂ ਨੂੰ ਨਿੱਜੀਕਰਨ ਤੋਂ ਸੁਰੱਖਿਅਤ ਰੱਖਿਆ ਹੈ ਅਤੇ ਦੋ-ਪੱਧਰੀ, ਜਨਤਕ-ਪ੍ਰਾਈਵੇਟ ਪ੍ਰਣਾਲੀ ਦੇ ਵਿਕਾਸ ਨੂੰ ਵੀ ਰੋਕਿਆ ਹੈ। ਇਸ ਪ੍ਰਣਾਲੀ ਦਾ ਲਾਭ ਸਿਰਫ਼ ਅਮੀਰ ਪਰਿਵਾਰਾਂ ਦੇ ਬੱਚਿਆਂ ਨੂੰ ਹੋਵੇਗਾ। ਇਸ ਲਈ ਵਿਦਿਆਰਥੀਆਂ ਨੇ ਪ੍ਰਸਤਾਵਿਤ ਬਿੱਲ ਦਾ ਵਿਰੋਧ ਕਰਦਿਆਂ ਕਈ ਵਿਦਿਅਕ ਕੈਂਪਸ 'ਤੇ ਕਬਜ਼ੇ ਵੀ ਕਰ ਲਏ ਹਨ। ਵਿਦਿਆਰਥੀਆਂ ਦੇ ਨਾਅਰੇ ਹਨ- 'ਇੱਕ ਵੀ ਕਦਮ ਪਿੱਛੇ ਨਹੀਂ ਹਟਣਾ' ਅਤੇ 'ਸਾਡੀਆਂ ਡਿਗਰੀਆਂ ਸਾਡਾ ਫੈਸਲਾ'। ਇਹ ਨਾਅਰੇ ਵਿਦਿਆਰਥੀਆਂ ਦੇ ਦ੍ਰਿੜ ਇਰਾਦੇ ਅਤੇ ਜਨਤਕ ਸਿੱਖਿਆ ਪ੍ਰਣਾਲੀ ਪ੍ਰਤੀ ਸਰੋਕਾਰ ਦਾ ਸੰਕੇਤ ਹਨ।

ਜ਼ਿਆਦਾਤਰ ਯੂਨੀਵਰਸਿਟੀਆਂ ਵਿਚ ਵਿਦਿਆਰਥੀ ਸਮੂਹ ਅਸੈਂਬਲੀਆਂ ਨੇ ਸੰਘਰਸ਼ ਅੱਗੇ ਵਧਾਉਣ ਲਈ ਵੋਟ ਦਿੱਤੀ ਹੈ ਜਿਸ ਦੀ ਮਹੱਤਵਪੂਰਨ ਉਦਾਹਰਨ ਮੈਸੇਡੋਨੀਆ ਯੂਨੀਵਰਸਿਟੀ ਹੈ। ਉੱਥੇ ਪਿਛਲੇ ਹਫ਼ਤੇ 800 ਤੋਂ ਵੱਧ ਵਿਦਿਆਰਥੀਆਂ ਦੀ ਅਸੈਂਬਲੀ ਨੇ 77 ਪ੍ਰਤੀਸ਼ਤ ਦੀ ਬਹੁਮਤ ਵੋਟ ਵਿਚ ਯੂਨੀਵਰਸਿਟੀ 'ਤੇ ਕਬਜ਼ੇ ਨੂੰ ਵਧਾਉਣ ਲਈ ਵੋਟ ਦਿੱਤੀ। ਖੱਬੇ ਪੱਖੀ ਨਿਊਜ਼ ਸਾਈਟ ਏਪੋਹੀ 'ਤੇ ਨਸ਼ਰ ਲੇਖ ਵਿਚ ਯੂਨੀਵਰਸਿਟੀ ਯੂਨੀਅਨਾਂ ਦੇ ਚੁਣੇ ਹੋਏ ਨੁਮਾਇੰਦੇ ਫੋਵੋਸ ਜ਼ੈਟੇਸ, ਇਓਨਾ ਮਪੌਟਜ਼ਾ ਅਤੇ ਹੈਰਿਸ ਹਲਾਕਟੇਵਾਕਿਸ ਲਿਖਦੇ ਹਨ, "ਸਾਡੀਆਂ ਮੰਗਾਂ ਹਰ ਮਜ਼ਦੂਰ ਯੂਨੀਅਨ ਵਿਚ, ਹਰ ਸੰਗਠਨ ਵਿਚ, ਹਰ ਕੈਫੇ ਵਿਚ, ਹਰ ਰੋਜ਼ ਦੀ ਗੱਲਬਾਤ ਬਣ ਜਾਣੀਆਂ ਚਾਹੀਦੀਆਂ ਹਨ ਕਿਉਂਕਿ ਇਹ (ਮਸਲਾ) ਸਾਨੂੰ ਸਾਰਿਆਂ ਨੂੰ ਪ੍ਰਭਾਵਿਤ ਕਰਦਾ ਹੈ।"



ਯੂਨਾਨ ਵਿਚ ਸਿੱਖਿਆ ਦੇ ਨਿੱਜੀਕਰਨ ਦੀ ਕੋਸ਼ਿਸ਼ ਕੋਈ ਨਵੀਂ ਗੱਲ ਨਹੀਂ ਹੈ। 2004 ਵਿਚ ਪ੍ਰਧਾਨ ਮੰਤਰੀ ਕੋਨਸਟੈਂਟੀਨੋਸ ਕਰਾਮਨਲਿਸ ਦੀ ਰੂੜੀਵਾਦੀ ਸਰਕਾਰ ਮਜ਼ਬੂਤ ਚੁਣਾਵੀ ਜਿੱਤ ਤੋਂ ਉਤਸ਼ਾਹਿਤ ਹੋ ਕੇ ਕਾਮਿਆਂ ਅਤੇ ਵਿਦਿਆਰਥੀਆਂ ਵਿਰੁੱਧ ਹਮਲਿਆਂ ਦੀ ਲਹਿਰ ਨੂੰ ਅੰਜਾਮ ਦੇਣ ਲਈ ਤਿਆਰ ਸੀ। ਉਨ੍ਹਾਂ ਹਮਲਿਆਂ ਵਿਚੋਂ ਇੱਕ ਸੀ ਧਾਰਾ 16 ਮੁੜ ਲਿਖਣੀ। ਅਪਰੈਲ 2006 ਵਿਚ ਯੂਨਾਨੀ ਵਿਦਿਆਰਥੀਆਂ ਨੇ ਸੜਕਾਂ 'ਤੇ ਕਦਮ ਰੱਖਣ ਦੇ ਐਸੇ ਪੂਰਨੇ ਪਾਏ ਕਿ ਅਗਲੇ ਮਹੀਨੇ ਵਿਸ਼ਾਲ ਰੈਲੀ ਤੋਂ ਬਾਅਦ 15 ਯੂਨੀਵਰਸਿਟੀਆਂ ਨੂੰ ਸਿਖਿਆਰਥੀਆਂ ਨੇ ਆਪਣੇ ਅਧੀਨ ਕਰ ਲਿਆ। ਜੂਨ ਤੱਕ ਅਮਲੀ ਤੌਰ 'ਤੇ ਸਾਰੇ ਸਕੂਲਾਂ ਅਤੇ ਯੂਨੀਵਰਸਿਟੀਆਂ ਨੂੰ ਪ੍ਰਭਾਵਿਤ ਕਰਨ ਵਾਲੇ 420 ਵਿਦਿਆਰਥੀ ਕੇਂਦਰਾਂ ਉੱਤੇ ਕਬਜ਼ਾ ਕੀਤਾ ਗਿਆ। ਸਤੰਬਰ ਵਿਚ ਯੂਨੀਵਰਸਿਟੀ ਅਧਿਆਪਕਾਂ ਨੇ ਸਿੱਖਿਆ 'ਤੇ ਹਮਲਿਆਂ ਵਿਰੁੱਧ ਅਣਮਿੱਥੇ ਸਮੇਂ ਲਈ ਹੜਤਾਲ ਵਿਚ ਸ਼ਮੂਲੀਅਤ ਕੀਤੀ। ਹੜਤਾਲ ਛੇ ਹਫ਼ਤਿਆਂ ਬਾਅਦ ਖ਼ਤਮ ਹੋ ਗਈ। ਇਸ ਲਹਿਰ ਨੇ ਸਰਕਾਰ ਨੂੰ ਫੈਸਲਾ ਬਦਲਣ ਲਈ ਮਜਬੂਰ ਕੀਤਾ। ਦਸੰਬਰ ਤੱਕ ਸਪੱਸ਼ਟ ਹੋ ਗਿਆ ਸੀ ਕਿ ਸੰਵਿਧਾਨਕ ਸੋਧ ਦੀ ਤਜਵੀਜ਼ ਕਰਨ ਵਾਲੇ ਬਿੱਲ ਨੂੰ ਸੰਸਦ ਵਿਚ ਲੋੜੀਂਦਾ ਸਮਰਥਨ ਨਹੀਂ ਮਿਲੇਗਾ ਜਿਸ ਦਾ ਕਾਰਨ ਜਨਤਕ ਅੰਦੋਲਨ ਨੂੰ ਮੰਨਿਆ ਜਾ ਸਕਦਾ ਹੈ। ਜੱਥੇਬੰਦ ਵਿਦਿਆਰਥੀਆਂ ਨੇ ਜਨਤਕ ਸੰਘਰਸ਼ ਦੀ ਤਾਕਤ ਰਾਹੀਂ ਬਿੱਲ ਨੂੰ ਹਰਾਇਆ।

ਅੱਜ ਦੇ ਵਿਦਿਆਰਥੀ 2006 ਵਾਲੇ ਸੰਘਰਸ਼ ਨੂੰ ਯਾਦ ਕਰਦੇ ਹਨ ਅਤੇ ਇਸ ਤੋਂ ਪ੍ਰੇਰਨਾ ਲੈ ਰਹੇ ਹਨ। ਨਵੇਂ ਸਾਲ ਦੇ ਸ਼ੁਰੂ ਵਿਚ ਹੀ ਵਿਦਿਆਰਥੀਆਂ ਨੇ ਸਰਕਾਰ ਦੀ ਇੱਛਾ ਦੇ ਉਲਟ ਜਨਵਰੀ ਵਿਚ ਬਿਲ ਪਾਸ ਹੋਣ ਤੋਂ ਪਹਿਲਾਂ ਹੀ ਰੋਕ ਦਿੱਤਾ ਹੈ। ਜੇਕਰ ਬਿੱਲ ਸੰਸਦ ਵਿਚ ਵੋਟਾਂ ਲਈ ਪੇਸ਼ ਕੀਤਾ ਜਾਂਦਾ ਹੈ ਤਾਂ ਬਹੁਤ ਸਾਰੀਆਂ ਵਿਦਿਆਰਥੀ ਜੱਥੇਬੰਦੀਆਂ, ਟਰੇਡ ਯੂਨੀਅਨਾਂ 'ਬਲੈਕਆਊਟ' ਵਾਸਤੇ ਤਿਆਰ ਰਹਿਣ ਲਈ ਕਹਿ ਰਹੀਆਂ ਹਨ। ਯੂਨੀਵਰਸਿਟੀ ਵਰਕਰਜ਼ ਯੂਨੀਅਨ ਨੇ ਵਿਦਿਆਰਥੀ ਮਾਰਚ ਵਿਚ ਸ਼ਾਮਲ ਹੋ ਕੇ ਅਤੇ ਵਿਸ਼ਾਲ ਇਕੱਠਾਂ ਵਿਚ ਭਾਸ਼ਣ ਦੇ ਕੇ ਪਹਿਲਾਂ ਹੀ ਹਕੂਮਤ ਨੂੰ ਜਵਾਬ ਦੇ ਦਿੱਤਾ ਹੈ। ਵਿਦਿਆਰਥੀਆਂ ਨੇ ਜਾਣ ਲਿਆ ਹੈ ਕਿ ਜਨਤਕ ਸਿੱਖਿਆ ਉੱਤੇ ਹੁੰਦੇ ਹਮਲਿਆਂ ਨੂੰ ਹਰਾਉਣ ਦਾ ਇੱਕੋ-ਇੱਕ ਤਰੀਕਾ ਹੈ ਸਾਂਝੇ ਤੇ ਵਿਸ਼ਾਲ ਜਨਤਕ ਸੰਘਰਸ਼। ਇਹ ਸੰਘਰਸ਼ ਭਾਵੇਂ ਲੰਮਾ ਚੱਲ ਸਕਦਾ ਹੈ ਪਰ ਉਹ ਜਾਣਦੇ ਹਨ ਕਿ ਉਹ ਜਿੱਤ ਸਕਦੇ ਹਨ ਕਿਉਂਕਿ ਉਹ ਪਹਿਲਾਂ ਵੀ ਅਜਿਹੇ ਲੰਮੇ ਸੰਘਰਸ਼ ਲੜ ਚੁੱਕੇ ਹਨ।

ਕਿਰਤੀਆਂ ਲਈ ਜਨਤਕ ਸਿੱਖਿਆ ਪ੍ਰਬੰਧ ਅਤਿ ਲੋੜੀਂਦਾ ਹੈ, ਮਨੁੱਖ ਨੇ ਪਹੀਆ ਬਣਾਉਣ ਤੋਂ ਲੈ ਕੇ ਪੁਲਾੜ ਤੱਕ ਜਾਣ ਦਾ ਸਫ਼ਰ ਸਾਂਝੇ ਗਿਆਨ ਦੇ ਸੰਕਲਪ ਦੇ ਆਧਾਰ 'ਤੇ ਹੀ ਤੈਅ ਕੀਤਾ ਹੈ। ਅੱਜ ਜਦ ਦੁਨੀਆ ਭਰ ਵਿਚ ਬਚੇ-ਖੁਚੇ ਲੋਕਤੰਤਰ ਖ਼ੁਰ ਰਹੇ ਹਨ, ਜਨਤਕ ਸੰਸਥਾਵਾਂ 'ਚ ਪ੍ਰਾਈਵੇਟ ਨਿਵੇਸ਼ ਵਧਾਇਆ ਜਾ ਰਿਹਾ ਹੈ, ਇਸ ਦੌਰ ਅੰਦਰ ਸਿੱਖਿਆ ਨੂੰ ਬਚਾਉਣਾ ਸਾਡਾ ਮੁਢਲਾ ਫਰਜ਼ ਬਣਦਾ ਹੈ।

ਸਿੱਖਿਆ ਜਿਹੇ ਬੁਨਿਆਦੀ ਅਧਿਕਾਰ ਨੂੰ ਕਾਇਮ ਰੱਖਣ ਲਈ ਚਾਹੇ ਥੋੜ੍ਹੀ ਬਹੁਤੀ ਆਵਾਜ਼ ਉੱਠਦੀ ਰਹਿੰਦੀ ਹੈ ਪਰ ਇਸ ਆਵਾਜ਼ ਨੂੰ ਹੋਰ ਜ਼ੋਰ-ਸ਼ੋਰ ਨਾਲ ਉਠਾਉਣ ਦੀ ਜ਼ਰੂਰਤ ਹੈ। ਜਦ ਵੀ ਸਿੱਖਿਆ ਦੇ ਨਿੱਜੀਕਰਨ ਖਿਲਾਫ ਲੜਨ ਵਾਲਿਆਂ ਦੀ ਬਾਤ ਪਾਈ ਜਾਵੇਗੀ ਤਾਂ ਇਨ੍ਹਾਂ ਯੂਨਾਨੀ ਵਿਦਿਆਰਥੀਆਂ ਦਾ ਇਹ ਜਨਤਕ ਅਤੇ ਲੰਮਾ ਸੰਘਰਸ਼ ਰਾਹ-ਦਸੇਰਾ ਅਤੇ ਪ੍ਰੇਰਨਾ ਸ੍ਰੋਤ ਬਣਦਾ ਰਹੇਗਾ।

## ਸਮਰਕੰਦ ਦੀ ਸੈਰ

*(ਪਿਛਲੇ ਸਫੇ ਦੀ ਬਾਕੀ)*

'ਵਿਆਹ ਵਿਚ ਬੀ ਦਾ ਲੇਖਾ'...

ਆਖਰ ਕੀ ਮਜਬੂਰੀ ਹੈ ਕਿ 'ਪਰੀਆਂ ਵਰਗੀਆਂ' ਇਹਨਾਂ ਕੁੜੀਆਂ ਨੂੰ ਆਪਣਾ ਸੰਗੀਤ ਤੇ ਅਦਾਵਾਂ 'ਮੁੱਲ' ਵੇਚਣੀਆਂ ਪੈ ਰਹੀਆਂ ਸਨ? ਸਾਥੋਂ ਬਿਨਾਂ ਪੰਜ-ਸੱਤ ਹੋਰ ਬੰਦੇ ਵੀ ਦੂਜੇ ਪਾਸੇ ਕੁਰਸੀਆਂ ਤੇ ਬੈਂਚਾਂ 'ਤੇ ਬੈਠੇ ਸਨ। ਉਹਨਾਂ ਦੇ ਚਿਹਰਿਆਂ ਉੱਤੇ ਕੋਈ ਵੀ ਸੂਖ਼ਮ ਪ੍ਰਭਾਵ ਨਹੀਂ ਸੀ। ਦੋ-ਤਿੰਨ ਤਾਂ ਲਾਲ ਅੱਖਾਂ ਕੱਢ-ਕੱਢ ਉਹਨਾਂ ਕੁੜੀਆਂ ਵੱਲ ਇੰਝ ਝਾਕ ਰਹੇ ਸਨ, ਜਿਵੇਂ ਜੇ ਵਾਹ ਚੱਲੇ ਤਾਂ ਬੱਗੀਆਂ ਕਬੂਤਰੀਆਂ ਵਰਗੀਆਂ ਕੁੜੀਆਂ ਦੀਆਂ ਧੌਣਾਂ ਮਰੋੜ ਦੇਣ।... ਜੇ ਸੋਵੀਅਤ ਨਿਜ਼ਾਮ ਨੇ ਬੰਦਿਆਂ ਦੇ ਸੁਭਾਅ ਈ ਨਹੀਂ ਬਦਲਣੇ, ਚਾਰ ਪੈਸੇ ਕਮਾਉਣ ਖ਼ਾਤਰ ਅਜਿਹੀਆਂ ਸੋਹਣੀਆਂ ਕੁੜੀਆਂ ਨੂੰ ਮਨ ਮਾਰ ਕੇ ਗਾਉਣਾ ਪੈਣਾ ਸੀ ਤਾਂ ਉਹ 'ਨਵਾਂ ਮਨੁੱਖ' ਕਿੱਥੇ ਸੀ ਜਿਸ ਬਾਰੇ ਸੋਵੀਅਤ ਸੰਘ ਦੇ ਪ੍ਰਚਾਰ-ਸਾਹਿਤ ਵਿਚ ਪੜ੍ਹਦੇ ਆਏ ਸਾਂ? ਮਨ ਉਚਾਟ ਹੋ ਗਿਆ। ਉਸੇ ਵੇਲੇ ਸਾਡੇ ਪੋਹ-ਮਾਘ ਦੇ ਮਹੀਨੇ ਵਰਗੀ ਠੰਢੀ ਹਵਾ ਦੇ ਬੁੱਲੇ ਸ਼ੁਰੂ ਹੋਏ ਤਾਂ ਕਾਂਬਾ ਛਿੜ ਪਿਆ। ਪਤਾ ਨਹੀਂ ਗਿਆਨ ਰੰਜਨ ਵੀ ਨਾਲ ਸੀ ਜਾਂ ਨਹੀਂ, ਪਰ ਮੈਂ ਉੱਥੇ ਹੋਰ ਨਹੀਂ ਰੁਕ ਸਕਿਆ। ਕਮਰੇ 'ਚ ਆ ਕੇ ਕੰਬਲ ਲੈ ਕੇ ਮੰਜੇ 'ਤੇ ਲੇਟ ਗਿਆ।

***

ਅਗਲੇ ਦਿਨ ਬਾਬਰ ਦੇ ਪੁਰਖਿਆਂ ਦੇ 'ਮਹਿਲ-ਮਾੜੀਆਂ' ਦੇਖਣ ਗਏ ਤਾਂ ਉਹ ਤਾਸ਼ਕੰਦ ਤੋਂ ਵੀ ਮਾੜੀ ਹਾਲਤ ਵਿਚ ਸਨ। ਜਿੱਥੇ ਬਾਬਰ ਦੀ ਪਿਛਲੀ ਛੇਵੀਂ ਪੀੜ੍ਹੀ ਦੇ ਤੈਮੂਰ ਵਰਗੇ ਪੁਰਖੇ ਰਹਿੰਦੇ ਸਨ, ਉਹ ਹੁਣ ਢੱਠੀਆਂ ਦੀਵਾਰਾਂ ਈ ਸਨ। ਬਹੁਤ ਮੰਦਹਾਲੀ ਦਾ ਮੰਜ਼ਰ ਸੀ। ਕਿਸੇ ਬਾਦਸ਼ਾਹ ਦਾ ਮਜ਼ਾਰ ਢੱਠੀ ਜਿਹੀ ਥਾਂ ਸੀ। ਗੁੰਬਦ ਦਾ ਪਲਸਤਰ ਥਾਂ-ਥਾਂ ਤੋਂ ਲੱਥਾ ਹੋਇਆ ਸੀ। ਬਾਹਰੋਂ ਵੀ ਉਹ ਥਾਂ ਤੂੜੀ ਵਾਲੇ ਕੋਠੇ ਵਰਗੀ ਲਗਦੀ ਸੀ।

ਇਹ ਦੇਖ ਕੇ ਹੋਰ ਵੀ ਹੈਰਾਨੀ ਹੋਈ ਕਿ ਤੈਮੂਰ (ਤਿਮਰਲੰਗ) ਇਸੇ ਸ਼ਹਿਰ ਤੋਂ ਸਾਡੇ ਦੇਸ਼ ਵਿਚ ਲੁੱਟਮਾਰ ਕਰਨ ਗਿਆ ਸੀ। ਇਹ 1398 ਦਾ ਸਮਾਂ ਸੀ ਜਦੋਂ ਤੈਮੂਰ ਨੇ ਦਿੱਲੀ ਦੇ ਕਮਜ਼ੋਰ ਬਾਦਸ਼ਾਹ ਨਾਸਿਰੁੱਦੀਨ ਮੁਹੰਮਦ ਨੂੰ ਆਸਾਨੀ ਨਾਲ ਹਰਾ ਕੇ ਦਿੱਲੀ ਨੂੰ ਪੂਰੀ ਤਰ੍ਹਾਂ ਲੁੱਟਮਾਰ ਕਰ ਕੇ ਤੇ ਸਾੜ-ਫੂਕ ਕੇ ਇੱਕ ਲੱਖ ਬੰਦੇ ਦਾ ਕਤਲਾਮ ਕੀਤਾ ਸੀ। ਉੱਥੋਂ ਮੇਰਠ, ਹਰਿਦਵਾਰ ਤੇ ਜੰਮੂ ਦੇ ਰਸਤੇ ਵਾਪਸ ਜਾਂਦਾ ਹਜ਼ਾਰਾਂ ਔਰਤਾਂ ਤੇ ਨੌਜਵਾਨਾਂ ਨੂੰ ਗੁਲਾਮ ਬਣਾ ਕੇ ਸਮਰਕੰਦ ਵਾਪਿਸ ਚਲਾ ਗਿਆ ਸੀ। ਉੱਥੇ 1405 ਵਿਚ ਉਹਦੀ ਮੌਤ ਹੋ ਗਈ ਸੀ। ਮੁਗ਼ਲ ਪਹਿਲਾਂ ਮੁਸਲਮਾਨ ਨਹੀਂ ਸਨ, ਅਗਨੀਪੂਜ ਕਬੀਲੇ ਸਨ। ਤੈਮੂਰ ਦੇ ਜ਼ਮਾਨੇ ਵਿਚ ਈ ਇਹ ਮੁਸਲਮਾਨ ਬਣੇ। ਇਹ ਪਹਿਲੇ ਮੁਸਲਮਾਨ ਮੁਗ਼ਲ ਸਨ ਜਿਨ੍ਹਾਂ ਨੇ ਬਾਬਰ ਤੋਂ ਬਾਅਦ (ਅੰਗਰੇਜ਼ਾਂ ਦੇ ਆਉਣ ਤੱਕ) ਚੌਦਾਂ ਪੁਸ਼ਤਾਂ ਨੇ ਭਾਰਤ 'ਤੇ ਰਾਜ ਕੀਤਾ ਸੀ।

... ਸਾਡੇ ਲਈ ਹੈਰਾਨੀ ਵਾਲੀ ਗੱਲ ਇਹ ਸੀ ਕਿ ਭਾਰਤ ਦੀ ਲੁੱਟਮਾਰ ਦਾ ਧਨ-ਦੌਲਤ ਸਮਰਕੰਦ ਵਿਚ ਕਿਧਰੇ ਨਜ਼ਰ ਨਹੀਂ ਸੀ ਆਉਂਦਾ। ਭਾਰਤ 'ਤੇ ਰਾਜ ਕਰਦਿਆਂ ਅਕਬਰ ਤੇ ਸ਼ਾਹ ਜਹਾਨ ਨੇ ਜਿਹੜੇ ਕਿਲ੍ਹੇ, ਮਹਿਲ ਤੇ ਮਕਬਰੇ ਬਣਾਏ (ਬਣਵਾਏ), ਉਹ ਅਜੇ ਵੀ ਦੁਨੀਆ ਦੀ ਵਿਲੱਖਣ ਇਮਾਰਤਕਾਰੀ ਦਾ ਨਮੂਨਾ ਮੰਨੇ ਜਾਂਦੇ ਹਨ ਪਰ ਸਮਰਕੰਦ 'ਚ ਅਜਿਹੀ ਇੱਕ ਵੀ ਇਮਾਰਤ ਨਹੀਂ ਦੇਖੀ ਜਿਸ ਤੋਂ ਮੁਗ਼ਲਾਂ ਦੀ ਸਮਰਿਧੀ ਦਾ ਸਬੂਤ ਮਿਲਦਾ ਹੋਵੇ। ਕਾਰਨ ਸ਼ਾਇਦ ਇਹ ਹੋਵੇ ਕਿ ਤੈਮੂਰ ਦੀ ਲੁੱਟਮਾਰ ਦਾ ਧਨ, ਇਹ ਪਛੜੇ ਇਲਾਕੇ ਦੇ ਭੁੱਖੇ ਲੋਕ ਖਾਣ-ਪੀਣ 'ਤੇ ਖ਼ਰਚ ਕਰ ਬੈਠੇ ਹੋਣ। ਇਮਾਰਤਕਾਰੀ ਦੇ ਮਾਹਰ ਉਹ ਸਨ ਨਹੀਂ। ਇਸ ਲਈ, ਕੱਚੇ-ਪੱਕੇ ਢਾਰਿਆਂ ਵਿਚ ਰਹਿੰਦਿਆਂ ਈ ਸਮਾਂ ਬਿਤਾ ਗਏ ਹੋਣਗੇ।

ਉਸ ਦਿਨ ਸ਼ਾਮ ਨੂੰ ਵਲਾਦੀਮੀਰ ਸਾਨੂੰ ਸਮਰਕੰਦ ਦਾ ਵੱਡੇ ਘਰ ਵਰਗਾ ਅਜਾਇਬਘਰ ਦਿਖਾਉਣ ਲੈ ਕੇ ਗਿਆ ਤਾਂ ਉਹਦੀ ਲਾਪ੍ਰਵਾਹੀ ਕਰ ਕੇ ਅਜਾਇਬਘਰ ਦੇ ਬੰਦ ਹੋਣ ਦਾ ਸਮਾਂ ਹੋ ਗਿਆ ਸੀ ਤੇ ਬੂਹੇ ਨੂੰ ਜੰਦਰਾ ਲੱਗਿਆ ਪਿਆ ਸੀ। ਜੇ ਉਹ ਦੇਖਦੇ ਤਾਂ ਸ਼ਾਇਦ ਪਤਾ ਲੱਗ ਸਕਦਾ ਕਿ ਭਾਰਤ ਉੱਤੇ ਢਾਈ-ਤਿੰਨ ਸਦੀਆਂ ਰਾਜ ਕਰਨ ਵਾਲੇ ਮੁਗ਼ਲ ਕਿੰਨੇ ਕੁ ਅਮੀਰ ਜਾਂ ਸੱਭਿਆ ਸਨ ਤੇ ਕਿਹੋ ਜਿਹੇ ਹਥਿਆਰ ਵਰਤਦੇ ਸਨ ਪਰ ਉਹ ਸਮਾਂ ਵੀ ਖੁੰਝ ਗਿਆ। ਵਾਪਸ ਮੁੜਦਿਆਂ ਕੁਝ ਖੇਤਾਂ ਵਿਚੋਂ ਲੰਘੇ ਜਿੱਥੇ ਗੁਆਰੇ ਵਰਗੀ ਕੋਈ ਫ਼ਸਲ ਬੀਜੀ ਹੋਈ ਸੀ। ਵਲਾਦੀਮੀਰ ਨੂੰ ਫ਼ਸਲਾਂ ਬਾਰੇ ਕੋਈ ਜਾਣਕਾਰੀ ਨਹੀਂ ਸੀ। ਪੁੱਛਣ 'ਤੇ ਸਿਰਫ਼ ਇਹੋ ਕਹਿੰਦਾ, "ਹੋਏਗੀ ਕੋਈ ਫ਼ਸਲ, ਇਹਨਾਂ ਬਾਰੇ ਏਥੋਂ ਦੇ ਲੋਕਾਂ ਨੂੰ ਈ ਪਤਾ ਹੋਏਗਾ।"

ਤਾਸ਼ਕੰਦ ਤੇ ਸਮਰਕੰਦ ਦਾ ਫ਼ਰਕ ਛੋਟੇ ਵੱਡੇ ਹੋਣ ਦਾ ਸੀ; ਘਰ, ਗਲੀਆਂ, ਬਾਜ਼ਾਰ ਮਿਲਦੇ-ਜੁਲਦੇ ਈ ਸਨ। ਮਸਜਿਦਾਂ ਭਾਵੇਂ ਛੋਟੀਆਂ ਵੱਡੀਆਂ ਸਨ ਪਰ ਇੱਕੋ ਜਿਹੀਆਂ ਸਨ। ਤਾਸ਼ਕੰਦ ਦੀ ਵੱਡੀ ਮਸਜਿਦ ਦੀ ਸ਼ਾਨ ਵੱਖਰੀ ਸੀ ਪਰ ਏਥੇ ਦੇਖਣ ਜੋਗਾ ਕੁਝ ਵੀ ਨਹੀਂ ਸੀ।

... ਫੇਰ ਅਚਾਨਕ ਭਾਰਤ ਦੀ ਇਤਿਹਾਸਕ ਦਸ਼ਾ ਦਾ ਖ਼ਿਆਲ ਆਇਆ। ਕਈ ਹਜ਼ਾਰ ਸਾਲ 'ਚ ਜੋ ਮੰਦਰ, ਗੁਫ਼ਾਵਾਂ, ਕਿਲ੍ਹੇ (ਗੜ੍ਹ) ਇਮਾਰਤਕਾਰੀ ਤੇ ਅਨੇਕ ਭਾਂਤ ਦੀ ਕਲਾ ਵਿਕਸਿਤ ਹੋਈ ਸੀ, ਉਹ ਅਸੀਂ ਨੌਵੀਂ ਸਦੀ ਤੱਕ ਈ ਸੰਭਾਲ ਸਕੇ। ਇਸਲਾਮ ਦੀ ਸ਼ੁਰੂਆਤ ਤੋਂ ਸਿਰਫ਼ ਇੱਕ ਸਦੀ ਮਗਰੋਂ ਈ ਸਿੰਧ ਉੱਤੇ ਇੱਕ ਧਾੜਵੀ ਨੇ ਕਬਜ਼ਾ ਕਰ ਲਿਆ ਸੀ। ਇੱਕ ਹਜ਼ਾਰ ਸਾਲ ਦੇ ਨੇੜੇ-ਤੇੜੇ ਤਾਂ ਅਰਬ ਮੁਲਕਾਂ ਦੇ ਧਾੜਵੀਆਂ, ਤੇ ਫੇਰ ਮੁਗ਼ਲਾਂ ਨੇ ਜਿਵੇਂ ਪੂਰੇ ਦੇਸ਼ ਦੀ ਦੌਲਤ ਲੁੱਟੀ, ਕਤਲਾਮ ਕੀਤੇ ਤੇ ਇਸਤਰੀਆਂ, ਮਰਦਾਂ ਨੂੰ ਗੁਲਾਮ ਬਣਾਇਆ ਤੇ ਆਪਣੇ ਮੁਲਕਾਂ 'ਚ ਲਿਜਾ ਕੇ ਉਹਨਾਂ 'ਤੇ ਜ਼ੁਲਮ ਕੀਤੇ- ਉਹ ਇਤਿਹਾਸ ਅਨੁਸਾਰ ਤਾਂ ਕੱਲ੍ਹ ਦੀਆਂ ਗੱਲਾਂ ਹਨ! ਅਕਬਰ ਨੇ ਲਗਪਗ ਪੂਰੇ ਦੇਸ਼ 'ਤੇ ਕਬਜ਼ਾ ਕਰ ਲਿਆ ਸੀ। ਉਸ ਤੋਂ ਮਗਰੋਂ ਭਾਵੇਂ ਔਰੰਗਜ਼ੇਬ ਤੱਕ ਮੁਗ਼ਲ ਰਾਜ ਪੱਕੇ ਪੈਰੀਂ ਰਿਹਾ ਪਰ ਮਗਰੋਂ ਉਹਦਾ ਪਤਨ ਸ਼ੁਰੂ ਹੋ ਗਿਆ। ਅਖ਼ੀਰ, ਨਾਮਨਿਹਾਦ ਮੁਗ਼ਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਸਮੇਂ ਤਾਂ ਸਿੱਧੇ, ਅਸਿੱਧੇ ਢੰਗ ਨਾਲ ਅੰਗਰੇਜ਼ਾਂ ਨੇ ਸਾਰੇ ਦੇਸ਼ 'ਤੇ ਕਬਜ਼ਾ ਕਰ ਲਿਆ ਸੀ। ਜਿਹੜੇ ਇਲਾਕੇ ਉਹਨਾਂ ਸਿੱਧੇ ਆਪਣੇ ਅਧੀਨ ਰੱਖੇ, ਉਹ ਲਗਪਗ ਪੂਰੇ ਦੇਸ਼ ਦਾ ਅੱਧਾ ਹਿੱਸਾ ਸਨ। ਬਾਕੀ ਅੱਧਾ ਹਿੱਸਾ, ਲਗਪਗ ਸੱਤ ਸੌ, ਛੋਟੇ-ਵੱਡੇ ਰਾਜਿਆਂ ਦੇ ਅਧੀਨ ਸੀ ਪਰ ਉਹਨਾਂ ਸਾਰਿਆਂ ਨੇ ਅੰਗਰੇਜ਼ਾਂ ਦੀ ਅਧੀਨਗੀ ਪ੍ਰਵਾਨ ਕਰ ਲਈ ਸੀ। ਕਿਸੇ ਵੀ ਰਿਆਸਤ ਦਾ ਰਾਜਾ ਨਾ ਆਪਣੀ ਮਰਜ਼ੀ ਨਾਲ ਫ਼ੌਜ ਦੀ ਨਫ਼ਰੀ ਵਧਾ ਸਕਦਾ ਸੀ, ਨਾ ਕਿਸੇ ਹੋਰ (ਗੁਆਂਢੀ) ਰਿਆਸਤ ਦਾ ਕੋਈ ਇਲਾਕਾ ਹਥਿਆ ਸਕਦਾ ਸੀ। ਲੰਮੇ ਸੰਘਰਸ਼ ਪਿੱਛੋਂ 1947 ਵਿਚ ਜਦੋਂ ਅੰਗਰੇਜ਼ਾਂ ਨੇ ਭਾਰਤ ਨੂੰ ਆਜ਼ਾਦੀ 'ਦਿੱਤੀ' ਤਾਂ ਇਹਦੇ ਤਿੰਨ ਟੁਕੜੇ ਕਰ ਦਿੱਤੇ। ਪਾਕਿਸਤਾਨ ਭਾਰਤ ਲਈ ਨਾਸੂਰ ਬਣ ਗਿਆ। ਇਹ ਅਜਿਹੀ 'ਬਾਂਦਰ-ਵੰਡ' ਸੀ ਕਿ ਰਸਦੇ-ਵਸਦੇ ਲੱਖਾਂ ਲੋਕ ਆਪੋ ਵਿਚ ਲੜ ਕੇ ਮਰ ਗਏ ਤੇ ਲੱਖਾਂ ਨੂੰ ਆਪਣੇ ਘਰ-ਬਾਰ (ਵਤਨ) ਛੱਡ ਕੇ 'ਪਰਦੇਸ' ਬਣੇ ਦੋ ਦੇਸਾਂ ਵਿਚ ਉੱਜੜ ਕੇ ਖੱਜਲ-ਖ਼ੁਆਰ ਹੋਣਾ ਪਿਆ।



*ਸਮਰਕੰਦ ਦੇ ਸਿਓਬ ਬਾਜ਼ਾਰ ਵਿਚ ਸੁਆਣੀਆਂ ਦੀ ਗਹਿਮਾ-ਗਹਿਮੀ।*

ਹੁਣ ਆਜ਼ਾਦੀ ਦੇ ਸੱਠ ਸਾਲ ਬਾਅਦ ਸਭ ਰਾਜਸੀ ਦਲ ਬੁਰੀ ਤਰ੍ਹਾਂ ਭ੍ਰਿਸ਼ਟ ਹੋ ਚੁੱਕੇ ਹਨ। ਚੋਣਾਂ ਜਿੱਤਣ 'ਤੇ ਸੱਤਾ ਹਥਿਆ ਕੇ ਸਿਵਾਇ ਉਤਲੇ 10-15 ਫ਼ੀਸਦੀ ਉਦਯੋਗਪਤੀਆਂ, ਵਪਾਰੀਆਂ ਤੇ ਕੁਝ ਸਮਰਿੱਧ ਲੋਕਾਂ ਨੂੰ 80-90 ਫ਼ੀਸਦੀ ਲੋਕਾਂ ਨੂੰ ਲੁੱਟਣ ਦੇ ਮੌਕੇ ਦੇਣ ਤੋਂ ਬਿਨਾਂ ਹੋਰ ਕੀਤਾ ਕੀ ਹੈ? ਅੱਧੀ ਸਦੀ ਵਿਚ ਜਾਂ ਆਬਾਦੀ ਤਿੱਗਣੀ ਹੋਈ ਹੈ, ਜਾਂ ਚਾਲੀ ਕਰੋੜ ਲੋਕ ਗਰੀਬੀ ਦੀ ਰੇਖਾ ਤੋਂ ਹੇਠ ਚਲੇ ਗਏ ਹਨ; ਤੇ ਏਦੂੰ ਕੁਝ ਵਧ (ਪੰਜਾਹ ਕਰੋੜ) ਸਿਰਫ਼ ਤੰਗੀ ਤੁਰਸ਼ੀ ਨਾਲ ਦਿਨ-ਕਟੀ ਕਰ ਰਹੇ ਹਨ।

ਕਿਸੇ 'ਭ੍ਰਮਣਨਾਮੇ' ਵਿਚ ਅਜਿਹੀਆਂ ਟਿੱਪਣੀਆਂ ਦਾਲ ਵਿਚ ਕੋਕੜੂ ਸਮਾਨ ਜਾਪਦੀਆਂ ਹਨ ਪਰ ਸਮਰਕੰਦ ਵਰਗੇ ਪਛੜੇ, ਖ਼ਸਤਾਹਾਲ ਇਲਾਕੇ 'ਚੋਂ ਉੱਠ ਕੇ ਆਏ ਮੁਗ਼ਲ ਸਾਡੀਆਂ ਇਹਨਾਂ ਕਮਜ਼ੋਰੀਆਂ ਕਰ ਕੇ ਈ ਸਦੀਆਂ ਤੱਕ ਸਾਨੂੰ ਲੁੱਟਦੇ ਤੇ ਕਤਲਾਮ ਕਰਦੇ ਰਹੇ। ਹਜ਼ਾਰਾਂ ਮੀਲ ਸਮੁੰਦਰ ਹੰਘਾਲ ਕੇ ਆਏ ਅੰਗਰੇਜ਼ ਵਪਾਰ ਦੇ ਬਹਾਨੇ ਆ ਕੇ ਦੇਸ਼ ਉੱਤੇ ਕਾਬਜ਼ ਹੋ ਗਏ। ਇਹਨਾਂ 'ਵਪਾਰੀਆਂ' ਨੇ ਕਲਕੱਤੇ ਵਰਗੇ ਸ਼ਹਿਰ ਨਵਾਬਾਂ ਤੋਂ ਖ਼ਰੀਦ ਕੇ ਦੋ-ਢਾਈ ਸਦੀਆਂ ਵਿਚ ਪੂਰੇ ਦੇਸ਼ ਉੱਤੇ ਕਬਜ਼ਾ ਕਰ ਕੇ 1877 ਵਿਚ ਵਲਾਇਤ ਦੀ ਰਾਣੀ ਵਿਕਟੋਰੀਆ ਨੂੰ ਭਾਰਤ ਦੀ ਰਾਣੀ (ਬਾਦਸ਼ਾਹ) ਬਣਾ ਦਿੱਤਾ। ਭਗਤ ਸਿੰਘ ਵਰਗੇ ਨੌਜਵਾਨਾਂ ਨੂੰ ਫ਼ਾਂਸੀਆਂ ਲਾ ਕੇ ਪੂਰੇ ਦੇਸ਼ ਅੰਦਰ ਦਹਿਸ਼ਤ ਫੈਲਾਈ; ਤੇ ਪੰਜਾਬੀਆਂ ਨੂੰ ਬਗ਼ਾਵਤ ਦੀ ਸਜ਼ਾ ਦੇਣ ਲਈ ਜਲ੍ਹਿਆਂ ਵਾਲੇ ਬਾਗ਼ ਵਰਗੇ ਕਤਲਾਮ ਕੀਤੇ। ਲੋਕਾਂ ਨੂੰ ਗੋਡਿਆਂ ਭਾਰ ਘਸਰਨ ਲਈ ਮਜਬੂਰ ਕੀਤਾ।

ਹਵਾਲਾ ਤਾਂ ਸਮਰਕੰਦ ਦਾ ਸੀ ਜਿੱਥੋਂ ਉੱਠ ਕੇ ਆਏ ਤੈਮੂਰ ਤੇ ਬਾਬਰ ਵਰਗਿਆਂ ਨੇ ਸਦੀਆਂ ਤੱਕ ਸਾਡੇ 'ਤੇ ਰਾਜ ਕੀਤਾ ਪਰ ਇਸ ਸਚਾਈ ਨੂੰ ਕਿੰਝ ਲੁਕਾਈਏ ਕਿ ਅਸੀਂ ਉਹਨਾਂ ਨੂੰ ਦੇਸ਼ ਵਿਚੋਂ ਕੱਢਣ ਦੀ ਥਾਂ ਉਹਨਾਂ ਦਾ ਹਰ ਜ਼ੁਲਮ ਸਹਿੰਦੇ ਰਹੇ। ਕੀ ਕਿਸੇ ਵੀ ਕੌਮ ਲਈ ਇਸ ਤੋਂ ਵਧੇਰੇ ਹੀਣਤਾ ਵਾਲੀ ਕੋਈ ਦਸ਼ਾ ਹੋ ਸਕਦੀ ਹੈ? ਰਾਮਾਇਣ ਤੇ ਮਹਾਂਭਾਰਤ ਵਰਗੇ ਗ੍ਰੰਥ ਰਚ ਕੇ ਅਸੀਂ ਆਪਣੀਆਂ ਨੈਤਿਕ ਕੀਮਤਾਂ ਤੇ ਪਾਪ-ਪੁੰਨ, ਝੂਠ-ਸੱਚ ਦੇ ਕਿੱਸੇ ਸੁਣ-ਸੁਣਾ ਕੇ ਸੰਤੁਸ਼ਟ ਹੁੰਦੇ ਰਹੇ ਪਰ ਇਤਿਹਾਸ ਸਾਡਾ ਮੂੰਹ ਚਿੜਾਉਂਦਾ ਰਿਹਾ।

ਏਨਾ ਈ ਬਹੁਤ ਹੈ। ਉਂਝ ਤਾਂ ਪੂਰਾ ਦੇਸ਼ ਮਨੂੰ ਦੇ ਜ਼ਮਾਨੇ ਤੋਂ ਜਾਤੀਵਾਦ ਦਾ ਸੰਤਾਪ ਭੋਗਦਾ ਆਇਆ ਹੈ ਪਰ ਆਜ਼ਾਦੀ ਮਗਰੋਂ ਵੀ ਇਸ ਸੰਤਾਪ ਤੋਂ ਛੁਟਕਾਰੇ ਦੀ ਸੰਭਾਵਨਾ ਨਹੀਂ ਬਣੀ ਸਗੋਂ ਅਯੋਗ ਰਾਜਨੀਤਕ ਪਾਰਟੀਆਂ ਤੇ ਖ਼ੁਦਗਰਜ਼, ਭੁੱਖੜ ਨੇਤਾਵਾਂ ਜਾਤੀਵਾਦ ਵਰਗੇ ਅਣਮਨੁੱਖੀ ਵਰਤਾਰੇ ਨੂੰ ਰਾਜ 'ਹਥਿਆਉਣ' ਦੀ ਥਾਂ ਵਧਾਇਆ ਹੈ।

ਇਹੋ 'ਸਮਰਕੰਦ ਦੀ ਯਾਤਰਾ' ਦਾ 'ਪ੍ਰਤੀਕਰਮ' ਹੈ, ਹੋਰ ਓਥੇ ਕੁਝ ਦੇਖਣ ਸਮਝਣ ਵਾਲਾ ਹੈ ਨਹੀਂ ਸੀ; ਸੋ ਦੱਸਿਆ ਵੀ ਕੀ ਜਾਏ!

# ਆਸਕਰ ਅਵਾਰਡ: 'ਓਪਨਹਾਈਮਰ' 13 ਨਾਮਜ਼ਦਗੀਆਂ ਨਾਲ ਸਭ ਤੋਂ ਅੱਗੇ

***ਆਸਕਰ ਅਵਾਰਡ ਦਾ 200 ਦੇਸ਼ਾਂ ਵਿਚ ਸਿੱਧਾ ਪ੍ਰਸਾਰਣ ਹੁੰਦਾ ਹੈ ਤੇ ਕਰੋੜਾਂ ਲੋਕ ਇਸ ਪ੍ਰੋਗਰਾਮ ਨੂੰ ਦੇਖਣ ਲਈ ਟੀ. ਵੀ. ਨਾਲ ਜੁੜੇ ਹੁੰਦੇ ਹਨ। ਦੁਨੀਆਂ ਦੇ ਨਾਮੀ ਫਿਲਮੀ ਕਲਾਕਾਰ ਤੇ ਸਟਾਰ, ਜਿਨ੍ਹਾਂ ਦੀ ਇਕ ਝਲਕ ਦੇਖਣ ਲਈ ਪ੍ਰਸ਼ੰਸਕ ਤਰਸਦੇ ਹਨ, ਉਹ ਵੀ ਇਹ ਅਵਾਰਡ ਪ੍ਰਾਪਤ ਕਰਨ ਲਈ ਬੇਤਾਬ ਰਹਿੰਦੇ ਹਨ। 96ਵੇਂ ਆਸਕਰ ਅਵਾਰਡ ਦਾ ਸਿੱਧਾ ਪ੍ਰਸਾਰਣ ਐਤਵਾਰ, 10 ਮਾਰਚ ਨੂੰ ਸ਼ਾਮ 5 (ਪੈਸੇਫਿਕ ਟਾਈਮ) ਅਤੇ ਸ਼ਾਮ 7 ਵਜੇ (ਸੈਂਟਰਲ ਟਾਈਮ) ਏ. ਬੀ.ਸੀ. ਚੈਨਲ 'ਤੇ ਦਿਖਾਇਆ ਜਾਏਗਾ।***

**ਸੁਰਿੰਦਰ ਸਿੰਘ ਭਾਟੀਆ**
**ਫੋਨ: 224-829-1437**







96ਵਾਂ ਆਸਕਰ ਅਵਾਰਡ ਪ੍ਰੋਗਰਾਮ ਡੋਲਬੀ ਥਿਏਟਰ ਲਾਸ ਏਂਜਲਸ ਵਿਚ 10 ਮਾਰਚ 2024, ਐਤਵਾਰ ਨੂੰ ਹੋ ਰਿਹਾ ਹੈ। ਇਸ ਸਾਲ ਫਿਲਮ 'ਓਪਨਹਾਈਮਰ' 13 ਨਾਮਜ਼ਦਗੀਆਂ ਨਾਲ ਆਸਕਰ ਅਵਾਰਡ ਦੀ ਦੌੜ ਵਿਚ ਸਭ ਤੋਂ ਅੱਗੇ ਹੈ। ਇਸ ਤੋਂ ਬਾਅਦ ਕ੍ਰਮਵਾਰ 11 ਅਤੇ 10 ਨਾਮਜ਼ਦਗੀਆਂ ਦੇ ਨਾਲ 'ਪੁਅਰ ਥਿੰਗਜ਼' ਅਤੇ 'ਕਿਲਰਸ ਆਫ਼ ਦਾ ਫਲਾਵਰ ਮੂਨ' ਹਨ। ਕਾਮੇਡੀਅਨ ਜਿੰਮੀ ਕਿਮਲ 2017, 2018 ਅਤੇ 2023 ਦੇ ਸਮਾਰੋਹਾਂ ਤੋਂ ਬਾਅਦ, ਚੌਥੀ ਵਾਰ ਸ਼ੋਅ ਦੀ ਮੇਜ਼ਬਾਨੀ ਕਰ ਰਹੇ ਹਨ। ਹਰ ਸਾਲ ਵਾਂਗ ਇਸ ਵਾਰ ਵੀ 'ਆਸਕਰ ਅਵਾਰਡ ਤੇ ਨੌਮੀਨੇਸ਼ਨ-2024' ਵਿਸ਼ੇ 'ਤੇ ਸੈਮੀਨਾਰ ਪਿਛਲੇ ਦਿਨੀਂ ਨਿਊ ਲਿੰਕਨ ਪੈਰੀ ਹਾਲ, ਸ਼ਿਕਾਗੋ ਵਿਚ ਹੋਇਆ, ਜਿਸ ਵਿਚ ਫਿਲਮ ਸਨਅਤ, ਫਿਲਮੀ ਚੈਨਲ ਦੇ ਐਡੀਟਰ, ਫਿਲਮੀ ਰਿਪੋਟਰ, ਸਿਨੇ ਪ੍ਰੇਮੀ ਸ਼ਾਮਿਲ ਹੋਏ। ਇਸ ਵਾਰ ਆਸਕਰ ਅਵਾਰਡ ਦੀਆਂ ਸਾਰੀਆਂ 23 ਸ਼੍ਰੇਣੀਆਂ ਵਿਚ ਮੁਕਾਬਲਾ ਕਾਫੀ ਸਖਤ ਹੈ। ਕਿਉਂਕਿ ਮਹੱਤਵਪੂਰਨ ਨਾਮਜ਼ਦ ਵਿਅਕਤੀਆਂ ਵਿਚ ਸਟੀਵਨ ਸਪੀਲਬਰਗ ਸ਼ਾਮਲ ਹੈ, ਜਿਸ ਨੇ ਸਭ ਤੋਂ ਵਧੀਆ ਫ਼ਿਲਮਾਂ ਲਈ ਨਾਮਜ਼ਦਗੀਆਂ ਦੇ ਆਪਣੇ ਰਿਕਾਰਡ ਨੂੰ 13 ਤੱਕ ਵਧਾ ਲਿਆ ਹੈ। ਮਾਰਟਿਨ ਸਕੋਰਸੇਸ, ਜਿਸਨੇ ਸਰਬੋਤਮ ਨਿਰਦੇਸ਼ਕ ਲਈ ਆਪਣੀ ਦਸਵੀਂ ਨਾਮਜ਼ਦਗੀ ਹਾਸਲ ਕੀਤੀ, ਇਸ ਸ਼੍ਰੇਣੀ ਵਿਚ ਸਭ ਤੋਂ ਪੁਰਾਣਾ ਨਾਮਜ਼ਦ ਵਿਅਕਤੀ ਬਣ ਗਿਆ।

ਥੇਲਮਾ ਸ਼ੂਨਮੇਕਰ, ਨੇ ਸਰਵੋਤਮ ਫਿਲਮ ਸੰਪਾਦਨ ਲਈ ਆਪਣੀ ਨੌਵੀਂ ਨਾਮਜ਼ਦਗੀ ਹਾਸਲ ਕੀਤੀ। ਸੰਗੀਤਕਾਰ ਜੌਨ ਵਿਲੀਅਮਜ਼, ਨੇ ਆਪਣੀ 54ਵੀਂ ਨਾਮਜ਼ਦਗੀ ਪ੍ਰਾਪਤ ਕੀਤੀ ਅਤੇ ਵਿਲੀ ਡੀ. ਬਰਟਨ, ਨੇ ਆਪਣੀ ਅੱਠਵੀਂ ਨਾਮਜ਼ਦਗੀ ਹਾਸਲ ਕੀਤੀ ਹੈ। ਦਸ ਅਦਾਕਾਰਾਂ ਨੇ ਇਸ ਸਾਲ ਆਪਣੀ ਪਹਿਲੀ ਆਸਕਰ ਨਾਮਜ਼ਦਗੀ ਪ੍ਰਾਪਤ ਕੀਤੀ। ਲਿਲੀ ਗਲੈਡਸਟੋਨ ਨਾਮਜ਼ਦ ਹੋਣ ਵਾਲੀ ਪਹਿਲੀ ਨੇਟਿਵ ਅਮਰੀਕੀ ਅਭਿਨੇਤਰੀ ਹੈ। ਦਿਲਚਸਪ ਤੱਥ ਇਹ ਹੈ ਕਿ ਔਰਤ ਦੁਆਰਾ ਨਿਰਦੇਸ਼ਤ ਘੱਟੋ-ਘੱਟ ਇਕ ਸਰਵੋਤਮ ਪਿਕਚਰ ਨਾਮਜ਼ਦ ਦੇ ਨਾਲ ਲਗਾਤਾਰ ਪੰਜਵਾਂ ਸਾਲ ਹੈ। 'ਬਾਰਬੀ' ਦੇ ਨਾਲ ਗ੍ਰੇਟਾ ਗਰਵਿਗ, 'ਪਾਸਟ ਲਾਈਵਜ਼' ਨਾਲ ਸੇਲਿਨ ਸੌਂਗ, ਅਤੇ 'ਐਨਾਟੋਮੀ ਆਫ਼ ਏ ਫਾਲ' ਨਾਲ ਜਸਟਿਨ ਟ੍ਰਾਈਟ ਹੈ। 91 ਸਾਲ ਦੀ ਉਮਰ ਵਿਚ, ਜੌਨ ਵਿਲੀਅਮਜ਼ ਆਸਕਰ ਦੇ ਇਤਿਹਾਸ ਵਿਚ ਸਭ ਤੋਂ ਵੱਧ ਉਮਰ ਦੇ ਪ੍ਰਤੀਯੋਗੀ ਨਾਮਜ਼ਦ ਵਿਅਕਤੀ ਬਣੇ ਹਨ।

ਇਸ ਵਾਰ ਬਿਹਤਰੀਨ ਫਿਲਮਾਂ ਦੀ ਕੈਟੇਗਰੀ ਵਿਚ ਸ਼ਾਮਿਲ ਫਿਲਮਾਂ 'ਹੋਲਡੋਵਰ' 'ਅਮਰੀਕਨ ਫਿਕਸ਼ਨ', 'ਐਨਾਟੋਮੀ ਆਫ਼ ਏ ਫਾਲ', 'ਕਿਲਰਸ ਆਫ ਦਾ ਫਲਾਵਰ ਮੂਨ', 'ਓਪਨਹਾਈਮਰ', 'ਮੇਸਟ੍ਰੋ', 'ਪੂਅਰ ਥਿੰਗਸ', 'ਪਾਸਟ ਲਾਈਵਜ਼', 'ਦ ਜ਼ੋਨ ਆਫ ਇੰਟਰਸਟ' ਹਨ। ਇਨ੍ਹਾਂ ਫਿਲਮਾਂ ਨੂੰ ਦੁਨੀਆਂ ਭਰ ਵਿਚ ਦਰਸ਼ਕਾਂ ਨੇ ਬਹੁਤ ਪਸੰਦ ਕੀਤਾ ਹੈ। ਇਨ੍ਹਾਂ ਫਿਲਮਾਂ ਨੇ ਬਾਕਸ ਆਫਿਸ 'ਤੇ ਭਰਵੀਂ ਧੂਮ ਮਚਾਈ ਤੇ ਵਾਹਵਾ ਕਮਾਈ ਵੀ ਕੀਤੀ। ਇਸ ਲਈ ਹਰ ਕੈਟੇਗਰੀ ਵਿਚ ਫਿਲਮਾਂ ਦੀ ਆਪਸ ਵਿਚ ਇਨਾਮ ਜਿੱਤਣ ਲਈ ਕਾਂਟੇ ਦੀ ਟੱਕਰ ਹੈ।

ਭਾਰਤ ਵਲੋਂ ਸਰਕਾਰੀ ਤੌਰ 'ਤੇ ਬਿਹਤਰੀਨ ਵਿਦੇਸ਼ੀ ਫਿਲਮ ਵਰਗ ਵਿਚ ਭੇਜੀ ਗਈ ਮਲਿਆਲਮ ਦੀ '2018 ਏਵਰੀ ਵਨ ਇਜ਼ ਹੀਰੋ' ਜੋ ਕੇਰਲਾ ਵਿਚ ਆਏ ਹੜ੍ਹਾਂ ਨੂੰ ਦਰਸਾਉਂਦੀ ਹੈ, ਫਾਈਨਲ 5 ਦੀ ਲਿਸਟ ਲਈ ਨਹੀਂ ਚੁਣੀ ਗਈ, ਪਰ ਭਾਰਤ ਦੀ ਪਿੱਠਭੂਮੀ 'ਤੇ ਬਣੀ ਕੈਨੇਡਾ ਦੀ ਡਾਕੂਮੈਂਟਰੀ ਫੀਚਰ ਫਿਲਮ ਨਿਰਦੇਸ਼ਕਾ ਨਿਸ਼ਾ ਪਾਹੂਜਾ ਤੇ ਟੀਮ ਮੈਂਬਰ ਕੋਰਨੇਲੀਆ ਪ੍ਰਿੰਸੀਪ, ਅਤੇ ਡੇਵਿਡ ਓਪਨਹਾਈਮ ਦੀ ਫਿਲਮ 'ਟੂ ਕਿਲ ਏ ਟਾਈਗਰ' ਡਾਕੂਮੈਂਟਰੀ ਫੀਚਰ ਫਿਲਮ ਅੰਤਿਮ 5 ਫਿਲਮਾਂ ਵਿਚ ਥਾਂ ਬਣਾਉਣ ਵਿਚ ਕਾਮਯਾਬ ਹੋਈ ਹੈ। ਯਾਦ ਰਹੇ ਕਿ ਪਿਛਲੇ ਸਾਲ 2023 ਵਿਚ ਨਿਰਮਾਤਾ ਗੁਨੀਤ ਮੌਂਗਾ ਤੇ ਅਚਿਨ ਜੈਨ ਦੀ ਫਿਲਮ 'ਦੀ ਐਲੀਫੈਂਟ ਵਿਸਪਰਜ਼' ਨੇ 'ਸ਼ਾਰਟ ਡਾਕੂਮੈਂਟਰੀ ਸ਼੍ਰੇਣੀ' ਵਿਚ ਆਸਕਰ ਅਵਾਰਡ' ਜਿਤਿਆ ਸੀ। ਫਿਲਮ ਆਰ.ਆਰ.ਆਰ ਦੇ ਗੀਤ 'ਨਾਟੂ ਨਾਟੂ' ਨੇ ਵੀ ਮੌਲਿਕ ਗੀਤ ਦੀ ਸ਼੍ਰੇਣੀ ਵਿਚ ਆਸਕਰ ਅਵਾਰਡ ਜਿੱਤਿਆ ਸੀ।






**ਬਿਹਤਰੀਨ ਡਾਕੂਮੈਂਟਰੀ ਫੀਚਰ ਫਿਲਮ:**

ਬਿਹਤਰੀਨ ਡਾਕੂਮੈਂਟਰੀ ਫੀਚਰ ਫਿਲਮ ਵਿਚ 'ਬੌਬੀ ਵਾਈਨ: ਦਿ ਪੀਪਲਜ਼ ਪ੍ਰੈਜ਼ੀਡੈਂਟ'- ਮੋਸੇਸ ਬਵੇਓ, ਕ੍ਰਿਸਟੋਫਰ ਸ਼ਾਰਪ, ਅਤੇ ਜੌਨ ਬੈਟਸੇਕ, 'ਦਿ ਇਟਰਨਲ ਮੈਮੋਰੀ'- ਮਾਈਟ ਅਲਬਰਡੀ, 'ਫੋਰ ਡਾਟਰਜ਼'- ਕਾਊਥਰ ਬੇਨ ਹਾਨੀਆ ਅਤੇ ਨਦੀਮ ਚੀਖਰੂਹਾ 'ਟੂ ਕਿਲ ਏ ਟਾਈਗਰ'- ਨਿਸ਼ਾ ਪਾਹੂਜਾ, ਕੋਰਨੇਲੀਆ ਪ੍ਰਿੰਸੀਪ, ਅਤੇ ਡੇਵਿਡ ਓਪਨਹਾਈਮ 'ਟਵਨਟੀ ਡੇਜ਼ ਇਨ ਮਾਰੀਉਪੋਲ'- ਮਸਤਿਸਲਾਵ ਹਨ।

ਬਿਹਤਰੀਨ ਡਾਕੂਮੈਂਟਰੀ ਫੀਚਰ ਫਿਲਮ ਵਰਗ ਵਿਚ 'ਦਿ ਇਟਰਨਲ ਮੈਮੋਰੀ' ਤੇ 'ਬੌਬੀ ਵਾਈਨ: ਦਿ ਪੀਪਲਜ਼ ਪ੍ਰੈਜ਼ੀਡੈਂਟ' ਦੀ ਟੱਕਰ ਹੈ, ਪਰ ਇਨਾਮ ਲਈ ਚੁਣੇ ਜਾਣ ਦੀ ਸੰਭਾਵਨਾ 'ਦਿ ਇਟਰਨਲ ਮੈਮੋਰੀ' ਦੀ ਹੈ।

**ਸ਼ਾਰਟ ਡਾਕੂਮੈਂਟਰੀ ਸ਼੍ਰੇਣੀ:** ਇਸ ਕੈਟੇਗਰੀ ਵਿਚ 'ਏਬੀਸੀ ਆਫ ਬੁੱਕ ਬੈਨਿੰਗ-ਸ਼ੀਲਾ ਨੇਵਿਨਸ ਅਤੇ ਟ੍ਰਿਸ਼ ਐਡਲੇਸਿਕ, 'ਦਿ ਬਾਰਬਰ ਆਫ ਲਿਟਲ ਰੌਕ- ਜੌਨ ਹਾਫਮੈਨ ਅਤੇ ਕ੍ਰਿਸਟੀਨ ਟਰਨਰ', 'ਆਈਲੈਂਡ ਇਨ ਬਿਟਵੀਨ'- ਐਸ. ਲਿਓ ਚਿਆਂਗ ਅਤੇ ਜੀਨ ਸਿਏਨ, 'ਦਿ ਲਾਸਟ ਰਿਪੇਅਰ ਸ਼ਾਪ'- ਬੈਨ ਪ੍ਰੌਡਫੁੱਟ ਅਤੇ ਕ੍ਰਿਸ ਬਾਵਰਸ ਤੇ 'ਨਾਇ ਨਾਇ ਤੇ ਵੇ ਪੋ' -ਸੀਨ ਵੈਂਗ ਤੇ ਸੈਮ ਹਨ।

**ਅਡਾਪਟਿਡ ਸਕਰੀਨਪਲੇਅ:** ਅਡਾਪਟਿਡ ਸਕਰੀਨਪਲੇਅ ਲਈ ਨਾਮਜ਼ਦ ਹੋਏ ਹਨ 'ਅਮਰੀਕਨ ਫਿਕਸ਼ਨ' ਕੋਰਡ ਜੇਫਰਸਨ; 'ਬਾਰਬੀ'- ਗ੍ਰੇਟਾ ਗਰਵਿਗ ਅਤੇ ਨੂਹ ਬੌਮਬਾਚ; 'ਓਪਨਹਾਈਮਰ'- ਕ੍ਰਿਸਟੋਫਰ ਨੋਲਨ; 'ਪੁਅਰ ਥਿੰਗਸ'- ਟੋਨੀ ਮੈਕਨਮਾਰਾ; 'ਦ ਜੋਨ ਆਫ ਇੰਟਰਸਟ'- ਜੋਨਾਥਨ ਗਲੇਜ਼ਰ ਹਨ। 'ਪੁਅਰ ਥਿੰਗਸ'- ਟੋਨੀ ਮੈਕਨਮਾਰਾ - ਦੇ ਇਨਾਮ ਜਿੱਤਣ ਦੀ ਉਮੀਦ ਹੈ।

**ਬਿਹਤਰੀਨ ਮੌਲਿਕ ਸਕੋਰ**: ਇਸ ਸ਼੍ਰੇਣੀ ਵਿਚ 'ਅਮਰੀਕਨ ਫਿਕਸ਼ਨ'- ਲੌਰਾ ਕਾਰਪਮੈਨ, 'ਇੰਡੀਆਨਾ ਜੋਨਸ ਐਂਡ ਡਾਇਲ ਆਫ ਡੇਸਟਿਨੀ'- ਜੌਨ ਵਿਲੀਅਮਜ਼, 'ਕਿਲਰਸ ਆਫ ਦਾ ਫਲਾਵਰ ਮੂਨ',- ਰੋਬੀ ਰੌਬਰਟਸਨ 'ਓਪਨਹਾਈਮਰ'- ਲੁਡਵਿਗ ਗੋਰਨਸਨ, 'ਪੂਅਰ ਥਿੰਗਸ'- ਜੇਰਸਕਿਨ ਫੈਂਡਰਿਕਸ ਹਨ। 'ਇੰਡੀਆਨਾ ਜੋਨਸ ਐਂਡ ਡਾਇਲ ਆਫ ਡੇਸਟਨੀ '- ਜੌਨ ਵਿਲੀਅਮਜ਼ ਤੇ 'ਓਪਨਹਾਈਮਰ'- ਲੁਡਵਿਗ ਗੋਰਨਸਨ ਦੇ ਇਨਾਮ ਜਿੱਤਣ ਦੀ ਸੰਭਾਵਨਾ ਵੱਧ ਹੈ।

**ਬਿਹਤਰੀਨ ਮੌਲਿਕ ਗੀਤ ਸ਼੍ਰੇਣੀ:**

ਇਸ ਸ਼੍ਰੇਣੀ ਵਿਚ ਗੀਤ ਫਲੈਮਿਨ ਹਾਟ ਤੋਂ "ਦ ਫਾਇਰ ਇਨਸਾਈਡ"- ਡਾਇਨ ਵਾਰੇਨ ਦੁਆਰਾ ਸੰਗੀਤ ਅਤੇ ਬੋਲ, 'ਬਾਰਬੀ' ਤੋਂ "ਆਈ ਐਮ ਜਸਟ ਕੇਨ"- ਮਾਰਕ ਰੌਨਸਨ ਅਤੇ ਐਂਡਰਿਊ ਵਿਆਟ ਦੁਆਰਾ ਸੰਗੀਤ ਅਤੇ ਬੋਲ, ਅਮਰੀਕਨ ਸਿੰਫਨੀ ਤੋਂ "ਇਟ ਨੈਵਰ ਵੈਂਟ ਅਵੇ"- ਜੋਨ ਬੈਟਿਸਟ ਅਤੇ ਡੈਨ ਵਿਲਸਨ ਦੁਆਰਾ ਸੰਗੀਤ ਅਤੇ ਬੋਲ, ਕਿਲਰਜ਼ ਆਫ਼ ਦਾ ਫਲਾਵਰ ਮੂਨ ਤੋਂ "ਵਾਹਜ਼ਾਝੇ (ਏ ਸੌਂਗ ਫਾਰ ਮਾਈ ਪੂਪਿਲ)"- ਸਕਾਟ ਜਾਰਜ ਦੁਆਰਾ ਸੰਗੀਤ ਅਤੇ ਬੋਲ, "ਵੱਟ ਵਾਜ਼ ਆਈ ਮੇਡ ਫਾਰ?" ਬਾਰਬੀ ਤੋਂ- ਬਿਲੀ ਆਈਲਿਸ਼ ਅਤੇ ਫਿਨਿਆਸ ਓ' ਕਨੇਲ ਦੁਆਰਾ ਸੰਗੀਤ ਅਤੇ ਬੋਲ, "ਵੱਟ ਵਾਜ਼ ਆਈ ਮੇਡ ਫਾਰ?" ਬਾਰਬੀ ਤੋਂ ਇਨਾਮ ਜਿੱਤ ਸਕਦਾ ਹੈ।

**ਬਿਹਤਰੀਨ ਫਿਲਮ ਅਵਾਰਡ:**

ਬਿਹਤਰੀਨ ਫਿਲਮ ਅਵਾਰਡ ਦੀ ਦੌੜ ਵਿਚ 'ਹੋਲਡੋਵਰ' 'ਅਮਰੀਕਨ ਫਿਕਸ਼ਨ', 'ਐਨਾਟੋਮੀ ਆਫ਼ ਏ ਫਾਲ', 'ਕਿਲਰਸ ਆਫ ਦਾ ਫਲਾਵਰ ਮੂਨ', 'ਓਪਨਹਾਈਮਰ', 'ਮੇਸਟ੍ਰੋ, 'ਪੂਅਰ ਥਿੰਗਸ', 'ਪਾਸਟ ਲਾਈਵਜ਼ ਤੇ 'ਦ ਜੋਨ ਆਫ ਇੰਟਰਸਟ' ਹਨ। 'ਪੁਅਰ ਥਿੰਗਸ' ਫਿਲਮ ਸਮੀਖਿਅਕਾਂ ਦੀ ਵਧੇਰੇ ਪਸੰਦ ਬਣੀ ਹੋਈ ਹੈ।

ਸਰਵੋਤਮ ਅਭਿਨੇਤਾ: ਇਸ ਦੌੜ ਵਿਚ ਬ੍ਰੈਡਲੀ ਕੂਪਰ- 'ਮੇਸਟ੍ਰੋ, ਕੋਲਮੈਨ ਡੋਮਿੰਗੋ -'ਰਸਟਿਨ', ਪਾਲ ਗਿਆਮਟੀ - 'ਹੋਲਡੋਵਰ', ਸਿਲਿਅਨ ਮਰਫੀ - 'ਓਪਨਹਾਈਮਰ', ਜੈਫਰੀ ਰਾਈਟ- 'ਅਮਰੀਕਨ ਫਿਕਸ਼ਨ' ਸ਼ਾਮਲ ਹਨ। ਪਰ ਕੋਲਮੈਨ ਡੋਮਿੰਗੋ ਨੂੰ ਅਵਾਰਡ ਮਿਲਣ ਦੀ ਸੰਭਾਵਨਾ ਵੱਧ ਸਮਝੀ ਜਾਂਦੀ ਹੈ। ਉਸ ਨੇ ਰਸਟਿਨ ਦਾ ਰੋਲ ਕੀਤਾ ਹੈ, ਜਿਸ ਵਿਚ ਉਸ ਨੇ ਜਾਨ ਪਾ ਦਿੱਤੀ ਹੈ। ਉਸ ਦਾ ਨਾਂ ਸਭ ਤੋਂ ਉਪਰ ਹੈ। ਸਿਲਿਅਨ ਮਰਫੀ- ਜੇ. ਰਾਬਰਟ ਓਪਨਹਾਈਮਰ ਵਜੋਂ ਓਪਨਹਾਈਮਰ ਕਿਰਦਾਰ ਨਿਭਾ ਕੇ ਚੰਗੀ ਵਾਹ-ਵਾਹ ਖੱਟੀ ਹੈ। ਇਸ ਸ਼੍ਰੇਣੀ ਵਿਚ ਐਕਟਰ ਬ੍ਰੈਡਲੀ ਕੂਪਰ- ਦੇ ਨਾਂ ਦੀ ਵੀ ਕਾਫੀ ਚਰਚਾ ਹੈ।

**ਸਰਵੋਤਮ ਨਿਰਦੇਸ਼ਕ:**

ਇਸ ਵਰਗ ਵਿਚ ਜਸਟਿਨ ਟ੍ਰੀਏਟ- 'ਐਨਾਟੋਮੀ ਆਫ਼ ਏ ਫਾਲ', ਮਾਰਟਿਨ ਸਕੋਰਸੇਸ- 'ਕਿਲਰਸ ਆਫ ਦਾ ਫਲਾਵਰ ਮੂਨ', ਕ੍ਰਿਸਟੋਫਰ ਨੋਲਨ - 'ਓਪਨਹਾਈਮਰ' , ਯੌਰਗੋਸ ਲੈਂਥੀਮੋਸ- 'ਪੂਅਰ ਥਿੰਗਸ', ਜੋਨਾਥਨ ਗਲੇਜ਼ਰ -'ਦ ਜੋਨ ਆਫ ਇੰਟਰਸਟ' ਹਨ। ਇਸ ਵਾਰ ਕ੍ਰਿਸਟੋਫਰ ਨੋਲਨ ਨੂੰ ਦਾਅਵੇਦਾਰ ਸਮਝਿਆ ਜਾ ਰਿਹਾ ਹੈ। ਜਸਟਿਨ ਟ੍ਰੀਏਟ ਦੇ ਨਿਰਦੇਸ਼ਨ ਦੀ ਬਹੁਤ ਚਰਚਾ ਹੈ। ਇਸ ਤੋਂ ਇਲਾਵਾ ਤਜਰਬੇਕਾਰ ਮਾਰਟਿਨ ਸਕੋਰਸੇਸ ਵੀ ਦੌੜ ਵਿਚ ਹੈ, ਜੋ ਪਿਛਲੇ ਇਕ ਦਹਾਕੇ ਤੋਂ ਕਈ ਲਾਜਵਾਬ ਫਿਲਮਾਂ ਬਣਾ ਕੇ ਨਾਮਣਾ ਖੱਟ ਚੁੱਕਾ ਹੈ।

**ਸਰਵੋਤਮ ਅਦਾਕਾਰਾ:** ਸਰਵੋਤਮ ਅਦਾਕਾਰਾ ਵਿਚ ਐਨੇਟ ਬੇਨਿੰਗ- 'ਨਿਆਦ', ਲਿਲੀ ਗਲੈਡਸਟੋਨ- 'ਕਿਲਰਸ ਆਫ ਦਾ ਫਲਾਵਰ ਮੂਨ', ਸੈਂਡਰਾ ਹੁਲਰ- 'ਐਨਾਟੋਮੀ ਆਫ਼ ਏ ਫਾਲ', ਐਮਾ ਸਟੋਨ- 'ਪੁਅਰ ਥਿੰਗਸ' ਤੇ ਕੈਰੀ ਮੂਲੀਗਨ 'ਮੇਸਟ੍ਰੋ' ਹਨ। ਐਮਾ ਸਟੋਨ- ਬੇਲਾ ਦੇ ਰੂਪ ਵਿਚ ਬਹੁਤ ਉਮਦਾ ਅਦਾਕਾਰੀ ਕੀਤੀ ਹੈ। ਇਸ ਦੌੜ ਵਿਚ ਲਿਲੀ ਗਲੈਡਸਟੋਨ - ਦੀ ਵੀ ਖੂਬ ਚਰਚਾ ਹੈ।

**ਬਿਹਤਰੀਨ ਸਹਾਇਕ ਅਭਿਨੇਤਾ:**

ਇਸ ਦੌੜ ਵਿਚ ਸਟਰਲਿੰਗ ਕੇ. ਬਰਾਊਨ- 'ਅਮਰੀਕਨ ਫਿਕਸ਼ਨ', ਰੌਬਰਟ ਡੀ ਨੀਰੋ- 'ਕਿਲਰਸ ਆਫ ਦਾ ਫਲਾਵਰ ਮੂਨ', ਰੌਬਰਟ ਡਾਊਨੀ ਜੂਨੀਅਰ - 'ਓਪਨਹਾਈਮਰ', ਰਿਆਨ ਗੋਸਲਿੰਗ- 'ਬਾਰਬੀ', ਮਾਰਕ ਰਫਾਲੋ 'ਪੂਅਰ ਥਿੰਗਸ' ਹਨ। ਰੌਬਰਟ ਡਾਊਨੀ ਜੂਨੀਅਰ ਨੂੰ ਅਵਾਰਡ ਮਿਲਣ ਦੀ ਸੰਭਾਵਨਾ ਵੱਧ ਸਮਝੀ ਜਾ ਰਹੀ ਹੈ। ਪਰ ਆਸਕਰ ਅਵਾਰਡ ਵਿਚ ਰਿਆਨ ਗੋਸਲਿੰਗ- 'ਬਾਰਬੀ', ਮਾਰਕ ਰਫਾਲੋ 'ਪੁਅਰ ਥਿੰਗਸ'- ਵੀ ਦੌੜ ਵਿਚ ਕਾਫੀ ਨਜ਼ਦੀਕ ਸਮਝੇ ਜਾ ਰਹੇ ਹਨ।

**ਸਰਵੋਤਮ ਸਹਾਇਕ ਅਭਿਨੇਤਰੀ:**

ਇਸ ਵਰਗ ਵਿਚ ਐਮਿਲੀ ਬਲੰਟ - 'ਓਪਨਹਾਈਮਰ', ਡੈਨੀਅਲ ਬਰੂਕਸ- 'ਦਿ ਕਲਰ ਪਰਪਲ', ਅਮਰੀਕਾ ਫੇਰੇਰਾ- 'ਬਾਰਬੀ', ਜੋਡੀ ਫੋਸਟਰ- 'ਨਿਆਦ', ਡਾ'ਵਾਈਨ ਜੋਏ ਰੈਂਡੋਲਫ- 'ਹੋਲਡਓਵਰ'ਹਨ ਪਰ ਡਾ'ਵਾਈਨ ਜੋਏ ਰੈਂਡੋਲਫ- ਮੈਰੀ ਰੂਪ ਵਿਚ ਹੋਲਡਓਵਰ ਦੇ ਇਨਾਮ ਜਿੱਤਣ ਬਾਰੇ ਚਰਚਾ ਹੈ। ਐਮਿਲੀ ਬਲੰਟ ਵੀ ਪੁਰਸਕਾਰ ਲਈ ਹੱਕਦਾਰ ਸਮਝੀ ਜਾ ਰਹੀ ਹੈ।

**ਬਿਹਤਰੀਨ ਮੌਲਿਕ ਪਟਕਥਾ:**

ਇਸ ਵਰਗ ਵਿਚ ਫਿਲਮ 'ਐਨਾਟੋਮੀ ਆਫ਼ ਏ ਫਾਲ',- ਜਸਟਿਨ ਟ੍ਰਾਇਟ ਅਤੇ ਆਰਥਰ ਹਰਾਰੀ, 'ਹੋਲਡੋਵਰ'- ਡੇਵਿਡ ਹੈਮਿੰਗਸਨ, ਮੇਸਟ੍ਰੋ- ਬ੍ਰੈਡਲੀ ਕੂਪਰ ਅਤੇ ਜੋਸ਼ ਸਿੰਗਰ, 'ਮਈ ਦਸੰਬਰ'- ਸੈਮੀ ਬਰਚ ਦੁਆਰਾ ਸਕ੍ਰੀਨਪਲੇ; ਸੈਮੀ ਬਰਚ ਅਤੇ ਐਲੇਕਸ ਮਕੈਨਿਕ ਦੁਆਰਾ ਕਹਾਣੀ, 'ਪਾਸਟ ਲਾਈਫ'- ਸੇਲਿਨ ਸੋਂਗ ਦੇ ਨਾਂ ਸ਼ਾਮਲ ਹਨ। ਇਸ ਵਾਰ ਜਸਟਿਨ ਟ੍ਰਾਇਟ ਅਤੇ ਆਰਥਰ ਹਰਾਰੀ ਨੂੰ ਦਾਅਵੇਦਾਰ ਸਮਝਿਆ ਜਾ ਰਿਹਾ ਹੈ। ਜਸਟਿਨ ਟ੍ਰਾਇਟ ਅਤੇ ਆਰਥਰ ਹਰਾਰੀ ਦਾ ਸਕਰੀਨ ਪਲੇਅ ਸਭ ਤੋਂ ਵੱਧ ਪਸੰਦ ਕੀਤਾ ਜਾ ਰਿਹਾ ਹੈ। ਹੋਲਡੋਵਰ- ਡੇਵਿਡ ਹੈਮਿੰਗਸਨ, ਮੇਸਟ੍ਰੋ- ਬ੍ਰੈਡਲੀ ਕੂਪਰ ਅਤੇ ਜੋਸ਼ ਸਿੰਗਰ ਦੇ ਸਕਰੀਨ ਪਲੇਅ ਇਸ ਨੂੰ ਟੱਕਰ ਦੇ ਰਹੇ ਹਨ।

**ਬਿਹਤਰੀਨ ਐਨੀਮੇਸ਼ਨ ਫੀਚਰ ਫਿਲਮ:**

ਇਸ ਵਰਗ ਵਿਚ 'ਦਿ ਬੁਆਜ਼ ਐਂਡ ਹੀਰੋਨ'- ਹਯਾਓ ਮੀਆਜ਼ਾਕੀ ਅਤੇ ਤੋਸ਼ੀਓ ਸੁਜ਼ੂਕੀ, 'ਐਲੀਮੈਂਟਲ'- ਪੀਟਰ ਸੋਹਨ ਅਤੇ ਡੇਨਿਸ ਰੀਮ, 'ਨਿਮੋਨਾ'- ਨਿਕ ਬਰੂਨੋ, ਟਰੌਏ ਕਵੇਨ, ਕੈਰਨ ਰਿਆਨ, ਅਤੇ ਜੂਲੀ ਜ਼ੈਕਰੀ, 'ਰੋਬੋਟ ਡ੍ਰੀਮਜ਼'- ਪਾਬਲੋ ਬਰਜਰ, ਇਬੋਨ ਕੋਰਮੇਂਜ਼ਾਨਾ, ਇਗਨਾਸੀ ਐਸਟਾਪੇ, ਅਤੇ ਸੈਂਡਰਾ ਤਾਪੀਆ ਡਿਆਜ਼, 'ਸਪਾਈਡਰ-ਮੈਨ:'- ਕੈਂਪ ਪਾਵਰਜ਼, ਜਸਟਿਨ ਕੇ. ਥੌਮਸਨ, ਫਿਲ ਲਾਰਡ, ਕ੍ਰਿਸਟੋਫਰ ਮਿਲਰ, ਅਤੇ ਐਮੀ ਪਾਸਕਲ ਸ਼ਾਮਲ ਹਨ, ਪਰ 'ਰੋਬੋਟ ਡ੍ਰੀਮਜ਼'- ਪਾਬਲੋ ਬਰਜਰ, ਇਬੋਨ ਕੋਰਮੇਂਜ਼ਾਨਾ, ਇਗਨਾਸੀ ਐਸਟਾਪੇ, ਅਤੇ ਸੈਂਡਰਾ ਤਾਪੀਆ ਡਿਆਜ਼ ਮੁਕਾਬਲੇ ਵਿਚ ਕਾਫੀ ਅੱਗੇ ਹੈ।

**ਬੈਸਟ ਐਨੀਮੇਟਡ ਸ਼ਾਰਟ ਫਿਲਮ:**

ਬੈਸਟ ਐਨੀਮੇਟਡ ਸ਼ਾਰਟ ਫਿਲਮਾਂ ਵਿਚ 'ਏ ਲੈਟਰ ਟੂ ਪਿਗ'- ਟਾਲ ਕੰਟੋਰ ਅਤੇ ਅਮਿਤ ਆਰ ਗਿਸਲਟਰ, 'ਨਾਈਨਟੀ ਫਾਈਵ ਸੈਨਸ'- ਜੇਰੇਡ ਅਤੇ ਜੇਰੂਸ਼ਾ ਹੇਸ, 'ਆਵਰ ਯੂਨੀਫਾਰਮ'- ਯੇਗਨੇ ਮੋਗਦਮ, 'ਪੈਚਾਈਡਰਮੇ- ਸਟੈਫਨੀ ਕਲੇਮੈਂਟ ਅਤੇ ਮਾਰਕ ਰੀਅਸ, 'ਵਾਰ ਇਜ਼ ਓਵਰ'- ਡੇਵ ਮੁਲਿਨਸ ਅਤੇ ਬ੍ਰੈਡ ਬੁਕਰ ਨਾਮਜ਼ਦ ਹਨ।

ਬੈਸਟ ਲਾਈਵ ਐਕਸ਼ਨ ਸ਼ਾਰਟ ਮੂਵੀ: ਬੈਸਟ ਲਾਈਵ ਐਕਸ਼ਨ ਸ਼ਾਰਟ ਮੂਵੀ ਵਿਚ 'ਦਿ ਆਫਟਰ'- ਮਿਸਨ ਹੈਰੀਮਨ ਅਤੇ ਨਿੱਕੀ ਬੈਂਥਮ, 'ਇਨਵਿਨਸੀਬਲ'- ਵਿਨਸੈਂਟ ਰੇਨੇ-ਲੋਰਟੀ ਅਤੇ ਸੈਮੂਅਲ ਕੈਰਨ, 'ਨਾਈਟ ਆਫ ਫਾਰਚਿਊਨ'- ਲਾਸੇ ਲਿਸਕਜਰ ਨੋਅਰ ਅਤੇ ਕ੍ਰਿਸ਼ਚੀਅਨ ਨੋਰਲੀਕ, 'ਰੈੱਡ, ਵਾਈਟ ਐਂਡ ਬਲੂ'- ਨਾਜ਼ਰੀਨ ਚੌਧਰੀ ਅਤੇ ਸਾਰਾ ਮੈਕਫਾਰਲੇਨ, 'ਵੰਡਰਫੁਲ ਸਟੋਰੀ ਆਫ ਹੈਨਰੀ ਸ਼ੂਗਰ'- ਵੇਸ ਐਂਡਰਸਨ ਅਤੇ ਸਟੀਵਨ ਰੈਲਸ ਨਾਮਜ਼ਦ ਹਨ। 'ਨਾਈਟ ਆਫ ਫਾਰਚਿਊਨ'- ਲਾਸੇ ਲਿਸਕਜਰ ਨੋਅਰ ਅਤੇ ਕ੍ਰਿਸ਼ਚੀਅਨ ਨੋਰਲੀਕ ਦੇ ਇਨਾਮ ਜਿੱਤਣ ਦੀ ਉਮੀਦ ਹੈ।

**ਬੈਸਟ ਵਿਜ਼ੂਅਲ ਇਫੈਕਟਸ**

ਬੈਸਟ ਵਿਜ਼ੂਅਲ ਇਫੈਕਟਸ ਮੂਵੀ ਵਿਚ 'ਦਿ ਕ੍ਰਿਏਟਰ'- ਜੇ ਕੂਪਰ, ਇਆਨ ਕੋਮਲੇ, ਐਂਡਰਿਊ ਰੌਬਰਟਸ, ਅਤੇ ਨੀਲ ਕੋਰਬੋਲਡ, 'ਗੌਡਜ਼ਿਲਾ ਮਾਈਨਸ ਵਨ'- ਤਾਕਾਸ਼ੀ ਯਾਮਾਜ਼ਾਕੀ, ਕਿਯੋਕੋ ਸ਼ਿਬੂਆ, ਮਾਸਾਕੀ ਤਾਕਾਹਾਸ਼ੀ, ਅਤੇ ਤਾਤਸੁਜੀ ਨੋਜਿਮਾ, 'ਗਾਰਡੀਅਨਜ਼ ਆਫ਼ ਦਾ ਗਲੈਕਸੀ. 3' - ਸਟੀਫਨ ਸੇਰੇਟੀ, ਅਲੈਕਸਿਸ ਵਾਜਸਬਰੌਟ, ਗਾਈ ਵਿਲੀਅਮਜ਼, ਅਤੇ ਥੀਓ ਬਿਆਲੇਕ, 'ਮਿਸ਼ਨ: ਇੰਪਾਸੀਬਲ'- ਡੈੱਡ ਰੀਕਨਿੰਗ- ਐਲੇਕਸ ਵੱਟਕੇ,

# ਤਰਕ ਤੇ ਦਲੀਲ ਦੀ ਕਸਵੱਟੀ ’ਤੇ ਪੂਰੀ ਉਤਰਦੀ ਅਧਿਆਤਮਕ ਲੇਖਣੀ

**ਲੇਖਕ: ਜਸਵਿੰਦਰ ਸਿੰਘ ਰੁਪਾਲ**
**ਪੁਸਤਕਾਂ: 1. ਰਸੀਲਾ ਕਾਵਿ-ਛੰਦ ਬੱਧ ਕਵਿਤਾਵਾਂ**
**2: ਕੀਤੋਸ ਆਪਣਾ ਪੰਥ ਰਸੀਲਾ- ਲੇਖ-ਸੰਗ੍ਰਿਹ**

‘ਪੰਜ ਮਾਸਟਰਜ਼ ਡਿਗਰੀਆਂ ਪ੍ਰਾਪਤ, ਕਿੱਤੇ ਵਜੋਂ ਅਰਥ-ਸ਼ਾਸ਼ਤਰ ਦਾ ਲੈਕਚਰਾਰ ‘ਜਸਵਿੰਦਰ ਸਿੰਘ ਰੁਪਾਲ’ ਧਾਰਮਿਕ ਬਿਰਤੀ ਵਾਲੇ ਵਿਅਕਤੀਤਵ ਦਾ ਮਾਲਕ ਹੈ।’ ਇਹ ਉਨ੍ਹਾਂ ਦੀਆਂ ਦੋ ਪੁਸਤਕਾਂ ਦੀ ਲਿਖਤ ਵਿਚੋਂ ਸਪੱਸ਼ਟ ਝਲਕਦਾ ਹੈ। ਉਨ੍ਹਾਂ ਦੇ ‘ਰਸੀਲਾ ਕਾਵਿ’ ਦਾ ਮੁੱਖ-ਬੰਧ ਲਿਖਦੇ ਹਰਵਿੰਦਰ ਸਿੰਘ ਰੋਡੇ ਲਿਖਦੇ ਹਨ, “ਇਨ੍ਹਾਂ ਦੀ ਕਵਿਤਾ ਨੂੰ ਅਧਿਆਤਮਿਕਤਾ ਦਾ ਮਜੀਠੀ ਰੰਗ ਚੜ੍ਹਿਆ ਹੋਇਆ ਹੈ। ਕਸੁੰਭ ਰੰਗੀਆਂ ਕੱਚੀਆਂ ਪਿੱਲੀਆਂ ਰਚਨਾਵਾਂ ਉਹਦੇ ਮੇਚ ਨਹੀਂ ਆਉਂਦੀਆਂ।”

**ਗੁਰਚਰਨ ਕੌਰ ਥਿੰਦ**
**ਫੋਨ: 403-402-9635**

ਇਸ ਤੱਥ ਨੂੰ ਜਸਵਿੰਦਰ ਸਿੰਘ ਰੁਪਾਲ ਨੇ ਆਪਣੇ ‘ਰਸੀਲਾ ਕਾਵਿ’ ਦੀਆਂ ਸਮੁੱਚੀਆਂ ਛੰਦ ਬੱਧ ਕਵਿਤਾਵਾਂ ਵਿਚ ਸੱਚ ਕੀਤਾ ਹੈ। ਵਿਸ਼ਾ ਚਾਹੇ ਕੋਈ ਵੀ ਹੋਵੇ, ਪਰ ਉਸ ਨੂੰ ਰਸਭਿੰਨੇ ਛੰਦਾਂ ਵਿਚ ਪਰੋ ਕੇ ਰਸੀਲਾ ਬਣਾਉਣ ਦਾ ਹੁਨਰ ਜਸਵਿੰਦਰ ਸਿੰਘ ਰੁਪਾਲ ਨੇ ਕਰੋਨਾ-ਕਾਲ ਵਿਚ ਲੱਗੇ ਲਾਕਡਾਊਨ ਵੇਲੇ, ਸਮੇਂ ਦੀ ਸੁਚੱਜੀ ਵਰਤੋਂ ਕਰਦਿਆਂ ਪਿੰਗਲ ਦਾ ਗਿਆਨ ਪ੍ਰਾਪਤ ਕਰ, ਆਪਣੀ ਕਲਮ ਦੀ ਨੋਕ ’ਤੇ ਟਿਕਾ ਲਿਆ ਸੀ। ਛੰਦ ਲਿਖਣ ਦੀ ਇਹ ਸੋਝੀ ਉਨ੍ਹਾਂ ਨੂੰ ਪ੍ਰਸਿੱਧ ਕਵੀਸ਼ਰ ਸ. ਦਰਸ਼ਨ ਸਿੰਘ ਭੰਮੇ ਹੁਰਾਂ ਤੋਂ ਮਿਲੀ ਜਿਸ ਵਿਚ ਕਵੀਸ਼ਰ ਹਰਵਿੰਦਰ ਸਿੰਘ ਰੋਡੇ ਦਾ ਭਰਵਾਂ ਯੋਗਦਾਨ ਰਿਹਾ। ਜਿਵੇਂ:

“ਕਠਿਨ ਤਪੱਸਿਆ ਹੈ, ਸਾਰ ਲੈਣੀ ਛੰਦਾਂ ਵਾਲੀ,
ਝੁਰਲੂ ਦੇ ਨਾਲ ਨਹੀਂ, ਰਚ ਹੁੰਦੇ ਛੰਦ ਜੀ।
ਗੁਰੂ ਬਿਨਾ ਸਮਝ ਨਾ, ਆਂਵਦੀ ਬਾਰੀਕੀਆਂ ਦੀ,
ਹੋਵੇ ਅਭਿਆਸ ਫੇਰ ਉਲਝੇ ਨਾ ਤੰਦ ਜੀ।”

ਇਸੇ ਸੋਝੀ ਨਾਲ ਰਚੀ ਉਪਰੋਕਤ ‘ਛੰਦ ਰਚਨਾ’ ਅਨੁਸਾਰ ਛੰਦ-ਬੱਧ ਕਾਵਿਕ ਰਚਨਾਵਾਂ ਲਿਖਣ ਲਈ ਗਿਆਨ ਤੇ ਜਾਚ ਦੇ ਨਾਲ-ਨਾਲ ਕਠਿਨ ਤਪੱਸਿਆ ਦੀ ਲੋੜ ਵੀ ਹੁੰਦੀ ਹੈ। ਇਨ੍ਹਾਂ ਦੀ ਹਰ ਕਾਵਿ-ਰਚਨਾ ਇਸ ਰੂਪ ਦੀ ਮੂੰਹੋਂ ਬੋਲਦੀ ਤਸਵੀਰ ਹੈ। ਜਿਵੇਂ: ਮਾਂ ਦੇ ਮੋਹ ਪਿਆਰ ਨੂੰ ਬਿਆਨਦੇ ਛੰਦ ਜ਼ਿਕਰਯੋਗ ਹਨ:-


“ਧੁੱਪਾਂ ਮੀਹਾਂ ਹਨੇਰੀਆਂ ਸਹਿ ਕੇ ਵੀ,
ਠੰਡੀ ਰਖਦੀ ਜਿਸ ਤਰ੍ਹਾਂ ਛਾਂ ਹੋਵੇ।
ਇੱਛਾ ਪੂਰਦੀ ਅੰਮੀ ਤਾਂ ਮੁੱਢ ਤੋਂ ਹੀ,
ਉਹਦੇ ਬੋਲਾਂ ਵਿੱਚ ਬੱਚੇ ਲਈ ਹਾਂ ਹੋਵੇ।
ਮੁਆਫ਼ ਕਰੇ ਗੁਨਾਹ, ਸੰਭਾਲ ਕਰਦੀ
ਚਾਹੁੰਦੀ ਬਾਲ ਦਾ ਉੱਚੜਾ ਨਾਂ ਹੋਵੇ
ਜਿਹੜੀ ਜਗ੍ਹਾ ਨਾ ਰੱਬ ਵੀ ਪੁੱਜ ਸਕਦਾ
‘ਰੁਪਾਲ’ ਓਸ ਥਾਂ ਤੇ ਪਹੁੰਚੀ ਮਾਂ ਹੋਵੇ।”

ਜਸਵਿੰਦਰ ਸਿੰਘ ਰੁਪਾਲ ਅਨੁਸਾਰ, ‘ਸ਼ਬਦ ਤੋਂ ਸ੍ਰਿਸ਼ਟੀ ਦੀ ਸਾਜਨਾ ਹੋਈ ਮੰਨੀ ਗਈ ਹੈ। ਸ਼ਬਦ ਹੀ ਸਾਰੇ ਬ੍ਰਹਿਮੰਡ ਨੂੰ ਚਲਾ ਰਿਹਾ ਹੈ। ਇਹ ਸ਼ਕਤੀ ਅਤੇ ਊਰਜਾ ਨੂੰ ਗੁਰੂ-ਸ਼ਬਦ ਦੇ ਰੂਪ ਵਿਚ ਬਾਣੀਕਾਰ ਸਾਨੂੰ ਸੌਂਪ ਗਏ ਹਨ।’

ਕਵੀ ਨੇ ਇਸ ਤੱਥ ਨੂੰ ਇੰਜ ਛੰਦ ਬੱਧ ਕੀਤਾ ਹੈ

‘ਸ਼ਬਦ ਰੂਪੀ ਬ੍ਰਹਮ ਜਦ ਅੱਖ ਖੋਲ੍ਹੀ,
ਸ਼ਬਦ ਨਾਲ ਹੀ ਸ੍ਰਿਸ਼ਟੀ ਬਣਾਈ ਉਹਨੇ।
ਇੱਕ ਸ਼ਬਦ ਤੋਂ ਲੱਖਾਂ ਦਰਿਆਓ ਚਲੇ,
ਧੜਕਣ ਜ਼ਿੰਦਗੀ ਦੀ ਐਸੀ ਪਾਈ ਉਹਨੇ।’

ਹਰ ਭਾਸ਼ਾ ਵਿਚ ਸ਼ਬਦ ਦਾ ਨਿਰਮਾਣ ‘ਅੱਖਰਾਂ’ ਤੋਂ ਹੁੰਦਾ ਹੈ। ਪੰਜਾਬੀ ਦੀ ਗੁਰਮੁਖੀ ਲਿਪੀ ਦੇ ਪੈਂਤੀ ਅੱਖਰਾਂ ਨੂੰ ਲਗਾਂ ਮਾਤਰਾਂ ਲਾ ਕੇ ਬਣਾਏ ਅਤੇ ਉਚਾਰੇ ਜਾਂਦੇ ‘ਸ਼ਬਦ’, ਉਸ ਮਨੁੱਖ ਅੰਦਰਲੀ ਸੂਝ-ਬੂਝ ਦੀ ਸ਼ਕਤੀ ਦਾ ਪ੍ਰਵਾਹ ਬਣ ਜਾਂਦੇ ਹਨ, ਜੋ ਉਨ੍ਹਾਂ ਨੂੰ ਬੋਲ ਰਿਹਾ ਜਾਂ ਲਿਖ ਰਿਹਾ ਹੁੰਦਾ ਹੈ। ਜਦੋਂ ਕਾਵਿ-ਮਨ, ਮਨ ਦੀ ਮੇਦਨੀ ’ਤੇ ਉੱਗੇ ਹਰਫ਼ਾਂ (ਸ਼ਬਦਾਂ) ਨੂੰ ਚੁੱਕ ਕੇ ਕਿਸੇ ਖਾਸ ਲੜੀ ਵਿਚ, ਖਾਸ ਲੈਅ ਵਿਚ ਬੰਨ੍ਹ ਦੇਂਦਾ ਹੈ ਤਾਂ ਇਹ ਕਵਿਤਾ ਬਣ ਜਾਂਦੀ ਹੈ, ਰਸੀਲੀ ਕਵਿਤਾ ਬਣ ਜਾਂਦੀ ਹੈ। ਸ਼ਬਦ ਰੂਪੀ ਫ਼ੁੱਲਾਂ ਨੂੰ ਲੈਅ ਤੇ ਸੁਰ ਦੇ ਧਾਗੇ ਵਿਚ ਪਰੋ ਛੰਦ ਬਣਾ ਪਰੋਸ ਦੇਣ ਦਾ ਵਲ ਜਸਵਿੰਦਰ ਸਿੰਘ ਰੁਪਾਲ ਦਾ ਹੁਨਰ ਬਣ ‘ਰਸੀਲਾ ਕਾਵਿ’ ਵਿਚ ਬਾਖ਼ੂਬੀ ਦਰਜ ਹੈ। ਆਪਣੀ ਇਸ ਕਲਾ ਨਾਲ ਇਨ੍ਹਾਂ ਨੇ ਹਰ ਵਿਸ਼ੇ ਨੂੰ ਕਲਮਬੱਧ ਕੀਤਾ ਹੈ। ਇਨ੍ਹਾਂ ਗੱਲ ਚਾਹੇ ਅੱਖਰ ਦੀ, ਸ਼ਬਦ ਦੀ, ਸਾਂਝੀਵਾਲਤਾ ਦੀ, ਮਜ਼ਦੂਰ ਔਰਤ ਦੀ ਜਾਂ ਮਾਂ-ਬੋਲੀ ਪੰਜਾਬੀ ਦੀ ਕੀਤੀ ਹੈ, ਛੰਦਾਂ ਦੀ ਲੈਅ ਤੇ ਰਸੀਲਾਪਨ ਮਨ ਨੂੰ ਮੋਂਹਦਾ ਹੈ।




ਗੱਲ ਅੱਖਰਾਂ ਤੋਂ ਸ਼ੁਰੂ ਕਰਦੇ ਹਾਂ:

“ਅੱਖਰਾਂ ਤੋਂ ਗਿਆਨ ਮਿਲੇ, ਅੱਖਰੀਂ ਸੰਜੋਗ ਲਿਖੇ
ਅੱਖਰਾਂ ਬਗੈਰ ਕੋਈ, ਜੱਗ ਤੇ ਵਿਹਾਰ ਨਾ।”

“ਸ਼ਬਦ ਹੈ ਗੁਰੂ ਸਾਡਾ, ਸ਼ਬਦ ਹੀ ਜਾਨ ਸਾਡੀ,
ਸ਼ਬਦਾਂ ਦੇ ਬਾਝ ਚੱਲੇ, ਕੋਈ ਕਾਰੋਬਾਰ ਨਾ।”

ਸਾਂਝੀਵਾਲਤਾ ਦੀ ਗੱਲ ਕਰਦਾ ਕਵੀ ਲਿਖਦਾ ਹੈ:

“ਇੱਕ ਹੀ ਧਰਮ ਹੋਵੇ, ਜਾਤ ਗੋਤ ਰੰਗ ਹੋਵੇ,
ਲਿੰਗ ਦੇਸ਼ ਨਸਲ ਤੋਂ, ਸਾਂਝ ਪਾਉਣੀ ਜਾਣਦੇ।

ਦੁੱਖੀ ਇੱਕੋ ਦੁੱਖ ਤੋਂ ਜੋ, ਇੱਕੋ ਸੁੱਖ ਭੋਗਦੇ ਜੋ,
ਮਿਲ ਖੁਸ਼ ਹੋਵੇਂਦੇ ਨੇ, ਉਮਰਾਂ ’ਚ ਹਾਣਦੇ,
ਇਕੋ ਜੋਤ ਵਾਲੀ ਸਾਂਝ, ਕਿਉਂ ਨਾ ਦਿਖਾਈ ਦੇਵੇ,
‘ਸਾਂਝ ਕੀਜੈ ਗੁਣਾਂ ਵਾਲੀ’, ਗੁਰੂ ਫੁਰਮਾਂਵਦੇ।”

ਇਸੇ ਤਰ੍ਹਾਂ ਕਵੀ ਮਜ਼ਦੂਰ ਔਰਤ ਦੀ ਜ਼ਿੰਦਗੀ ਦੇ ਛੰਦਾ-ਬੱਧ ਦੁਖਾਂਤ ਨੂੰ ਕ੍ਰਾਂਤੀ ਤੱਕ ਲੈ ਜਾਂਦਾ ਹੈ:

“ਘਰ ਬਾਰ ਤੋਰਨੇ ਨੂੰ, ਕਰਦੀ ਕਿਰਤ ਸੁੱਚੀ,
ਮਿਟੇ ਭੁੱਖ ਟੱਬਰ ਦੀ, ਮਾਂ ਵੀ ਹਿੱਸਾ ਪਾਂਵਦੀ।
ਸਿਰ ਤੇ ਉਠਾ ਕੇ ਬੋਝ, ਦੇਸ਼ ਨਿਰਮਾਣ ਵਾਲਾ,
ਗੋਦ ’ਚ ਭਵਿੱਖ ਚੁੱਕ, ਸੁਪਨੇ ਸਜਾਂਵਦੀ।
ਧਰਤੀ ਦੀ ਹਿੱਕ ਉੱਤੇ, ਡੁੱਲਦਾ ਪਸੀਨਾ ਜਦੋਂ,
ਕ੍ਰਾਂਤੀਆਂ ਦੀ ਰੁੱਤ ਵੀ ਤਾਂ, ਉਸੇ ਵੇਲੇ ਆਵਦੀ।”

ਮਾਂ-ਬੋਲੀ ਪੰਜਾਬੀ ਦੇ ਗੁਰਮੁਖੀ ਅੱਖਰਾਂ ਨੂੰ ਛੰਦਾਂ ਵਿਚ ਪਰੋ ਲਗਪਗ ਹਰ ਪ੍ਰਕਾਰ ਦੇ ਵਿਸ਼ੇ ਨੂੰ ਸੰਬੋਧਤ ਕਾਵਿ-ਰਚਨਾ ਕਰਦਾ ਕਵੀ ਪੰਜਾਬੀ ਬੋਲੀ ਦੇ ਵਿਕਾਸ ਦੀ ਵੀ ਗੱਲ ਕਰਦਾ ਹੈ।”

“ਬੜੇ ਚਿਰਾਂ ਤੋਂ ਰੌਲਾ ਪਾਉਂਦੇ, ਮਾਂ-ਬੋਲੀ ਦੇ ਬਾਰੇ।
ਮਰ ਨਾ ਜਾਏ ਕਿਤੇ ਵਿਚਾਰੀ, ਫਿਕਰ ਕਰੇਂਦੇ ਸਾਰੇ।
ਨ੍ਹੇਰਾ ਦੂਰ ਭਜਾਣਾ ਏ ਤਾਂ, ਦੀਵਾ ਇੱਕ ਜਗਾਓ।
ਸਦਾ ਕਰੇ ਵਿਕਾਸ ਪੰਜਾਬੀ, ਐਸੇ ਕਦਮ ਉਠਾਓ।”

ਆਪਣੀ ਇਸ ਲੰਮੀ ਕਾਵਿ-ਰਚਨਾ ਵਿਚ ਉਹ ਮਾਂ-ਬੋਲੀ ਪੰਜਾਬੀ ਦੇ ਵਿਕਾਸ ਦੇ ਵੱਖ-ਵੱਖ ਪਹਿਲੂਆਂ ਦਾ ਵਰਣਨ ਕਰਦਾ ਹੈ। ਮਸਲਨ: ਘਰਾਂ ਵਿਚ ਪੰਜਾਬੀ ਬੋਲਣਾ, ਕਿਸੇ ਵੀ ਵਿਸ਼ੇ ਵਿਚ ਉੱਚੀ ਡਿਗਰੀ ਹਾਸਲ ਕਰੋ ਪਰ ਮਾਂ ਬੋਲੀ ਨਾ ਭੁੱਲੋ, ਪੰਜਾਬੀ ਬਣਨਾ ਤੇ ਪੰਜਾਬੀਅਤ ਅਪਨਾਉਣਾ ਆਦਿ।

ਸੋ ਅੱਖਰਾਂ ਸ਼ਬਦਾਂ ਤੇ ਵਾਕਾਂ ਦਾ ਛੰਦਾ-ਬੱਧ ਸਮੂਹ ਇਹ ‘ਰਸੀਲਾ ਕਾਵਿ’ ਕਿਤਾਬ ਦੇ ਰੂਪ ਵਿਚ ਸਾਡੇ ਹੱਥਾਂ ਵਿਚ ਹੈ। ਜਿਸ ’ਤੇ ਕਵੀ ਦੇ ਨਾਲ ਨਾਲ ਸੱਚਮੁੱਚ ਸਾਡਾ ਵੀ ਬਲਿਹਾਰੇ ਜਾਣ ਦਾ ਮਨ ਕਰਦਾ ਹੈ।

‘ਅੱਖਰ ਸ਼ਬਦ ਵਾਕ ਬੱਝੇ ਤਰਤੀਬ ਵਿੱਚ,
ਅੱਖਰਾਂ ਬਗੈਰ ਆਂਦੀ, ਇਨ੍ਹਾਂ ਤੇ ਬਹਾਰ ਨਾ।
ਬਣੀ ਇਹ ਕਿਤਾਬ ਸਾਡੀ, ਜ਼ਿੰਦਗੀ ਦਾ ਗੂੜ੍ਹਾ ਸਾਥ
ਦੱਸ ਤੂੰ ਰੁਪਾਲ ਕਾਹਤੋਂ, ਜਾਂਦਾ ਬਲਿਹਾਰ ਨਾ?

ਰਸੀਲਾ-ਕਾਵਿ ਸੰਗ੍ਰਿਹ ਵਾਂਗ ਹੀ ‘ਸ਼ਬਦਾਂ ਤੋਂ ਸ੍ਰਿਸ਼ਟੀ ਦੀ ਸਾਜਨਾ ਅਤੇ ਸ਼ਬਦ ਹੀ ਬ੍ਰਹਿਮੰਡ ਨੂੰ ਚਲਾ ਰਿਹਾ ਹੈ’ ਸੱਚ ਦੇ ਸਨਮੁੱਖ ਖੜਾ ਹੋ ਰਚਨਾ ਕਰਦਾ ਜਸਵਿੰਦਰ ਸਿੰਘ ਰੁਪਾਲ ਆਪਣੀ ਪੁਸਤਕ ‘ਕੀਤੋਸ ਆਪਣਾ ਪੰਥ ਨਿਰਾਲਾ’ ਨਾਲ, ਜਿਨ੍ਹਾਂ ਲੇਖਕਾਂ ਨੂੰ ਗੁਰਬਾਣੀ ਵਿਚ ‘ਧਨੁ ਲੇਖਾਰੀ’ ਕਿਹਾ ਗਿਆ ਹੈ, ਆਪ-ਮੁਹਾਰੇ ਉਨ੍ਹਾਂ ਲੇਖਕਾਂ ਦੀ ਸ਼੍ਰੇਣੀ ਵਿਚ ਖੜਾ ਹੋ ਜਾਂਦਾ ਹੈ, ਕਿਉਂਕਿ ‘ਸਚੁ ਨਾਮ’ ਦੀ ਮਹਿਮਾ ਲਿਖਣ ਵਾਲੇ ਵਿਰਲੇ ਹੀ ਹਨ। ਇਨ੍ਹਾਂ ਨੇ ਇਸ ਕਿਤਾਬ ਵਿਚ ਗੁਰਮਤਿ ਦੇ ਵਿਸ਼ਿਆਂ ’ਤੇ ਲਿਖੇ 30 ਲੇਖਾਂ ਵਿਚ ਗੁਰਮਤਿ ਦੇ ਕਈ ਗੁੰਝਲਦਾਰ ਸੰਕਲਪਾਂ ਨੂੰ ਬੜੀ ਸਾਦ-ਮੁਰਾਦੀ ਪਰ ਪ੍ਰਭਾਵਸ਼ਾਲੀ ਬੋਲੀ ਵਿਚ ਲਿਖਿਆ ਹੈ। ਪੰਜ ਵਿਸ਼ਿਆਂ ਵਿਚ ਮਾਸਟਰ ਦੀ ਡਿਗਰੀ ਪ੍ਰਾਪਤ ਕਰਨ ਤੋਂ ਪਹਿਲਾਂ ਜਸਵਿੰਦਰ ਸਿੰਘ ਰੁਪਾਲ ਨੇ ਸਾਇੰਸ ਦੇ ਵਿਸ਼ਿਆਂ ਵਿਚ ਗ੍ਰੈਜੂਏਸ਼ਨ ਕੀਤੀ ਹੋਣ ਕਰਕੇ ਇਨ੍ਹਾਂ ਲੇਖਾਂ ਵਿਚ ਉਹ ਹਰ ਗੱਲ ਨੂੰ ਤਰਕ ਅਤੇ ਦਲੀਲ ਨਾਲ ਪੇਸ਼ ਕਰਦਾ ਹੈ।

ਇਸ ਕਿਤਾਬ ਦਾ ਨਾਂ ਇਸ ਵਿਚ ਦਰਜ ਲੇਖ ‘ਕੀਤੋਸ ਆਪਣਾ ਪੰਥ ਨਿਰਾਲਾ’ ਦੇ ਨਾਂ ’ਤੇ ਰੱਖਿਆ ਗਿਆ ਹੈ। ਇਹ ਲੇਖ ਅਸਲ ਵਿਚ ਇਸ ਕਿਤਾਬ ਵਿਚ ਮੌਜੂਦ ਸਮੁੱਚੇ ਲੇਖਾਂ ਦਾ ਆਧਾਰ ਹੈ। ਇਸ ਵਿਚ ਲੇਖਕ ਨੇ ਗੁਰੂ ਨਾਨਕ ਦੇ ਸਾਂਝੀਵਾਲਤਾ ਦੇ ਮਾਰਗ ਨੂੰ ਦਰਸਾਇਆ ਹੈ ਜੋ ਕਿਰਤ ਕਰਨ, ਨਾਮ ਜਪਣ ਅਤੇ ਵੰਡ ਕੇ ਛਕਣ ਦੇ ਸਰਲ ਸਿਧਾਂਤ ਕਾਰਨ ਨਿਰਾਲਾ ਸੀ। ਪਰ ਸਮੇਂ ਦੇ ਬਦਲਾਅ ਨਾਲ ਅੱਜ ਦੀ ਮਨੁੱਖ-ਬੁੱਧੀ ਨੇ ਉਸ ਸਾਂਝੀਵਾਲਤਾ ਦੇ ਪੰਥ ਨੂੰ ਮਜ਼੍ਹਬ ਬਣਾ ਦਿੱਤਾ ਹੈ। ਲੇਖਕ ਦੀ ਲਿਖਤ ਹੈ ਕਿ:

“ਨਾਨਕ ਦੇ ਦੱਸੇ ਮਾਰਗ ਨੂੰ ਇਕ ਮਜ਼੍ਹਬ ਮੰਨ ਲੈਣਾ ਅਤੇ ਦੂਸਰੇ ਮਜ਼੍ਹਬਾਂ ਵਾਂਗ ਦੇਖਣਾ ਸਾਡੀ ਸਭ ਤੋਂ ਵੱਡੀ ਭੁੱਲ ਹੈ। ਜਦੋਂ ਕਦੇ ਧਰਮਾਂ ਦਾ ਜ਼ਿਕਰ ਕਰਦਿਆਂ ਹਿੰਦੂ, ਸਿੱਖ, ਮੁਸਲਮਾਨ ਤੇ ਇਸਾਈ ਆਦਿ ਦੀ ਗੱਲ ਹੁੰਦੀ ਵੇਖਦਾ ਸੁਣਦਾ ਹਾਂ ਤਾਂ ਬੜਾ ਦੁੱਖ ਲਗਦਾ ਹੈ। ਅਸੀਂ ਨਾਨਕ ਨਾਮ-ਲੇਵਾ ਸਿੱਖਾਂ ਨੇ ਵੀ ਨਾਨਕ-ਵਿਚਾਰਧਾਰਾ ਨੂੰ ਨਹੀਂ ਸਮਝਿਆ। ਸਿੱਖ ਕਿਸੇ ਧਰਮ ਜਾਂ ਮਜ਼੍ਹਬ ਦਾ ਨਾਂ ਨਹੀਂ ਹੈ, ਇਹ ਤਾਂ ਸਮੁੱਚੀ ਲੋਕਾਈ ਨੂੰ ਮਨੁੱਖਤਾ ਨੂੰ ਦੱਸੀ ਗਈ ਇਕ ਜੀਵਨ-ਜਾਚ ਹੈ।”

‘ਜੀਵਨ-ਜਾਚ’ ਦੇ ਸਿਧਾਂਤ ਨੂੰ ਮੁੱਖ ਰੱਖਦਿਆਂ ਲੇਖਕ ਨੇ ਹਰ ਲੇਖ ਵਿਚ ਗੁਰਮਤਿ ਦੇ ਹਵਾਲਿਆਂ ਅਤੇ ਤਰਕ ਨਾਲ ਆਪਣੀ ਗੱਲ ਕਹੀ ਹੈ ਜਿਸ ਵਿਚੋਂ ਉਸ ਦੇ ਸਾਇੰਸ ਅਧਿਆਪਨ ਦੇ ਕਿੱਤੇ ਦੀ ਝਲਕ ਵੀ ਮਿਲਦੀ ਹੈ। ਪਹਿਲਾ ਲੇਖ ‘ਅੱਖੀਂ ਬਾਝਹੋਂ ਵੇਖਣਾ’ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ‘ਪ੍ਰਕਾਸ਼’ ਦਾ ਪਾਠ ਪੜ੍ਹਾਉਂਦੇ ਹੋਏ ਪ੍ਰਕਾਸ਼ ਵਿਚ ਚੀਜ਼ਾਂ ਵਿਖਾਈ ਦੇਣ ਦੀਆਂ ਸ਼ਰਤਾਂ ਬਾਰੇ ਪੜ੍ਹਾਇਆ ਤਾਂ ਖ਼ੁਦ ਨੂੰ ਗਿਆਨ ਹੋਇਆ ਕਿ ‘ਪ੍ਰਭੂ ਵੀ ਇਸੇ ਲਈ ਅਦਿੱਖ ਹੈ ਕਿਉਂਕਿ ਸਾਡੇ ਕੋਲ ਉਸ ਨੂੰ ਵੇਖਣ ਲਈ ਨਾ ਗੁਰੂ-ਰੂਪੀ ਪ੍ਰਕਾਸ਼ ਹੈ, ਨਾ ਲੋੜੀਂਦਾ ਗੁਰ-ਗਿਆਨ ਅਤੇ ਨਾ ਹੀ ਉਹ ਸੂਖਮ ਅੱਖ ਜੋ ਉਸ ਇੱਕ ਪ੍ਰਭੂ ਨੂੰ ਹਰ ਜ਼ਰੇ ਜ਼ਰੇ ਵਿਚੋਂ ਵੇਖ ਸਕਦੀ ਹੋਵੇ। ਲੇਖਕ ਨੇ ਆਪਣੀ ਅਧਿਆਤਮਕ ਸੋਚ ਤੇ ਪਹੁੰਚ ਡੂੰਘੇ ਅਧਿਐਨ ਨਾਲ ਪ੍ਰਾਪਤ ਕੀਤੀ ਹੋਈ ਹੈ, ਤਾਂ ਹੀ ਉਸ ਆਪਣੇ ਗਿਆਨ ਨੂੰ ਵਿਗਿਆਨ, ਤਰਕ ਤੇ ਦਲੀਲ ਦੀ ਕਸਵੱਟੀ ‘ਤੇ ਉਤਾਰ ਆਪਣੇ ਲੇਖਾਂ ਵਿਚ ‘ਗੁਰਮਤਿ ਵਿੱਚ ਕਰਾਮਾਤ ਦਾ ਸਥਾਨ’ ‘ਕਮਿਊਨਿਜ਼ਮ ਬਨਾਮ ਗੁਰਮਤਿ’ ਸਾਡੇ ਸਭਿਆਚਾਰ ਦੀ ਪ੍ਰਚਲਿਤ ਵਿਧਾ ਬੁਝਾਰਤਾਂ ਰਾਹੀਂ ‘ਅਧਿਆਤਮ ਬੁਝਾਰਤਾਂ’ ਦਾ ਗੁਰਬਾਣੀ ਦੇ ਹਵਾਲਿਆਂ ਨਾਲ ਵਿਸਥਾਰਤ ਵਰਣਨ ਕੀਤਾ ਹੈ। ਸਾਡੇ ਆਲੇ-ਦੁਆਲੇ ਵਾਪਰਦੇ ਕੁਦਰਤੀ ਵਰਤਾਰਿਆਂ ਵਲੋਂ ਜੀਵਨ-ਜਾਚ ਸਬੰਧੀ ਦਿੱਤੇ ਸੁਨੇਹਿਆਂ ਨੂੰ ‘ਕੁਦਰਤ ਦੇ ਅੰਗ ਸੰਗ’ ਲੇਖ ਵਿਚ ਇੰਜ ਬਿਆਨਿਆ ਹੈ ਜਿਵੇਂ ਵਿਦਿਆਰਥੀਆਂ ਨੂੰ ਦਸਦੇ ਤੇ ਸਮਝਾਉਂਦੇ ਆਪ ਪੂਰੇ ਬ੍ਰਹਿਮੰਡ ਦਾ ਚੱਕਰ ਲਗਾ ਰਹੇ ਹੋਣ।

ਹਰ ਲੇਖ ਵਰਣਨਯੋਗ ਹੈ। ਤੁਸੀਂ ਖ਼ੁਦ ਪੜ੍ਹੋਗੇ ਤਾਂ ਖੁਸ਼ੀ ਤੇ ਆਨੰਦ ਅਨੁਭਵ ਕਰੋਗੇ ਕਿ ਜਸਵਿੰਦਰ ਸਿੰਘ ਰੁਪਾਲ ਦੀ ਅਧਿਆਤਮਕ ਵਿਸ਼ੇ ‘ਤੇ ਬਾਕਮਾਲ ਪਕੜ ਹੈ। ਇਨ੍ਹਾਂ ਦੇ ਲੇਖਾਂ ਵਿਚੋਂ ਇਨ੍ਹਾਂ ਦੀ ਸ਼ਖ਼ਸੀਅਤ ਦੀ ਸਾਦਗੀ, ਸਰਲਤਾ, ਪਿਆਰ, ਮੁਹੱਬਤ, ਠੰਡੇ ਸੁਭਾਅ ਤੇ ਪੂਰਨ ਗੁਰਸਿੱਖ ਵਾਲੀ ਦਿੱਖ ਵੀ ਝਲਕਦੀ ਹੈ, ਜਿਸ ਨੂੰ ਦਰਸ਼ਨ ਸਿੰਘ ‘ਭੰਮੇ’ ਨੇ ਆਪਣੇ ਇਸ ਛੰਦ ਵਿਚ ਬਿਆਨਿਆ ਹੈ:

“ਰੁਪਾਲ ਦੀ ਲਿਖਤ ਵਿਚੋਂ ਭਾਅ ਮਾਰੇ ਸ਼ਾਇਰਾਂ ਵਾਲੀ,
ਸੰਜਮ ਸਬਰ ਨੇੜੇ ਦੂਰ ਹੈ ਗ਼ੁਮਾਨ ਜੀ।
ਪੰਜ ਕੱਕੇ ਅੰਗ ਸੰਗ ਰੱਖੇ ਸਦਾ ਗੁਰੂ ਵਾਲੇ,
ਕਰੇ ਨਾ ਕੁਤਾਹੀ ਕੋਈ ਇਕੋ ਵੱਲ ਧਿਆਨ ਜੀ।
ਸ਼ਾਂਤੀ ਤੇ ਸ਼ਿਸ਼ਟਾਚਾਰ ਪੱਕੇ ਜਾਣੋ ਆੜੀ ਏਹਦੇ,
ਪ੍ਰੇਮ ਦਾ ਪੁਜਾਰੀ ਭਾਈ ਚੰਗਾ ਇਨਸਾਨ ਜੀ।
ਆਦਿ ਵਿੱਚ ਯਾਦ ਕੀਤਾ ਗੁਰੂਆਂ ਤੇ ਪੀਰਾਂ ਤਾਈਂ,
ਕਰ ਅਰਜ਼ੋਈ ਮੰਗੇ ਵਿਦਿਆ ਦਾ ਦਾਨ ਜੀ।”

ਮੈਂ ਅਰਦਾਸ ਕਰਦੀ ਹਾਂ ਕਿ ਪ੍ਰਮਾਤਮਾ ਦਾ ਮਿਹਰ ਭਰਿਆ ਹੱਥ ਹਮੇਸ਼ਾ ਇਨ੍ਹਾਂ ਦੇ ਸਿਰ ‘ਤੇ ਬਣਿਆ ਰਹੇ ਅਤੇ ਇਹ ਇਸੇ ਤਰ੍ਹਾਂ ਰਸੀਲੀਆਂ ਕਵਿਤਾਵਾਂ ਅਤੇ ਜਾਣਕਾਰੀ ਭਰਪੂਰ ਲੇਖਾਂ ਦੀ ਰਚਨਾ ਕਰਦੇ ਰਹਿਣ।

---

ਸਿਮੋਨ ਕੋਕੋ, ਜੈਫ ਸਦਰਲੈਂਡ, ਅਤੇ ਨੀਲ ਕੋਰਬੋਲਡ, ‘ਨੈਪੋਲੀਅਨ’- ਚਾਰਲੀ ਹੈਨਲੀ, ਲੂਕ-ਈਵੇਨ ਮਾਰਟਿਨ-ਫੇਨੋਇਲੇਟ, ਸਿਮੋਨ ਕੋਕੋ, ਅਤੇ ਨੀਲ ਕੋਰਬੋਲਡ ਸ਼ਾਮਲ ਹਨ।

**ਬਿਹਤਰੀਨ ਸਿਨੇਮਾਟੋਗ੍ਰਾਫੀ**

ਬਿਹਤਰਨੀਨ ਸਿਨੇਮਾਟੋਗ੍ਰਾਫੀ ਵਿਚ ‘ਐਲ ਕੋਂਡ’-ਐਡਵਰਡ ਲੈਚਮੈਨ, ‘ਕਿਲਰਸ ਆਫ ਦਾ ਫਲਾਵਰ ਮੂਨ’,-ਰੋਡਰਿਗੋ ਪ੍ਰੀਟੋ, ‘ਮੇਸਟ੍ਰੋ- ਮੈਥਿਊ ਲਿਬਾਟਿਕ, ‘ਓਪਨਹਾਈਮਰ’-ਹੋਏਟ ਵੈਨ ਹੋਇਟੇਮਾ, ‘ਪੂਅਰ ਥਿੰਗਸ’- ਰੋਬੀ ਰਿਆਨ ਨਾਮਜ਼ਦ ਹੋਈਆਂ ਹਨ। ਇਨ੍ਹਾਂ ਫਿਲਮਾਂ ਵਿਚੋਂ ‘ਓਪਨਹਾਈਮਰ- ਹੋਏਟ ਵੈਨ ਹੋਇਟੇਮ ਦੇ ਮੋਰਚਾ ਮਾਰ ਲੈਣ ਦੀ ਸੰਭਾਵਨਾ ਵੱਧ ਹੈ, ਹੋਏਟ ਵੈਨ ਹੋਇਟੇਮਾ ਨੇ ਇਸ ਫਿਲਮ ਸ਼ੂਟ ਕਰਨ ਲਈ ਕਈ ਨਵੇਂ ਐਂਗਲ ਪ੍ਰਯੋਗ ਕਰ ਕੇ ਚੰਗੀ ਵਾਹਵਾ ਖੱਟੀ ਹੈ। ‘ਮੇਸਟ੍ਰੋ’-ਮੈਥਿਊ ਲਿਬਾਟਿਕ ਤੇ ‘ਪੂਅਰ ਥਿੰਗਸ’- ਰੋਬੀ ਰਿਆਨ ਦੀ ਸਿਨੇਮਾਟੋਗ੍ਰਾਫੀ ਵੀ ਲਾਜਵਾਬ ਹੈ।

**ਬਿਹਤਰੀਨ ਫਿਲਮ ਐਡਿਟਿੰਗ:**

ਇਸ ਸ਼੍ਰੇਣੀ ਵਿਚ ‘ਐਨਾਟੋਮੀ ਆਫ਼ ਏ ਫਾਲ’- ਲੌਰੇਂਟ ਸੇਨੇਚਲ, ‘ਹੋਲਡਓਵਰ’- ਕੇਵਿਨ ਟੈਂਟ, ‘ਕਿਲਰਸ ਆਫ ਦਾ ਫਲਾਵਰ ਮੂਨ’- ਥੈਲਮਾ ਸ਼ੂਨਮੇਕਰ ‘ਓਪਨਹਾਈਮਰ’- ਜੈਨੀਫਰ ਲੈਮ, ‘ਪੂਅਰ ਥਿੰਗਸ’- ਯੌਰਗੋਸ ਮਾਵਰੋਪਸਾਰਿਡਿਸ ਨਾਮਜ਼ਦ ਹੋਈਆਂ ਹਨ। ਇਸ ਵਰਗ ਵਿਚ ਹਰ ਮੂਵੀ ਇਕ-ਦੂਜੇ ’ਤੇ ਭਾਰੂ ਹੈ। ਸਾਰੇ ਹੀ ਐਡੀਟਰ ਬਹੁਤ ਹੀ ਤਜਰਬੇਕਾਰ ਤੇ ਹਾਲੀਵੁੱਡ ਦੀਆਂ ਕਈ ਹਿੱਟ ਫਿਲਮਾਂ ਵਿਚ ਆਪਣਾ ਯੋਗਦਾਨ ਪਾ ਚੁੱਕੇ ਹਨ। ਆਸਕਰ ਵਿਚ ਫਿਲਮ ‘ਕਿਲਰਸ ਆਫ ਦਾ ਫਲਾਵਰ ਮੂਨ’-ਥੈਲਮਾ ਸ਼ੂਨਮੇਕਰ ਦੇ ਇਨਾਮ ਲੈਣ ਦੀ ਭਰਵੀਂ ਚਰਚਾ ਹੈ।

**ਪ੍ਰੋਡਕਸ਼ਨ ਡਿਜ਼ਾਈਨ:**

ਇਸ ਸ਼੍ਰੇਣੀ ਵਿਚ ਫਿਲਮ ‘ਬਾਰਬੀ’- ਉਤਪਾਦਨ ਡਿਜ਼ਾਈਨ: ਸਾਰਾਹ ਗ੍ਰੀਨਵੁੱਡ; ਸੈੱਟ ਸਜਾਵਟ: ਕੇਟੀ ਸਪੈਨਸਰ, ‘ਕਿਲਰਸ ਆਫ ਦਾ ਫਲਾਵਰ ਮੂਨ’- ਉਤਪਾਦਨ ਡਿਜ਼ਾਈਨ: ਜੈਕ ਫਿਸਕ; ਸੈੱਟ ਸਜਾਵਟ: ਐਡਮ ਵਿਲਿਸ, ‘ਨੈਪੋਲੀਅਨ’- ਉਤਪਾਦਨ ਡਿਜ਼ਾਈਨ: ਆਰਥਰ ਮੈਕਸ; ਸਜਾਵਟ ਸੈੱਟ: ਇਲੀ ਗ੍ਰਿਫ, ‘ਓਪਨਹਾਈਮਰ’- ਉਤਪਾਦਨ ਡਿਜ਼ਾਈਨ: ਰੂਥ ਡੀ ਜੋਂਗ; ਸੈੱਟ ਸਜਾਵਟ: ਕਲੇਅਰ ਕੌਫਮੈਨ, ‘ਪੁਅਰ ਥਿੰਗਸ’- ਉਤਪਾਦਨ ਡਿਜ਼ਾਈਨ: ਜੇਮਸ ਪ੍ਰਾਈਸ ਅਤੇ ਸ਼ੋਨਾ ਹੀਥ; ਸਜਾਵਟ ਸੈੱਟ ਮਾਇਹਿਲਕ ਨਾਮਜ਼ਦ ਹੋਈਆਂ ਹਨ। ‘ਬਾਰਬੀ’ ਲਈ ਬਹੁਤ ਆਲੀਸ਼ਾਨ ਸੈਟ ਲਾਏ ਗਏ ਹਨ ਅਤੇ ਕਈ ਦ੍ਰਿਸ਼ਾਂ ਲਈ ਵੀ ਵਿਸ਼ੇਸ਼ ਸੈੱਟ ਤਿਆਰ ਕੀਤੇ ਗਏ ਸਨ। “ਓਪਨਹਾਈਮਰ-ਉਤਪਾਦਨ ਡਿਜ਼ਾਈਨ: ਰੂਥ ਡੀ ਜੋਂਗ; ਸੈੱਟ ਸਜਾਵਟ: ਕਲੇਅਰ ਕੌਫਮੈਨ ਨੇ ਕਈ ਦ੍ਰਿਸ਼ਾਂ ਲਈ ਟੈਕਨੀਕਲ ਟੀਮ ਨੇ ਵੱਖਰੀ ਕਿਸਮ ਦੀ ਆਧੁਨਿਕ ਟੈਕਨਾਲੋਜੀ ਦੀ ਵਰਤੋਂ ਕੀਤੀ ਹੈ।

**ਕਾਸਟਿਊਮ ਡਿਜ਼ਾਈਨ:** ਕਾਸਟਿਊਮ ਡਿਜ਼ਾਈਨ ਵਿਚ ‘ਬਾਰਬੀ’- ਜੈਕਲੀਨ ਦੁਰਾਨ, ‘ਕਿਲਰਸ ਆਫ ਦਾ ਫਲਾਵਰ ਮੂਨ’- ਜੈਕਲੀਨ ਵੈਸਟ, ‘ਨੈਪੋਲੀਅਨ’- ਜੈਂਟੀ ਯੇਟਸ ਅਤੇ ਡੇਵ ਕਰਾਸਮੈਨ, ਓਪਨਹਾਈਮਰ- ਏਲਨ ਮਿਰੋਜਨਿਕ ਤੇ ‘ਪੂਅਰ ਥਿੰਗਸ’ ਦੀ ਹੋਲੀ ਹਨ। ‘ਬਾਰਬੀ’ ਵਿਚ ਵਿਸ਼ੇਸ਼ ਡਿਜ਼ਾਈਨਰ ਕੋਲੋਂ ਉਸੇ ਸਟਾਈਲ ਦੇ ਕੱਪੜਿਆਂ ਵਿਚ ਬੜੀ ਮਿਹਨਤ ਕੀਤੀ ਗਈ ਹੈ ਅਤੇ ‘ਕਿਲਰਸ ਆਫ ਦਾ ਫਲਾਵਰ ਮੂਨ’- ਜੈਕਲੀਨ ਵੈਸਟ ਨੇ ਪਾਤਰਾਂ ਅਨੁਸਾਰ ਡਰੈਸਾਂ ਦੇ ਇਸਤੇਮਾਲ ਕਰਨ ਦੀ ਵਿਸ਼ੇਸ ਚਰਚਾ ਹੈ।

**ਬੈਸਟ ਮੇਕਅੱਪ ਤੇ ਹੇਅਰ ਸਟਾਈਲ:**

ਇਸ ਦੇ ਮੁਕਾਬਲੇ ਵਿਚ ‘ਗੋਲਡਾ’- ਕੈਰਨ ਹਾਰਟਲੀ ਥਾਮਸ, ਸੂਜ਼ੀ ਬੈਟਰਸਬੀ, ਅਤੇ ਆਸ਼ਰਾ ਕੈਲੀ-ਬਲੂ, ‘ਮੇਸਟ੍ਰੋ’-ਕਾਜ਼ੂ ਹੀਰੋ, ਕੇ ਜਾਰਜਿਓ, ਅਤੇ ਲੋਰੀ ਮੈਕਕੋਏ-ਬੈਲ, ‘ਓਪਨਹਾਈਮਰ’- ਲੂਈਸਾ ਏਬਲ, ‘ਪੂਅਰ ਥਿੰਗਸ’- ਨਾਦੀਆ ਸਟੈਸੀ, ਮਾਰਕ ਕੁਲੀਅਰ, ਅਤੇ ਜੋਸ਼ ਵੈਸਟਨ, ‘ਸੋਸਾਇਟੀ ਆਫ਼ ਦ ਸਨੋ- ਅਨਾ ਲੋਪੇਜ਼-ਪੁਗਸਰਵਰ, ਡੇਵਿਡ ਮਾਰਟੀ ਅਤੇ ਮੋਂਟਸੇ ਰਿਬੇ ਸ਼ਾਮਲ ਹਨ। ‘ਓਪਨਹਾਈਮਰ’ ਵਿਚ ਓਪਨਹਾਈਮਰ ਦੀ ਲੁੱਕ ਦੇਣ ਲਈ ਕਲਾਕਾਰ ਦੇ ਮੇਕਅੱਪ ’ਤੇ ਬਹੁਤ ਮਿਹਨਤ ਕੀਤੀ ਗਈ ਹੈ।

**ਸਾਊਂਡ:** ਸਾਊਂਡ ਵਿਚ ਫਿਲਮ ‘ਦਿ ਕ੍ਰਿਏਟਰ’- ਇਆਨ ਵੋਇਗਟ, ਏਰਿਕ ਅਡਾਹਲ, ਏਥਨ ਵੈਨ ਡੇਰ ਰਾਇਨ, ਟੌਮ ਓਜ਼ਾਨਿਚ, ਅਤੇ ਡੀਨ ਜ਼ੁਪਾਂਸਿਕ, ‘ਮੇਸਟ੍ਰੋ’- ਸਟੀਵਨ ਏ. ਮੋਰੋ, ਰਿਚਰਡ ਕਿੰਗ, ਜੇਸਨ ਰੂਡਰ, ਟੌਮ ਓਜ਼ਾਨਿਚ, ਅਤੇ ਡੀਨ ਜ਼ੁਪਾਂਸਿਕ, ‘ਮਿਸ਼ਨ: ਇੰਪਾਸੀਬਲ’- ਡੈੱਡ ਰੀਕਨਿੰਗ ਭਾਗ ਇੱਕ-ਕ੍ਰਿਸ ਮੁਨਰੋ, ਜੇਮਸ ਐਚ. ਮੈਥਰ, ਕ੍ਰਿਸ ਬਰਡਨ, ਅਤੇ ਮਾਰਕ ਟੇਲਰ, ‘ਓਪਨਹਾਈਮਰ’- ਵਿਲੀ ਬਰਟਨ, ਰਿਚਰਡ ਕਿੰਗ, ਗੈਰੀ ਏ. ਰਿਜ਼ੋ, ਅਤੇ ਕੇਵਿਨ ਓ’ਕੋਨਲ, ‘ਦ ਜੋਨ ਆਫ ਇੰਟਰਸਟ’-ਟਾਰਨ ਵਿਲਰਜ਼ ਐਨ ਅਤੇ ਜੌਨੀ ਬਰਨ, ‘ਓਪਨਹਾਈਮਰ’-ਵਿਲੀ ਬਰਟਨ, ਰਿਚਰਡ ਕਿੰਗ, ਗੈਰੀ ਏ. ਰਿਜ਼ੋ, ਅਤੇ ਕੇਵਿਨ ਓ’ਕੋਨਲ ਤੇ ‘ਮੇਸਟ੍ਰੋ’- ਸਟੀਵਨ ਏ. ਮੋਰੋ, ਰਿਚਰਡ ਕਿੰਗ, ਜੇਸਨ ਰੂਡਰ, ਟੌਮ ਓਜ਼ਾਨਿਚ, ਅਤੇ ਡੀਨ ਜ਼ੁਪਾਂਸਿਕ ਦਾ ਮੁੱਖ ਮੁਕਾਬਲਾ ਹੈ। ‘ਦ ਜੋਨ ਆਫ ਇੰਟਰਸਟ’- ਟਾਰਨ ਵਿਲਰਜ਼ ਐਨ ਅਤੇ ਜੌਨੀ ਬਰਨ ਵੀ ਇਨਾਮ ਜਿੱਤ ਸਕਦੀਆਂ ਹਨ।

**ਬਿਹਤਰੀਨ ਵਿਦੇਸ਼ੀ ਭਾਸ਼ਾ ਫਿਲਮ:**

ਇਸ ਫਿਲਮ ਵਰਗ ਵਿਚ ਸਰਬੋਤਮ ਅੰਤਰਰਾਸ਼ਟਰੀ ਫੀਚਰ ਫਿਲਮ ‘ਆਈਓ ਕੈਪੀਟਾਨੋ’ (ਇਟਲੀ)-, ‘ਪਰਫੈਕਟ ਡੇਜ਼’ (ਜਾਪਾਨ) -, ‘ਸੋਸਾਇਟੀ ਆਫ਼ ਦ ਸਨੋ’ (ਸਪੇਨ)-, ‘ਟੀਚਰਜ਼ ਲੌਂਜ’ (ਜਰਮਨੀ)-, ‘ਦ ਜੋਨ ਆਫ ਇੰਟਰਸਟ’ (ਯੂਨਾਈਟਡ ਕਿੰਗਡਮ) ਹਨ। ‘ਦ ਜੋਨ ਆਫ ਇੰਟਰਸਟ’ ਜ਼ੋਰਦਾਰ ਦਾਅਵੇਦਾਰ ਲੱਗ ਰਹੀ ਹੈ। ਪਰਫੈਕਟ ਡੇਜ਼ (ਜਾਪਾਨ)- ਫਿਲਮ ਦੀ ਕਹਾਣੀ ਕਾਫੀ ਪਸੰਦ ਕੀਤੀ ਜਾ ਰਹੀ ਹੈ। ਇਸ ਲਈ ਮੁਕਾਬਲਾ ਕਾਫੀ ਸਖ਼ਤ ਹੈ।

# ਆਪਣੇ ਆਪ ਨੂੰ ਮਿਲਣਾ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਸਭ ਤੋਂ ਅਹਿਮ ਹੁੰਦਾ, ਆਪਣੇ ਆਪ ਨੂੰ ਮਿਲ ਕੇ, ਆਪਣਾ ਹਾਲ-ਚਾਲ ਪੁੱਛਣਾ। ਆਪਣੀ ਖ਼ੈਰੀਅਤ ਦਾ ਪਤਾ ਕਰਨਾ। ਬੀਤੇ ਨੂੰ ਚੇਤੇ ਕਰਨਾ, ਵਰਤਮਾਨ ਨੂੰ ਦੀਦਿਆਂ ਵਿਚ ਚਿਤਾਰਨਾ ਅਤੇ ਆਪਣੇ ਆਪ ਨੂੰ ਤੋਲਣਾ ਕਿ ਕਿਵੇਂ ਹੋ ਤੁਸੀਂ?

ਪਤਾ ਕਰਨਾ ਕਿ ਤੁਸੀਂ ਅੱਜ ਕੱਲ੍ਹ ਕਿਸਨੂੰ ਮਿਲਦੇ ਹੋ? ਲੋਕਾਂ, ਦੋਸਤਾਂ, ਸੰਬੰਧੀਆਂ, ਰਿਸ਼ਤੇਦਾਰਾਂ ਅਤੇ ਸਹਿਪਾਠੀਆਂ ਨੂੰ ਬਹੁਤ ਮਿਲ ਲਿਆ। ਕੀ ਖ਼ੁਦ ਨੂੰ ਮਿਲਣ ਦਾ ਸਮਾਂ ਮਿਲਿਆ? ਦੱਸਣਾ ਕਿ ਇਹ ਸਮਾਂ ਕਦੋਂ, ਕਿੱਥੇ, ਕਿਹਨਾਂ ਹਾਲਾਤਾਂ ਅਤੇ ਕਿਸ ਸੰਦਰਭ ਵਿਚ ਮਿਲੇ? ਇਸ ਮਿਲਣੀ ਦੇ ਕੀ ਅਰਥ ਸੀ ਅਤੇ ਇਸ ਮਿਲਣੀ ਨੇ ਤੁਹਾਨੂੰ ਕੀ ਦਿਤਾ? ਤੁਸੀਂ ਇਸ ਮਿਲਾਪ ਵਿਚੋਂ ਕੀ ਸਿੱਖਿਆ ਅਤੇ ਅੱਗੋਂ ਤੋਂ ਜੀਵਨ ਲਈ ਕਿਹੜੇ ਦਿਸ਼ਾ-ਨਿਰਦੇਸ਼ ਨਿਰਧਾਰਤ ਕੀਤੇ? ਆਪਣੇ ਆਪ ਨੂੰ ਮਿਲਣ ਲੱਗਿਆਂ ਇਨ੍ਹਾਂ ਨੂੰ ਕਿਵੇਂ ਲਾਗੂ ਕਰਨਾ?

ਦਰਅਸਲ ਜੀਵਨ ਦੀ ਦੌੜ ਵਿਚ ਅਸੀਂ ਆਪਣੇ ਆਪ ਤੋਂ ਹੀ ਬੇਮੁੱਖ ਹੋ, ਖ਼ੁਦ ਦੀ ਹੀ ਅਵੱਗਿਆ ਕਰਨ ਲੱਗ ਪੈਂਦੇ। ਇਹ ਅਵੱਗਿਆ ਹੀ ਸਾਨੂੰ ਜੀਵਨ ਦੀਆਂ ਦੁਸ਼ਵਾਰੀਆਂ ਵੱਲ ਧਕੇਲਦੀ ਅਤੇ ਅਸੀਂ ਦੋਸ਼ ਕਿਸਮਤ ਸਿਰ ਧਰਦੇ।

ਕਦੇ ਕਦਾਈਂ ਭੁੱਲ-ਭੁਲੇਖੇ
ਰਾਤ-ਬਰਾਤੇ, ਵੇਲੇ-ਕੁਵੇਲੇ
ਸਵੇਰੇ-ਅਵੇਰੇ
ਸਿੱਖਰ-ਦੁਪਹਿਰੇ ਜਾਂ ਢਲਦੀ ਸ਼ਾਮੇ
ਦਿਨੇ ਜਾਂ ਰਾਤੀਂ
ਮੱਸਿਆ ਜਾਂ ਪੁੰਨਿਆਂ ਨੂੰ
ਵਿਹਲੇ ਬੈਠਿਆਂ ਜਾਂ ਸਫ਼ਰ 'ਤੇ
ਸੁੰਨ-ਸਮਾਧੀ ਜਾਂ ਬਾਣੀ ਪੜ੍ਹਦਿਆਂ
ਆਪੇ ਆਪ ਨੂੰ ਵੀ ਮਿਲ ਲਿਆ ਕਰ।

ਕਦੇ ਆਪਣੇ ਆਪ ਨੂੰ ਮਿਲ ਕੇ ਪੁੱਛਣਾ ਕਿ ਆਪਣੇ ਆਪ ਲਈ ਕਿੰਨਾ ਕੁ ਜੀਵੇ ਹਾਂ? ਆਪਣੇ ਹਿੱਸੇ ਦੀ ਜ਼ਿੰਦਗੀ ਨੂੰ ਕਿੰਨਾ ਕੁ ਮਾਣਿਆ? ਕਿਹੜੇ ਹਾਲਤਾਂ ਵਿਚ ਜ਼ਿੰਦਗੀ ਨੂੰ ਜੀਵਿਆ? ਕਿੰਨੇ ਕੁ ਬੇਖ਼ੁਦੀ ਨੂੰ ਆਪਣਾ ਹਿੱਸਾ ਬਣਾਇਆ ਅਤੇ ਕਿਹੜੀ ਬੇਗਾਨਗੀ ਨੂੰ ਹੰਢਾਇਆ? ਕਿਹੜੇ ਵਕਤ ਨੂੰ ਬੇਲੋੜਾ ਹੀ ਵਖਤ ਬਣਾਇਆ? ਕਦੋਂ ਸਮੇਂ ਦੀ ਤੰਦੀ 'ਤੇ ਸੁਪਨਿਆਂ ਦਾ ਤੰਦ ਪਾਇਆ? ਕਿਹੜੀ ਜੂਹ 'ਚ ਪੈਰ ਪਾਇਆ ਜਿੱਥੇ ਬਹਿ ਖ਼ੁਦ ਨੂੰ ਧਿਆਇਆ?

ਅਸੀਂ ਆਪਣਿਆਂ ਨੂੰ ਅਕਸਰ ਹੀ ਮਿਲਦੇ। ਪਰ ਸਭ ਤੋਂ ਨੇੜਲੇ ਅਤੇ ਅਤਿ-ਕਰੀਬੀ ਆਪੇ ਨੂੰ ਮਿਲਣ ਦੀ ਵਿਹਲ ਹੀ ਨਹੀਂ ਜਾਂ ਸਾਨੂੰ ਆਪੇ ਨੂੰ ਮਿਲਦਿਆਂ ਨਮੋਸ਼ੀ ਆਉਂਦੀ? ਸਾਡਾ ਆਪੇ ਹੀ ਸਾਡੇ ਤੋਂ ਕੇਹਾ ਸ਼ਰਮਸ਼ਾਰ ਹੋਇਆ ਕਿ ਸਾਡਾ ਅੰਦਰ ਧਾਂਹੀਂ ਰੋਇਆ, ਜਿਉਂਦਾ ਹੀ ਮੋਇਆ ਪਰ ਕਿਸੇ ਸਾਹਵੇਂ ਨਾ ਰੋਇਆ ਮਤਾਂ ਅੰਦਰਲਾ ਭੈਅ ਜੱਗ-ਜ਼ਾਹਰ ਹੋ ਜਾਵੇ।

ਖ਼ੁਦ ਨੂੰ ਮਿਲਣਾ ਅਜ਼ੀਮ ਮੌਕਾ ਹੁੰਦਾ ਆਪਣੀ ਚੀਰਫਾੜ ਕਰਨ, ਆਪਣਾ ਵਿਸ਼ਲੇਸ਼ਣ ਕਰਨ ਅਤੇ ਆਪਣੇ ਆਪ ਨੂੰ ਬਾਰੀਕ-ਬੀਨੀ ਨਾਲ ਤਲਾਸ਼ਣ ਦਾ। ਆਪਣੇ ਉਸ ਰੂਪ ਨੂੰ ਉਜਾਗਰ ਕਰਨ ਦਾ ਜਿਸ ਤੋਂ ਮਨੁੱਖ ਸਦਾ ਹੀ ਅਵੇਸਲਾ ਰਹਿੰਦਾ। ਬੰਦਾ ਖ਼ੁਦ ਨੂੰ ਸ਼ੀਸ਼ੇ ਵਿਚ ਜਦ ਦੇਖਦਾ ਤਾਂ ਉਹ ਆਪਣੇ ਆਪ ਨੂੰ ਮਿਲਦਾ, ਆਪਣੇ ਦੀਦਿਆਂ ਵਿਚ ਆਪਣਾ ਬਿੰਬ ਉਤਾਰਦਾ, ਆਪਣੀਆਂ ਸੋਚਾਂ ਦੀਆਂ ਤਹਿਆਂ ਵੀ ਫਰੋਲਦਾ। ਆਪਣੇ ਜਿਸਮ ਵਿਚ ਆ ਰਹੇ ਬਦਲਾਅ ਵਿਚੋਂ ਉਮਰ ਨੂੰ ਦੇਖਣ ਲੱਗਦਾ। ਵਾਲਾਂ 'ਚ ਚਾਂਦੀ ਰੰਗੀਆਂ ਤਾਰਾਂ ਅਤੇ ਪਿੰਡੇ 'ਤੇ ਪਈਆਂ ਝੁਰੜੀਆਂ ਹੀ ਦੱਸਦੀਆਂ ਕਿ ਕਿੰਨਾ ਕੁ ਜੀਵਨ ਪੈਂਡਾ ਤੈਅ ਕੀਤਾ।

ਇਸ ਸਫ਼ਰ ਵਿਚੋਂ ਕੀ ਖੱਟਿਆ ਅਤੇ ਕੀ ਗਵਾਇਆ? ਕਿਸ ਨੇ ਹਸਾਇਆ ਜਾਂ ਕਿਸੇ ਨੂੰ ਹਸਾਇਆ? ਜਦ ਅਸੀਂ ਆਪਣੇ ਹਾਸਿਆਂ ਨੂੰ ਸੂਲੀ 'ਤੇ ਚੜ੍ਹਾ, ਕਿਸੇ ਮੁਖੌਟੀ ਹਾਸੇ ਵਿਚੋਂ ਵਿਲਕਦੇ ਸਾਹਾਂ ਦੀ ਨਿਸ਼ਾਨਦੇਹੀ ਕਰਦੇ ਤਾਂ ਦਰਅਸਲ ਅਸੀਂ ਅੰਦਰੋਂ ਬਿਲਕੁਲ ਮਰੇ ਹੁੰਦਿਆਂ ਵੀ ਸਿਰਫ਼ ਜਿਊਣ ਦਾ ਸਵਾਂਗ ਹੀ ਰਚਾ ਰਹੇ ਹੁੰਦੇ।

ਬੰਦਾ ਤਾਂ ਆਪਣੇ ਆਪ ਨੂੰ ਹਰਫ਼ਾਂ ਦੀ ਪਨਾਹ ਵਿਚ ਜਾ ਕੇ ਵੀ ਮਿਲ ਸਕਦਾ। ਇਸ ਮਿਲਾਪ ਵਿਚੋਂ ਕਿਹੜੇ ਹਰਫ਼ਾਂ ਨੇ ਜੀਵਨ-ਸਫ਼ਿਆਂ 'ਤੇ ਉਕਰੇ ਜਾਣਾ ਅਤੇ ਉਨ੍ਹਾਂ ਵਿਚੋਂ ਕਿਹੜੇ ਅਰਥਾਂ ਨੇ ਉਦੈ ਹੋਣਾ, ਇਹ ਹੀ ਦੱਸ ਦਿੰਦੇ ਕਿ ਇਹ ਮਨੁੱਖ ਕੌਣ ਏ? ਇਸ ਦੀਆਂ ਕੀਰਤੀਆਂ ਅਤੇ ਕਹਿਣੀਆਂ ਵਿਚ ਕਿੰਨਾ ਕੁ ਅੰਤਰ? ਇਸ ਦੀਆਂ ਸੋਚਾਂ ਅਤੇ ਸੁਪਨਿਆਂ ਵਿਚ ਕਿੰਨਾ ਕੁ ਫਾਸਲਾ? ਇਸਦੇ ਕਰਮ-ਧਰਮ ਵਿਚ ਕਿੰਨੀ ਕੁ ਨੇੜਤਾ? ਇਸਦੀ ਦਿਆਨਤਦਾਰੀ ਅਤੇ ਨੇਕਨੀਤੀ ਨੂੰ ਕਿਹੜੇ ਪੈਮਾਨੇ ਨਾਲ ਮਿਣਿਆ ਜਾ ਸਕਦਾ? ਇਸਨੇ ਆਪਣੀ ਜ਼ਿੰਦਗੀ ਨੂੰ ਆਪਣੇ ਰੰਗ ਵਿਚ ਕਿੰਨਾ ਕੁ ਜੀਵਿਆ? ਕਿੰਨਿਆਂ ਦੇ ਲੇਖੀਂ ਆਪਣੇ ਸਵਾਸਾਂ ਨੂੰ ਨਿਰ-ਸੁਆਰਥ ਲਾਇਆ? ਸਿਰਫ਼ ਇਕ ਪਾਸਕੂੰ ਹੀ ਕਿਉਂ ਉਸਦੀ ਜੀਵਨ-ਕਸਵੱਟੀ ਦੇ ਹਿੱਸੇ ਆਇਆ? ਇਹ ਵੀ ਪਤਾ ਲੱਗਦਾ ਕਿ ਕਿੰਨੇ ਕੁ ਵਰਕੇ ਕੋਰੇ ਹੀ ਰਹਿ ਗਏ? ਕਿੰਨੇ ਕੁ ਵਾਕ ਅਧੂਰੇ ਅਤੇ ਕਿੰਨੇ ਸ਼ਬਦ ਵੀ ਅਸ਼ਬਦ ਹੀ ਗਏ? ਕਿੰਨੀ ਕੁ ਇਬਾਰਤ

ਬੇਲੋੜੀ ਅਤੇ ਕਿਹੜੀ ਇਬਾਰਤ ਨੂੰ ਸੂਹੀ ਲਿਖਤ ਹੋਣ ਦਾ ਫ਼ਖਰ ਹਾਸਲ? ਸਭ ਕੁਝ ਹੀ ਸ਼ਬਦਾਂ ਵਿਚ ਦ੍ਰਿਸ਼ਟਮਾਨ ਹੋ ਜਾਂਦਾ। ਦੱਸੋ ਫਿਰ ਬੰਦਾ ਕਿੰਨਾ ਕੁ ਆਪਾ ਖ਼ੁਦ ਤੋਂ ਲੁਕੋਵੇ ਅਤੇ ਸਾਹਾਂ ਦੀਆਂ ਸੂਲਾਂ 'ਚ ਪਰੋਵੇ?

ਬੰਦਾ ਕਦੇ ਚੁੱਪ ਦਾ ਸਾਥ ਮਾਣੇ ਤਾਂ ਵੀ ਉਹ ਆਪਣੇ ਆਪ ਨੂੰ ਮਿਲ ਲੈਂਦਾ। ਪਰ ਇਹ ਕਿੰਨਾ ਕੁ ਮਿਲਦਾ, ਇਹ ਬੰਦੇ ਦੀ ਫ਼ਿਤਰਤ 'ਤੇ ਨਿਰਭਰ। ਕਦੇ ਟਿੱਕੀ ਰਾਤ ਨੂੰ ਅੰਬਰ ਦੇ ਤਾਰਿਆਂ ਵੰਨੀਂ ਝਾਕਣਾ ਜਿਹੜੇ ਰੌਸ਼ਨੀ ਦਾ ਵਣਜ ਕਰਦਿਆਂ ਹੀ ਸਾਰਾ ਜੀਵਨ ਬਿਤਾ ਦਿੰਦੇ। ਕਦੇ ਪੁੰਨਿਆਂ ਦੇ ਚੰਨ ਵੱਲ ਤੱਕਣਾ ਕਿ ਕਿਵੇਂ ਉਹ ਮੱਸਿਆ ਦੀ ਹਿੱਕ ਵਿਚ ਚੰਨ ਬਣ ਕੇ ਅਸਮਾਨ ਵਿਚ ਚਮਕਦਾ ਅਤੇ ਕਈਆਂ ਰਾਹੀਆਂ ਦੇ ਗਵਾਚੇ ਪੈਂਡਿਆਂ ਨੂੰ ਰੁਸ਼ਨਾਉਂਦਾ। ਕਦੇ ਚਾਨਣੀ ਦੀ ਬਿਰਖ਼ਾਂ ਨਾਲ ਹੁੰਦੀ ਗੁਫ਼ਤਗੂ ਸੁਣਨਾ। ਕਦੇ ਬੀਂਡਿਆਂ ਦੀਆਂ ਆਵਾਜ਼ਾਂ ਵਿਚੋਂ ਪੈਦਾ ਹੋਏ ਸੰਗੀਤ ਨੂੰ ਰੂਹ ਵਿਚ ਉਤਾਰਨਾ ਜਾਂ ਪੱਤਿਆਂ ਨਾਲ ਪੈਦਾ ਹੋ ਰਹੀ ਹਵਾ ਦੀ ਰੱਮਕਣੀ ਦੀ ਮਹਿਫਲ਼ ਵਿਚ ਸ਼ਰੀਕ ਹੋਣਾ, ਤੁਹਾਨੂੰ ਖ਼ੁਦ ਵੀ ਪਤਾ ਲੱਗ ਜਾਵੇਗਾ ਕਿ ਕੁਦਰਤ ਦੀਆਂ ਨਿਆਮਤਾਂ ਸਾਹਵੇਂ ਬੰਦਾ ਕਿੰਨਾ ਕੁ ਨਿਗੂਣਾ ਏ? ਕੀ ਬੰਦੇ ਨੇ ਕੁਦਰਤੀ ਨਿਆਮਤਾਂ ਨੂੰ ਮਾਨਣ ਦਾ ਵਲ ਸਿਖਿਆ? ਕੀ ਇਨ੍ਹਾਂ ਦਿਆਨਤਾਂ ਵਿਚ ਖਿਆਨਤ ਤਾਂ ਨਹੀਂ ਕੀਤੀ। ਕੁਦਰਤ ਸਾਹਵੇਂ ਬੌਣੇ ਹੋਏ ਮਨੁੱਖ ਨੂੰ, ਅਜੇਹੇ ਵਕਤ ਯਾਦ ਜ਼ਰੂਰ ਆਵੇਗਾ ਆਪਣੇ ਆਪ ਨੂੰ ਮਿਲਣਾ ਅਤੇ ਆਪਣੇ ਵਿਚਲੇ ਮਨੁੱਖ ਨੂੰ ਮਾਨਵਤਾ ਦੇ ਮਾਰਗ ਤੋਰਨਾ।

ਕੁਝ ਕੁ ਸੂਖ਼ਮ ਸੋਚ ਵਾਲੇ ਲੋਕ ਜਦ ਕਵਿਤਾ ਸੰਗ ਕਵਿਤਾ ਹੀ ਹੋ ਜਾਂਦੇ ਤਾਂ ਦਰਅਸਲ ਉਹ ਖ਼ੁਦ ਦੀ ਇਕਸੁਰਤਾ ਵਿਚੋਂ ਹੀ ਆਪਣੇ ਆਪ ਨਾਲ ਸੰਵਾਦ ਰਚਾਉਂਦੇ। ਇਹੀ ਅੰਤਰੀਵੀ ਸੰਵਾਦ ਕਵਿਤਾ ਦਾ ਰੂਪ ਧਾਰ ਵਰਕਿਆਂ 'ਤੇ ਫੈਲਦਾ। ਇਸ ਵਿਚੋਂ ਬੰਦੇ ਦੀ ਕਾਵਿਕਤਾ ਅਤੇ ਉਸਦੇ ਦੈਵੀ ਗੁਣਾਂ ਦਾ ਪਤਾ ਲੱਗਦਾ ਕਿ ਬਾਹਰੋਂ ਕਠੋਰ ਹੁੰਦਿਆਂ ਵੀ ਬੰਦਾ ਅੰਦਰੋਂ ਕਿੰਨਾ ਕੋਮਲ ਅਤੇ ਮਾਲੂਕ ਹੁੰਦਾ। ਇਸੇ ਲਈ ਕਵਿਤਾ ਨੂੰ ਆਵੇਸ਼ ਹੀ ਮੰਨਿਆ ਗਿਆ ਕਿਉਂਕਿ ਇਹ ਅੰਤਰੀਵੀ ਨਾਦ ਵਿਚੋਂ ਉਗਮਦੀ ਹੈ ਅਤੇ ਇਸ 'ਤੇ ਕਿਸੇ ਸਮੇਂ, ਸਥਾਨ ਜਾਂ ਸਥਿਤੀ ਦੀ ਕੋਈ ਪਾਬੰਦੀ ਨਹੀਂ ਹੁੰਦੀ। ਤਾਂ ਹੀ ਪਤਾ ਹੀ ਨਹੀਂ ਸੀ ਲੱਗਦਾ ਕਦ ਬਾਬਾ ਨਾਨਕ ਮਰਦਾਨੇ ਨੂੰ ਕਹਿੰਦਾ ਸੀ ਕਿ ਮਰਦਾਨਿਆ! ਰਬਾਬ ਛੇੜ। ਬਾਣੀ ਆਈ ਆ। ਕਾਵਿਕ ਸੰਵਾਦ ਵਿਚੋਂ ਬੰਦੇ ਦੇ ਨਕਸ਼ਾਂ ਦੀ ਨਿਸ਼ਾਨਦੇਹੀ ਬਹੁਤ ਅਸਾਨੀ ਨਾਲ ਕੀਤੀ ਜਾ ਸਕਦੀ।

ਕਲਾਕਾਰ ਲੋਕ ਰੰਗਾਂ ਅਤੇ ਬੁਰਸ਼ਾਂ ਦੀ ਦੁਨੀਆਂ ਦੇ ਵਾਸੀ ਬਣ ਕੇ ਆਪਣੇ ਆਪ ਤੋਂ ਨਿਰਲੇਪ ਹੋ ਜਾਂਦੇ ਪਰ ਕੈਨਵਸ 'ਤੇ ਉਤਰੀਆਂ ਮੂਰਤਾਂ ਵਿਚੋਂ ਕਲਾਕਾਰ ਕਦੇ ਵੀ ਗਾਇਬ ਨਹੀਂ ਹੁੰਦਾ। ਉਸਦੀ ਸੋਚ, ਦਿੱਬ-ਦ੍ਰਿਸ਼ਟੀ, ਆਵੇਸ਼, ਵਿਜ਼ਨ ਅਤੇ ਵਸੀਹਤਾ ਹੀ ਅਜੇਹੀਆਂ ਕਲਾ ਕਿਰਤਾਂ ਨੂੰ ਜਨਮ ਦਿੰਦੀ ਜਿਹੜੀਆਂ ਸਦੀਆਂ ਤੀਕ ਮਨੁੱਖੀ ਸੰਵੇਦਨਾ ਨੂੰ ਝੰਜੋੜਦੀਆਂ ਰਹਿੰਦੀਆਂ। ਦਰਅਸਲ ਕੋਈ ਵੀ ਕਲਾ-ਕਿਰਤ ਕਲਾਕਾਰ ਦਾ ਅੰਦਰੂਨੀ ਪ੍ਰਗਟਾਵਾ। ਉਹ ਆਪਣੇ ਆਪ ਨੂੰ ਪਰਿਭਾਸ਼ਤ ਕਰਨ ਅਤੇ ਖ਼ੁਦ ਨੂੰ ਮਿਲਣ ਲਈ ਇਹ ਜ਼ਰੀਆ ਵਰਤਦਾ। ਪਰ ਉਸਦੀ ਤਾਂਘ ਵੀ ਕਲਾ ਰਾਹੀਂ ਖ਼ੁਦ ਦੀ ਅਸੀਮਤ ਸਮਰੱਥਾ ਅਤੇ ਕਲਾ-ਬਿਰਤੀ ਨੂੰ ਪ੍ਰਗਟਾਉਣ ਅਤੇ ਇਸ ਦੀਆਂ ਸੀਮਾਵਾਂ ਨੂੰ ਤੋੜਨ ਵਿਚ ਹੀ ਹੁੰਦੀ। ਕਲਾ ਵਿਚੋਂ ਕਲਾਕਾਰ ਨੂੰ ਕਿੰਝ ਓਹਲੇ ਕਰ ਸਕੋਗੇ?

ਕਈ ਵਾਰ ਅਸੀਂ ਉਸ ਵੇਲੇ ਖ਼ੁਦ ਨੂੰ ਮਿਲਣ ਲਈ ਮਜਬੂਰ ਹੁੰਦੇ ਜਦ ਅਸੀਂ ਲਾਚਾਰ ਹੋ ਜਾਂਦੇ, ਕਿਸੇ 'ਤੇ ਨਿਰਭਰ ਹੁੰਦੇ ਜਾਂ ਕਿਸੇ ਦੇ ਮੁਥਾਜ। ਇਹ ਮੁਥਾਜੀ ਸਿਹਤ ਦਾ ਵਿਗਾੜ, ਆਰਥਿਕ ਤੰਗੀ, ਟੁੱਟੇ ਸੁਪਨਿਆਂ ਦੀ ਚੀਸ, ਆਪਣਿਆਂ ਦੀ ਠੱਗੀ ਜਾਂ ਆਪਣਿਆਂ ਹੱਥੋਂ ਹੋਈ ਨਮੋਸ਼ੀ ਕਾਰਨ ਵੀ ਹੁੰਦੀ। ਫਿਰ ਬੰਦਾ ਖ਼ੁਦ ਨੂੰ ਹੀ ਪੁੱਛਦਾ ਕਿ ਮੈਂ ਇਸ ਜੀਵਨ ਵਿਚੋਂ ਕੀ ਖੱਟਿਆ? ਕਿਹੜੀਆਂ ਨੇ ਰਿਸ਼ੇਤਦਾਰੀਆਂ ਅਤੇ ਕਿਹੜੇ ਨੇ ਸੰਬੰਧ? ਕਿਹੜੇ ਨੇ ਯਾਰ-ਮਿੱਤਰ ਅਤੇ ਕਿਹੜੇ ਨੇ ਸਹਿਯੋਗੀ? ਇੰਜ ਪਤਾ ਲੱਗਦਾ ਕਿ ਇੱਥੇ ਤਾਂ ਹਰ ਵਿਅਕਤੀ ਹੀ ਰੋਗੀ, ਪਰ ਖ਼ੁਦ ਨੂੰ ਕਹਾਉਂਦਾ ਕਰਮਯੋਗੀ। ਅਜੇਹੇ ਵਕਤ ਇਕ ਪੀੜ-ਤਰੰਗ ਅੰਦਰ ਫਿਰ ਜਾਂਦੀ ਅਤੇ ਬੰਦੇ ਨੂੰ ਦੋਫਾੜ ਕਰ, ਖ਼ੁਦ ਦੇ ਸੱਚ ਨੂੰ ਦੁਨੀਆਂ ਸਾਹਵੇਂ ਪ੍ਰਗਟ ਕਰਦੀ।

ਕਦੇ ਕਦਾਈਂ ਬੰਦਾ ਉਦੋਂ ਵੀ ਆਪਣੇ ਆਪ ਨੂੰ ਮਿਲਣ ਲਈ ਲਾਚਾਰ ਹੀ ਹੋ ਜਾਂਦਾ ਜਦ ਉਹ ਆਪਣੀ ਔਲਾਦ ਵਲੋਂ ਹੀ ਦੁਰਕਾਰਿਆ ਜਾਂਦਾ। ਉਹ ਬੇਘਰਾ ਹੋ ਕੇ ਕਿਸੇ ਬਿਰਧ ਆਸ਼ਰਮ ਵਿਚ ਆ ਜਾਂਦਾ ਜਾਂ ਆਪਣੇ ਕੁੱਖੋਂ ਜਾਇਆਂ ਦੇ ਤਸ਼ੱਦਦ ਨੂੰ ਪਿੰਡੇ 'ਤੇ ਹੰਢਾਉਂਦਾ ਅੰਦਰੋਂ ਵਾਰ ਵਾਰ ਮਰਦਿਆਂ, ਸਿਰਫ਼ ਜਿਊਣ ਦਾ ਉਲਾਹਮਾ ਹੀ ਹੁੰਦਾ। ਫਿਰ ਬੰਦੇ ਨੂੰ ਯਾਦ ਆਉਂਦਾ ਕਿ ਜਿਨ੍ਹਾਂ ਲਈ ਉਸਨੇ ਕਮਾਈਆਂ ਕੀਤੀਆਂ, ਆਪਣੇ ਜੀਵਨ ਨੂੰ ਦਾਅ 'ਤੇ ਲਾਇਆ, ਰਾਤਾਂ ਦੀ ਨੀਂਦ ਹੰਘਾਲੀ ਅਤੇ ਆਪਣੀ ਬੇਆਰਾਮੀ ਵਿਚੋਂ ਵੀ ਆਪਣਿਆਂ ਦਾ ਲਾਹਾ ਭਾਲਦਾ ਰਿਹਾ, ਉਹ ਹੁਣ ਕਿੱਥੇ ਨੇ? ਤੇ ਬੰਦਾ ਆਪਣੇ ਅੰਦਰ ਉਤਰ ਕੇ ਸੋਚਦਾ ਕਿ ਉਸ ਕੋਲੋਂ ਕਿੱਥੇ ਕੁਤਾਹੀ ਹੋਈ? ਕਿਹੜੀ ਘਾਟ ਨੇ ਉਸਨੂੰ ਆਪਣਿਆਂ ਸਾਹਵੇਂ ਹੀਣਾ ਕੀਤਾ? ਉਹ ਕਿਉਂ ਨਾ ਉਸ ਵਕਤ ਆਪਣੇ ਬਾਰੇ ਸੋਚ ਸਕਿਆ ਜਦ ਸਮਾਂ, ਸਿਹਤ ਅਤੇ ਸਥਿਤੀਆਂ ਉਸਦੇ ਹੱਕ ਵਿਚ ਸਨ। ਉਸਨੇ ਅੰਨ੍ਹੀ ਦੌੜ ਵਿਚ ਆਪਣੇ ਜੀਵਨ ਦੀ ਸਮੁੱਚਤਾ ਨੂੰ ਵਿਅਰਥ ਹੀ ਗਵਾ ਲਿਆ।

ਜਦ ਕੋਈ ਬੰਦਾ ਕਿਸੇ ਧਾਰਮਿਕ ਅਸਥਾਨ 'ਤੇ ਨਤਮਸਤਕ ਹੁੰਦਾ ਤਾਂ ਉਹ ਕੁਝ ਸਮੇਂ ਲਈ ਆਪਣੇ ਆਪ ਨੂੰ ਜ਼ਰੂਰ ਮਿਲਦਾ ਕਿ ਉਸਦੇ ਜੀਵਨ ਦਾ ਸੱਚ ਕੀ ਏ? ਜੀਵਨ-ਜਾਚ ਦੇ ਕੀ ਅਰਥ ਨੇ? ਜ਼ਿੰਦਗੀ ਦੀ ਸਾਰਥਿਕਤਾ ਨੂੰ ਕਿਵੇਂ ਮਾਣਿਆ ਜਾ ਸਕਦਾ ਅਤੇ ਜ਼ਿੰਦਗੀ ਦਾ ਲਾਹਾ ਕਿਵੇਂ ਲਿਆ ਜਾ ਸਕਦਾ? ਜ਼ਿੰਦਗੀ ਦੀਆਂ ਬਰਕਤਾਂ ਨੂੰ ਆਪਣੇ ਹੱਕ ਵਿਚ ਕਿਵੇਂ ਭੁਗਤਾਇਆ ਜਾ ਸਕਦਾ? ਪਰ ਇਹ ਮਿਲਣਾ ਬਹੁਤ ਹੀ ਥੋੜ੍ਹਚਿਰਾ ਹੀ ਹੁੰਦਾ। ਬਾਹਰ ਨਿਕਲ ਕੇ ਬੰਦਾ ਧਰਮ ਨੂੰ ਭੁੱਲ ਕੇ ਖ਼ੁਦ ਨੂੰ ਵੀ ਭੁੱਲ ਜਾਂਦਾ ਅਤੇ ਜੀਵਨ ਰੁਝੇਵਿਆਂ ਵਿਚ ਖ਼ੁਦ ਨੂੰ ਖ਼ਚਤ ਕਰ ਲੈਂਦਾ। ਤੇ ਸੋਚਦਾ ਕਿ;

ਬਹੁਤ ਸਫ਼ਰ ਕਰ ਲਿਆ ਤੇ ਬਹੁਤ ਕੀਤੀਆਂ ਕਮਾਈਆਂ
ਬਹੁਤ ਦੁਸ਼ਮਣੀਆਂ ਪਾਲੀਆਂ ਤੇ ਬੜੀਆਂ ਯਾਰੀਆਂ ਨਿਭਾਈਆਂ।
ਕਈ ਰਾਤਾਂ ਸੀ ਉਨੀਂਦਰੇ 'ਚ ਅਸੀਂ ਨੈਣਾਂ 'ਚ ਲੰਘਾਈਆਂ
ਸੱਚੇ ਸੁੱਚੇ ਸਾਹਾਂ ਉਤੇ ਕਈ ਤਲਖੀਆਂ ਲਿਖਾਈਆਂ
ਉਮਰਾਂ ਦੀ ਤਵਾਰੀਖ਼ ਨਾਲ, ਕਈ ਰੋਕੜਾਂ ਭਰਾਈਆਂ
ਆਪਣੇ ਤੋਂ ਵਿੱਥ ਪਾ ਕੇ ਦੂਸਰਿਆਂ ਨੂੰ ਜੱਫ਼ੀਆਂ ਪਾਈਆਂ
ਪਰ ਸਾਡੇ ਹਿੱਸੇ ਤਾਂ ਕਦੇ ਵੀ ਆਈਆਂ ਨਾ ਵਫ਼ਾਈਆਂ।

ਪਰ ਬੰਦਾ ਆਪਣੇ ਆਪ ਨੂੰ ਉਸ ਵੇਲੇ ਜ਼ਰੂਰ ਮਿਲਦਾ ਜਦ ਉਹ ਕਿਸੇ ਅਰਥੀ ਨੂੰ ਮੋਢੇ 'ਤੇ ਧਰ ਸਿਵਿਆਂ ਵੱਲ ਜਾ ਰਿਹਾ ਹੋਵੇ। ਉਸਨੂੰ ਕੁਝ ਸਮੇਂ ਲਈ ਤਾਂ ਨਾਸ਼ਵਾਨ ਜੀਵਨ ਦੀ ਸੋਝੀ ਆਉਂਦੀ। ਉਹ ਮਨ ਹੀ ਮਨ ਆਪਣੇ ਜੀਵਨ ਨੂੰ ਸੁਚਾਰੂ ਅਤੇ ਸਦਭਾਵੀ ਰੂਪ ਵਿਚ ਜਿਊਣ ਦਾ ਅਹਿਦ ਤਾਂ ਕਰਦਾ। ਪਰ ਬਹੁਤ ਛੇਤੀ ਹੀ ਇਹ ਅਸਰ ਵੀ ਉਸਦੇ ਮਨ ਵਿਚੋਂ ਲਹਿ ਜਾਂਦਾ।

ਅਗਰ ਬੰਦਾ ਜੀਵਨ ਦੇ ਸੱਚ ਵਿਚੋਂ ਹੀ ਆਪਣੇ ਆਪ ਨੂੰ ਮਿਲਣ ਅਤੇ ਜੀਵਨ ਨੂੰ ਆਪਣੇ ਰੰਗ ਵਿਚ ਮਾਨਣ ਅਤੇ ਜੀਵਨ ਦੀ ਸੁੱਚਮਤਾ ਅਤੇ ਸੁਹੰਢਣਾ ਨੂੰ ਆਪਣਾ ਹਾਸਲ ਬਣਾ ਲਵੇ ਤਾਂ ਬੰਦੇ ਦਾ ਆਪਣੇ ਆਪ ਨੂੰ ਮਿਲਣਾ ਅਰਥਮਈ ਹੋ ਜਾਂਦਾ। ਮੇਰਾ ਦੋਸਤ ਅਕਸਰ ਹੀ ਕਹਿੰਦਾ ਕਿ ਜਦ ਮੈਂ ਬਹੁਤ ਉਦਾਸ ਜਾਂ ਮਾਯੂਸ ਹੋਵਾਂ ਤਾਂ ਮੈਂ ਆਪਣੇ ਦੋਸਤ ਦੇ ਫਿਊਨਰਲ ਹੋਮ ਵਿਚ ਉਸਨੂੰ ਮਿਲਣ ਚਲੇ ਜਾਂਦਾ ਅਤੇ ਉਥੇ ਬੈਠ ਕੇ ਪਤਾ ਲੱਗਾ ਜਾਂਦਾ ਕਿ ਜੀਵਨ ਕੀ ਏ? ਫਿਰ ਸਮਝ ਆਉਂਦੀ ਕਿ ਜੀਵਨ ਨੂੰ ਵਰਤਮਾਨ ਵਿਚ ਜੀਓ। ਕਦੇ ਵੀ ਬੀਤੇ ਨੂੰ ਯਾਦ ਨਾ ਕਰੋ ਅਤੇ ਨਾ ਹੀ ਭਵਿੱਖ ਦੀ ਚਿੰਤਾ ਕਰੋ। ਪਤਾ ਨਹੀਂ ਕਦੋਂ ਇਕ ਲਾਸ਼ ਬਣ, ਮਿੱਤਰ-ਪਿਆਰਿਆਂ ਦੇ ਕੰਧਾੜੇ ਚੜ੍ਹ ਸਿਵਿਆਂ ਵੱਲ ਤੁਰ ਪੈਣਾ ਅਤੇ ਬੰਦੇ ਨੇ ਮਿੱਟੀ ਸੰਗ ਮਿੱਟੀ ਹੋ ਜਾਣਾ। ਸੋ ਮੈਂ ਆਪਣੇ ਮਿੱਤਰ ਨਾਲ ਕੁਝ ਸਮਾਂ ਬਿਤਾ, ਜ਼ਿੰਦਗੀ ਦੇ ਜਸ਼ਨਮਈ ਰੰਗ ਵਿਚ ਰੰਗਿਆ, ਆਪਣੇ ਆਪ ਨੂੰ ਮਿਲ ਕੇ ਬਹੁਤ ਖ਼ੁਸ਼ ਹੁੰਦਾ ਹਾਂ ਅਤੇ ਮੇਰਾ ਕੁਝ ਸਮਾਂ ਬਹੁਤ ਹੀ ਹੁਸੀਨ ਅਤੇ ਖ਼ੁਸ਼-ਮਿਜ਼ਾਜ਼ੀ ਸੰਗ ਲੰਘ ਜਾਂਦਾ।

ਬੰਦੇ ਨੂੰ ਜੀਵਨ ਸਿਰਫ਼ ਇਕ ਹੀ ਮਿਲਣਾ ਅਤੇ ਇਸ ਜੀਵਨ ਨੂੰ ਕਿਵੇਂ ਜੀਵਿਆ, ਇਹੀ ਅਰਥ ਰੱਖਦਾ। ਤੁਹਾਡੇ ਮਨ ਵਿਚ ਇਸ ਸੰਸਾਰ ਤੋਂ ਜਾਣ ਲੱਗਿਆਂ ਕੋਈ ਸ਼ਿਕਵਾ, ਰੋਸਾ, ਗਿਲਾ, ਅਪੂਰਨ ਤਮੰਨਾਵਾਂ ਜਾਂ ਸੁਪਨਿਆਂ ਦੇ ਸੱਚ ਤੋਂ ਵਿਰਵਾ ਰਹਿਣ ਦਾ ਗ਼ਮ ਨਾ ਰਹੇ। ਇਸ ਲਈ ਜ਼ਰੂਰੀ ਹੈ ਕਿ ਆਪਣੇ ਆਪ ਨੂੰ ਨਿੱਠ ਕੇ ਮਿਲੋ। ਆਪਣੇ ਆਪ ਨੂੰ ਪਿਆਰ ਕਰੋ। ਆਪਣੇ ਆਪ ਦੀ ਇੱਜ਼ਤ ਕਰੋ, ਆਪਣਾ ਮਾਣ-ਸਨਮਾਨ ਕਰੋ ਕਿਉਂਕਿ ਜੇ ਤੁਸੀਂ ਖ਼ੁਦ ਦਾ ਸਨਮਾਨ ਨਹੀਂ ਕਰੋਗੇ ਤਾਂ ਕੌਣ ਕਰੇਗਾ ਤੁਹਾਡਾ ਇੱਜ਼ਤ-ਮਾਣ? ਇਸ ਲਈ ਸਭ ਤੋਂ ਅਹਿਮ ਹੁੰਦਾ ਏ ਕਿ ਬੰਦੇ ਨੂੰ ਪਤਾ ਹੋਵੇ ਕਿ ਉਹ ਕੌਣ ਹੈ, ਉਸ ਦੀਆਂ ਤਰਜੀਹਾਂ ਕਿਹੜੀਆਂ ਨੇ, ਉਸਦੇ ਸੁਪਨੇ ਕਿਸ ਰੰਗ ਦੇ ਨੇ, ਉਸਦੇ ਪੈਰਾਂ ਵਿਚ ਉਗੇ ਸਫ਼ਰ ਦਾ ਸਿਰਨਾਵਾਂ ਕੀ ਏ ਅਤੇ ਉਸਦੀ ਆਪਣੇ ਆਪ ਨਾਲ ਕਿੰਨੀ ਕੁ ਨੇੜਤਾ ਏ?

ਆਪਣੇ ਆਪ ਨੂੰ ਮਿਲ ਕੇ ਗਲਵੱਕੜੀ ਵਿਚ ਲਿਆ ਕਰੋ। ਆਪਣੀਆਂ ਪ੍ਰਾਪਤੀਆਂ ਅਤੇ ਕਮਾਈਆਂ ਦਾ ਜਸ਼ਨ ਮਨਾਇਆ ਕਰੋ। ਜ਼ਿੰਦਗੀ ਦੇ ਸੂਹੇ ਰੰਗਾਂ ਵਿਚ ਖ਼ੁਦ ਨੂੰ ਰੰਗੋ। ਸੰਧੂਰੀ ਰੰਗ ਵਿਚ ਰੰਗੇ ਰਿਹਾ ਕਰੋ ਤਾਂ ਕਿ ਬਾਅਦ ਵਿਚ ਕੋਈ ਸ਼ਿਕਨ ਤੁਹਾਡੇ ਮੱਥੇ 'ਤੇ ਨਾ ਉਭਰੇ ਕਿ ਰਾਂਗਲੇ ਸਮੇਂ ਨੂੰ ਅਜਾਈਂ ਹੀ ਗਵਾ ਦਿੱਤਾ। ਆਪਣੇ ਚਾਵਾਂ, ਭਾਵਾਂ, ਦੁਆਵਾਂ ਅਤੇ ਅਦਾਵਾਂ ਵਿਚੋਂ ਆਪਣੀ ਉਚਤਾ ਨੂੰ ਕਿਆਸਿਆ ਕਰੋ। ਫਿਰ ਖਿੜਿਆ ਹੋਇਆ ਆਪਾ, ਆਪੇ ਹੀ ਸ਼ਗਨਾਂ ਅਤੇ ਜਸ਼ਨਾਂ ਵਿਚ ਰੰਗੀਨ ਹੋ ਜਾਵੇਗਾ।

ਜੀਵਨ ਦਾ ਮੂਲ ਮੰਤਰ ਹੈ ਕਿ "ਖ਼ੁਦ ਨੂੰ ਮਿਲੋ"। ਖ਼ੁਦ ਵਿਚ ਰਹੋ। ਖ਼ੁਦ ਨੂੰ ਖ਼ੁਦ ਪੜ੍ਹੋ। ਖ਼ੁਦ ਨੂੰ ਜਾਣੋ ਅਤੇ ਪਛਾਣੋ। ਖ਼ੁਦ ਨੂੰ ਸਾਧੋ ਅਤੇ ਜ਼ਿੰਦਗੀ ਲਈ ਰੋਸ਼ਨ ਰਾਹਾਂ ਸਿਰਜੋ। ਯਾਦ ਰੱਖੋ ਕਿ ਤੁਹਾਡੇ ਨਾਲੋਂ ਕੋਈ ਹੋਰ ਬਿਹਤਰ ਤਰੀਕੇ ਨਾਲ ਤੁਹਾਨੂੰ ਸਮਝ ਨਹੀਂ ਸਕਦਾ ਅਤੇ ਨਾ ਹੀ ਮਿਲ ਕੇ ਸਕੂਨ ਅਤੇ ਸੁੱਖਨ ਅਰਪਿਤ ਕਰ ਸਕਦਾ।

ਬੰਦਿਆ! ਆਪੇ ਆਪ ਨੂੰ ਜ਼ਰੂਰ ਮਿਲੀਂ ਕਿਉਂਕਿ ਕਈ ਵਾਰ ਅਸੀਂ ਨਿੱਕਾ ਜਿਹਾ ਛੱਪੜ ਹੁੰਦਿਆਂ ਵੀ ਖ਼ੁਦ ਨੂੰ ਸਮੁੰਦਰ ਸਮਝਣ ਦੀ ਗੁਸਤਾਖ਼ੀ ਕਰ ਬੈਠਦੇ ਹਾਂ।

ਦੱਸਣਾ! ਤੁਸੀਂ ਕਦੇ ਆਪਣੇ ਆਪ ਨੂੰ ਮਿਲੋ ਹੋ? ਜੇ ਨਹੀਂ ਮਿਲੇ ਤਾਂ ਕਦੇ ਵਕਤ ਕੱਢ ਕੇ ਆਪਣੇ ਆਪ ਨੂੰ ਜ਼ਰੂਰ ਮਿਲਣਾ। ਤੁਹਾਨੂੰ ਆਪਣੇ ਨਾਲ ਮਿਲਣਾ ਬਹੁਤ ਚੰਗਾ ਲੱਗੇਗਾ।

# ਪੰਜਾਬ ਦੇ ਵਿੱਦਿਅਕ ਮਿਆਰ ਦੀ ਮਿਸਾਲ !




ਤਰਲੋਚਨ ਸਿੰਘ 'ਦੁਪਾਲ ਪੁਰ'
ਫੋਨ: +91-78146-92724

ਪਹਿਲਾ ਵਾਕਿਆ-ਜਦੋਂ ਮੈਂ ਪਿੰਡ ਦਾ ਸਰਪੰਚ ਹੁੰਦਾ ਸਾਂ। ਪ੍ਰਾਇਮਰੀ ਸਕੂਲ ਤੋਂ ਇਕ ਅਧਿਆਪਕਾ ਨੇ ਸਾਡੇ ਪਿੰਡ ਦੇ ਕੁੱਝ ਬੱਚੇ ਬੱਚੀਆਂ ਦੇ ਨਾਂ ਲਿਖ ਕੇ ਮੈਨੂੰ ਤਸਦੀਕ ਕਰਨ ਲਈ ਭੇਜੇ। ਪੰਜਾਬੀ ਵਿਚ ਲਿਖੇ ਨਾਵਾਂ ਵਿਚ ਬਲਦੀਦ (ਸਨ ਔਫ ਜਾਂ ਡੌਟਰ ਔਫ) ਵਜੋਂ ਸਪੁੱਤਰ ਜਾਂ ਸਪੁੱਤਰੀ ਲਿਖਣ ਦੀ ਬਜਾਏ ਅੰਗਰੇਜ਼ੀ ਵਿਚ ਉਸਨੇ ੰ7 ਨੂੰ ੰ% ਲਿਖਿਆ ਹੋਇਆ ਸੀ! ਹੋਰ ਤਾਂ ਹੋਰ ਕੁੜੀਆਂ ਦੇ ਨਾਵਾਂ ਅੱਗੇ ਵੀ ਧ7 ਦੀ ਥਾਂਹ ੰ% ਹੀ ਲਿਖਿਆ ਦੇਖ ਕੇ ਮੈਂ ਮੱਥੇ 'ਤੇ ਹੱਥ ਮਾਰਿਆ ਕਿ ਇਸ ਬੀਬੀ ਨੂੰ ਟੀਚਰ ਕਿਸ ਨੇ ਨਿਯੁਕਤ ਕਰਿਆ ਹੋਵੇਗਾ?

ਉਦੋਂ ਅੱਜ ਵਾਲ਼ੇ ਸਾਧਨ ਨਹੀਂ ਸੀ ਹੁੰਦੇ ਨਹੀਂ ਤਾਂ ਉਸ ਲਿਖਤ ਦੀ ਮੈਂ ਫੋਟੋ ਖਿੱਚ ਲੈਂਦਾ!

ਦੂਜੀ ਮਿਸਾਲ-

ਪਿਛਲੇ ਸਾਲ ਆਪਣੇ ਰਿਸ਼ਤੇਦਾਰਾਂ ਦੇ ਵਿਆਹ 'ਤੇ ਗਿਆ ਹੋਇਆ ਸ਼ਾਮ ਨੂੰ ਮੈਂ ਸੁਭਾਅ ਮੁਤਾਬਕ ਪਿੰਡ 'ਚ ਘੁੰਮਣ ਨਿਕਲਿਆ ਤਾਂ ਇੱਕ ਘਰ ਮੋਹਰੇ ਲੱਗੀ 'ਨੇਮ ਪਲੇਟ' ਉੱਤੇ ਕਿਸੇ ਪੇਂਟਰ ਵਲੋਂ ੰ7 ਨੂੰ ੰ% ਲਿਖਿਆ ਦੇਖ ਕੇ ਮੇਰਾ ਮੱਥਾ ਠਣਕਿਆ!



ਇਹ ਦੋਵੇਂ ਮਿਸਾਲਾਂ ਕੁੱਝ ਦਿਨ ਪਹਿਲਾਂ ਫਿਰ ਤਾਜ਼ਾ ਹੋ ਗਈਆਂ ਜਦ ਮੈਂ ਆਪਣੇ ਘਰੇ ਆਏ ਵਿਆਹ ਦੇ ਇੱਕ ਕਾਰਡ (ਸੱਦਾ ਪੱਤਰ) ਉੱਤੇ ਮੇਰੇ ਬੇਟੇ ਅਤੇ ਮੇਰੇ ਨਾਂ ਵਿਚਕਾਰ ੰ7 ਨੂੰ ੰ% ਵਜੋਂ ਲਿਖਿਆ ਹੋਇਆ ਦੇਖਿਆ! ਫਿਰ ਮੈਥੋਂ ਇਹ ਪੋਸਟ ਲਿਖਣੋਂ ਰਹਿ ਨੀ ਹੋਇਆ!!

ਸੋਚ ਰਿਹਾ ਹਾਂ ਕਿ ਪਹਿਲੀ ਮਿਸਾਲ ਸੰਨ 2000 ਦੀ, ਦੂਜੀ ਹੈ ਸੰਨ 2020-21 ਦੀ ਤੇ ਹੁਣ ਵਾਲ਼ੀ ਐ 2024 ਦੀ! ਇਹੋ ਜਿਹੇ ਭੱਦਰਪੁਰਸ਼ ਜਾਂ 'ਪੁਰਸ਼ਣੀਆਂ' ਹੋਣਗੇ ਤਾਂ ਦਾਲ਼ ਵਿਚ ਕੋਕੜੂ ਵਾਂਗ ਵਿਰਲੇ ਹੀ ਪਰ ਕੀ ਪੰਜਾਬ ਦਾ ਵਿਦਿਅਕ ਮਿਆਰ ਚੌਵੀ ਸਾਲਾਂ ਦਾ ਓਥੇ ਦਾ ਉੱਥੇ ਹੀ ਟਿਕਿਆ ਹੋਇਆ ਸਮਝੀਏ?

# * ਚੋਣ ਚੂੰਢੀਆਂ * ਅਗਲੀਆਂ ਚੋਣਾਂ ਤੱਕ ...

***ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੀ ਪਿਛਲੇ ਦਿਨੀਂ ਹੋਈ ਚੋਣ ਵਿਚ ਡਾ. ਸਰਬਜੀਤ ਸਿੰਘ ਪ੍ਰਧਾਨ, ਡਾ. ਪਾਲ ਕੌਰ ਸੀਨੀਅਰ ਮੀਤ ਪ੍ਰਧਾਨ, ਡਾ. ਗੁਲਜ਼ਾਰ ਸਿੰਘ ਪੰਧੇਰ ਜਨਰਲ ਸਕੱਤਰ ਅਤੇ ਅਰਵਿੰਦਰ ਕੌਰ ਕਾਕੜਾ ਮੀਤ ਪ੍ਰਧਾਨ ਬਣੇ ਹਨ। ਇਨ੍ਹਾਂ ਚੋਣਾਂ ਸਬੰਧੀ ਸੁਖਪਾਲ ਸਿੰਘ ਥਿੰਦ ਨੇ ਆਪਣੇ ਅੰਦਾਜ਼ ਵਿਚ ਚੂੰਢ-ਚਰਚਾ ਕੀਤੀ ਹੈ, ਜੋ ਆਪਣੇ ਪਾਠਕਾਂ ਨਾਲ ਸਾਂਝੀ ਕਰ ਰਹੇ ਹਾਂ।***

ਪੰਜਾਬੀ ਭਵਨ ਲੁਧਿਆਣਾ ਦੇ ਲਾਅਨ ਵਿਚਕਾਰ ਗੁਲਜ਼ਾਰ ਸਿੰਘ ਸੰਧੂ, ਰਘਬੀਰ ਸਿੰਘ ਸਿਰਜਣਾ, ਸੁਰਿੰਦਰ ਗਿੱਲ, ਮੋਹਨਜੀਤ ਅਤੇ ਦਰਸ਼ਨ ਦਰਵੇਸ਼ ਆਦਿ ਬਜ਼ੁਰਗ ਲੇਖਕ ਕਤਾਰ ਵਿਚ ਟਿਕਾਈਆਂ ਕੁਰਸੀਆਂ 'ਤੇ ਬੈਠੇ ਹੋਏ ਸਨ। ਉਨ੍ਹਾਂ ਦੀਆਂ ਪਿੱਠਾਂ ਭਵਨ ਵੱਲ ਅਤੇ ਮੁਖੜੇ ਚੜ੍ਹਦੇ ਸੂਰਜ ਵੱਲ ਸਨ। ਅਸੀਂ ਵੋਟ ਪਾ ਕੇ ਬਾਹਰ ਨਿਕਲੇ ਤਾਂ ਲੇਖਕਾਂ ਨੂੰ ਮਿਲਣ ਗਿਲਣ ਤੇ ਫੋਟੋਆਂ ਖਿਚਵਾਉਣ ਦਾ ਸਿਲਸਿਲਾ ਚੱਲ ਪਿਆ। ਅਜੇ ਦੋ

**ਸੁਖਪਾਲ ਸਿੰਘ ਥਿੰਦ**

ਕੁ ਕਲਿੱਕ ਹੀ ਹੋਏ ਸਨ ਕਿ ਕਹਾਣੀਕਾਰ ਜਿੰਦਰ ਦੀ ਨਜ਼ਰ ਕੁਰਸੀਆਂ 'ਤੇ ਬੈਠੇ ਬਜ਼ੁਰਗ ਲੇਖਕਾਂ 'ਤੇ ਪੈ ਗਈ। ਮੈਨੂੰ ਬਾਹੋਂ ਫੜ ਕੇ ਉਨ੍ਹਾਂ ਵੱਲ ਤੋਰਦਿਆਂ ਉਹ ਫੁਰਤੀ ਨਾਲ ਬੋਲਿਆ, "...ਉਨ੍ਹਾਂ ਨਾਲ ਫੋਟੋ ਕਰਵਾਈਏ। ਕੀ ਪਤਾ ਅਗਲੀਆਂ ਚੋਣਾਂ ਤੱਕ ...।" ਫੋਟੋ ਕਰਵਾਉਂਦਿਆਂ ਮੇਰਾ ਮੱਲੋ-ਮੱਲੀ ਹਾਸਾ ਨਿੱਕਲੀ ਜਾਵੇ।

---

ਪੰਜਾਬੀ ਭਵਨ ਦੇ ਬਾਹਰ ਗੇਟ ਲਾਗੇ ਗੁਰਭਜਨ ਗਿੱਲ, ਵਰਿਆਮ ਸੰਧੂ ਚੋਣਾਂ ਵਾਲਾ ਮੋਰਚਾ ਮੱਲੀ ਬੈਠੇ ਸਨ। ਦੋਨੋਂ ਪੂਰੀ ਟੌਹਰ ਮਾਰੀ ਚਮਕ ਰਹੇ ਸਨ। ਤੀਹ-ਤੀਹ ਸਾਲ ਛੋਟਿਆਂ ਦੇ ਤਾਂ ਚਿੱਟੇ ਨਜ਼ਰ ਪੈ ਰਹੇ ਸਨ ਪਰ ਮਜਾਲ ਐ ਇਨ੍ਹਾਂ ਦੇ ਇੱਕ ਵੀ ਦਿਸ ਜਾਵੇ। ਸਟਾਰ ਲੇਖਕਾਂ ਨੂੰ ਫਤਹਿ ਬੁਲਾ ਕੇ ਅਸੀਂ ਅੰਦਰ ਲੰਘ ਗਏ। ਘੰਟੇ ਕੁ ਬਾਅਦ ਲਾਅਨ ਵਿਚ ਏਧਰ-ਓਧਰ ਨਜ਼ਰ ਦੌੜਾਂਦਿਆਂ ਮੇਰਾ ਇਕ ਜਲੰਧਰੀਆ ਸਾਥੀ ਸਾਰੇ ਹਾਲਾਤ ਦਾ ਮੁਤਾਲਿਆ ਕਰਨ ਲੱਗ ਪਿਆ, "ਬਾਹਰ ਨਾਲੋਂ ਐਧਰ ਬਜ਼ੁਰਗਾਂ ਪਿੱਛੇ ਜ਼ਿਆਦਾ ਰੌਣਕਾਂ ਨੇ!"

"ਮੁੰਡੇ-ਖੁੰਡਿਆਂ ਨਾਲ ਤਾਂ ਮੇਲ-ਗੇਲ ਹੁੰਦੇ ਈ ਰਹਿਣੇ ਨੇ!"

ਸਾਥੀ ਉੱਚੀ ਦੇਣੀ ਹੱਸ ਪਿਆ।

(ਬਜ਼ੁਰਗ ਲੇਖਕਾਂ ਦੀ ਲੰਮੀ ਉਮਰ ਦੀ ਦੁਆ ਅਤੇ ਖਿਮਾ ਸਹਿਤ)

---

**ਸਮਾਂ**

ਪੰਜਾਬੀ ਭਵਨ ਅੰਦਰ ਜਾਣ ਲਈ ਅਜੇ ਬਾਹਰਲੀ ਸੜਕ 'ਤੇ ਹੀ ਸਾਂ ਕਿ ਚੋਣਾਂ ਵਿਚ ਖੜ੍ਹਾ ਇੱਕ ਉਮੀਦਵਾਰ ਮਿਲ ਗਿਆ। ਮੈਂ ਉਸਦਾ ਜਾਣੂ ਨਹੀਂ ਸਾਂ ਪਰ ਉਹ ਮੈਨੂੰ ਵਾਹਵਾ ਜਾਣਦਾ ਸੀ। ਇਸੇ ਲਈ ਪਹਿਲੇ ਹੱਲ੍ਹੇ ਹੀ ਖੁੱਲ੍ਹ ਗਿਆ। ਆਪਣੀ ਉਮੀਦਵਾਰੀ ਵਾਲੀ ਪਰਚੀ ਮੇਰੇ ਹੱਥ 'ਤੇ ਧਰਦਿਆਂ ਉਸ ਮੈਨੂੰ ਪੁੱਛਿਆ, "ਡਾ. ਸਾਬ੍ਹ! ਟੌਹਰ ਕੱਢਣ 'ਚ ਸਮਾਂ ਤਾਂ ਵਾਹਵਾ ਲੱਗ ਜਾਂਦਾ ਹੋਣੈ?"

"ਵੀਰ ਮੇਰਿਆ, ਸਮੇਂ ਨੂੰ ਕੀ ਐ! ਤੁਸੀਂ ਵੋਟਾਂ ਮੰਗਣ 'ਚ ਬਰਬਾਦ ਕਰੀ ਜਾਂਦੇ ਓ, ਆਪਾਂ ਟੌਹਰ ਕੱਢਣ 'ਚ!" ਉਮੀਦਵਾਰ ਮੇਰੇ ਨਾਲ ਹੀ ਕੱਚਾ-ਕੱਚਾ ਹੱਸਣ ਲੱਗ ਪਿਆ।

---

**ਮਾਲੀ ਆ ਗਿਆ !**

ਵਰਿਆਮ ਸੰਧੂ ਇੱਕ ਨੌਜਵਾਨ ਦੇ ਮੋਢੇ 'ਤੇ ਹੱਥ ਟਿਕਾਈ ਉਸ ਨਾਲ ਡੂੰਘਾ ਖੁਭੇ ਹੋਏ ਸਨ। ਮੈਂ ਤੇ ਬਲਵਿੰਦਰ ਥਿੰਦ ਵੀ ਚੰਗੀ ਤਰ੍ਹਾਂ ਮਿਲਣ ਲਈ ਕੋਲ ਚਲੇ ਗਏ। ਸੰਧੂ ਸਾਹਿਬ ਆਪਣੇ ਅੰਦਾਜ਼ ਵਿਚ ਨੌਜਵਾਨ ਨੂੰ ਉਸਦਾ ਪਿੰਡ ਪੁੱਛ ਕੇ ਉਸਦੇ ਪਿੰਡ ਦੀ ਮਝੈਲ ਗਾਥਾ ਦੱਸਣ ਲੱਗ ਪਏ। ...ਤੁਹਾਡੇ ਪਿੰਡ ਦੇ ਸਕੂਲ ਵਿਚ ਕਈ ਪੋਸਟਾਂ ਖਾਲੀ ਸਨ। ਮਾਲੀ ਦੀ ਪੋਸਟ ਵੀ ਖਾਲੀ ਸੀ। ਫਿਰ ਇੱਕ ਦਿਨ ਉਹ ਪੋਸਟ ਭਰ ਗਈ।




ਸਾਰੇ ਪਿੰਡ 'ਚ ਧੁੰਮ ਪੈ ਗਈ , "ਅਖੇ, ਮਾਲੀ ਆ ਗਿਆ...ਮਾਲੀ ਆ ਗਿਆ!"

ਅਗਲੇ ਦਿਨ ਸਵੇਰ ਦੀ ਸਭਾ 'ਚ ਬੱਚੇ ਲਾਈਨਾਂ 'ਚ ਲੱਗੇ ਖਲੋਤੇ ਸਨ ਕਿ ਇੱਕ ਬੰਦਾ ਆਪਣੀ ਮੱਝ ਦਾ ਸੰਗਲ ਫੜੀ ਆਣ ਕੇ ਪਿੱਛੇ ਖੜ੍ਹ ਗਿਆ। ਪੀ.ਟੀ. ਮਾਸਟਰ ਔਖਾ ਜਿਹਾ ਹੋ ਕੇ ਕਹਿੰਦਾ, "ਓਏ! ਮੱਝ ਕਿੱਧਰ ਧੂਈ ਆਉਨਾਂ!"

"ਸੁਣਿਆ ਸੀ ਜੀ, ਸਕੂਲ 'ਚ ਮਾਲੀ ਆ ਗਿਆ।"

ਸੰਧੂ ਹੋਰਾਂ ਦੇ ਛਣਕਦੇ ਹਾਸੇ ਵਿਚ ਸਾਡੇ ਛਣਕਣੇ ਵੀ ਛਣਕਣ ਲੱਗ ਪਏ। ਨੌਜਵਾਨ ਆਪਣੇ ਪਿੰਡ ਦੀ 'ਸਿਫ਼ਤ' ਸੁਣ ਕੇ ਫਿੱਕਾ-ਫਿੱਕਾ ਹੱਸੀ ਜਾਵੇ।

---

**ਪੇਪਰ ਲਿਖੇ, ਤਾਂ ਮੰਨਾਂ**

ਇਗਲੈਂਡੀਆ ਕਵੀ ਦਰਸ਼ਨ ਬੁਲੰਦਵੀ ਪ੍ਰਿੰਸੀਪਲ ਸੁਖਵਿੰਦਰ ਰੰਧਾਵਾ ਨਾਲ ਪੰਜਾਬੀ ਭਵਨ ਦੇ ਦਰਵਾਜ਼ੇ 'ਤੇ ਮਿਲ ਪਿਆ। ਉਸਦੀ ਸਮੁੱਚੀ ਕਵਿਤਾ ਦੀ ਕਿਤਾਬ ਦਾ ਲੋਕ-ਅਰਪਣ ਅਤੇ ਵਿਚਾਰ ਚਰਚਾ ਰੰਧਾਵਾ ਦੇ ਕਾਲਜ ਵਿਚ ਕੁਝ ਦਿਨ ਪਹਿਲਾਂ ਹੀ ਹੋਈ ਸੀ। ਚਰਚਾ ਕਰਨ ਵਾਲੇ ਵੀ ਨਾਲ ਹੀ ਸਨ। ਬੁਲੰਦਵੀ ਮਿਲਦਿਆਂ ਹੀ ਦੱਸਣ ਲੱਗਾ, "ਡਾ. ਸਾਬ੍ਹ! ਤੁਹਾਡਾ ਇੱਕ ਵਿਦਿਆਰਥੀ ਉਥੇ ਮੇਰੇ ਕੋਲ ਦੁਕਾਨ 'ਤੇ ਕੰਮ ਕਰਦਾ।"

"ਮੈਥੋਂ ਪੜ੍ਹੇ ਦਾ ਕੀ ਫੈਦਾ ਜੇ ਉਥੇ ਮੱਛੀ ਈ ਤਲੀ ਜਾਂਦਾ...ਤੁਹਾਡੀ ਕਿਤਾਬ 'ਤੇ ਜੇ ਪੇਪਰ ਲਿਖੇ, ਤਾਂ ਮੰਨਾਂ!" ਬੁਲੰਦਵੀ ਦੇ ਨਾਲ ਦੇ ਸੱਜਣ ਮਿੰਨਾ-ਮਿੰਨਾ ਮੁਸਕਰਾਉਣ ਲੱਗ ਪਏ।

---

**ਖਨੌਰੀ ਬਾਰਡਰ**

ਲੇਖਕਾਂ ਦੇ ਹਜੂਮ ਵਿਚ ਇੱਕ ਬੀਬਾ ਜੀ ਸੱਜਾ ਗੁੱਟ ਬੰਨ੍ਹੀ ਮਿਲ ਪਏ। ਮੈਂ ਸੁਭਾਉਕੀ ਹਾਲ-ਚਾਲ ਪੁੱਛ ਲਿਆ-

" ...ਕੁਛ ਨ੍ਹੀਂ, ਬਾਥਰੂਮ 'ਚ ਤਿਲਕ ਗੀ। ਮਰਜਾਣਾ! ਬੈਠੇ-ਬਿਠਾਏ ਫਰੈਕਚਰ ਹੋ ਗਿਆ।"

"ਨੋ ਨੋ ਨੋ...! ਮੈਂ ਟੋਕਿਆ। ਕੋਈ ਪੁੱਛੇ ਤਾਂ ਆਖਣਾ, "ਖਨੌਰੀ ਬਾਡਰ ਤੋਂ ਸਿੱਧੀ ਵੋਟ ਪਾਉਣ ਆਈ ਆਂ।"

---

**ਟਿੰਡ 'ਚ ਕਾਨਾ**

"ਆਹ ਚੋਣਾਂ ਤਾਂ ਟਾਲਣ ਨੂੰ ਫਿਰਦੇ ਸੀ! ਮੈਂ ਅੜ੍ਹ ਗੀ; ਸਰਵਸੰਮਤੀ ਨਹੀਂ, ਚੋਣਾਂ ਤਾਂ ਹੋਣਗੀਆਂ ਲਾਜ਼ਮੀ!" ਗੁਰਮੀਤ ਕੜਿਆਲਵੀ ਨੂੰ ਮਿਲਣ ਆਏ ਬੀਬਾ ਜੀ ਨੇ ਗੱਲ ਦੱਸੀ। ਪਹਿਲੀ ਵਾਰ ਮਿਲੇ ਬੀਬਾ ਜੀ ਨੂੰ ਗਹੁ ਨਾਲ ਤੱਕਦਿਆਂ ਮੈਂ ਪੁੱਛਿਆ, " ...ਟਿੰਡ 'ਚ ਕਾਨਾ ਤੁਸੀਂ ਪਾਇਆ ਫਿਰ?

ਜੁਆਬ ਵਿਚ ਬੀਬਾ ਜੀ ਨੇ ਪੂਰੀ ਦ੍ਰਿੜ੍ਹਤਾ ਨਾਲ ਹਿੱਕ ਠੋਕੀ। ਉਹ ਕੁਝ ਹੋਰ ਐਲਾਨਾਂ ਬਾਅਦ ਰੁਖ਼ਸਤ ਹੋਏ ਤਾਂ ਸਭ ਨਜ਼ਰਾਂ ਉਨ੍ਹਾਂ ਦੀ ਪੈੜ ਨੱਪਣ ਲੱਗੀਆਂ। ਪੈੜ ਤੋਂ ਨਜ਼ਰਾਂ ਹਟਾ ਮੈਂ ਆਸ-ਪਾਸ ਨਜ਼ਰ ਦੌੜਾਈ। ਸਹਿਵਨ ਹੀ ਮੂਹੋਂ ਨਿੱਕਲ ਗਿਆ, ਜਿਊਂਦੇ-ਵੱਸਦੇ ਰਹੋ, ਟਿੰਡ 'ਚ ਕਾਨਾ ਪਾਉਣ ਵਾਲਿਓ, ਰੌਣਕਾਂ ਜਮਾਉਣ ਵਾਲਿਓ!"

# ਨੰਗਾ ਦੋਜਕਿ ਚਾਲਿਆ

ਗੁਰੂ ਨਾਨਕ ਸਾਹਿਬ ਨੇ ਸਪਸ਼ਟ ਕੀਤਾ ਹੋਇਆ ਹੈ-

ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ।

(ਅੰਗ 469)

ਜੇ ਪੜ੍ਹਿਆ ਲਿਖਿਆ ਮਨੁੱਖ ਮੰਦੇ ਕਰਮ ਕਰੇ ਤਾਂ ਉਸ ਨੂੰ ਵੇਖ ਕੇ ਅਨਪੜ੍ਹ ਮਨੁੱਖ ਨੂੰ ਘਬਰਾਉਣਾ ਨਹੀਂ ਚਾਹੀਦਾ। ਜੇ ਅਨਪੜ੍ਹ ਮਨੁੱਖ ਨੇਕ ਹੈ ਤਾਂ ਉਸ ਨੂੰ ਮਾਰ ਨਹੀਂ ਪੈਂਦੀ। ਜਿਹੋ ਜਿਹੀ ਕਰਤੂਤ ਹੋਵੇ, ਉਹੋ ਜਿਹਾ ਹੀ ਨਾਮ ਬਣਦਾ ਹੈ। ਉਸ ਵਿਚ ਪੜ੍ਹਨ ਜਾਂ ਨਾ ਪੜ੍ਹਨ ਦਾ ਮੁੱਲ ਨਹੀਂ ਪੈਂਦਾ।

ਗੁਰੂ ਨਾਨਕ ਸਾਹਿਬ ਨੇ ਇਹ ਵੀ ਫੁਰਮਾਇਆ-

**ਡਾ. ਹਰਸ਼ਿੰਦਰ ਕੌਰ, ਐੱਮ.ਡੀ.**
**ਫੋਨ: 0175-2216783**

ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ॥

(ਅੰਗ 471)

ਭੈੜੇ ਕੰਮਾਂ ਦਾ ਨਤੀਜਾ ਵੀ ਭੈੜਾ ਹੀ ਨਿਕਲਦਾ ਹੈ। ਜਿਹੜਾ ਵਧੀਕੀਆਂ ਕਰਦਾ ਹੈ, ਉਹ ਨੰਗਾ ਹੀ ਕੀਤਾ ਜਾਂਦਾ ਹੈ ਤੇ ਦੋਜਕ ਵਿਚ ਉਸ ਨੂੰ ਆਪਣਾ ਹੀ ਰੂਪ ਬੜਾ ਭਿਆਨਕ ਜਾਪਦਾ ਹੈ। ਭੈੜੇ ਕੰਮ ਕਰ ਕੇ ਅੰਤ ਵਿਚ ਪਛਤਾਉਣਾ ਹੀ ਪੈਂਦਾ ਹੈ।

ਕਪੜੁ ਰੂਪੁ ਸਾਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ॥

(ਅੰਗ 470)

ਇਹ ਜਿੰਦ ਰੂਪੀ ਸੋਹਣਾ ਸਰੀਰ ਤੇ ਪਹਿਨੇ ਕੱਪੜੇ ਇੱਥੇ ਹੀ ਛੱਡ ਕੇ ਜਾਣੇ ਹਨ। ਆਪਣੇ ਕੀਤੇ ਕਰਮਾਂ ਨੇ ਹੀ ਨਾਲ ਵੀ ਤੇ ਪਿੱਛੋਂ ਵੀ ਤੁਰਦੇ ਰਹਿਣਾ ਹੈ।

ਪੜਿ ਪੁਸਤਕ ਸੰਧਿਆ ਬਾਦੰ॥
ਸਿਲ ਪੂਜਸਿ ਬਗੁਲ ਸਮਾਧੰ॥
ਮੁਖਿ ਝੂਠ ਬਿਭੂਖਣ ਸਾਰੰ॥
ਤ੍ਰੈਪਾਲ ਤਿਹਾਲ ਬਿਚਾਰੰ॥
ਗਲ ਮਾਲਾ ਤਿਲਕੁ ਲਿਲਾਟੰ॥
ਦੁਹਿ ਧੋਤੀ ਬਸਤ੍ਰ ਕਪਾਟੰ॥
ਜੇ ਜਾਣਸਿ ਬ੍ਰਹਮੰ ਕਰਮੰ॥
ਸਭਿ ਫੋਕਟ ਨਿਸਚਉ ਕਰਮੰ॥ (ਅੰਗ 470)

ਗੁਰੂ ਨਾਨਕ ਸਾਹਿਬ ਦਾ ਮੰਨਣਾ ਹੈ ਕਿ ਪੰਡਤ ਵੇਦ ਪੜ੍ਹ ਕੇ, ਸੰਧਿਆ ਕਰ ਕੇ, ਮੂਰਤੀ ਪੂਜਾ ਕਰ ਕੇ, ਬਗਲੇ ਵਾਂਗ ਸਮਾਧੀ ਲਾ ਕੇ ਜੇ ਮੂੰਖੋਂ ਝੂਠ ਬੋਲ ਕੇ ਗਲ ਵਿਚ ਮਾਲਾ ਤੇ ਮੱਥੇ ਉੱਤੇ ਤਿਲਕ ਲਾਉਣ ਬਾਅਦ ਹਰ ਰੋਜ਼ ਭਾਵੇਂ ਤਿੰਨ ਵਾਰ ਗਾਇਤ੍ਰੀ ਮੰਤਰ ਵਿਚਾਰ ਲਵੇ, ਪਰ ਉਸ ਦੇ ਇਹ ਕੰਮ ਫੋਕੇ ਹੀ ਗਿਣੇ ਜਾਣਗੇ ਕਿਉਂਕਿ ਸਿਰਫ਼ ਸ਼ਰਧਾ ਧਾਰ ਕੇ ਰੱਬ ਨੂੰ ਸਿਮਰਨਾ ਹੀ ਗੁਣਕਾਰੀ ਸਾਬਤ ਹੁੰਦਾ ਹੈ।

ਇਹੋ ਗੱਲ ਗੁਰੂ ਨਾਨਕ ਸਾਹਿਬ ਵੱਲੋਂ ਹੋਰ ਵਧੀਆ ਤਰੀਕੇ ਅੰਗ 1286 ਉੱਤੇ ਵੀ ਸਮਝਾਈ ਮਿਲਦੀ ਹੈ-

ਨਾਨਕ ਦੁਨੀਆ ਚਾਰਿ ਦਿਹਾੜੇ ਸੁਖਿ ਕੀਤੈ ਦੁਖੁ ਹੋਈ॥

ਇਸ ਚਾਰ ਦਿਨਾਂ ਦੀ ਜ਼ਿੰਦਗੀ ਵਿਚ ਜੇ ਸਿਰਫ਼ ਮੌਜ ਹੀ ਮਾਣਦੇ ਰਹੀਏ ਤਾਂ ਅਖ਼ੀਰ ਦੁਖ ਹੀ ਮਿਲਦਾ ਹੈ। ਅੰਨ੍ਹੀ ਤੇ ਕਮਲੀ ਹੋਈ ਦੁਨੀਆ ਹਾਥੀ ਵਾਂਗ ਸ਼ੂਕਦੀ ਫ਼ੂਕਰਾਂ ਮਾਰਦੀ ਫਿਰਦੀ ਹੈ, ਪਰ ਇਹ ਸ਼ੂਕਣਾ ਜਦੋਂ ਮੁੱਕਦਾ ਹੈ, ਸਭ ਕੁੱਝ ਏਥੇ ਹੀ ਭਸਮ ਹੋ ਜਾਂਦਾ ਹੈ।

ਜਿਸ ਦੇ ਹਿਰਦੇ ਵਿਚ ਪ੍ਰੇਮ ਅਤੇ ਨਿਮਰਤਾ ਨਹੀਂ, ਉਹ ਦੁੱਖਾਂ ਦੇ ਸਮੁੰਦਰ ਵਿਚ ਜ਼ਰੂਰ ਡੁੱਬਦਾ ਹੈ।

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ॥

(ਅੰਗ 471)

ਇਸ ਭੂਮਿਕਾ ਤੋਂ ਬਾਅਦ ਪੰਚਤੰਤਰ ਵਾਲੇ ਗਿੱਦੜ ਦੀ ਗੱਲ ਕਰਦੇ ਹਾਂ ਜੋ ਗ਼ਲਤੀ ਨਾਲ ਭੱਜਦਾ ਹੋਇਆ ਜੰਗਲ ਵਿਚੋਂ ਸ਼ਹਿਰ ਵੱਲ ਨਿਕਲ ਆਇਆ ਸੀ। ਉਸ ਦੇ ਮਗਰ ਕੁੱਤੇ ਪੈ ਗਏ ਤਾਂ ਉਹ ਜਾਨ ਬਚਾਉਣ ਲਈ ਭੱਜ ਕੇ ਲਲਾਰੀ ਦੇ ਘਰ ਦੇ ਪਿਛਵਾੜੇ ਪਏ ਨੀਲ ਦੇ ਟੱਬ ਵਿਚ ਲੁਕ ਗਿਆ। ਜਦੋਂ ਕੁੱਤੇ ਚਲੇ ਗਏ ਤਾਂ ਉਹ ਬਚਦਾ ਬਚਾਉਂਦਾ ਬਾਹਰ ਨਿਕਲਿਆ। ਜਦੋਂ ਗਲੀ ਦੇ ਅਖ਼ੀਰ ਤੱਕ ਪਹੁੰਚਿਆ ਤਾਂ ਉੱਥੇ ਦੋ ਕੁੱਤੇ ਖੜ੍ਹੇ ਸਨ ਜੋ ਇਸ ਅਜੀਬ ਜਿਹੇ ਨੀਲੇ ਰੰਗ ਦੇ ਜਾਨਵਰ ਨੂੰ ਵੇਖ ਕੇ ਘਬਰਾ ਕੇ ਪਰ੍ਹਾਂ ਦੌੜ ਗਏ। ਗਿੱਦੜ ਨੂੰ ਇਹ ਪਤਾ ਨਹੀਂ ਸੀ ਕਿ ਉਸ ਦਾ ਰੰਗ ਨੀਲਾ ਹੋ ਚੁੱਕਿਆ ਸੀ। ਉਹ ਆਪ ਹੈਰਾਨ ਹੋ ਗਿਆ ਕਿ ਕੁੱਤੇ ਡਰੇ ਕਿਉਂ?

ਰਤਾ ਕੁ ਹੋਰ ਅੱਗੇ ਗਿਆ ਤਾਂ ਕੁੱਝ ਹੋਰ ਕੁੱਤੇ ਖੜ੍ਹੇ ਵੇਖ ਕੇ ਬਿਦਕ ਗਿਆ। ਪਰ, ਉਸ ਵੇਖਿਆ ਕਿ ਉਹ ਵੀ ਡਰ ਕੇ ਪਰ੍ਹਾਂ ਭੱਜ ਗਏ। ਉਹ ਉਸੇ ਹਾਲ ਵਿਚ ਜੰਗਲ ਪਹੁੰਚਿਆ ਤਾਂ ਉਸ ਵੇਖਿਆ ਕਿ ਸਾਰੇ ਹੀ ਉਸ ਨੂੰ ਵੇਖ ਕੇ ਡਰਨ ਲੱਗ ਪਏ ਸਨ। ਉਸ ਨੂੰ ਸਮਝ ਨਾ ਆਈ ਕਿ ਕੀ ਹੋ ਰਿਹਾ ਹੈ। ਜਦੋਂ ਉਹ ਪਾਣੀ ਪੀਣ ਛੱਪੜ ਵੱਲ ਗਿਆ ਤਾਂ ਉੱਥੇ ਆਪਣੀ ਸ਼ਕਲ ਵੇਖ ਕੇ ਉਹ ਸਮਝਿਆ ਕਿ ਉਸ ਦੇ ਉੱਪਰ ਚੜ੍ਹੇ ਰੰਗ ਕਰ ਕੇ ਲੋਕ ਉਸ ਨੂੰ ਪਛਾਣ ਨਹੀਂ ਰਹੇ।

ਬਸ ਫਿਰ ਕੀ ਸੀ! ਉਸ ਨੇ ਚੁਫ਼ੇਰੇ ਐਲਾਨ ਕਰ ਦਿੱਤਾ ਕਿ ਉਸ ਨੂੰ ਰੱਬ ਨੇ ਭੇਜਿਆ ਹੈ ਕਿ ਜੰਗਲ ਉੱਤੇ ਰਾਜ ਕਰੇ। ਸਭ ਨੂੰ ਉਸ ਨੇ ਵੱਖੋ-ਵੱਖ ਹੁਕਮ ਲਾ ਦਿੱਤੇ ਕਿ ਉਸ ਦੀ ਸੇਵਾ ਵਿਚ ਖਾਣ-ਪੀਣ ਦਾ ਸਮਾਨ ਲਿਆਉਣ। ਸ਼ੇਰ ਤੇ ਹਾਥੀ ਵੀ ਉਸ ਦਾ ਹੁਕਮ ਵਜਾਉਣ ਲੱਗੇ। ਚਲਾਕੀ ਨਾਲ ਉਸ ਨੇ ਜੰਗਲ ਵਿਚੋਂ ਸਾਰੇ ਗਿੱਦੜਾਂ ਨੂੰ ਬਾਹਰ ਕਢਵਾ ਦਿੱਤਾ ਕਿ ਖੌਰੇ ਉਹ ਹੁਆਂਕਣ ਲੱਗ ਪਏ ਤਾਂ ਬਦੋਬਦੀ ਆਦਤਨ ਉਹ ਆਪ ਵੀ ਉਨ੍ਹਾਂ ਨਾਲ ਹੀ ਕਿਤੇ ਆਵਾਜ਼ ਕੱਢ ਗਿਆ ਤਾਂ ਜਾਨਵਰ ਪਛਾਣ ਲੈਣਗੇ।

ਕਈ ਚਿਰ ਏਦਾਂ ਹੀ ਚੱਲਦਾ ਰਿਹਾ। ਅਚਾਨਕ ਇੱਕ ਦਿਨ ਕਿਤੇ ਦੂਰ ਗਿੱਦੜਾਂ ਦੇ ਹੁਆਂਕਣ ਦੀ ਆਵਾਜ਼ ਆਈ ਤਾਂ ਉਹ ਵੀ ਆਦਤਨ ਆਪਣੀ ਧੌਣ ਉੱਤੇ ਕਰ ਕੇ ਉਸ ਤਰ੍ਹਾਂ ਦੀ ਆਵਾਜ਼ ਕੱਢ ਗਿਆ।

ਆਵਾਜ਼ ਕੱਢਣ ਦੀ ਦੇਰ ਸੀ ਕਿ ਝੱਟਪਟ ਸਾਰੇ ਜਾਨਵਰ ਪਛਾਣ ਗਏ ਕਿ ਇਹ ਨੀਲੇ ਰੰਗ ਦਾ ਜਾਨਵਰ ਤਾਂ ਗਿੱਦੜ ਹੀ ਹੈ। ਗਿੱਦੜ ਨੇ ਜਾਨ ਬਚਾ ਕੇ ਭੱਜਣ ਦੀ ਬੜੀ ਕੋਸ਼ਿਸ਼ ਕੀਤੀ ਪਰ ਜਾਨਵਰਾਂ ਦੇ ਰੋਹ ਅੱਗੇ ਟਿਕ ਨਾ ਸਕਿਆ ਤੇ ਮਾਰ ਮੁਕਾ ਦਿੱਤਾ ਗਿਆ।

ਮੌਜੂਦਾ ਹਾਲਾਤ ਵੱਲ ਝਾਤ ਮਾਰੀਏ!

ਸੰਨ 2019 ਵਿਚ ਟਾਈਮਜ਼ ਆਫ਼ ਇੰਡੀਆ ਵਿਚ ਛਪੇ ਲੇਖ, "ਪੌਲੀਟਿਕਸ ਇਜ਼ ਆਰਟ ਔਫ਼ ਫੂਲਿੰਗ ਸਮ ਪੀਪਲ ਆਲ ਦ ਟਾਈਮ' ਵਿਚ ਸਪਸ਼ਟ ਕੀਤਾ ਗਿਆ ਕਿ ਲੋਕ ਬੇਵਕੂਫ਼ ਨਹੀਂ, ਪਰ ਸਿਆਸੀ ਘਾਘ ਕੁੱਝ ਲੋਕਾਂ ਨੂੰ ਹਮੇਸ਼ਾ ਅਤੇ ਕਈ ਵਾਰ ਸਾਰੇ ਲੋਕਾਂ ਨੂੰ ਕੁੱਝ ਸਮੇਂ ਲਈ ਆਪਣੇ ਚਲਿੱਤਰ ਵਰਤ ਕੇ ਬੇਵਕੂਫ਼ ਬਣਾ ਲੈਂਦੇ ਹਨ।

ਬਥੇਰੇ ਦੁਕਾਨਦਾਰ ਵੀ ਆਪਣਾ ਸਮਾਨ ਵੇਚਣ ਲਈ ਅਜਿਹਾ ਕਰਦੇ ਹਨ। ਇਸ ਲਈ ਪਹਿਲਾਂ ਕਮਜ਼ੋਰ ਤੇ ਛੇਤੀ ਭਰਮਾਏ ਜਾਣ ਵਾਲੇ ਲੋਕ ਚੁਣੇ ਜਾਂਦੇ ਹਨ। ਫਿਰ ਉਨ੍ਹਾਂ ਨੂੰ ਅਜਿਹਾ ਨਾਅਰਾ ਦੇ ਦਿੱਤਾ ਜਾਂਦਾ ਹੈ ਜਿਸ ਨਾਲ ਉਨ੍ਹਾਂ ਨੂੰ ਜਾਪਣ ਲੱਗ ਜਾਂਦਾ ਹੈ ਕਿ ਉਹ ਇਕਦਮ ਤਾਕਤਵਰ ਅਤੇ ਯੁੱਗ ਪਲਟਾਊ ਲੋਕ ਬਣ ਗਏ ਹਨ। ਇਸ ਭਰਮ ਨੂੰ ਪਾਲਦਿਆਂ ਆਮ ਲੋਕ ਆਪਣੇ ਆਪ ਨੂੰ ਯੁਗ ਪਲਟਾਊ ਤਾਕਤ ਮੰਨ ਕੇ ਸਿਆਸੀ ਲੋਕਾਂ ਦੇ ਅੰਨ੍ਹੇ ਭਗਤ ਹੋ ਨਿਬੜਦੇ ਹਨ।

ਇਹੀ ਕਾਰਨ ਹੈ ਕਿ 130 ਕਰੋੜ ਭਾਰਤੀਆਂ ਵਿਚੋਂ ਸਿਰਫ਼ 30 ਕਰੋੜ ਦੀਆਂ ਵੋਟਾਂ ਨਾਲ ਵੀ ਸਿਆਸੀ ਬੰਦਾ ਪੂਰੇ ਭਾਰਤ ਉੱਤੇ ਰਾਜ ਕਰਨ ਲਈ ਤਿਆਰ ਬਰ ਤਿਆਰ ਮਿਲਦਾ ਹੈ। ਅਜਿਹੀ ਜਿੱਤ ਉੱਤੇ ਭਰਮਾਏ ਗਏ ਲੋਕ ਹੋਰ ਭੂਤਰ ਜਾਂਦੇ ਹਨ ਤੇ ਹੁਕਮ ਵਜਾਉਣ ਲਈ ਤਤਪਰ ਰਹਿੰਦੇ ਹਨ ਜਿਵੇਂ ਰਾਜ ਉਹ ਆਪ ਹੀ ਕਰ ਰਹੇ ਹੋਣ ਤੇ ਸਿਆਸੀ ਬੰਦਾ ਸਿਰਫ਼ ਉਨ੍ਹਾਂ ਦੀ ਮਿਹਨਤ ਸਦਕਾ ਹੀ ਟਿਕਿਆ ਹੋਇਆ ਹੈ। ਅਜਿਹੇ ਅੰਨ੍ਹੇ ਭਗਤ ਕਦੇ ਵੀ ਗਿੱਦੜ ਉੱਤੇ ਹੋਏ ਨੀਲੇ ਰੰਗ ਨੂੰ ਪਛਾਣਦੇ ਨਹੀਂ ਭਾਵੇਂ ਉਨ੍ਹਾਂ ਦੇ ਆਪਣੇ ਹੱਕਾਂ ਦਾ ਵੀ ਘਾਣ ਹੋ ਰਿਹਾ ਹੋਵੇ।

ਇਹੀ ਨੁਕਤਾ ਹਰ ਸਿਆਸੀ ਆਗੂ ਅਪਣਾਉਣ ਲੱਗ ਗਿਆ ਹੈ ਕਿ ਉਸ ਨੇ ਸਿਰਫ਼ 35 ਤੋਂ 40 ਫੀਸਦੀ ਵੋਟਰਾਂ ਤੱਕ ਹੀ ਪਹੁੰਚ ਕਰਨੀ ਹੈ ਜਿਹੜੇ ਆਪਣੇ ਆਪ ਨੂੰ 'ਰੱਬ' ਦੇ ਅੰਨ੍ਹੇ ਭਗਤ ਮੰਨ ਕੇ ਸਿਆਸੀ ਤਾਕਤ ਵਿਚ ਆਪਣਾ ਪੂਰਾ ਹੱਥ ਮੰਨਦਿਆਂ 'ਝੂਠੇ' ਦੇਸ਼ ਭਗਤ ਵੀ ਆਪੇ ਹੀ ਬਣ ਜਾਂਦੇ ਹਨ।

ਇਸ ਤੋਂ ਅੱਗੇ ਬਹੁਤੀ ਮਿਹਨਤ ਕਰਨ ਦੀ ਲੋੜ ਨਹੀਂ ਹੁੰਦੀ। ਸਿਰਫ਼ ਵਿਚ-ਵਿਚ ਇੱਕ ਹੋਰ ਦੇਸ਼ ਭਗਤੀ ਦਾ ਨਾਅਰਾ, ਜਿਹੜਾ ਅੰਨ੍ਹੇ ਭਗਤਾਂ ਨੂੰ ਨਸ਼ੇ ਵਾਂਗ ਆਪਣੇ ਵਸ ਵਿਚ ਕਰ ਕੇ ਹੋਰ ਪੱਕੇ ਕਰਦਾ ਰਹਿੰਦਾ ਹੈ।

ਇਹ ਵਰਤਾਰਾ ਚੁੰਬਕ ਵਾਂਗ ਹੋਰ ਲੋੜਵੰਦਾਂ ਅਤੇ ਕਮਜ਼ੋਰਾਂ ਨੂੰ ਨਾਲ ਜੋੜਦਾ ਹੈ ਜਿਸ ਨਾਲ ਮਜ਼ਬੂਤ ਸੰਗਠਨ ਤਿਆਰ ਕਰ ਲਿਆ ਜਾਂਦਾ ਹੈ। ਇੰਜ ਸਿਆਸੀ ਪਾਰਟੀ ਆਪਣਾ ਕੇਡਰ ਵੀ ਤਿਆਰ ਕਰਦੀ ਰਹਿੰਦੀ ਹੈ ਤੇ ਆਪਣੀ ਸੀਟ ਪੱਕੀ ਕਰਨ ਦੇ ਨਾਲ ਆਪਣੇ ਰਿਸ਼ਤੇਦਾਰਾਂ ਨੂੰ ਵੀ ਪੱਕੇ ਸਿਆਸੀ ਘਾਘ ਬਣਾ ਕੇ ਪੂਰਾ ਝੁੰਡ ਤਿਆਰ ਕਰ ਲੈਂਦੀ ਹੈ।

ਜਦੋਂ ਰਤਾ ਕੁ ਸੀਟ ਖੁੱਸਦੀ ਜਾਪੇ ਤਾਂ ਅੰਨ੍ਹੇ ਭਗਤਾਂ ਨੂੰ ਮੁਲਕ ਉੱਤੇ ਨਾਲ ਦੇ ਦੇਸ਼ ਵੱਲੋਂ ਹੋ ਚੱਲੇ ਹੱਲੇ ਬਾਰੇ ਝੂਠ ਬੋਲ ਕੇ ਸੱਚੇ ਦੇਸ਼ ਭਗਤ ਸਾਬਤ ਹੋ ਜਾਣ ਲਈ ਫਿਰ ਫੂਕ ਛਕਾ ਦਿੱਤੀ ਜਾਂਦੀ ਹੈ।

ਇਹੀ ਕੁੱਝ ਸਾਹਮਣੇ ਵਾਲੀ ਸਿਆਸੀ ਪਾਰਟੀ ਦੇ ਬੰਦਿਆਂ ਨੂੰ ਭ੍ਰਿਸ਼ਟਾਚਾਰੀ ਜਾਂ ਦੇਸ਼-ਧ੍ਰੋਹੀ ਸਾਬਤ ਕਰਨ ਲਈ ਕੀਤਾ ਜਾਂਦਾ ਹੈ।

ਜੇ ਏਨੀ ਕੁ ਜਾਣਕਾਰੀ ਨਾਲ ਸਭ ਸਮਝ ਆ ਗਈ ਹੋਵੇ ਤਾਂ ਅੱਗੋਂ ਮੇਰੇ ਕਹਿਣ ਲਈ ਕੁੱਝ ਨਹੀਂ ਬਚਿਆ। ਗੁਰੂ ਸਾਹਿਬ ਨੇ ਤਾਂ ਪਹਿਲਾਂ ਹੀ ਸਭ ਕੁੱਝ ਸਮਝਾਇਆ ਹੋਇਆ ਹੈ। ਸਿਰਫ਼ ਸਿਆਣੇ ਬਣਨ ਦੀ ਲੋੜ ਰਹਿ ਗਈ ਹੈ!

ਯਾਤਰਾਵਾਂ, ਤਿਰੰਗਾ, ਜਾਤ-ਪਾਤ, ਹਿੰਸਾ, ਧਾਰਮਿਕ ਵੰਡਾਂ, ਵਤਨੋਂ-ਪਾਰ ਪਹੁੰਚਦੇ ਫੰਡ, ਐਨ.ਆਰ.ਆਈ. ਸੰਮੇਲਨ, ਅਤਿਵਾਦੀ ਹਮਲੇ, ਸਰਹੱਦੀ ਖ਼ਤਰੇ, ਧਾਰਮਿਕ ਸਮਾਗਮ ਅਤੇ ਹੋਰ ਵੀ ਅਣਗਿਣਤ ਅਜਿਹੇ ਕਾਰਜਾਂ ਪਿੱਛੇ ਕੀ ਮਨਸ਼ਾ ਹੈ, ਮੈਨੂੰ ਦੱਸਣ ਦੀ ਲੋੜ ਨਹੀਂ!

ਅਖ਼ੀਰ ਵਿਚ ਇਕ ਗੱਲ ਦੀ ਸਿਫ਼ਤ ਕਰਨੀ ਬਣਦੀ ਹੈ। ਮੌਜੂਦਾ ਸਿਆਸੀ ਘਾਘ ਪਹਿਲਿਆਂ ਨਾਲੋਂ ਵੱਧ ਸਿਆਣੇ ਹੋ ਚੁੱਕੇ ਹਨ। ਉਹ ਪਹਿਲਾਂ ਵਾਲੇ ਪੈਂਤੜੇ ਤਾਂ ਵਰਤਦੇ ਹੀ ਹਨ, ਪਰ ਮੀਡੀਆ ਦੀ ਸੰਘੀ ਘੁੱਟਣੀ, ਮੁਫ਼ਤਖੋਰੀ, ਈ.ਡੀ., ਵਿਜੀਲੈਂਸ ਅਤੇ ਝੂਠੇ ਕੇਸ ਵਰਗੇ ਅਚੂਕ ਹਥਿਆਰ ਵਰਤ ਕੇ ਨਵਾਂ ਇਤਿਹਾਸ ਸਿਰਜਣ ਵੱਲ ਤੁਰ ਪਏ ਹਨ! ਰੱਬ ਖ਼ੈਰ ਕਰੇ ਕਿਉਂਕਿ ਅਜਿਹੇ ਲੋਕਾਂ ਦਾ ਅੰਤ ਤਾਂ ਉਹੀ ਹੈ-

ਨੰਗਾ ਦੋਜਕਿ ਚਾਲਿਆ।

# ਸ਼ੇਰਗਿੱਲ ਪੁੱਤ ਸਰਦਾਰਾਂ ਦਾ-ਮਾਸਟਰ ਮੋਹਣ ਸਿੰਘ ਰਾਇਪੁਰ ਡੱਬਾ

ਮਾਹਿਲ-ਗੈਹਿਲਾ ਹਾਈ ਸਕੂਲ 'ਚ ਮਾਸਟਰ ਮੋਹਣ ਸਿੰਘ ਸ਼ੇਰਗਿੱਲ ਚੰਗੀ ਪ੍ਰਸਨੈਲਟੀ ਰੱਖਦਾ ਅੰਗਰੇਜ਼ੀ ਦਾ ਅਧਿਆਪਕ ਸੀ। ਹੈੱਡਮਾਸਟਰ ਸ. ਗੁਰਦਿਆਲ ਸਿੰਘ ਮਾਹਲ ਤੇ ਸੈਕਿੰਡ ਹੈੱਡ ਸ. ਮੋਹਣ ਸਿੰਘ ਸਨ। ਖੂੰਡੀਆਂ ਮੁੱਛਾਂ, ਹੱਥ 'ਚ ਡੰਡਾ, ਕਹਿਣਾ ਕੁਝ ਨਹੀਂ, ਬੱਸ ਤੱਕਣੀ ਹੀ ਵਿਦਿਆਰਥੀਆਂ ਨੂੰ ਪੈਰੋਂ ਹਿਲਾ ਦਿੰਦੀ। ਉਹ ਅਧਿਆਪਕ ਘੱਟ ਤੇ ਪੁਲਿਸ ਅਫ਼ਸਰ ਵੱਧ ਲੱਗਦਾ। ਕਲਾਸ 'ਚ ਕਿਸੇ ਵਿਦਿਆਰਥੀ ਨੇ ਗੱਲ ਤਾਂ ਕੀ ਕਰਨੀ ਸਗੋਂ ਦੇਖ ਕੇ ਸਾਹ ਸੁੱਕਿਆ ਰਹਿੰਦਾ। ਕੁੜੀਆਂ-ਮੁੰਡਿਆਂ ਦੀ 'ਕੱਠੀ ਕਲਾਸ ਕਰਕੇ ਅਨੁਸ਼ਾਸ਼ਨ ਲਈ ਹਮੇਸ਼ਾਂ ਵਚਨਬੱਧ ਸੀ। ਅਨੁਸ਼ਾਸ਼ਨ, ਚੰਗੀ ਸਿੱਖਿਆ, ਖੇਡਾਂ ਦੇ ਸੁੰਦਰ

**ਇਕਬਾਲ ਸਿੰਘ ਜੱਬੋਵਾਲੀਆ**
**ਫੋਨ: 917-375-6395**

ਸੁਮੇਲ ਦਾ ਨਾਂ ਸੀ, ਮਾਸਟਰ ਮੋਹਣ ਸਿੰਘ।

ਉਨ੍ਹਾਂ ਪੰਜਾਬ ਯੂਨੀਵਰਸਿਟੀ ਤੋਂ ਸਭ ਤੋਂ ਵੱਧ ਅੰਕ ਲੈ ਕੇ ਬੀ ਏ, ਬੀ ਐੱਡ ਤੇ ਐਮ ਏ ਦੀ ਪੜ੍ਹਾਈ ਕੀਤੀ। ਉਹਦੇ ਦੋ ਹੀ ਨਿਸ਼ਾਨੇ, ਵਿਦਿਆਰਥੀਆਂ ਨੂੰ ਉਚੇਰੀ ਸਿੱਖਿਆ ਤੇ ਖੇਡਾਂ ਨਾਲ ਜੋੜਨਾ ਸੀ। ਰਾਇਪੁਰ ਡੱਬਾ ਪਹਿਲਵਾਨਾਂ ਦਾ ਪਿੰਡ ਹੋਣ ਕਰਕੇ ਉਹ ਵੀ ਕਬੱਡੀ, ਵਾਲੀਬਾਲ ਤੇ ਫ਼ੁੱਟਬਾਲ ਖੇਡਿਆ। ਖੁਦ ਖਿਡਾਰੀ ਰਿਹਾ ਹੋਣ ਕਰਕੇ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੋੜਨਾ ਕੁਦਰਤੀ ਸੀ।

ਪਹਿਲਾਂ ਪਹਿਲ ਉਹ ਪਿੰਡੋਂ ਮਾਹਿਲ-ਗੈਹਿਲਾ ਹਾਈ ਸਕੂਲ ਸਾਈਕਲ 'ਤੇ ਜਾਇਆ


ਸ. ਮੋਹਣ ਸਿੰਘ ਆਪਣੇ ਸ਼ਾਗਿਰਦ ਤੇ ਲੇਖਕ ਇਕਬਾਲ ਸਿੰਘ ਨਾਲ।

ਕਰਦੇ ਸਨ ਫਿਰ ਸਕੂਟਰ 'ਤੇ ਆਉਣ-ਜਾਣ ਹੋਣ ਲੱਗਾ। ਮਗਰੋਂ ਕਾਰ ਲੈ ਲਈ। ਸੈਂਤੀ ਸਾਲਾਂ ਦੀ ਨੌਕਰੀ ਤੋਂ ਬੇਦਾਗ਼ ਰਿਟਾਇਰਮੈਂਟ ਹੋਏ। ਸੇਵਾਮੁਕਤੀ ਤੋਂ ਬਾਅਦ ਹੁਣ ਆਲੇ-ਦੁਆਲੇ ਇਲਾਕੇ ਦੇ ਪਿੰਡਾਂ ਜਾਂ ਬੰਗੀਂ ਕਾਰ 'ਤੇ ਭਲਵਾਨੀ ਗੇੜੀ ਮਾਰ ਆਉਂਦੇ ਨੇ ਤੇ ਸੱਜਣਾਂ-ਮਿੱਤਰਾਂ ਨੂੰ ਮਿਲਗਿਲ ਲੈਂਦੇ ਨੇ।

ਮਾਹਿਲ-ਗੈਹਿਲਾ ਹਾਈ ਸਕੂਲ ਪਹਿਲਾਂ ਪ੍ਰਾਈਵੇਟ ਸੀ ਤੇ ਸੰਨ 1975 ਵਿਚ ਫਿਰ ਪ੍ਰਾਈਵੇਟ ਤੋਂ ਸਰਕਾਰੀ ਬਣ ਗਿਆ। ਜਿੱਥੇ ਸੰਨ "67 ਤੋਂ "77 ਤੱਕ ਦਸ ਸਾਲ ਪੜ੍ਹਾਇਆ। ਇਲਾਕੇ ਦੇ ਸਕੂਲਾਂ 'ਚ ਮਾਹਿਲ-ਗੈਹਿਲਾ ਸਕੂਲ ਦੀ ਫ਼ੁੱਟਬਾਲ ਟਾਪ ਟੀਮ ਸੀ। ਸੰਨ "75 ਦੇ ਖਿਡਾਰੀਆਂ 'ਚ ਸੋਹਣ ਸਿੰਘ ਮੋਰਾਂਵਾਲੀ, ਸਰਬਜੀਤ ਸੱਬੀ ਮੋਰਾਂਵਾਲੀ, ਸੱਤਾ ਨੌਰਾ, ਪਾਲੀ ਭੌਰਾ, ਗੁਰਮੇਲ ਗੇਲਾ ਸੂਰਾਪੁਰ, ਬਲਵੀਰ ਵੀਰਾ ਨੌਰਾ, ਦਰਸ਼ਨ ਨੌਰਾ, ਸ਼ਿੰਦਰ ਮਾਹਿਲ, ਜਗਵਿੰਦਰ ਕਾਲਾ, ਜੋਗਾ ਭੌਰ, ਡਾਕਟਰ ਮਾਹਿਲ-ਗੈਹਿਲਾ, ਸਤੀਸ਼ ਝਿੱਕਾ, ਪਿੰਦਾ ਪੱਲੀਆ ਸ਼ਾਮਲ ਸਨ। ਸ. ਤਰਸੇਮ ਸਿੰਘ ਨੌਰਾ ਹਰ ਸਾਲ ਟੀਮ ਤਿਆਰ ਕਰਦਾ, ਜੋ ਖੁਦ ਫ਼ੁੱਟਬਾਲ ਦਾ ਵਧੀਆ ਖਿਡਾਰੀ ਹੋਣ ਕਰਕੇ ਕਿੱਟ ਪਾ ਖਿਡਾਰੀਆਂ ਨਾਲ ਗਰਾਊਂਡ ਵੜ ਜਾਂਦਾ।

ਫ਼ੁੱਟਬਾਲ ਮਾਹਿਲ-ਗੈਹਿਲਾ ਹਾਈ ਸਕੂਲ ਦੀ ਇਲਾਕੇ ਦੀ ਨਾਮੀ ਟੀਮ ਸੀ। ਹੈੱਡਮਾਸਟਰ ਗੁਰਦਿਆਲ ਸਿੰਘ ਮਾਹਲ ਨੇ ਕਬੱਡੀ 'ਬੀ' ਟੀਮ ਤਿਆਰ ਕਰਨ ਲਈ ਸ. ਮੋਹਣ ਸਿੰਘ ਦੀ ਡਿਊਟੀ ਲਾਈ। ਸ. ਮੋਹਣ ਸਿੰਘ ਨੇ ਕਿਹਾ, 'ਕਬੱਡੀ ਦੀ ਟੀਮ ਬਣਾਉਣੀ ਵੀ ਆ ਤੇ ਜਿੱਤਣੀ ਵੀ ਆ।'

ਸਕੂਲ ਦੇ ਸਿਹਤਮੰਦ ਵਿਦਿਆਰਥੀ ਛਾਂਟ-ਛਾਂਟ ਸ. ਮੋਹਣ ਸਿੰਘ ਨੇ ਸਕੂਲ ਦੀ 'ਬੀ' ਟੀਮ ਤਿਆਰ ਕੀਤੀ। ਟੀਮ ਦੀ ਚੰਗੀ ਤਿਆਰੀ ਕਰਾ ਜ਼ੋਨਲ ਮੈਚਾਂ ਵਾਸਤੇ ਤਿਆਰ ਹੋ ਗਏ। ਜ਼ੋਨਲ ਵਿਚ ਮਾਹਿਲ- ਗੈਹਿਲਾ ਹਾਈ ਸਕੂਲ ਨੇ ਕਰਨਾਣਾ ਹਾਈ ਸਕੂਲ ਨੂੰ ਹਰਾ ਕੇ ਜ਼ੋਨ ਜਿੱਤਿਆ। ਉਦੋਂ ਅਸ਼ੋਕ ਭੌਰਾ ਵੀ ਟੀਮ ਦਾ ਖਿਡਾਰੀ ਸੀ। ਪਿੰਡ ਭੌਰੇ ਦਾ ਹੀ ਇਕ ਹੋਰ ਬਿੱਲੇ ਨਾਂ ਦੇ ਖਿਡਾਰੀ ਨੇ ਹਟ-ਹਟ ਕੌਡੀਆਂ ਪਾਈਆਂ। ਕਿਸੇ ਤੋਂ ਰੁਕਿਆ ਨਾ। ਸਾਰਾ ਸਕੂਲ ਤੇ ਸਟਾਫ਼ ਮੈਚ ਵੇਖ ਰਿਹਾ ਸੀ। ਹੈੱਡਮਾਸਟਰ ਗੁਰਦਿਆਲ ਸਿੰਘ ਮੈਚ ਵੇਖਦੇ ਵਿਚਾਲਿਓਂ ਉਠ ਕੇ ਚਲੇ ਗਏ, ਪਤਾ ਨਹੀਂ ਕਿਓਂ? ਮਾਹਿਲ-ਗੈਹਿਲਾ ਹਾਈ ਸਕੂਲ, ਕਰਨਾਣਾ ਹਾਈ ਸਕੂਲ ਤੋਂ ਇਕ ਨੰਬਰ ਨਾਲ ਜੇਤੂ ਰਿਹਾ।

ਮੈਚ ਮੁੱਕਦੇ ਹੀ ਮਾਸਟਰ ਮੋਹਣ ਸਿੰਘ ਨੇ ਹੈੱਡਮਾਸਟਰ ਗੁਰਦਿਆਲ ਸਿੰਘ ਨੂੰ ਜਾ ਕੇ ਪੁੱਛਿਆ, 'ਹਾਂ ਜੀ, ਉਠ ਕੇ ਕਿਉਂ ਚਲੇ ਗਏ ਸੀ, ਮੈਚ ਚੰਗਾ ਨੀ ਲੱਗਾ ਜਾਂ ਮੈਚ ਹਰ ਜਾਣ ਦਾ ਡਰ ਸੀ?'

'ਨਹੀਂ, ਮੋਹਣ ਸਿੰਹਾਂ, ਉਹ ਗੱਲ ਨਈਂ, ਮੁੰਡਾ ਬਿੱਲਾ ਬੜਾ ਤਕੜਾ ਖੇਡ ਰਿਹਾ ਸੀ, ਉਹ ਤੇਰੇ ਪਿੰਡ ਰਾਇਪੁਰ ਡੱਬੇ ਦਾ ਜਾਂ ਹੋਰ ਕਿਸੇ ਪਿੰਡ ਦਾ?'

"ਨਹੀਂ ਜੀ, ਉਹ ਮੁੰਡਾ ਆਪਣੇ ਹੀ ਸਕੂਲ ਦਾ ਵਿਦਿਆਰਥੀ ਐ, ਪਿੰਡ ਭੌਰੇ ਦਾ।"

ਇਹ ਸੁਣ ਸ. ਗੁਰਦਿਆਲ ਸਿੰਘ ਬੜਾ ਖੁਸ਼ ਹੋਇਆ ਤੇ ਮਿਹਨਤ ਨਾਲ ਤਿਆਰ ਕੀਤੀ ਟੀਮ ਲਈ ਸ. ਮੋਹਣ ਸਿੰਘ ਨੂੰ ਮੁਬਾਰਕਬਾਦ ਦਿੱਤੀ। ਫ਼ੁੱਟਬਾਲ ਟੀਮ 'ਚੋਂ ਵਧੇ ਖਿਡਾਰੀ ਕਬੱਡੀ ਟੀਮ ਵਿਚ ਸੈੱਟ ਕਰ ਲਏ ਸਨ।

'ਬੀ' ਟੀਮ ਵਧੀਆ ਪ੍ਰਦਰਸ਼ਨ ਕਰਕੇ 'ਬੀ' ਤੋਂ ਮੇਜਰ ਟੀਮ ਬਣ ਗਈ। ਮਾਸਟਰ ਮੋਹਣ ਸਿੰਘ ਦੀ ਮਿਹਨਤ ਨੂੰ ਫ਼ਲ ਲੱਗਾ ਤੇ ਸੇਹਰਾ ਸਿਰ ਬੱਝਾ। ਫ਼ੁੱਟਬਾਲ ਤੇ ਕਬੱਡੀ ਬਰਾਬਰ ਟੀਮਾਂ ਚੱਲੀਆਂ।

ਰਾਇਪੁਰ ਡੱਬੇ ਦੀ ਜਿੱਥੇ ਪਹਿਲਵਾਨੀ ਮਸ਼ਹੂਰ ਹੈ, ਓਥੇ ਕਬੱਡੀ ਵੀ ਤਕੜੀ ਖੇਡ ਜਾਂਦੇ ਸਨ। ਕਈ ਵਾਰ ਦੋਂਹ ਬੁਲੇਟ-ਮੋਟਰਸਾਈਕਲਾਂ 'ਤੇ ਤਿੰਨ-ਤਿੰਨ ਬਹਿ ਕੇ ਚਲੇ ਜਾਂਦੇ ਸਨ ਤੇ ਚੰਗੇ ਨੰਬਰਾਂ 'ਤੇ ਜਿੱਤ ਜਾਂਦੇ। ਕਬੱਡੀ ਤੇ ਪਹਿਲਵਾਨੀ ਦਾ ਬੜਾ ਜਨੂੰਨ ਸੀ।

ਇਕ ਵਾਰ ਨੌਰੇ ਟੂਰਨਾਮੈਂਟਾਂ 'ਤੇ ਰਾਇਪੁਰ ਡੱਬਾ ਤੇ ਬੈਂਸਾਂ ਦਾ ਕਬੱਡੀ ਮੈਚ ਪੈ ਗਿਆ। ਬੈਂਸਾਂ ਦੀ ਟੀਮ 'ਚ ਮੋਹਣ ਸਿੰਘ ਦੇ ਸ਼ਾਗਿਰਦ ਵਿਦਿਆਰਥੀ ਦੁੰਮਣ ਹੁਣੀਂ ਖੇਡ ਰਹੇ ਸਨ। ਓਦੋਂ ਮੋਹਣ ਸਿੰਘ ਵੀ ਜੁਆਨੀ ਪਹਿਰ ਪੂਰਾ ਕਾਇਮ ਸੀ। ਉਸਤਾਦ ਸ਼ਾਗਿਰਦ ਦੀਆਂ ਚੰਗੀਆਂ ਝੜਪਾਂ ਹੋਈਆਂ ਤਾਂ ਸ. ਮੋਹਣ ਸਿੰਘ ਨੇ ਦੁੰਮਣ ਨੂੰ ਦੱਸ ਦਿਤਾ ਉਸਤਾਦ, ਉਸਤਾਦ ਹੀ ਹੁੰਦੈ।

ਸ. ਮੋਹਣ ਸਿੰਘ ਮੱਲਪੁਰ ਵਾਲੇ ਹਰੀ ਦੀ ਗੇਮ ਨੂੰ ਬੜਾ ਪਸੰਦ ਕਰਦੇ ਸਨ। ਕਲਾਸ ਵਿਚ ਇਕ ਵਾਰ ਮੈਨੂੰ ਕਹਿਣ ਲੱਗੇ, 'ਇਕਬਾਲ ਕੱਲ੍ਹ ਨੂੰ ਪਤਾ ਕਰ ਕੇ ਆਈਂ, ਹਰੀ ਕਿੱਥੇ ਮਿਲੂ।' ਸ਼ਾਇਦ ਉਨ੍ਹੀਂ ਉਹਨੂੰ ਕਿਤੇ ਖੇਡਣ ਲੈ ਕੇ ਜਾਣਾ ਸੀ। ਕਿਉਂਕਿ ਹਰੀ ਤਕੜਾ ਕਬੱਡੀ ਖਿਡਾਰੀ ਸੀ, ਕਈ ਵਾਰ 'ਕੱਲਾ ਤਕੜੀਆਂ ਟੀਮਾਂ ਨਾਲ ਭਿੜ ਜਾਂਦਾ ਸੀ।

ਸਾਡੇ ਸਮੇਂ ਮਾਹਿਲ-ਗੈਹਿਲਾ ਹਾਈ ਸਕੂਲ


ਮਾਸਟਰ ਮੋਹਣ ਸਿੰਘ ਸ਼ੇਰਗਿੱਲ।

'ਚ ਭਲਵਾਨੀ ਦਿੱਖ ਵਾਲੇ ਬੜੇ ਪੁਰਾਣੇ ਝਿੱਕੇ ਵਾਲੇ ਲੇਖ ਰਾਜ ਹਿੰਦੀ ਮਾਸਟਰ ਨੇ ਹਰ ਹਫ਼ਤੇ ਦੀ ਤਰ੍ਹਾਂ ਉਸ ਦਿਨ ਫਿਰ ਪੱਗਾਂ ਵਾਲੇ ਖੜ੍ਹੇ ਕਰ ਲਏ। ਕੰਨ ਫ਼ੜਾ ਕਲਾਸ ਦੇ ਕਿਸੇ ਵਿਦਿਆਰਥੀ ਦਾ ਮਜ਼ਬੂਤ ਖਾਕੀ ਬੂਟ ਲੁਹਾ ਉਹਨੂੰ ਸਾਡੇ ਮਾਰਨ ਨੂੰ ਕਹਿ ਦਿੱਤਾ। ਉਹ ਸਾਡੇ ਹੌਲੀ ਹੌਲੀ ਮਾਰਨ ਲੱਗਾ। ਪੋਲਾ ਪੋਲਾ ਮਾਰ ਰਹੇ ਨੂੰ ਮਾਸਟਰ ਲੇਖ ਰਾਜ ਖੜ੍ਹਾ ਦੇਖੀ ਗਿਆ। ਗੁੱਸੇ 'ਚ ਆਏ ਲੇਖ ਰਾਜ ਨੇ ਉਹਦੇ ਕੋਲੋਂ ਬੂਟ ਜਾ ਫ਼ੜਿਆ ਤੇ ਐਦਾਂ ਮਾਰੀਦਾ ਕਹਿ ਉਹਦੇ 'ਠਾਹ' ਕਰਦਾ ਮਾਰਿਆ।

"ਮਰ ਗਿਆ ਮਾਸਟਰ ਜੀ" ਕਹਿ ਉਹ ਮੁੰਡਾ ਟੱਪਿਆ।

"ਮੈਂ ਕਿਓਂ ਮਰਾਂ ਓਏ, ਕਹਿੰਦੇ ਇਕ ਹੋਰ ਜੜ 'ਤਾ।"

ਲੇਖ ਰਾਜ ਨੇ ਫਿਰ ਸਾਡੇ ਵੱਲ ਤਿਆਰੀ ਖਿੱਚ ਲਈ। ਬੂਟ ਚੁੱਕੀ ਪੱਬਾਂ ਭਾਰ ਉਹ ਪੂਰੀ ਤਿਆਰੀ 'ਚ ਖੜ੍ਹਾ ਸੀ। ਸਾਡੀ ਚੰਗੀ ਕਿਸਮਤ ਨੂੰ ਮਾਸਟਰ ਮੋਹਣ ਸਿੰਘ ਓਧਰੋਂ ਆ ਗਏ। ਭੌਰੇ ਵਾਲਾ (ਸਵ.) ਪਾਲੀ ਉਠ ਕੇ ਖੜ੍ਹ ਗਿਆ ਤੇ ਮੋਹਣ ਸਿੰਘ ਨੂੰ ਕਹਿਣ ਲੱਗਾ "ਮਾਸਟਰ ਜੀ ਬਚਾ ਲੋ ਸਾਨੂੰ, ਅੱਜ ਫਿਰ ਸਾਡੇ ਵੱਜਣ ਲੱਗੀਆਂ।"

"ਚਲੋ ਛੱਡੋ ਪੰਡਿਤ ਜੀ, ਜਾਣ ਦਿਓ ਅੱਜ ਮੁੰਡਿਆਂ ਨੂੰ।"

ਇੰਨਾ ਸੁਣਦੇ ਹੀ ਬੂਟ ਉਲਾਰੀ ਖੜ੍ਹਾ ਲੇਖ ਰਾਜ ਠੰਡਾ ਪੈ ਗਿਆ ਤੇ ਜਾ ਕੇ ਉਸੇ ਮੁੰਡੇ ਦੇ ਦੁਬਾਰਾ ਜੜ 'ਤਾ। ਸਾਰਾ ਗੁੱਸਾ ਉਸ ਮੁੰਡੇ 'ਤੇ ਕੱਢ 'ਤਾ। ਚਲੋ ਸਾਡਾ ਤਾਂ ਬਚਾਅ ਹੋ ਗਿਆ ਮਾਸਟਰ ਮੋਹਣ ਸਿੰਘ ਦੇ ਕਹਿਣ 'ਤੇ। ਪਰ ਅੱਜ ਤੱਕ ਸਾਨੂੰ ਇਹ ਸਮਝ ਨਹੀਂ ਆਈ ਲੇਖ ਰਾਜ ਸਿਰਫ਼ ਪੱਗਾਂ ਵਾਲਿਆਂ ਦੀ ਹੀ ਹਰ ਹਫ਼ਤੇ ਕਿਓਂ ਮਿੱਟੀ ਝਾੜਦਾ ਸੀ?

ਸ. ਮੋਹਣ ਸਿੰਘ ਜਿੱਥੇ ਪੜ੍ਹਾਈ ਲਈ ਸਖ਼ਤ ਸੀ ਉਥੇ ਵਿਦਿਆਰਥੀਆਂ ਨਾਲ ਕਈ ਵਾਰ ਦੋਸਤਾਨਾ ਸੁਭਾਅ ਵੀ ਹੋ ਜਾਂਦਾ। ਡੰਡਾ ਲਿਆਉਣ ਲਈ ਸ਼ਿੰਦਰ ਮਾਹਲ ਨੂੰ-"ਰਿੰਗ ਲੀਡਰਾ ਲਿਆਈਂ ਡੰਡਾ ਜਰਾ" ਸੁਣਦੇ ਹੀ ਸ਼ਿੰਦਰ ਨੇ ਭੱਜ ਕੇ ਡੰਡਾ ਲੈ ਆਉਣਾ। ਜੇ ਕਿਤੇ ਗੀਤ ਸੁਣਨਾ ਹੁੰਦਾ ਤਾਂ ਸੁੱਜੋਂ-ਸੂਰਾਪੁਰ ਵਾਲੇ ਸਰਬਜੀਤ ਸਿੰਘ ਗਿੱਦਾ ਨੂੰ ਕਹਿ ਦੇਣਾ।

ਉਦੋਂ ਸਟਾਫ਼ 'ਚ ਸ. ਗੁਰਦਿਆਲ ਸਿੰਘ ਮਾਹਲ ਤੇ ਸ. ਮੋਹਣ ਸਿੰਘ (ਇੰਗਲਿਸ਼), ਸ. ਤਰਸੇਮ ਸਿੰਘ ਨੌਰਾ (ਹਿਸਟਰੀ), ਸ੍ਰੀ ਮੰਗਤ ਰਾਮ (ਇੰਗਲਿਸ਼), ਪੰਡਿਤ ਲੇਖ ਰਾਜ ਝਿੱਕਾ, ਸ. ਸ਼ਮਸ਼ੇਰ ਸਿੰਘ (ਮੈਥ), ਸ. ਜਸਵੰਤ ਸਿੰਘ (ਮੈਥ), ਸ. ਜ਼ੋਰਾਵਰ ਸਿੰਘ, ਕੇਦਾਰਨਾਥ, ਸ. ਗਿਆਨ ਸਿੰਘ (ਪੰਜਾਬੀ) ਤੇ ਚੁਘੂ ਪੀ ਟੀ ਆਈ ਸੀ, ਉਹਦਾ ਨਾਂ ਤਾਂ ਕੋਈ ਹੋਰ ਸੀ ਪਰ ਉਹਦੀ ਅੱਲ ਚੁਘੂ ਕਰਕੇ ਪਈ ਹੋਈ ਸੀ। ਇਨ੍ਹਾਂ ਵਿਚੋਂ ਸ. ਮੋਹਣ ਸਿੰਘ, ਮਾਸਟਰ ਮੰਗਤ ਰਾਮ ਤੇ ਸ. ਤਰਸੇਮ ਸਿੰਘ ਨੌਰਾ ਮੇਰਾ ਕੁਝ ਜ਼ਿਆਦਾ ਖਿਆਲ ਰੱਖਦੇ, ਵੱਡੇ ਭਾਈ ਹੈੱਡਮਾਸਟਰ ਗਿਆਨ ਸਿੰਘ ਨੂੰ ਜਾਣਦੇ ਕਰਕੇ। ਸ. ਗੁਰਦਿਆਲ ਸਿੰਘ ਨੇ ਤਾਂ ਇਕ ਵਾਰ ਮੇਰਾ ਜ਼ਿਕਰ ਵੀ ਕੀਤਾ ਸੀ ਕਿ ਆਹ ਮੁੰਡੇ ਦੀ ਜਲੰਧਰ ਦਫ਼ਤਰੋਂ ਸਿਫ਼ਾਰਸ਼ ਵੀ ਆਈ ਹੋਈ ਐ। ਉਦੋਂ ਨੌਵੀਂ 'ਚ ਪੜ੍ਹਦੇ ਮੇਰਾ ਕੱਦ ਵੀ ਛੋਟਾ ਜਿਹਾ ਸੀ ਤੇ ਹੁੰਦਾ ਵੀ ਸ਼ਰਮਾਕਲ ਜਿਹਾ। ਦਸਵੀਂ 'ਚ ਹੋਇਆ ਤਾਂ ਕੱਦ ਇਕਦਮ ਵਧ ਗਿਆ।

ਮਾਹਿਲ-ਗੈਹਿਲਾ ਤੋਂ ਬਾਅਦ ਸ. ਮੋਹਣ ਸਿੰਘ ਨੇ ਸੰਨ '77 ਤੋਂ '79 ਦੋ ਸਾਲ ਆਪਣੇ ਪਿੰਡ ਰਾਇਪੁਰ ਡੱਬੇ ਪੜ੍ਹਾਇਆ। ਉਥੇ ਵੀ ਵਿਦਿਆਰਥੀਆਂ ਨੂੰ ਚੰਗੀ ਸਿੱਖਿਆ, ਖੇਡਾਂ ਤੇ ਪਹਿਲਵਾਨੀ ਦੇ ਰਾਹ ਤੋਰਿਆ ਤੇ ਨਾਲ ਦੀ ਨਾਲ ਸਕੂਲ ਦਾ ਵਿਕਾਸ ਵੀ ਕੀਤਾ।

ਫਿਰ 1979 'ਚ ਚੌਨਗਰਾ ਹਾਈ ਸਕੂਲ 'ਚ ਸੇਵਾ ਜਾ ਸੰਭਾਲੀ। ਜਿੱਥੇ 2004 ਤੱਕ ਪੱਚੀ ਸਾਲ ਪੜ੍ਹਾਇਆ। ਉਥੇ ਵੀ ਖਿਡਾਰੀ ਪਹਿਲਵਾਨ ਤਿਆਰ ਕੀਤੇ। ਤਿਆਰ ਕੀਤੇ ਭਲਵਾਨਾਂ ਨੇ ਅਲਾਵਲਪੁਰ (ਜਲੰਧਰ-ਪਠਾਨਕੋਟ ਰੋਡ ਭੋਗਪੁਰ ਕੋਲ) ਦੇ ਭਲਵਾਨਾਂ ਦੀ ਟੀਮ ਹਰਾਈ ਤੇ ਜ਼ਿਲ੍ਹੇ 'ਚੋਂ ਦੂਜਾ ਸਥਾਨ ਪ੍ਰਾਪਤ ਕੀਤਾ। ਅਲਾਵਲਪੁਰ ਦੇ ਭਲਵਾਨਾਂ ਨੂੰ ਪਹਿਲੀ ਵਾਰ ਰਾਇਪੁਰ ਡੱਬੇ ਦੇ ਸੁਖਵੀਰ ਸਿੰਘ, ਸਰਬਜੀਤ ਸਿੰਘ, ਓਂਕਾਰ ਸਿੰਘ ਤੇ ਭਰੋ ਮਜ਼ਾਰੇ ਦੇ ਗਿਆਨ ਸਿੰਘ, ਲਖਵਿੰਦਰ ਸਿੰਘ ਤੇ ਨਾਗਰਿਆਂ ਦੇ ਹਰੀ ਨੇ ਟੱਕਰ ਦੇ ਕੇ ਹਰਾਇਆ ਤੇ ਸਕੂਲ ਦਾ ਮਾਣ ਵਧਾਇਆ।

ਖਟਕੜ ਕਲਾਂ ਵਾਲੇ ਸ੍ਰੀ ਬਾਲਕ ਰਾਮ ਪ੍ਰਿੰਸੀਪਲ ਸਾਹਿਬ ਨੇ ਉਹਨੂੰ ਸਕੂਲ ਦੀ ਬਿਲਡਿੰਗ ਦਾ ਇੰਚਾਰਜ ਬਣਾ ਦਿੱਤਾ ਜਿੱਥੇ ਆਲੇ-ਦੁਆਲੇ ਪਿੰਡਾਂ ਦੇ ਵਿਦੇਸ਼ਾਂ 'ਚ ਵਸਦੇ ਦਾਨੀ ਪਰਿਵਾਰਾਂ ਕੋਲੋਂ ਕਮਰਿਆਂ ਦੀ ਸੇਵਾ ਕਰਾਈ।

ਮਾਸਟਰ ਮੋਹਣ ਸਿੰਘ ਆਪਣੇ ਪਿੰਡ ਦੇ ਵਿਕਾਸ ਲਈ ਵੀ ਹਮੇਸ਼ਾ ਅੱਗੇ ਰਿਹਾ। ਪਿੰਡ ਦੇ ਯੂ.ਕੇ. ਵਸਦੇ ਸਵ. ਤਰਸੇਮ ਸਿੰਘ ਨੇ ਸ. ਮੋਹਣ ਸਿੰਘ ਨੂੰ ਪਿੰਡ ਦੇ ਭਲਾਈ ਕੰਮਾਂ ਲਈ ਦਿਲ ਖੋਲ੍ਹ ਕੇ ਮਾਇਆ ਦਿੱਤੀ। ਪਿੰਡ ਦੇ ਗੁਰੂ-ਘਰ ਦੇ ਦਰਬਾਰ-ਹਾਲ ਲਈ ਦਰਿਆ ਦਿਲ ਬਣਿਆ। ਸ. ਮੋਹਣ ਸਿੰਘ ਦੇ ਅਸਰ ਰਸੂਖ਼ ਨਾਲ ਪਿੰਡ 'ਚ ਚੰਗੇ ਕੰਮ ਹੋਏ। ਉਨ੍ਹਾਂ ਦੇ ਮਿਸਿਜ਼ ਮੈਡਮ ਕੁਲਦੀਪ ਕੌਰ ਨੂੰ ਐਨ ਆਰ ਆਈ ਪਿੰਡ ਦੇ ਪੰਦਰਾਂ ਪਰਿਵਾਰਾਂ ਨੇ ਲੱਖਾਂ ਰੁਪਏ ਚੰਗੇ ਕਾਰਜਾਂ ਲਈ ਭੇਟ ਕੀਤੇ।

ਪਿੰਡ 'ਚ ਚੌਵੀ ਘੰਟੇ ਬਿਜਲੀ ਦਾ ਪ੍ਰਬੰਧ। ਰਾਇਪੁਰ ਡੱਬਾ ਤੋਂ ਹੇੜੀਆਂ ਪਿੰਡਾਂ ਨੂੰ ਜੋੜਦੇ ਛੋਟੇ ਪੁਲ ਨੂੰ ਵੱਡਾ ਕਰਨਾ। ਇਸੇ ਤਰ੍ਹਾਂ ਹੀ ਲਾਲੋ ਮਜ਼ਾਰੇ ਤੋਂ ਰਾਇਪੁਰ ਡੱਬੇ ਜੋੜਦੇ ਪਿੰਡਾਂ ਵਿਚਕਾਰ ਪੁਲ ਨੂੰ ਉਸਾਰਿਆ ਗਿਆ। ਰਾਇਪੁਰ ਡੱਬੇ ਦੇ ਸਾਰੇ ਵਿਕਾਸਸ਼ੀਲ ਕਾਰਜ ਸਵ. ਤਰਸੇਮ ਸਿੰਘ ਦੀ ਬਦੌਲਤ ਨੇਪਰੇ ਚੜ੍ਹੇ। ਸ. ਮੋਹਣ ਸਿੰਘ ਨੇ ਪਿੰਡ ਨੂੰ ਤਰੱਕੀਆਂ 'ਤੇ ਲੈ ਜਾਣ ਲਈ ਹਰ ਹੀਲਾ ਵਰਤਿਆ। ਹਰ ਦਾਨੀ ਸੱਜਣ ਤੋਂ ਸੇਵਾ ਲਈ।

ਉਹ ਮੇਰੇ ਵੱਡੇ ਭਾਈ ਹੈੱਡਮਾਸਟਰ ਗਿਆਨ ਸਿੰਘ ਦੇ ਅੱਧੀ ਸਦੀ ਤੋਂ ਵੱਧ ਪੁਰਾਣੇ ਮਿੱਤਰ ਨੇ। ਦੂਜੀ ਗੱਲ ਮਾਹਿਲ-ਗੈਹਿਲਾ ਹਾਈ ਸਕੂਲ 'ਚ ਮੇਰੇ ਅਧਿਆਪਕ ਰਹੇ। ਭਾਜੀ ਦੇ ਭਰੋਸੇਯੋਗ ਖਾਸ ਮਿੱਤਰਾਂ 'ਚੋਂ ਇਕ ਹਨ। 27 ਅਪ੍ਰੈਲ 1991 ਨੂੰ ਮੇਰੇ ਵਿਆਹ ਤੋਂ ਇਕ ਦਿਨ ਪਹਿਲਾਂ ਸਾਡੇ ਘਰ-ਹਵੇਲੀ ਪ੍ਰੋਗਰਾਮ 'ਤੇ ਮਾਸਟਰ ਮੋਹਣ ਸਿੰਘ ਨੇ ਆਏ ਮਹਿਮਾਨਾਂ, ਯਾਰਾਂ-ਬੇਲੀਆਂ ਦੀ ਵਧੀਆ ਢੰਗ ਨਾਲ ਸੇਵਾ ਸੰਭਾਲੀ। ਹਰ ਇਕ ਨੂੰ ਹੱਥੀਂ ਪਾ ਦਿੱਤੀ, ਜਿਨ੍ਹਾਂ 'ਚ ਐਸ ਐਨ ਕਾਲਜ ਬੰਗਾ ਦੇ ਪ੍ਰੋ. ਸਾਹਿਬਾਨ ਰੇਸ਼ਮ ਸਿੰਘ ਰੰਧਾਵਾ ਤੇ ਅਹੂਜਾ ਸਾਹਿਬ ਵੀ ਸ਼ਾਮਲ ਸਨ। ਮੰਗੂਵਾਲੀਏ ਗੁਰਪਾਲ ਫ਼ੌਜੀ ਤੋਂ ਰੰਧਾਵਾ ਸਾਹਿਬ ਹੁਣੀਂ ਗੀਤ ਵਗੈਰਾ ਸੁਣਦੇ ਰਹੇ ਤੇ ਸ਼ੁਗਲ-ਪਾਣੀ ਕਰਦੇ ਰਹੇ। ਮੋਹਣ ਸਿੰਘ ਨੇ ਹਰ ਇਕ ਦਾ ਬੈਲੇਂਸ ਬਣਾ ਕੇ ਰੱਖਿਆ।

ਭਾਜੀ ਦੀ ਮੌਤ ਤੋਂ ਬਾਅਦ ਬੇਟੇ ਪ੍ਰਮਿੰਦਰ ਸਿੰਘ ਪੱਪੇ ਦੇ ਵਿਆਹ 'ਤੇ ਸ. ਮੋਹਣ ਸਿੰਘ ਨੇ ਆਪਣੇ ਯਾਰ ਗਿਆਨ ਸਿੰਘ ਨੂੰ ਯਾਦ ਕੀਤਾ, ਅਗਰ ਗਿਆਨ ਸਿੰਘ ਹੁੰਦਾ ਤਾਂ ਖੁਸ਼ੀਆਂ ਨੂ ਚਾਰ ਚੰਨ ਹੋਰ ਲੱਗਣੇ ਸਨ। ਉਹਦਾ ਛੋਟਾ ਭਾਈ ਮੇਰਾ ਸ਼ਾਗਿਰਦ ਇਕਬਾਲ ਸਿੰਘ ਹੁਣ ਸਾਡਾ ਗਿਆਨ ਸਿੰਘ ਹੀ ਹੈ, ਕਹਿੰਦੇ ਮੋਹਣ ਸਿੰਘ ਨੇ ਅੱਖਾਂ ਭਰ ਲਈਆਂ।

ਸ. ਮੋਹਣ ਸਿੰਘ ਹੁਣ ਮੇਰੇ ਵੱਡੇ ਭਾਈ ਵੀ ਹਨ, ਉਸਤਾਦ ਤੇ ਕਈ ਹੋਰ ਰੂਪ ਵੀ। ਜਦੋਂ ਵੀ ਅਮਰੀਕਾ ਤੋਂ ਜਾਂਦਾ ਹਾਂ, ਰਾਇਪੁਰ ਡੱਬੇ ਜਾ ਕੇ ਮਿਲਗਿਲ ਆਈਦਾ। ਕਦੇ ਸਮਾਂ ਸੀ ਮਾਹਿਲ-ਗੈਹਿਲਾ ਉਹਦੇ ਕੋਲ ਪੜ੍ਹਦਿਆਂ ਡਰਦਿਆਂ ਦਾ ਸਾਹ ਨਹੀਂ ਸੀ ਨਿਕਲਦਾ ਪਰ ਹੁਣ ਤਾਂ ਕੋਲ ਬੈਠ ਖੁੱਲ੍ਹ ਕੇ ਗੱਲਾਂ ਕਰ ਲਈਦੀਆਂ। ਅੱਖਾਂ ਫਿਰ ਵੀ ਸਤਿਕਾਰ ਵਜੋਂ ਝੁਕੀਆਂ ਰਹਿੰਦੀਆਂ ਨੇ। ਛੋਟੇ ਭਰਾਵਾਂ ਵਾਂਗ ਬੜਾ ਪਿਆਰ ਦਿੰਦੇ ਨੇ। ਪਿਛਲੇ


ਉਸਤਾਦ ਸ਼ਾਗਿਰਦ ਸ. ਮੋਹਣ ਸਿੰਘ (ਖੱਬੇ) ਤੇ ਪਹਿਲਵਾਨ ਤੇ ਕਬੱਡੀ ਖਿਡਾਰੀ ਸਰਬਜੀਤ ਸਿੰਘ ਮਾਹਲ (ਸੱਜੇ)।

ਜਨਮ ਦਾ ਕੋਈ ਹਿਸਾਬ-ਕਿਤਾਬ ਹੁੰਦੈ, ਨਹੀਂ ਤਾਂ ਅੱਜ ਦੇ ਜ਼ਮਾਨੇ 'ਚ ਅੱਧੀ ਸਦੀ ਤੋਂ ਵੱਧ ਦਾ ਐਡਾ ਲੰਬਾ ਪਰਿਵਾਰਕ ਪਿਆਰ ਕਿੱਥੇ ਨਿਭਦਾ।

ਸ. ਮੋਹਣ ਸਿੰਘ ਨੇ ਇਕ ਗੱਲ ਬੜੇ ਮਾਣ ਨਾਲ ਕਹੀ ਕਿ ਪੜ੍ਹਾਇਆ ਕਈ ਸਕੂਲਾਂ 'ਚ ਕਈ ਸਾਲ ਪਰ ਜੋ ਰੱਜਵਾਂ ਪਿਆਰ ਮਾਹਿਲ-ਗੈਹਿਲਾ ਪਿੰਡ ਦੇ ਲੋਕਾਂ ਜਾਂ ਵਿਦਿਆਰਥੀਆਂ ਕੋਲੋਂ ਮਿਲਿਆ, ਉਹਦਾ ਕੋਈ ਮੁੱਲ ਨਹੀਂ। ਮਾਹਿਲ-ਗੈਹਿਲਾ ਵਾਲੇ ਢਿੱਡੋਂ ਮਿਲਣ ਵਾਲੇ ਦਰਿਆ-ਦਿਲ ਲੋਕ ਨੇ।


ਜ਼ਿਆਦਾਤਰ ਹੁਣ ਉਹ ਪਿੰਡ ਹੀ ਰਹਿੰਦੈ। ਜ਼ਮੀਨ ਜਾਇਦਾਦ ਸਭ ਕੁਛ ਹੈ। ਇਕਲੌਤਾ ਪੁੱਤ



ਮਾਸਟਰ ਮੋਹਣ ਸਿੰਘ ਤੇ ਮੈਡਮ ਕੁਲਦੀਪ ਕੌਰ ਦੀ ਜੁਆਨੀ ਵੇਲੇ ਦੀ ਤਸਵੀਰ।

ਪਰਮਿੰਦਰ ਸਿੰਘ ਪੱਪਾ ਪੱਕੇ ਤੌਰ 'ਤੇ ਅਮਰੀਕਾ ਦੇ ਸ਼ਹਿਰ ਓਹਾਇਓ ਰਹਿ ਰਿਹੈ। ਦਿਲ ਕਰੇ ਤੇ ਸ. ਮੋਹਣ ਸਿੰਘ ਤੇ ਕੁਲਦੀਪ ਕੌਰ ਘਰਵਾਲੀ ਬੇਟੇ ਕੋਲ ਅਮਰੀਕਾ ਘੁੰਮ ਫਿਰ ਆਉਂਦੇ ਨੇ ਪਰ ਬਹੁਤਾ ਸਮਾਂ ਪਿੰਡ ਹੀ ਗੁਜ਼ਾਰਦੇ ਨੇ। ਪਿੰਡ 'ਚ ਪੂਰਾ ਇੱਜ਼ਤ ਮਾਣ ਹੈ। ਪਿੰਡ ਦਾ ਕੋਈ ਵੀ ਕੰਮ ਉਹਦੀ ਸਲਾਹ ਤੋਂ ਬਿਨਾਂ ਨਹੀਂ ਹੁੰਦਾ। ਪਿੰਡ ਦੇ ਬਜ਼ੁਰਗਾਂ ਵਲੋਂ ਪਿਆਰ ਤੇ ਨੌਜਵਾਨਾਂ ਵਲੋਂ ਪੂਰਾ ਸਤਿਕਾਰ ਹੈ। ਪਿੰਡ ਦੇ ਲੋਕ ਭਲਾਈ ਕੰਮਾਂ ਦਾ ਹਮੇਸ਼ਾਂ ਨਸ਼ਾ ਚੜ੍ਹਿਆ ਰਹਿੰਦੈ। ਸਿਹਤ ਦਾ ਪੂਰਾ ਖਿਆਲ ਹੈ। ਸਵੇਰ ਸ਼ਾਮ ਦੀ ਸੈਰ। ਸਰੀਰ ਪੂਰਾ ਫ਼ਿੱਟ। ਮੁੱਛਾਂ ਉਸੇ ਪੂਰੀਆਂ ਕਾਇਮ। ਖਾਣ-ਪੀਣ ਦਾ ਪੂਰਾ ਕੰਟਰੋਲ ਪਰ ਆਏ ਗਏ ਦੀ ਹਰ ਤਰ੍ਹਾਂ ਦੀ ਸੇਵਾ ਦਾ ਖਿਆਲ ਜ਼ਰੂਰ ਰੱਖਿਆ ਜਾਂਦੈ।

ਕੈਨੇਡਾ ਰਹਿੰਦੇ ਪਰਿਵਾਰਕ ਪਹਿਲਵਾਨ ਹਰਜੀਤ ਸਿੰਘ ਵਲੋਂ ਸ. ਮੋਹਣ ਸਿੰਘ ਨੂੰ ਭੁੱਲੇਵਾਲ ਗੁਜ਼ਰਾਂ ਕਰਾਏ ਜਾਂਦੇ ਦੰਗਲਾਂ 'ਚ ਪੂਰੀ ਜ਼ਿੰਮੇਵਾਰੀ ਸੌਂਪੀਂ ਜਾਂਦੀ ਹੈ। ਪਿੰਡ ਦੇ ਕੰਮਾਂ 'ਚ ਪੂਰੀ ਸਰਗਰਮੀ ਤੇ ਇਲਾਕੇ ਦੇ ਹਰ ਤਰ੍ਹਾਂ ਦੇ ਬੰਦਿਆਂ ਨਾਲ ਪਿਆਰ ਮੁਹੱਬਤ ਹੈ। 1972 ਤੋਂ ਅੱਜ ਤੱਕ ਪਿੰਡ ਦੇ ਜਿੰਨੇ ਵੀ ਸਰਪੰਚ ਚੁਣੇ ਗਏ, ਸ. ਮੋਹਣ ਸਿੰਘ ਦਾ ਉਨ੍ਹਾਂ ਪਿੱਛੇ ਵੱਡਾ ਥਾਪੜਾ ਹੁੰਦੈ।

ਉਸਤਾਦ ਜੀਹਦਾ ਹੋਵੇ ਡਾਢਾ,
ਮਾਰ ਕਦੇ ਨਹੀਂ ਖਾ ਸਕਦਾ।
ਖੇਡ ਮੈਦਾਨਾਂ 'ਚ ਹੋਵੇ ਚੰਡਿਆ,
ਹਾਰ ਕਦੇ ਨਹੀਂ ਖਾ ਸਕਦਾ।
ਥਾਪੜਾ ਲੈ ਲਾ ਇਕਬਾਲ ਸਿੰਹਾਂ, ਮੋਹਣ ਸਿੰਘ ਤੋਂ,
ਹਰ ਮੰਜ਼ਿਲ ਛੇਤੀ ਪਾ ਸਕਦਾ।



ਕ੍ਰਿਤੀ ਸੈਨਨ ਦੀ ਫਿਲਮ 'ਦੋ ਪੱਤੀ' ਦਾ ਪੋਸਟਰ ਅਤੇ (ਸੱਜੇ) ਕ੍ਰਿਤੀ ਸੈਨਨ।

# ਕ੍ਰਿਤੀ ਸੈਨਨ ਦਾ ਨਵਾਂ ਰੂਪ

ਕੁਦਰਤ ਕੌਰ


ਅਦਾਕਾਰਾ ਕ੍ਰਿਤੀ ਸੈਨਨ ਦੀ ਫਿਲਮ 'ਤੇਰੀ ਬਾਤੋਂ ਮੇਂ ਐਸਾ ਉਲਝਾ ਹੂੰ' ਅੱਜ ਕੱਲ੍ਹ ਸਿਨੇਮਿਆਂ ਵਿਚ ਚੱਲ ਰਹੀ ਹੈ ਅਤੇ ਉਹ ਗੁਲਮਰਗ (ਕਸ਼ਮੀਰ) ਵਿਚ ਸੈਰ ਕਰ ਰਹੀ ਹੈ। ਇਹ ਫਿਲਮ ਹੁਣ ਤੱਕ 130 ਕਰੋੜ ਰੁਪਏ ਤੋਂ ਉਪਰ ਕਮਾ ਚੁੱਕੀ ਹੈ। ਇਸ ਫਿਲਮ ਵਿਚ ਉਸ ਦਾ ਹੀਰੋ ਸ਼ਾਹਿਦ ਕਪੂਰ ਹੈ ਅਤੇ ਇਸ ਵਿਚ ਧਰਮਿੰਦਰ, ਡਿੰਪਲ ਕਪਾਡੀਆ, ਰਾਕੇਸ਼ ਬੇਦੀ ਆਦਿ ਕਲਾਕਾਰ ਵੀ ਹਨ। ਉਂਝ, ਕ੍ਰਿਤੀ ਦੀ ਚਰਚਾ ਇਕ ਹੋਰ ਕਾਰਨ ਕਰ ਕੇ ਹੈ। ਉਹ ਹੁਣ ਨਿਰਮਾਤਾ ਵੀ ਬਣ ਗਈ ਹੈ। ਉਹ ਨੈੱਟਫਲਿਕਸ ਲਈ ਫਿਲਮ 'ਦੋ ਪੱਤੀ' ਬਣਾ ਰਹੀ ਹੈ। 'ਦੋ ਪੱਤੀ' ਬਤੌਰ ਨਿਰਮਾਤਾ ਉਸ ਦੀ ਪਹਿਲੀ ਫਿਲਮ ਹੈ।

ਫਿਲਮ 'ਦੋ ਪੱਤੀ' ਵਿਚ ਕ੍ਰਿਤੀ ਸੈਨਨ ਤੋਂ ਇਲਾਵਾ ਕਾਜੋਲ ਦੇ ਅਹਿਮ ਕਿਰਦਾਰ ਹਨ। ਇਹ ਫਿਲਮ ਕਨਿਕਾ ਢਿੱਲੋਂ ਨੇ ਲਿਖੀ ਹੈ ਅਤੇ ਇਸ ਦੀ ਨਿਰਦੇਸ਼ਨਾ ਸ਼ਸ਼ਾਂਕਾ ਚਤੁਰਵੇਦੀ ਨੂੰ ਸੌਂਪੀ ਗਈ ਹੈ। ਕ੍ਰਿਤੀ ਸੈਨਨ ਦਾ ਕਹਿਣਾ ਹੈ ਕਿ ਜਦੋਂ ਤੋਂ ਉਸ ਨੇ 2021 ਵਿਚ ਆਈ ਫਿਲਮ 'ਮਿਮੀ' ਵਿਚ ਕੰਮ ਕੀਤਾ, ਉਹ ਅਜਿਹੀ ਇਕ ਹੋਰ ਫਿਲਮ ਬਣਾਉਣਾ ਚਾਹੁੰਦੀ ਸੀ। ਫਿਲਮ 'ਮਿਮੀ' ਵਿਚ ਕ੍ਰਿਤੀ ਸੈਨਨ ਦੇ ਨਾਲ-ਨਾਲ ਪੰਕਜ ਤ੍ਰਿਪਾਠੀ, ਸੁਪਰੀਆ ਪਾਠਕ ਅਤੇ ਸਾਈ ਤਮਹਾਂਕਰ ਨੇ ਅਹਿਮ ਭੂਮਿਕਾਵਾਂ ਨਿਭਾਈਆਂ ਸਨ। ਇਹ ਫਿਲਮ ਅਜਿਹੀ ਮਾਂ ਦੀ ਕਹਾਣੀ ਹੈ ਜੋ ਇਕ ਵਿਦੇਸ਼ੀ ਜੋੜੇ ਨੂੰ ਆਪਣੀ ਕੁਖ ਕਿਰਾਏ 'ਤੇ ਦਿੰਦੀ ਹੈ। ਇਸ ਫਿਲਮ ਲਈ ਕ੍ਰਿਤੀ ਸੈਨਨ ਨੂੰ ਸਰਵੋਤਮ ਅਦਾਕਾਰਾ ਦਾ ਕੌਮੀ ਫਿਲਮ ਇਨਾਮ ਮਿਲਿਆ ਸੀ। ਇਹੀ ਨਹੀਂ, ਉਸ 69ਵੇਂ ਕੌਮੀ ਫਿਲਮ ਇਨਾਮ ਸਨਮਾਨ ਵੇਲੇ ਪੰਕਜ ਤ੍ਰਿਪਾਠੀ ਨੇ ਸਰਵੋਤਮ ਸਹਾਇਕ ਅਦਾਕਾਰ ਦਾ ਇਨਾਮ ਜਿੱਤਿਆ ਸੀ। ਕਲਾ ਵਾਲੇ ਪੱਖ ਤੋਂ ਇਸ ਫਿਲਮ ਦੀ ਖੂਬ ਚਰਚਾ ਹੋਈ ਸੀ। ਫਿਲਮਫੇਅਰ ਇਨਾਮਾਂ ਲਈ ਇਸ ਫਿਲਮ ਨੇ 6 ਨਾਮਜ਼ਦਗੀਆਂ ਹਾਸਲ ਕੀਤੀਆਂ ਸਨ।

ਕ੍ਰਿਤੀ ਸੈਨਨ ਭਾਵੇਂ 'ਦੋ ਪੱਤੀ' ਦੇ ਨਿਰਮਾਣ ਨੂੰ 'ਮਿਮੀ' ਨਾਲ ਜੋੜ ਕੇ ਪੇਸ਼ ਕਰ ਰਹੀ ਹੈ ਪਰ ਇਹ ਹਕੀਕਤ ਵੀ ਹੈ ਕਿ ਅੱਜ ਕੱਲ੍ਹ ਉਸ ਨੂੰ ਕੰਮ ਨਹੀਂ ਸੀ ਮਿਲ ਰਿਹਾ, ਇਸ ਕਰ ਕੇ ਉਸ ਨੇ 'ਦੋ ਪੱਤੀ' ਬਣਾਉਣ ਦਾ ਫੈਸਲਾ ਕੀਤਾ। ਉਂਝ, ਉਸ ਦਾ ਕਹਿਣਾ ਹੈ ਕਿ ਉਹ ਸਾਰਾ ਸਮਾਂ ਹੀਰੋਇਨ ਵਾਲੇ ਮੋਡ ਵਿਚ ਨਹੀਂ ਰਹਿ ਸਕਦੀ, ਇਸ ਲਈ ਉਸ ਨੇ ਅਦਾਕਾਰ ਤੋਂ ਨਿਰਮਾਤਾ ਬਣਨ ਦਾ ਫੈਸਲਾ ਕੀਤਾ। ਉਸ ਨੇ ਦਾਅਵਾ ਕੀਤਾ ਕਿ ਉਹ ਨੈੱਟਫਲਿਕਸ ਵਰਗੇ ਹੋਰ ਮੰਚਾਂ ਨਾਲ ਰਲ ਕੇ ਅਜਿਹੇ ਹੋਰ ਪ੍ਰੋਜੈਕਟ ਵੀ ਉਲੀਕੇਗੀ। ਕ੍ਰਿਤੀ ਸੈਨਨ ਆਖਦੀ ਹੈ, "ਫਿਲਮ 'ਦੋ ਪੱਤੀ' ਮੇਰੇ ਦਿਲ ਦੇ ਬਹੁਤ ਕਰੀਬ ਹੈ। ਕਨਿਕਾ ਢਿੱਲੋਂ ਨੇ ਕਹਾਣੀ 'ਤੇ ਬਹੁਤ ਮਿਹਨਤ ਕੀਤੀ ਹੈ। ਮੈਨੂੰ ਵੀ ਚੰਗਾ ਕਿਰਦਾਰ ਨਿਭਾਉਣ ਦਾ ਮੌਕਾ ਮਿਲਿਆ ਹੈ।" ਇਸੇ ਦੌਰਾਨ ਫਿਲਮ ਦੀ ਲੇਖਕਾ ਅਤੇ ਸਹਿ-ਨਿਰਮਾਤਾ ਕਨਿਕਾ ਢਿੱਲੋਂ ਅਨੁਸਾਰ, ਉਸ ਦੀ ਇੱਛਾ ਕਾਜੋਲ ਨਾਲ ਕੰਮ ਕਰਨ ਦੀ ਸੀ ਜੋ ਹੁਣ ਚਿਰਾਂ ਬਾਅਦ ਪੂਰੀ ਹੋ ਰਹੀ ਹੈ।

ਨਵੀਂ ਦਿੱਲੀ ਵਿਚ ਜਨਮੀ ਕ੍ਰਿਤੀ ਸੈਨਨ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਤੈਲਗੂ ਫਿਲਮ 'ਨੈਨੋਕੱਡਿਨ' ਨਾਲ 2014 ਵਿਚ ਕੀਤੀ ਸੀ। ਉਂਝ, ਇਸੇ ਸਾਲ ਉਸ ਦੀ ਹਿੰਦੀ ਫਿਲਮ 'ਹੀਰੋਪੰਤੀ' ਵੀ ਰਿਲੀਜ਼ ਹੋਈ ਸੀ। ਇਸ ਤੋਂ ਬਾਅਦ ਤਾਂ ਫਿਰ ਚੱਲ ਸੋ ਚੱਲ। ਉਸ ਨੇ 'ਦਿਲਵਾਲੇ', 'ਰਾਬਤਾ', 'ਬਰੇਲੀ ਕੀ ਬਰਫੀ', 'ਸਤ੍ਰੀ', 'ਕਲੰਕ', 'ਪਾਨੀਪਤ', ਮਿਮੀ', 'ਗਨਪਥ' ਆਦਿ ਫਿਲਮਾਂ ਵਿਚ ਕੰਮ ਕੀਤਾ।

# ਤਾਪਸੀ ਦਾ ਵਿਆਹ



ਅਦਾਕਾਰਾ ਤਾਪਸੀ ਪੰਨੂ ਆਪਣੇ ਬੁਆਇ ਫਰੈਂਡ ਮਿਥਿਆਸ ਬੋਇ ਨਾਲ ਵਿਆਹ ਕਰਵਾ ਰਹੀ ਹੈ। ਉਹ ਪਿਛਲੇ ਦਸ ਸਾਲ ਤੋਂ ਇਕ-ਦੂਜੇ ਨੂੰ ਮਿਲ-ਗਿਲ ਰਹੇ ਹਨ। ਮਿਥਿਆਸ ਬੋਇ ਬੈਂਡਮਿੰਟਨ ਖਿਡਾਰੀ ਹੈ ਅਤੇ ਡੈੱਨਮਾਰਕ ਦਾ ਰਹਿਣ ਵਾਲਾ ਹੈ। ਇਹ ਵਿਆਹ ਮਾਰਚ ਮਹੀਨੇ ਦੇ ਅਖੀਰ ਵਿਚ ਰਾਜਸਥਾਨ ਦੇ ਮਸ਼ਹੂਰ ਸ਼ਹਿਰ ਉਦੈਪੁਰ ਵਿਚ ਹੋਵੇਗਾ।

ਤਾਪਸੀ ਪੰਨੂ ਨੇ ਆਪਣੇ ਫਿਲਮੀ ਕਰੀਅਰ ਦਾ ਆਰੰਭ ਤੈਲਗੂ ਫਿਲਮਾਂ ਤੋਂ ਕੀਤਾ ਸੀ। ਬਾਅਦ ਵਿਚ ਉਸ ਨੇ ਤਮਿਲ ਫਿਲਮਾਂ ਦੇ ਨਾਲ-ਨਾਲ ਹਿੰਦੀ ਫਿਲਮਾਂ ਵੀ ਕੀਤੀਆਂ। ਉਸ ਦੀ ਵਧੇਰੇ ਚਰਚਾ ਫਿਲਮ 'ਬੇਬੀ' ਨਾਲ ਹੋਈ। ਇਹ ਫਿਲਮ 2015 ਵਿਚ ਆਈ ਸੀ। ਇਸ ਤੋਂ ਬਾਅਦ 2015 ਵਿਚ ਆਈ ਇਕ ਹੋਰ ਫਿਲਮ 'ਪਿੰਕ' ਨੇ ਉਸ ਦੇ ਕਰੀਅਰ ਨੂੰ ਚਾਰ ਚੰਨ ਲਾ ਦਿੱਤੇ। 2019 ਵਿਚ ਆਈ ਫਿਲਮ 'ਸਾਂਡ ਕੀ ਆਂਖ', 2020 ਵਿਚ 'ਥੱਪੜ' ਅਤੇ 2023 ਵਿਚ 'ਡੰਕੀ' ਨਾਲ ਉਸ ਦਾ ਕਰੀਅਰ ਬੜੀ ਤੇਜ਼ੀ ਨਾਲ ਅਗਾਂਹ ਵਧਿਆ।

*-ਜਗਜੀਤ ਸਿੰਘ ਸੇਖੋਂ*

# ਆਮਿਰ ਖਾਨ ਦਾ ਪੁੱਤ ਜੁਨੈਦ ਵੀ ਮੈਦਾਨ 'ਚ




ਅਦਾਕਾਰ ਆਮਿਰ ਖਾਨ ਦਾ ਪੁੱਤਰ ਜੁਨੈਦ ਖਾਨ ਵੀ ਫਿਲਮਾਂ ਵਿਚ ਆ ਰਿਹਾ ਹੈ। ਉਸ ਦੀ ਪਲੇਠੀ ਫਿਲਮ 'ਮਹਾਰਾਜਾ' ਨੈੱਟਫਲਿਕਸ 'ਤੇ ਰਿਲੀਜ਼ ਹੋਵੇਗੀ। ਨੈੱਫਲਿਕਸ 'ਤੇ ਹਾਲ ਹੀ ਵਿਚ ਇਸ ਫਿਲਮ ਦਾ ਪੋਸਟਰ ਰਿਲੀਜ਼ ਕੀਤਾ ਗਿਆ। ਇਸ ਫਿਲਮ ਦੀ ਕਹਾਣੀ ਵਿਚ ਪੱਤਰਕਾਰ ਦੇ ਕਿਰਦਾਰ 'ਤੇ ਬਹੁਤ ਮਿਹਨਤ ਕੀਤੀ ਗਈ ਹੈ। ਇਹ ਪੱਤਰਕਾਰ ਕੁਝ ਅਜਿਹੇ ਤੱਥ ਸਾਹਮਣੇ ਲੈ ਕੇ ਆਉਂਦਾ ਹੈ ਜਿਸ ਨਾਲ ਸਮਾਜ ਦੀਆਂ ਨੀਂਹਾਂ ਤੱਕ ਹਿੱਲ ਜਾਂਦੀਆਂ ਹਨ। ਇਸ ਫਿਲਮ ਵਿਚ ਜੈਦੀਪ ਅਹਿਲਾਵਤ, ਸ਼ਰਵਰੀ ਅਤੇ ਸ਼ਾਲਿਨੀ ਪਾਂਡੇ ਵਰਗੇ ਕਲਾਕਾਰ ਕੰਮ ਕਰ ਰਹੇ ਹਨ। ਇਸ ਫਿਲਮ ਦਾ ਨਿਰਦੇਸ਼ਨ ਸਿਧਾਰਥ ਪੀ. ਮਲਹੋਤਰਾ ਦਾ ਹੈ। ਉਸ ਨੇ ਇਸ ਤੋਂ ਪਹਿਲਾਂ ਫਿਲਮ 'ਹਿਚਕੀ' ਬਣਾਈ ਸੀ। ਜੁਨੈਦ ਖਾਨ ਆਮਿਰ ਖਾਨ ਅਤੇ ਰੀਨਾ ਦੱਤਾ ਦਾ ਪੁੱਤਰ ਹੈ। ਇਹ ਆਮਿਰ ਖਾਨ ਦਾ ਪਹਿਲਾ ਵਿਆਹ ਸੀ।

*-ਆਮਨਾ ਕੌਰ*

# ਇਮਤਿਆਜ਼ ਅਲੀ ਦਾ ਚਮਕੀਲਾ

ਉਘੇ ਧਨਾਢ ਮੁਕੇਸ਼ ਅੰਬਾਨੀ ਦੇ ਮੁੰਡੇ ਦੇ ਪ੍ਰੀ-ਵੈਡਿੰਗ ਸਮਾਗਮ ਵਿਚ ਨੱਚਣ ਲਈ ਜਾਣ 'ਤੇ ਪੰਜਾਬੀ ਗਾਇਕ ਦਿਲਜੀਤ ਦੁਸਾਂਝ ਦੀ ਬਹੁਤ ਚਰਚਾ ਹੋ ਰਹੀ ਹੈ। ਬਹੁਤ ਲੋਕ ਉਸ ਦੀ ਤਾਰੀਫ ਕਰ ਰਹੇ ਹਨ ਅਤੇ ਬਹੁਤ ਸਾਰੇ ਅਜਿਹੇ ਹਨ ਜੋ ਇਸ ਕਾਰਜ ਲਈ ਉਸ ਦੀ ਤਿੱਖੀ ਨੁਕਤਾਚੀਨੀ ਵੀ ਕਰ ਰਹੇ ਹਨ। ਤਾਰੀਫ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਉਹ ਗਾਇਕ ਹੈ, ਜਿਥੇ ਉਸ ਨੂੰ ਪੈਸਾ ਮਿਲੇਗਾ, ਉਹ ਗਾਵੇਗਾ ਹੀ। ਉਂਝ ਵੀ ਉਸ ਤੋਂ ਜਿਸ ਤਰ੍ਹਾਂ ਦੀ ਪ੍ਰਤੀਬੱਧਤਾ ਦੀ ਉਮੀਦ ਕੀਤੀ ਜਾ ਰਹੀ ਹੈ, ਉਹ ਅਜਿਹਾ ਹੈ ਹੀ ਨਹੀਂ ਸੀ। ਨੁਕਤਾਚੀਨੀ ਕਰਨ ਵਾਲਿਆਂ ਦਾ ਆਖਣਾ ਹੈ ਕਿ ਮੁਕੇਸ਼ ਅੰਬਾਨੀ ਅਤੇ ਉਸ ਵਰਗੇ ਹੋਰ ਧਨਾਢ ਕਾਰੋਬਾਰੀ, ਕਿਸਾਨਾਂ ਦੀਆਂ ਜ਼ਮੀਨਾ ਹੜੱਪਣਾ ਚਾਹੁੰਦੇ ਹਨ। ਜੇ ਕਿਸਾਨ ਅੰਦੋਲਨ ਦੌਰਾਨ ਦਿਲਜੀਤ ਦੁਸਾਂਝ ਨੇ ਅੰਦੋਲਨ ਦੀ ਡਟ ਕੇ ਹਮਾਇਤ ਕੀਤੀ ਸੀ ਤਾਂ ਉਸ ਨੂੰ ਹੁਣ ਅਜਿਹੇ ਸ਼ਖਸ ਦੇ ਮੁੰਡੇ ਦੇ ਵਿਆਹ ਸਮਾਗਮਾਂ 'ਤੇ ਨਹੀਂ ਸੀ ਜਾਣਾ ਚਾਹੀਦਾ ਜੋ ਕਿਸਾਨ ਵਿਰੋਧੀ ਹੈ। ਯਾਦ ਰਹੇ ਕਿ ਕਿਸਾਨ ਅੰਦੋਲਨ ਦੌਰਾਨ ਦਿਲਜੀਤ ਦੁਸਾਂਝ ਨੇ ਇੱਕ ਕਰੋੜ ਰੁਪਏ ਦਿੱਤੇ ਸਨ। ਉਂਝ, ਦਿਲਜੀਤ ਦੁਸਾਂਝ ਅੱਜ ਕੱਲ੍ਹ ਫਿਲਮ 'ਅਮਰ ਸਿੰਘ ਚਮਕੀਲਾ' ਚਰਚਾ ਵਿਚ ਹੈ। ਇਹ ਫਿਲਮ ਗਾਇਕ ਅਮਰ ਸਿੰਘ ਚਮਕੀਲਾ ਅਤੇ ਉਸ ਦੀ ਸਾਥੀ ਗਾਇਕਾ ਤੇ ਪਤਨੀ ਅਮਰਜੋਤ ਦੀ ਜ਼ਿੰਦਗੀ 'ਤੇ ਆਧਾਰਿਤ ਹੈ। ਚਮਕੀਲੇ ਨੂੰ ਖਾੜਕੂਆਂ ਨੇ 8 ਮਾਰਚ 1988 ਨੂੰ ਕਤਲ ਕਰ ਦਿੱਤਾ ਸੀ। ਇਹ ਫਿਲਮ ਉਘੇ ਫਿਲਮਸਾਜ਼ ਇਮਤਿਆਜ਼ ਅਲੀ ਨੇ ਬਣਾਈ ਹੈ। ਚਮਕੀਲੇ ਦਾ ਕਿਰਦਾਰ ਨਿਭਾਉਣ ਵਾਲੇ ਦਿਲਜੀਤ ਦੁਸਾਂਝ ਦਾ ਕਹਿਣਾ ਹੈ ਕਿ ਇਹ ਫਿਲਮ ਸਿਰਫ ਇਮਤਿਆਜ਼ ਅਲੀ ਹੀ ਬਣਾ ਸਕਦਾ ਸੀ। ਇਹ ਫਿਲਮ ਨੈੱਟਫਲਿਕਸ 'ਤੇ ਰਿਲੀਜ਼ ਕੀਤੀ ਜਾਵੇਗੀ। ਅਦਾਕਾਰਾ ਪ੍ਰਨੀਤੀ ਚੋਪੜਾ ਨੇ ਅਮਰਜੋਤ ਦਾ ਕਿਰਦਾਰ ਨਿਭਾਇਆ ਹੈ। *-ਗੁਰਜੰਟ ਸਿੰਘ*








ਫਿਲਮ 'ਅਮਰ ਸਿੰਘ ਚਮਕੀਲਾ' ਦਾ ਪੋਸਟਰ, (ਵਿਚਕਾਰ) ਫਿਲਮ ਦੇ ਇਕ ਦ੍ਰਿਸ਼ ਵਿਚ ਦਲਜੀਤ ਦੁਸਾਂਝ ਤੇ ਪ੍ਰਨੀਤੀ ਚੋਪੜਾ ਅਤੇ (ਐਨ ਸੱਜੇ) ਫਿਲਮਸਾਜ਼ ਇਮਤਿਆਜ਼ ਅਲੀ।

# ਮਿਡਵੈਸਟ ਵਿਚ ਟਰੱਕ ਡਰਾਈਵਿੰਗ ਸਿੱਖਣ ਲਈ ਨੰਬਰ 1 ਅਕੈਡਮੀ

